
Ray Dhaliwal
Real Estate Broker

**Moving to Indiana?**

**Contact Ray Dhaliwal @ 317-993-4987**

Helpful in Easy and Accessible Home Loans at low Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty First Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 43, October 24, 2020 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਕਿਸਾਨ ਘੋਲ ਨੇ ਮੋਦੀ ਦੇ ਕਿੰਗਰੇ ਭੰਨਣ ਲਈ ਰਾਹ ਬਣਾਇਆ

## ਪੰਜਾਬ ਵਿਧਾਨ ਸਭਾ ਵਿਚ ਕੇਂਦਰੀ ਕਾਨੂੰਨ ਰੱਦ; ਨਵੇਂ ਕਾਨੂੰਨ ਬਣਾਏ

**ਚੰਡੀਗੜ੍ਹ:** ਮੋਦੀ ਸਰਕਾਰ ਦੇ ਖੇਤੀ ਸਬੰਧੀ ਪਾਸ ਕੀਤੇ ਤਿੰਨ ਨਵੇਂ ਕਾਨੂੰਨਾਂ ਖਿਲਾਫ ਪੰਜਾਬ ਦੇ ਕਿਸਾਨਾਂ ਵਲੋਂ ਵਿੱਢਿਆ ਸੰਘਰਸ਼ ਫਤਿਹ ਵਲ ਵਧਦਾ ਜਾਪਦਾ ਹੈ। ਕੇਂਦਰੀ ਕਾਨੂੰਨਾਂ ਖਿਲਾਫ ਖੁੱਲ੍ਹ ਦੇ ਭੁਗਤਣ ਤੋਂ ਨਾਂਹ-ਨੁੱਕਰ ਕਰ ਰਹੀਆਂ ਪੰਜਾਬ ਦੀਆਂ ਸਿਆਸੀ ਧਿਰਾਂ ਨੂੰ ਕਿਸਾਨੀ ਸੰਘਰਸ਼ ਨੇ ਜਿਸ ਢੰਗ ਨਾਲ ਅੱਗੇ ਲਾ ਕੇ ਵਿਧਾਨ ਸਭਾ ਵਿਚ ਖੇਤੀ ਕਾਨੂੰਨਾਂ ਖਿਲਾਫ ਬਿੱਲ ਪਾਸ ਕਰਨ ਲਈ ਮਜਬੂਰ ਕਰ ਦਿੱਤਾ, ਉਸ ਤੋਂ ਸਾਫ ਹੋ ਗਿਆ ਹੈ ਕਿ ਪੰਜਾਬ ਵਿਚ ਅੱਧੀ ਜੰਗ ਜਿੱਤ ਲਈ ਗਈ ਹੈ ਅਤੇ ਹੁਣ ਵਾਰੀ ਮੋਦੀ ਸਰਕਾਰ ਦੀ ਹੈ। ਇਹ ਕਿਸਾਨਾਂ ਦੇ ਸੰਘਰਸ਼ ਦਾ ਹੀ ਦਬਾਅ ਸੀ ਕਿ ਭਾਜਪਾ ਨੂੰ ਛੱਡ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਬਿੱਲ ਵਿਧਾਨ ਸਭਾ ਵਿਚ ਸਰਬਸੰਮਤੀ ਨਾਲ ਪਾਸ ਕਰਨ ਲਈ ਸਹਿਮਤ ਹੋਈਆਂ। ਇਹ ਬਿੱਲ ਕੇਂਦਰੀ ਕਾਨੂੰਨਾਂ ਦਾ ਟਾਕਰਾ ਕਰਨ ਦੇ ਕਿੰਨਾ ਸਮਰੱਥ ਹਨ, ਉਹ ਵੱਖਰੀ ਗੱਲ ਹੈ ਪਰ ਇਹ ਤੈਅ ਹੋ ਗਿਆ ਹੈ ਕਿ ਲੋਕ ਰੋਹ ਨੇ ਪੰਜਾਬ ਦੀਆਂ ਸਿਆਸੀ ਧਿਰਾਂ ਨੂੰ ਇਸ ਘੋਲ ਵਿਚ ਇਕ ਪਾਸੇ (ਕੇਂਦਰ ਜਾਂ ਪੰਜਾਬ) ਹੋਣ ਲਈ ਮਜਬੂਰ ਕਰ ਦਿੱਤਾ ਹੈ।



ਇਨ੍ਹਾਂ ਇਤਿਹਾਸਕ ਬਿੱਲਾਂ ਵਿਚ ਹੋਰ ਉਪਬੰਧਾਂ ਤੋਂ ਇਲਾਵਾ ਖੇਤੀਬਾੜੀ ਕਰਾਰ ਤਹਿਤ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਲੀ ਕੀਮਤ 'ਤੇ ਝੋਨਾ ਜਾਂ ਕਣਕ ਦੀ ਖਰੀਦ ਕਰਨ ਉਤੇ ਘੱਟੋ-ਘੱਟ ਤਿੰਨ ਸਾਲ ਦੀ ਸਜ਼ਾ ਅਤੇ ਜੁਰਮਾਨੇ, ਕਿਸਾਨਾਂ ਨੂੰ 2.5 ਏਕੜ ਤੱਕ ਦੀ ਜ਼ਮੀਨ ਦੀ ਕੁਰਕੀ ਤੋਂ ਛੋਟ ਅਤੇ ਖੇਤੀ ਉਤਪਾਦਾਂ ਦੀ ਜਮ੍ਹਾਂਖੋਰੀ ਅਤੇ ਕਾਲਾ-ਬਾਜ਼ਾਰੀ ਤੋਂ ਛੁਟਕਾਰਾ ਪਾਉਣ ਦੀ ਵਿਵਸਥਾ ਸ਼ਾਮਲ ਕੀਤੀ ਗਈ ਹੈ। ਮੁੱਖ ਮੰਤਰੀ ਵਲੋਂ ਵਿਧਾਨ ਸਭਾ ਵਿਚ ਪੇਸ਼ ਕੀਤੇ ਬਿੱਲਾਂ ਵਿਚੋਂ ਇਕ ਬਿੱਲ ਤਹਿਤ ਐਮ.ਐਸ.ਪੀ. ਤੋਂ ਘੱਟ ਕੀਮਤ 'ਤੇ ਉਪਜ ਦੀ ਵਿਕਰੀ/ਖਰੀਦ ਨਹੀਂ ਕੀਤੀ ਜਾ ਸਕੇਗੀ ਅਤੇ ਇਸ ਦੀ ਉਲੰਘਣਾ ਕਰਨ ਉਤੇ ਸਜ਼ਾ ਅਤੇ ਜੁਰਮਾਨਾ ਭੁਗਤਣਾ ਪਵੇਗਾ।

ਇਹ ਬਿੱਲ ਕੇਂਦਰ ਸਰਕਾਰ ਦੇ ਕਿਸਾਨਾਂ ਦੇ (ਸਸ਼ਕਤੀਕਰਨ ਤੇ ਸੁਰੱਖਿਆ) ਕੀਮਤ ਦੇ ਭਰੋਸੇ ਬਾਰੇ ਕਰਾਰ ਅਤੇ ਖੇਤੀ ਸੇਵਾਵਾਂ ਐਕਟ, 2020 ਦੀ ਧਾਰਾ 1(2), 19 ਅਤੇ 20 ਵਿਚ ਸੋਧ ਕਰਨ ਦੀ ਮੰਗ ਕਰਦਾ ਹੈ। ਇਸ ਵਿਚ ਨਵੀਆਂ ਧਾਰਾਵਾਂ 4, 6 ਤੋਂ 11 ਨੂੰ ਸ਼ਾਮਲ ਕਰਨ ਦਾ ਪ੍ਰਸਤਾਵ ਵੀ ਦਿੱਤਾ ਗਿਆ ਹੈ। ਇਸੇ ਤਰ੍ਹਾਂ ਕਿਸਾਨ ਜਿਣਸ, ਵਪਾਰ ਅਤੇ ਵਣਜ (ਉਤਸ਼ਾਹਿਤ ਕਰਨ ਅਤੇ ਸੁਖਾਲਾ ਬਣਾਉਣ) (ਵਿਸ਼ੇਸ਼ ਵਿਵਸਥਾਵਾਂ ਤੇ ਪੰਜਾਬ ਸੋਧ) ਬਿੱਲ, 2020 ਤਹਿਤ ਕਿਸਾਨ ਜਿਣਸ, ਵਪਾਰ ਤੇ ਵਣਜ (ਉਤਸ਼ਾਹਿਤ ਕਰਨ ਤੇ ਸੁਖਾਲਾ ਬਣਾਉਣ) ਐਕਟ, 2020 ਦੀ ਧਾਰਾ 1 (2), 14 ਅਤੇ 15

(ਬਾਕੀ ਸਫਾ 6 ਉਤੇ)

## ਵਿਧਾਨ ਸਭਾ ਦੇ ਮਤੇ ਕੋਈ ਪੱਕਾ ਹੱਲ ਨਹੀਂ...


ਕਿਸਾਨ ਜਥੇਬੰਦੀਆਂ ਨੇ ਪੰਜਾਬ ਵਿਧਾਨ ਸਭਾ ਵਿਚ ਪਾਸ ਕੀਤੇ ਮਤਿਆਂ ਨੂੰ ਕਿਸਾਨ ਸੰਘਰਸ਼ ਦੀ ਜਿੱਤ ਕਰਾਰ ਦਿੱਤਾ ਹੈ। ਜਥੇਬੰਦੀਆਂ ਦਾ ਕਹਿਣਾ ਹੈ ਕਿ ਭਾਵੇਂ ਪੰਜਾਬ ਵਿਧਾਨ ਸਭਾ ਵਿਚ ਪਾਸ ਕੀਤੇ ਮਤਿਆਂ ਨਾਲ ਕੇਂਦਰੀ ਕਾਨੂੰਨ ਰੱਦ ਨਹੀਂ ਹੋ ਜਾਂਦੇ, ਪਰ ਇਹ ਸਾਫ ਹੋ ਗਿਆ ਹੈ ਕਿ ਸੰਘਰਸ਼ ਤੇ ਲੋਕ ਰੋਹ ਹੀ ਸਰਕਾਰਾਂ ਨੂੰ ਅੱਗੇ ਲੱਗਣ ਲਈ ਮਜਬੂਰ ਕਰ ਸਕਦਾ ਹੈ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਮਤੇ ਪਾਸ ਹੋਣ ਪਿੱਛੋਂ ਪੰਜਾਬ ਸਰਕਾਰ ਕਿਸਾਨਾਂ ਨੂੰ ਸੰਘਰਸ਼ ਦਾ ਰਾਹ ਛੱਡਣ ਦਾ ਵਾਸਤਾ ਪਾ ਰਹੀ ਹੈ ਪਰ, ਇਹ ਮਤੇ ਕੋਈ ਪੱਕਾ ਹੱਲ ਨਹੀਂ। ਕਿਉਂਕਿ ਜਿਵੇਂ 2004 ਵਿਚ ਪਾਣੀਆਂ ਦਾ ਮਤਾ, ਜੋ ਕੈਪਟਨ ਸਰਕਾਰ ਵਲੋਂ ਲਿਆਂਦਾ ਗਿਆ ਸੀ, ਉਹ ਸੁਪਰੀਮ ਕੋਰਟ ਵਿਚ ਜਾ ਕੇ ਰੱਦ ਹੋ ਗਿਆ। ਇਸ ਲਈ ਲੋਕਾਂ ਦੇ ਦਬਾਅ ਹੇਠ ਜੋ ਮਤੇ ਆਏ ਹਨ, ਉਹ ਚੰਗੀ ਗੱਲ ਹੈ, ਪੰਜਾਬ ਦੇ ਲੋਕਾਂ ਨੂੰ ਗੁਮਰਾਹ ਨਹੀਂ ਹੋਣਾ ਚਾਹੀਦਾ ਤੇ ਡਟੇ ਰਹਿਣਾ ਚਾਹੀਦਾ ਹੈ।



## ਪੰਜਾਬ ਬਣਿਆ ਮੋਦੀ ਸਰਕਾਰ ਦੇ ਨਵੇਂ ਕਾਨੂੰਨਾਂ ਦਾ ਪਹਿਲਾ ਸ਼ਿਕਾਰ

**ਚੰਡੀਗੜ੍ਹ:** ਮੋਦੀ ਸਰਕਾਰ ਦੇ ਨਵੇਂ ਕਾਨੂੰਨਾਂ ਨੇ ਪੰਜਾਬ ਵਿਚ ਹੁਣ ਤੋਂ ਹੀ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਕੁਝ ਦਿਨਾਂ ਤੋਂ ਹੋਰਾਂ ਸੂਬਿਆਂ ਤੋਂ ਝੋਨੇ ਨਾਲ ਲੱਦੇ ਟਰੱਕ ਧੜਾ-ਧੜ ਪੰਜਾਬ ਵਲ ਕੂਚ ਕਰ ਰਹੇ ਹਨ। ਇਨ੍ਹਾਂ ਵਿਚੋਂ ਸੈਂਕੜੇ ਟਰੱਕਾਂ ਨੂੰ ਕਿਸਾਨਾਂ ਨੇ ਖੁਦ ਫੜ ਕੇ ਪੁਲਿਸ ਹਵਾਲੇ ਕੀਤਾ ਹੈ। ਯਾਦ ਰਹੇ ਕਿ ਨਵੇਂ ਕਾਨੂੰਨਾਂ ਤਹਿਤ ਕਿਸਾਨਾਂ, ਵਪਾਰਾਂ ਤੇ ਖਰੀਦਦਾਰਾਂ ਨੂੰ ਕਿਤੇ ਵੀ ਆਪਣੀ ਜਿਣਸ ਲਿਜਾਣ ਦੀ ਖੁੱਲ੍ਹ ਦਿੱਤੀ ਗਈ ਹੈ। ਪੰਜਾਬ ਅੰਦਰ ਇਸ ਵੇਲੇ ਝੋਨੇ ਦੀ ਖਰੀਦ ਸਮਰਥਨ ਮੁੱਲ ਉਪਰ 1888 ਰੁਪਏ ਪ੍ਰਤੀ ਕੁਇੰਟਲ ਹੋ ਰਹੀ ਹੈ ਪਰ ਮੋਦੀ ਸਰਕਾਰ ਵਲੋਂ ਨਿੱਜੀ ਖਰੀਦਦਾਰਾਂ ਵਲੋਂ ਕਿਸਾਨਾਂ ਨੂੰ ਵੱਧ ਭਾਅ ਦੇਣ ਦੇ ਪ੍ਰਚਾਰ ਦੇ ਉਲਟ ਉਤਰ ਪ੍ਰਦੇਸ਼ ਤੇ ਬਿਹਾਰ ਵਿਚ ਇਹੀ ਝੋਨਾ ਨਿੱਜੀ ਖਰੀਦਦਾਰ 1200 ਤੋਂ 1300 ਰੁਪਏ ਵਿਚ ਖਰੀਦ ਰਹੇ ਹਨ ਤੇ ਨਵੇਂ ਕਾਨੂੰਨ ਦਾ ਲਾਭ ਲੈਂਦਿਆਂ ਪੰਜਾਬ ਦੀਆਂ ਮੰਡੀਆਂ ਵਿਚ ਲਿਆ ਕੇ ਸਮਰਥਨ ਮੁੱਲ ਉਪਰ ਵੇਚਿਆ ਜਾ ਰਿਹਾ ਹੈ। ਹੁਣ ਪੁਲਿਸ ਨੇ ਟਰੱਕ ਫੜ ਤਾਂ ਲਏ ਹਨ ਪਰ ਸੋਚਾਂ ਵਿਚ ਪਈ ਹੈ ਕਾਰਵਾਈ ਕਿਸ ਕਾਨੂੰਨ ਤਹਿਤ ਕਰੇ। ਪੰਜਾਬ ਦੇ ਮੰਡੀ ਕਾਨੂੰਨ ਤਹਿਤ ਹਰ ਖਰੀਦਦਾਰ ਨੂੰ ਮਾਰਕੀਟ ਕਮੇਟੀ ਤੋਂ ਲਾਈਸੈਂਸ ਲੈਣਾ ਜ਼ਰੂਰੀ ਹੈ ਪਰ ਨਵਾਂ ਕੇਂਦਰੀ ਕਾਨੂੰਨ ਨਿੱਜੀ ਖਰੀਦਦਾਰਾਂ ਨੂੰ ਹਰ ਤਰ੍ਹਾਂ ਦੇ ਲਾਇਸੈਂਸ ਤੇ ਫੀਸਾਂ ਤੋਂ ਛੋਟ ਦਿੰਦਾ ਹੈ। ਝੋਨੇ ਦਾ ਸਮਰਥਨ ਮੁੱਲ ਉਪਰ ਖਰੀਦ ਸਿਰਫ ਪੰਜਾਬ ਤੇ ਹਰਿਆਣਾ ਵਿਚ ਹੀ ਕੀਤੀ ਜਾਂਦੀ ਹੈ। ਹੁਣ ਪੰਜਾਬ ਦੇ ਕਿਸਾਨਾਂ ਨੂੰ ਡਰ ਹੈ ਕਿ ਜਿਸ ਢੰਗ ਨਾਲ ਬਾਹਰੋਂ ਝੋਨਾ ਆ ਰਿਹਾ ਹੈ, ਤੈਅ ਹੈ ਕਿ ਵਪਾਰੀ ਇਥੇ ਵੀ ਮਨਮਰਜ਼ੀਆਂ ਕਰਨੀਆਂ ਸ਼ੁਰੂ ਕਰ ਦੇਣਗੇ।


**Tanya`s Beauty Salon**



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832

**Ad Space Available**

Please call
Ph: 847-359-0746


ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill,
New York 11419

# ਪੰਜਾਬ ਸਰਕਾਰ ਵੀ ਕਾਰਪੋਰੇਟ ਘਰਾਣਿਆਂ ਦੇ ਘਰ ਭਰਨ ਦੇ ਰਾਹ ਤੁਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਬਠਿੰਡਾ ਥਰਮਲ ਦੀ ਜ਼ਮੀਨ ਕਾਰਪੋਰੇਟਾਂ ਨੂੰ ਇਕ ਰੁਪਏ ਲੀਜ਼ ਉਤੇ ਦਿੱਤੀ ਜਾਵੇਗੀ, ਜਿਸ ਦੀ ਬਾਜ਼ਾਰੀ ਕੀਮਤ ਕਰੀਬ ਤਿੰਨ ਹਜ਼ਾਰ ਕਰੋੜ ਰੁਪਏ ਬਣਦੀ ਹੈ। ਪਾਵਰਕੌਮ ਨੂੰ ਜ਼ਮੀਨ ਦੀ ਪੂਰੀ ਕੀਮਤ ਅਤੇ ਪੁੱਡਾ ਕੋਲੋਂ ਮੁਨਾਫੇ 'ਚੋਂ ਵੀ 80 ਫੀਸਦੀ ਹਿੱਸੇਦਾਰੀ ਮਿਲਣੀ ਸੀ।

ਵੇਰਵਿਆਂ ਅਨੁਸਾਰ ਹੁਣ ਪਾਵਰਕੌਮ ਦੇ 'ਬੋਰਡ ਆਫ ਡਾਇਰੈਕਟਰਜ਼' ਦੀ ਬਿਨਾਂ ਪ੍ਰਵਾਨਗੀ ਅਤੇ ਬਿਨਾਂ ਕਿਸੇ ਐਗਰੀਮੈਂਟ ਤੋਂ ਬਠਿੰਡਾ ਥਰਮਲ ਦੀ ਜ਼ਮੀਨ ਦਾ ਇੰਤਕਾਲ ਪੁੱਡਾ ਦੇ ਨਾਮ ਚੜ੍ਹ ਗਿਆ ਹੈ। ਪਾਵਰਕੌਮ ਵਲੋਂ ਇਸ ਜ਼ਮੀਨ 'ਤੇ ਪਹਿਲਾਂ ਸੋਲਰ ਪਲਾਂਟ ਅਤੇ ਫਿਰ ਬਾਇਓਮਾਸ ਪਲਾਂਟ ਲਾਏ ਜਾਣ ਦੀ ਤਜਵੀਜ਼ ਸੀ ਜੋ ਸਰਕਾਰ ਨੇ ਰੱਦ ਕਰ ਦਿੱਤੀ। ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਥਰਮਲ ਜ਼ਮੀਨ 'ਤੇ 'ਬਲਕ ਡਰੱਗ ਪਾਰਕ' ਬਣਾਉਣਾ ਚਾਹੁੰਦੇ ਹਨ। ਕੇਂਦਰ ਸਰਕਾਰ ਨੇ 20 ਮਾਰਚ 2020 ਨੂੰ 'ਬਲਕ ਡਰੱਗ ਪਾਰਕ' ਸਕੀਮ ਨੂੰ ਪ੍ਰਵਾਨਗੀ ਦਿੱਤੀ ਹੈ। ਸਕੀਮ ਅਨੁਸਾਰ ਜੋ ਰਾਜ ਸਰਕਾਰ ਸਭ ਤੋਂ ਵੱਧ ਸਹੂਲਤਾਂ ਦੇਵੇਗੀ, ਉਸ ਨੂੰ ਇਹ ਪ੍ਰੋਜੈਕਟ ਕੇਂਦਰ ਤੋਂ ਮਿਲੇਗਾ। ਬਲਕ ਡਰੱਗ ਪਾਰਕ ਲਈ ਕੇਂਦਰ ਸਰਕਾਰ ਨੇ ਦਿਸ਼ਾ ਨਿਰਦੇਸ਼ 27 ਜੁਲਾਈ ਨੂੰ ਜਾਰੀ ਕੀਤੇ ਹਨ। ਇਨ੍ਹਾਂ ਦਿਸ਼ਾ ਨਿਰਦੇਸ਼ਾਂ ਤਹਿਤ 100 ਨੰਬਰ ਰੱਖੇ ਹਨ। ਵੱਧ ਸਹੂਲਤਾਂ ਦੇਣ ਵਾਲੇ ਸੂਬੇ ਦੀ ਮੈਰਿਟ ਉੱਚੀ ਬਣੇਗੀ। ਪੰਜਾਬ ਸਰਕਾਰ ਨੇ ਆਪਣੀ ਮੈਰਿਟ ਬਣਾਉਣ ਲਈ ਕਾਰਪੋਰੇਟਾਂ ਨੂੰ ਖੁੱਲ੍ਹੇ ਗੱਫੇ ਦੇਣ ਦਾ ਫੈਸਲਾ ਕਰਕੇ ਰਾਹ ਖੋਲ੍ਹਿਆ ਹੈ। ਵਿੱਤ ਮੰਤਰੀ ਦੀ



ਪ੍ਰਧਾਨਗੀ ਹੇਠ 10 ਸਤੰਬਰ ਨੂੰ ਹੋਈ ਮੀਟਿੰਗ ਵਿਚ ਡਰੱਗ ਪਾਰਕ ਲਈ ਸਹੂਲਤਾਂ ਦੇਣ ਦੀ ਤਜਵੀਜ਼ 'ਤੇ ਮੋਹਰ ਲੱਗੀ। ਫੈਸਲਾ ਲਿਆ ਗਿਆ ਕਿ ਡਰੱਗ ਪਾਰਕ ਲਈ 1 ਰੁਪਏ ਲੀਜ਼ ਉਤੇ 33 ਸਾਲ ਲਈ ਇਹ ਜ਼ਮੀਨ ਦਿੱਤੀ ਜਾਵੇਗੀ ਅਤੇ ਇਸ ਲੀਜ਼ ਵਿਚ 99 ਸਾਲ ਤੱਕ ਦਾ ਵਾਧਾ ਹੋ ਸਕਦਾ ਹੈ। ਦੋ ਰੁਪਏ ਪ੍ਰਤੀ ਯੂਨਿਟ ਬਿਜਲੀ ਅਤੇ ਇਕ ਰੁਪਏ ਵਿਚ ਪ੍ਰਤੀ ਹਜ਼ਾਰ ਲੀਟਰ ਪਾਣੀ ਦੇਣ ਦਾ ਫੈਸਲਾ ਕੀਤਾ ਗਿਆ। ਪੰਜਾਬ ਸਰਕਾਰ ਅਨੁਸਾਰ ਇਹ ਪ੍ਰੋਜੈਕਟ 1878 ਕਰੋੜ ਦਾ ਹੋਵੇਗਾ, ਜਿਸ 'ਚੋਂ 1000 ਕਰੋੜ ਕੇਂਦਰ ਦੇਵੇਗੀ ਅਤੇ ਬਾਕੀ 878 ਕਰੋੜ ਦੀ ਹਿੱਸੇਦਾਰੀ ਪੰਜਾਬ ਸਰਕਾਰ ਪਾਏਗੀ। ਪੰਜਾਬ ਸਰਕਾਰ ਤਰਫੋਂ ਸਟੈਂਪ ਡਿਊਟੀ ਅਤੇ ਰਜਿਸਟਰੀ ਖਰਚੇ ਵੀ ਛੋਟ ਦਿੱਤੀ ਜਾਵੇਗੀ। ਥਰਮਲ ਜ਼ਮੀਨ 'ਚੋਂ ਹੁਣ ਅੰਬੂਜਾ ਸੀਮਿੰਟ ਫੈਕਟਰੀ ਨੂੰ ਉਠਾਇਆ ਜਾਣਾ ਹੈ। ਪਾਵਰਕੌਮ ਨੇ ਅੰਬੂਜਾ ਸੀਮਿੰਟ ਫੈਕਟਰੀ ਨੂੰ 1.17 ਲੱਖ ਰੁਪਏ ਪ੍ਰਤੀ ਏਕੜ ਦੇ ਕਿਰਾਏ 'ਤੇ ਜਗ੍ਹਾ ਦਿੱਤੀ ਹੋਈ ਸੀ।

ਇਸ ਤੋਂ ਇਲਾਵਾ 'ਬਲਕ ਡਰੱਗ ਪਾਰਕ' ਨੂੰ ਸਹੂਲਤਾਂ ਦੇਣ ਲਈ ਸੂਬਾ ਹੋਰ ਵਿੱਤੀ ਖਰਚੇ ਦਾ ਸਾਹਮਣਾ ਕਰੇਗਾ, ਜਿਸ 'ਚ 'ਡਰੱਗ ਪਾਰਕ' ਨੂੰ ਹਰ ਸਾਲ 500 ਕਰੋੜ ਦੀ ਬਿਜਲੀ ਮੁਫਤ ਦਿੱਤੀ ਜਾਵੇਗੀ। ਕਾਂਗਰਸ ਸਰਕਾਰ ਦੇ ਮੌਜੂਦਾ ਵਿੱਤ ਮੰਤਰੀ ਨੇ 2016 ਦੀਆਂ ਚੋਣਾਂ ਵੇਲੇ ਬਠਿੰਡਾ ਵਸਨੀਕਾਂ ਨੂੰ ਥਰਮਲ ਪਲਾਂਟ ਚੱਲਦੇ ਰਹਿਣ ਦੀ ਗੱਲ ਦਾ ਵਾਅਦਾ ਕੀਤਾ ਸੀ ਪਰ ਕਾਂਗਰਸ ਸਰਕਾਰ ਦੇ ਸੱਤਾ 'ਚ ਆਉਣ ਮਗਰੋਂ ਸਾਲ ਬਾਅਦ ਹੀ ਇਸ ਥਰਮਲ ਨੂੰ ਬੰਦ ਕਰ ਦਿੱਤਾ ਗਿਆ, ਜਿਸ ਦਾ ਕਾਰਨ ਵਿੱਤੀ ਘਾਟਾ ਦੱਸਿਆ ਗਿਆ। ਬਠਿੰਡਾ ਥਰਮਲ ਪਲਾਂਟ ਦੀ ਜਗ੍ਹਾ ਉਤੇ ਵਾਰ-ਵਾਰ ਲੋਕਾਂ ਨੂੰ ਭਰੋਸੇ 'ਚ ਲੈਣ ਲਈ ਕਦੇ ਇਸ ਥਰਮਲ ਨੂੰ ਦੁਬਾਰਾ ਚਲਾਉਣ, ਕਦੇ ਬਾਇਓਮਾਸ (ਪਰਾਲੀ ਨਾਲ ਚੱਲਣ ਵਾਲਾ 60 ਮੈਗਾਵਾਟ ਦਾ ਪਲਾਂਟ), ਕਦੇ ਸੌਰ ਊਰਜਾ (100 ਮੈਗਾਵਾਟ ਦਾ ਪਲਾਂਟ) ਲਈ ਪਲਾਂਟ ਲਗਾਉਣ ਦੀ ਗੱਲ ਆਖੀ ਗਈ ਪਰ ਅੰਤ 'ਚ ਇਹ ਕਰੋੜਾਂ ਦੀ ਜ਼ਮੀਨ ਲਈ ਸਰਕਾਰ ਨੇ ਪੁੱਡਾ ਤੋਂ ਆਪਣੇ ਨਾਂ ਕਰਵਾ ਕੇ ਕਾਰਪੋਰੇਟਾਂ ਦੇ ਹਿੱਸੇ 'ਬਲਕ ਡਰੱਗ ਪਾਰਕ' ਦੇ ਨਾਮ ਹੇਠ ਇਕ ਰੁਪਏ 'ਚ ਝੋਲੀ ਪਾਉਣ ਦੀ ਤਿਆਰੀ ਕਰ ਲਈ।

### ਥਰਮਲ ਦੀ ਜ਼ਮੀਨ ਕੌਡੀਆਂ ਦੇ ਭਾਅ ਦੇਣ ਖਿਲਾਫ ਮੋਰਚਾ

**ਬਠਿੰਡਾ:** ਬਠਿੰਡਾ ਦੇ ਸ੍ਰੀ ਗੁਰੂ ਨਾਨਕ ਦੇਵ ਥਰਮਲ ਪਲਾਂਟ ਦੀ ਕਰੋੜਾਂ ਰੁਪਏ ਦੀ ਬੇਸ਼ਕੀਮਤੀ ਸੈਂਕੜੇ ਏਕੜ ਜ਼ਮੀਨ ਜਿਸ ਦੀ ਬਾਜ਼ਾਰ 'ਚ ਕੀਮਤ 4 ਹਜ਼ਾਰ ਕਰੋੜ ਹੈ, ਨੂੰ ਕਾਰਪੋਰੇਟਾਂ ਨੂੰ 1 ਰੁਪਏ ਪ੍ਰੀ ਗਜ਼ 99 ਸਾਲਾਂ ਲੀਜ਼ ਉਤੇ ਦੇਣ ਲਈ ਪੁੱਡਾ ਦੇ ਨਾਂ ਤਬਦੀਲ ਕੀਤੀ ਜਾ ਚੁੱਕੀ ਹੈ ਤਾਂ ਜੋ ਇਥੇ ਵਿੱਤ ਮੰਤਰੀ ਦੇ ਐਲਾਨ ਤਹਿਤ ਫਾਰਮਾਸੂਟੀਕਲ ਪਾਰਕ ਦਾ ਨਿਰਮਾਣ ਕੀਤਾ ਜਾ ਸਕੇ। ਇਸ ਪਿੱਛੋਂ ਆਮ ਆਦਮੀ ਪਾਰਟੀ ਨੇ ਸਰਕਾਰ ਨੂੰ ਘੇਰ ਲਿਆ ਹੈ। 'ਆਪ' ਵਿਧਾਇਕਾ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਅਤੇ ਰੁਪਿੰਦਰ ਕੌਰ ਰੂਬੀ ਨੇ ਕਿਹਾ ਕਿ ਬਠਿੰਡਾ ਥਰਮਲ ਨੂੰ ਬੰਦ ਕਰ ਕੇ ਉਸ ਦੀ ਕਰੋੜਾਂ ਰੁਪਏ ਦੀ ਜ਼ਮੀਨ ਨੂੰ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਦੇ ਕੇ ਕਾਂਗਰਸ ਸਰਕਾਰ ਸ਼ਰੇਆਮ ਲੁੱਟ ਕਰ ਰਹੀ ਹੈ, ਜਿਸ ਨੂੰ ਕਿਸੇ ਹਾਲਤ 'ਚ ਸਫਲ ਨਹੀਂ ਹੋਣ ਦਿੱਤਾ ਜਾਵੇਗਾ।

# ਹੁਣ ਗੋਇੰਦਵਾਲ ਥਰਮਲ ਕੰਪਨੀ ਨੇ ਹੱਥ ਖੜ੍ਹੇ ਕੀਤੇ

**ਚੰਡੀਗੜ੍ਹ:** ਰਾਜਪੁਰਾ ਥਰਮਲ ਮਗਰੋਂ ਹੁਣ ਗੋਇੰਦਵਾਲ ਥਰਮਲ ਵੀ ਵਿਕਣ ਲਈ ਤਿਆਰ ਹੈ। ਜੀ.ਵੀ.ਕੇ. ਪ੍ਰਾਈਵੇਟ ਲਿਮਟਿਡ ਨੇ ਵੀ ਗੋਇੰਦਵਾਲ ਪ੍ਰਾਈਵੇਟ ਥਰਮਲ ਨੂੰ ਵਿਕਰੀ ਉਤੇ ਲਾ ਦਿੱਤਾ ਹੈ। ਪ੍ਰਾਈਵੇਟ ਕੰਪਨੀ ਨੇ ਪਾਵਰਕੌਮ ਨੂੰ ਆਪਣਾ ਥਰਮਲ ਦੇਣ ਦੀ ਪੇਸ਼ਕਸ਼ ਕੀਤੀ ਹੈ।

ਪ੍ਰਾਈਵੇਟ ਥਰਮਲਾਂ ਨਾਲ ਹੋਏ ਮਹਿੰਗੇ ਬਿਜਲੀ ਸਮਝੌਤੇ ਰਾਜ 'ਚ ਮਹਿੰਗੀ ਬਿਜਲੀ ਦਾ ਸਬੱਬ ਬਣੇ ਹੋਏ ਹਨ। ਵੇਰਵਿਆਂ ਅਨੁਸਾਰ ਜੀ.ਵੀ.ਕੇ. ਪ੍ਰਾਈਵੇਟ ਲਿਮਟਿਡ ਦਾ ਗੋਇੰਦਵਾਲ ਸਾਹਿਬ ਵਿਖੇ 540 ਮੈਗਾਵਾਟ ਦਾ ਥਰਮਲ ਪਲਾਂਟ 1114 ਏਕੜ ਵਿਚ ਲੱਗਾ ਹੋਇਆ ਹੈ, ਜੋ ਸਾਲ 2016-17 ਵਿਚ ਹੀ ਚਾਲੂ ਹੋਇਆ ਹੈ।

ਪ੍ਰਾਈਵੇਟ ਕੰਪਨੀ ਤਰਫੋਂ ਪਾਵਰਕੌਮ ਦੇ ਚੇਅਰਮੈਨ ਨੂੰ ਭੇਜੇ ਪੱਤਰ ਅਨੁਸਾਰ ਕੰਪਨੀ ਨੇ ਇਸ ਥਰਮਲ ਲਈ ਸਮੇਤ ਕਰਜ਼ ਕੁਲ ਕਰੀਬ 4103 ਕਰੋੜ ਰੁਪਏ ਖਰਚ ਕੀਤੇ ਦੱਸੇ ਹਨ, ਜਿਸ ਵਿਚ ਕੰਪਨੀ ਦੇ ਆਪਣੀ ਤਰਫੋਂ ਲਾਏ 1265 ਕਰੋੜ ਰੁਪਏ ਵੀ ਸ਼ਾਮਲ ਹਨ। ਜੀ.ਵੀ.ਕੇ. ਕੰਪਨੀ ਤਰਫੋਂ 3200 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਗਿਆ ਸੀ, ਜਿਸ 'ਤੇ 1200 ਕਰੋੜ ਰੁਪਏ ਦਾ ਵਿਆਜ ਵੀ ਬਣ ਗਿਆ ਹੈ। ਕੰਪਨੀ ਨੇ ਥਰਮਲ ਕਰੀਬ 4103 ਕਰੋੜ ਵਿਚ ਪਾਵਰਕੌਮ ਨੂੰ ਦੇਣ ਦੀ ਪੇਸ਼ਕਸ਼ ਕੀਤੀ ਹੈ। ਪਾਵਰਕੌਮ ਦੇ ਮੁੱਖ ਲੇਖਾ ਅਫਸਰ ਨੇ 15 ਅਕਤੂਬਰ ਨੂੰ ਪੱਤਰ ਨੰਬਰ 248 ਤਹਿਤ ਗੋਇੰਦਵਾਲ ਥਰਮਲ ਪਲਾਂਟ ਦੀ ਤਜਵੀਜ਼ ਨੂੰ ਵਿਚਾਰਨ ਲਈ ਮਾਮਲਾ ਪੰਜ ਮੈਂਬਰੀ ਉਚ ਪੱਧਰੀ ਕਮੇਟੀ ਹਵਾਲੇ ਕਰ ਦਿੱਤਾ ਹੈ, ਜੋ ਪਹਿਲਾਂ ਹੀ ਰਾਜਪੁਰਾ ਥਰਮਲ ਦਾ ਕੇਸ ਵਿਚਾਰ ਰਹੀ ਹੈ।

ਜੀ.ਵੀ.ਕੇ. ਪਾਵਰ ਲਿਮਟਿਡ ਨੂੰ ਲੰਘੇ ਮਾਲੀ ਵਰ੍ਹੇ ਦੌਰਾਨ ਪਾਵਰਕੌਮ ਵਲੋਂ 672 ਕਰੋੜ ਰੁਪਏ ਫਿਕਸਿਡ ਚਾਰਜ ਵਜੋਂ ਦਿੱਤੇ ਗਏ ਅਤੇ ਇਸ ਪ੍ਰਾਈਵੇਟ ਪਲਾਂਟ ਤੋਂ ਲੰਘੇ ਸਾਲ 9.54 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਬਿਜਲੀ ਖਰੀਦੀ ਗਈ। ਇਸ ਕੰਪਨੀ ਵਲੋਂ ਪਹਿਲਾਂ ਪੰਜਾਬ ਰਾਜ ਪਾਵਰ ਰੈਗੂਲੇਟਰ ਕੋਲ ਕੇਸ ਪਾਇਆ ਗਿਆ ਸੀ ਜਿਸ ਵਲੋਂ ਇਸ ਕੰਪਨੀ ਦਾ ਫਿਕਸਿਡ ਚਾਰਜ 2.20 ਰੁਪਏ ਐਲਾਨ ਦਿੱਤਾ ਗਿਆ ਸੀ। ਰੈਗੂਲੇਟਰ ਨੇ ਮਗਰੋਂ ਪਾਵਰਕੌਮ ਦੀ ਪਟੀਸ਼ਨ 'ਤੇ ਇਹ ਫਿਕਸਿਡ ਚਾਰਜ ਘਟਾ ਕੇ 1.45 ਰੁਪਏ ਪ੍ਰਤੀ ਯੂਨਿਟ ਕਰ ਦਿੱਤਾ ਸੀ।

ਸੂਤਰਾਂ ਅਨੁਸਾਰ ਜੀ.ਵੀ.ਕੇ. ਪਾਵਰ ਲਿਮਟਿਡ ਨੂੰ ਆਪਣੇ ਥਰਮਲ ਨੂੰ ਚਾਲੂ ਕਰਨ ਲਈ ਕਰੀਬ 24 ਸਾਲ ਦੀ ਯਾਤਰਾ ਕਰਨੀ ਪਈ ਹੈ। ਬੇਅੰਤ ਸਿੰਘ ਸਰਕਾਰ ਸਮੇਂ ਸਾਲ 1991-92 ਵਿਚ ਇਹ ਪ੍ਰਾਈਵੇਟ ਕੰਪਨੀ ਨੇ ਪੰਜਾਬ ਵਿਚ ਪੈਰ ਰੱਖਿਆ ਸੀ ਪਰ ਲੰਮੀ ਵਿਚਾਰ ਚਰਚਾ ਮਗਰੋਂ 3 ਨਵੰਬਰ 1997 ਨੂੰ ਇਸ ਕੰਪਨੀ ਦੇ ਮੁੱਦੇ ਨੂੰ ਮੁੱਖ ਮੰਤਰੀ ਦੀ ਮੀਟਿੰਗ ਵਿਚ ਵਿਚਾਰਿਆ ਗਿਆ।

ਪੰਜਾਬ ਸਰਕਾਰ ਨੇ 17 ਅਪਰੈਲ 2000 ਨੂੰ ਇਸ ਕੰਪਨੀ ਨਾਲ ਐਮ.ਓ.ਯੂ. ਸਾਈਨ ਕੀਤਾ। ਸੱਤਾ ਤਬਦੀਲੀ ਮਗਰੋਂ ਕੈਪਟਨ ਸਰਕਾਰ ਨੇ ਜੀ.ਵੀ.ਕੇ. ਪਾਵਰ ਲਿਮਟਿਡ ਨਾਲ ਦੁਬਾਰਾ 26 ਜੁਲਾਈ 2005 ਨੂੰ ਐਮ.ਓ.ਯੂ. ਸਾਈਨ ਕੀਤਾ। ਮੁੜ ਹਕੂਮਤ ਬਦਲਣ ਕਰਕੇ ਗੱਠਜੋੜ ਸਰਕਾਰ ਨੇ ਤੀਸਰੀ ਦਫਾ ਇਸ ਕੰਪਨੀ ਨਾਲ ਐਮ.ਓ.ਯੂ. ਸਾਈਨ ਕੀਤਾ ਅਤੇ 26 ਮਈ 2009 ਨੂੰ ਪਾਵਰ ਪਰਚੇਜ਼ ਐਗਰੀਮੈਂਟ ਕੀਤਾ। ਉਪਰੰਤ ਇਸ ਥਰਮਲ ਨੂੰ ਅਲਾਟ ਹੋਈ ਕੋਲਾ ਖਾਣ ਦਾ ਮਾਮਲਾ ਅਦਾਲਤ ਵਿਚ ਚਲਾ ਗਿਆ ਅਤੇ ਸਾਲ 2014 ਵਿਚ ਅਲਾਟਮੈਂਟ ਰੱਦ ਹੋ ਗਈ। ਆਖਰ ਇਸ ਥਰਮਲ ਦੇ ਦੋਵੇਂ ਯੂਨਿਟ 6 ਅਪਰੈਲ ਅਤੇ 16 ਅਪਰੈਲ 2016 ਨੂੰ ਚਾਲੂ ਹੋ ਗਏ। ਥਰਮਲ ਪਲਾਂਟ ਵਲੋਂ ਕੇਂਦਰ ਸਰਕਾਰ ਦੀ 'ਸ਼ਕਤੀ ਸਕੀਮ' ਤਹਿਤ ਕੋਲਾ ਲਿਆ ਜਾ ਰਿਹਾ ਹੈ।

# 'ਆਪ' ਨੇ ਸੂਬਾ ਤੇ ਜ਼ਿਲ੍ਹਾ ਪੱਧਰੀ ਨਵੇਂ ਅਹੁਦੇਦਾਰ ਐਲਾਨੇ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਨਵੇਂ ਅਹੁਦੇਦਾਰਾਂ ਦਾ ਐਲਾਨ ਕੀਤਾ ਹੈ। ਗਗਨਦੀਪ ਸਿੰਘ ਚੱਢਾ ਨੂੰ ਸੂਬਾ ਸਕੱਤਰ ਅਤੇ ਅਮਨਦੀਪ ਸਿੰਘ ਮੋਹੀ, ਧਰਮਜੀਤ ਸਿੰਘ ਤੇ ਅਸ਼ੋਕ ਤਲਵਾਰ ਨੂੰ ਸੰਯੁਕਤ ਸਕੱਤਰ ਨਿਯੁਕਤ ਕੀਤਾ ਹੈ।

ਇਸੇ ਤਰ੍ਹਾਂ ਅੰਮ੍ਰਿਤਸਰ ਸ਼ਹਿਰੀ ਦਾ ਇੰਚਾਰਜ ਪਰਵਿੰਦਰ ਸੇਠੀ, ਦਿਹਾਤੀ ਇੰਚਾਰਜ ਨਰੇਸ਼ ਪਾਠਕ, ਉਪ ਇੰਚਾਰਜ ਸੀਮਾ ਸੋਧੀ ਅਤੇ ਸਕੱਤਰ ਇਕਬਾਲ ਸਿੰਘ ਭੁੱਲਰ ਨੂੰ ਚੁਣਿਆ ਗਿਆ ਹੈ। ਗੁਰਪ੍ਰੀਤ ਸਿੰਘ ਨੂੰ ਇੰਚਾਰਜ ਬਰਨਾਲਾ, ਤਰਸੇਮ ਸਿੰਘ ਕਾਹਨੇ ਕੇ ਨੂੰ ਸਕੱਤਰ ਚੁਣਿਆ ਗਿਆ ਹੈ। ਗੁਰਜੰਟ ਸਿੰਘ ਸਿਬੀਆਂ ਨੂੰ ਬਠਿੰਡਾ (ਦਿਹਾਤੀ), ਐਡਵੋਕੇਟ ਨਵਦੀਪ ਸਿੰਘ ਜੀਦਾ ਨੂੰ ਬਠਿੰਡਾ ਸ਼ਹਿਰੀ, ਗੁਰਦਿੱਤ ਸਿੰਘ ਸੇਖੋਂ ਨੂੰ ਫਰੀਦਕੋਟ, ਜਸਵਿੰਦਰ ਸਿੰਘ ਬਲਹਾਰਾ ਨੂੰ ਫਤਿਹਗੜ੍ਹ ਸਾਹਿਬ, ਵਰਿੰਦਰ ਸਿੰਘ ਖਾਲਸਾ ਨੂੰ ਫ਼ਾਜ਼ਿਲਕਾ, ਭੁਪਿੰਦਰ ਕੌਰ ਨੂੰ ਫਿਰੋਜ਼ਪੁਰ, ਪ੍ਰੀਤਮ ਸਿੰਘ ਬੱਬੂ ਨੂੰ ਗੁਰਦਾਸਪੁਰ ਸ਼ਹਿਰੀ, ਪ੍ਰੋ. ਸਤਨਾਮ ਸਿੰਘ ਨੂੰ ਗੁਰਦਾਸਪੁਰ (ਦਿਹਾਤੀ) ਦਾ ਇੰਚਾਰਜ ਨਿਯੁਕਤ ਕੀਤਾ ਹੈ।

ਮੋਹਨ ਲਾਲ ਨੂੰ ਇੰਚਾਰਜ ਹੁਸ਼ਿਆਰਪੁਰ ਦਿਹਾਤੀ, ਸੰਦੀਪ ਸੈਣੀ ਨੂੰ ਇੰਚਾਰਜ (ਸ਼ਹਿਰੀ), ਪ੍ਰਿੰਸੀਪਲ ਪ੍ਰੇਮ ਕੁਮਾਰ ਨੂੰ ਇੰਚਾਰਜ ਜਲੰਧਰ ਦਿਹਾਤੀ, ਰਾਜਵਿੰਦਰ ਕੌਰ ਨੂੰ ਇੰਚਾਰਜ (ਸ਼ਹਿਰੀ), ਸੁਭਾਸ਼ ਸ਼ਰਮਾ ਨੂੰ ਸਕੱਤਰ, ਗੁਰਪਾਲ ਸਿੰਘ ਨੂੰ ਇੰਚਾਰਜ ਕਪੂਰਥਲਾ, ਹਰਭੁਪਿੰਦਰ ਸਿੰਘ ਧਰੌੜ ਨੂੰ ਇੰਚਾਰਜ ਲੁਧਿਆਣਾ ਦਿਹਾਤੀ, ਐਡਵੋਕੇਟ ਗੁਰਦਰਸ਼ਨ ਸਿੰਘ ਕੁੱਲੀ ਨੂੰ ਉਪ ਇੰਚਾਰਜ, ਸੁਰੇਸ਼ ਗੋਇਲ ਨੂੰ ਸ਼ਹਿਰੀ ਇੰਚਾਰਜ, ਚਰਨਜੀਤ ਸਿੰਘ ਅੱਕਾਂਵਾਲੀ ਨੂੰ ਸ਼ਹਿਰੀ ਇੰਚਾਰਜ ਮਾਨਸਾ, ਗੁਰਪ੍ਰੀਤ ਸਿੰਘ ਭੁੱਚਰ ਨੂੰ ਸਕੱਤਰ, ਸਰਪੰਚ ਹਰਮਨਜੀਤ ਸਿੰਘ ਨੂੰ ਮੋਗਾ ਦਾ ਇੰਚਾਰਜ, ਜਗਦੇਵ ਸਿੰਘ ਬਾਮ ਨੂੰ ਮੁਕਤਸਰ ਦਾ ਇੰਚਾਰਜ, ਸਰਬਜੀਤ ਸਿੰਘ ਹੈਪੀ ਨੂੰ ਸਕੱਤਰ,



ਸ਼ਿਵ ਕਰਨ ਚੇਚੀ ਨੂੰ ਇੰਚਾਰਜ ਨਵਾਂ ਸ਼ਹਿਰ, ਮਨੋਹਰ ਲਾਲ ਗਾਬਾ ਨੂੰ ਸਕੱਤਰ, ਕੈਪਟਨ ਸੁਨੀਲ ਗੁਪਤਾ ਨੂੰ ਇੰਚਾਰਜ ਪਠਾਨਕੋਟ, ਮੇਘ ਚੰਦ ਸ਼ੇਰ ਮਾਜਰਾ ਨੂੰ ਇੰਚਾਰਜ ਪਟਿਆਲਾ ਦਿਹਾਤੀ, ਜਸਬੀਰ ਗਾਂਧੀ ਨੂੰ ਇੰਚਾਰਜ ਪਟਿਆਲਾ ਸ਼ਹਿਰੀ, ਐਡਵੋਕੇਟ ਦਿਨੇਸ਼ ਚੱਢਾ ਨੂੰ ਇੰਚਾਰਜ ਰੂਪਨਗਰ, ਮਹਿੰਦਰ ਸਿੰਘ ਸਿੱਧੂ ਇੰਚਾਰਜ ਸੰਗਰੂਰ, ਉੱਪ ਇੰਚਾਰਜ ਗੁਰਦੇਵ ਸਿੰਘ ਸੰਗਾਲਾ, ਸਕੱਤਰ ਅਵਤਾਰ ਸਿੰਘ ਈਲਵਾਲ, ਮੁਹਾਲੀ ਦਾ ਇੰਚਾਰਜ ਡਾ. ਸਨੀ ਆਹਲੂਵਾਲੀਆ, ਤਰਨ ਤਾਰਨ ਦਾ ਇੰਚਾਰਜ ਗੁਰਵਿੰਦਰ ਸਿੰਘ ਨੂੰ ਨਿਯੁਕਤ ਕੀਤਾ ਹੈ।

# ਅਮਰਿੰਦਰ ਸਿੰਘ ਸਰਕਾਰ ਨੂੰ ਹੁਣ ਯਾਦ ਆਉਣ ਲੱਗੇ ਚੋਣ ਵਾਅਦੇ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਤਕਰੀਬਨ ਡੇਢ ਸਾਲ ਦਾ ਸਮਾਂ ਰਹਿ ਗਿਆ ਹੈ, ਜਿਵੇਂ-ਜਿਵੇਂ ਚੋਣਾਂ ਦੇ ਦਿਨ ਨੇੜੇ ਆ ਰਹੇ ਹਨ, ਪੰਜਾਬ ਦੀ ਕੈਪਟਨ ਸਰਕਾਰ ਨੂੰ ਪਿਛਲੀਆਂ ਚੋਣਾਂ ਵਿਚ ਕੀਤੇ ਵਾਅਦੇ ਵੀ ਚੇਤੇ ਆਉਣ ਲੱਗੇ ਹਨ। ਸਰਕਾਰ ਦੇ ਐਲਾਨਾਂ ਤੋਂ ਜਾ ਰਿਹਾ ਹੈ ਕਿ ਉਹ ਪਿਛਲੇ ਪੌਣੇ ਚਾਰ ਸਾਲਾਂ ਦਾ 'ਵਿਕਾਸ' ਹੁਣ ਬਾਕੀ ਬਚੇ ਸਮੇਂ ਵਿਚ ਕਰਵਾ ਦੇ ਹੀ ਦਮ ਲਵੇਗੀ।

ਪਿਛਲੇ ਇਕ-ਦੋ ਮਹੀਨਿਆਂ ਤੋਂ ਕੈਪਟਨ ਸਰਕਾਰ ਦੀ ਫੁਰਤੀ ਤੋਂ ਸਿਆਸੀ ਹਲਕੇ ਵੀ ਹੈਰਾਨ ਹਨ। ਭਾਵੇਂ ਇਸ ਸਮੇਂ ਸਰਕਾਰ ਵੱਡੇ ਵਿੱਤੀ ਸੰਕਟ ਵਿਚ ਘਿਰੀ ਹੋਈ ਹੈ ਪਰ ਹਾਲ ਹੀ ਵਿਚ ਮੰਤਰੀ ਮੰਡਲ ਦੀ ਬੈਠਕ ਦੌਰਾਨ ਕੀਤੇ ਐਲਾਨਾਂ ਨੇ ਸੂਬੇ ਦੇ ਲੋਕਾਂ ਨੂੰ ਵੱਡੀਆਂ ਆਸਾਂ ਜਗਾਈਆਂ ਹਨ। ਮੀਟਿੰਗ ਦੌਰਾਨ ਮੁੱਖ ਮੰਤਰੀ ਵਲੋਂ ਚੋਣ ਵਾਅਦਿਆਂ ਅਨੁਸਾਰ ਜਿਵੇਂ ਪੰਜਾਬ ਦੇ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਮਾਲਕਾਨਾ ਹੱਕ ਦੇਣ ਅਤੇ ਇਸ ਸਬੰਧੀ ਬਿੱਲ ਨੂੰ ਪ੍ਰਵਾਨਗੀ ਦੇਣ ਅਤੇ ਔਰਤਾਂ ਨੂੰ ਸਿੱਧੀ ਭਰਤੀ 'ਚ 33 ਪ੍ਰਤੀਸ਼ਤ ਰਾਖਵਾਂਕਰਨ ਦੇਣ ਅਤੇ ਸਰਕਾਰੀ ਅਦਾਰਿਆਂ 'ਚ ਖਾਲੀ ਹੋ ਰਹੀਆਂ ਅਤੇ ਖਾਲੀ ਹੋਣ ਵਾਲੀਆਂ



ਕੋਈ ਇਕ ਲੱਖ ਅਸਾਮੀਆਂ ਭਰਨ ਅਤੇ ਭਾਰਤ ਸਰਕਾਰ ਵਲੋਂ ਐਸ.ਸੀ. ਵਿਦਿਆਰਥੀਆਂ ਲਈ ਖਤਮ ਕੀਤੀ ਗਈ ਵਜ਼ੀਫਾ ਯੋਜਨਾ ਦੀ ਥਾਂ ਡਾ. ਬੀ.ਆਰ. ਅੰਬੇਡਕਰ ਐਸ.ਸੀ. ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਗਲੀ ਵਿੱਤੀ ਸਾਲ ਤੋਂ ਲਾਗੂ ਕਰਨ ਦਾ ਫੈਸਲਾ, ਝੁੱਗੀ ਝੌਂਪੜੀ ਵਾਲਿਆਂ ਨੂੰ ਵੀ ਮਾਲਕਾਨਾ ਹੱਕ ਦੇਣ ਲਈ ਐਕਟ ਬਣਾਉਣ ਅਤੇ ਪੁਰਾਣੇ ਜਗੀਰਦਾਰਾਂ ਤੋਂ ਪ੍ਰਾਪਤ ਜ਼ਮੀਨ 'ਤੇ ਪੀੜ੍ਹੀ ਦਰ ਪੀੜ੍ਹੀ ਕਾਸ਼ਤ ਕਰ ਰਹੇ ਕਿਸਾਨਾਂ ਨੂੰ ਮਾਲਕਾਨਾ ਹੱਕ ਦੇਣ ਸਬੰਧੀ ਕੀਤੇ



ਗਏ ਅਹਿਮ ਐਲਾਨ ਤੋਂ ਸਪੱਸ਼ਟ ਹੈ ਕਿ ਕੈਪਟਨ ਸਰਕਾਰ ਇਸ ਗੱਲ ਤੋਂ ਚਿੰਤਤ ਹੈ ਕਿ ਪਾਰਟੀ ਹਾਈਕਮਾਂਡ ਵਲੋਂ ਵੀ ਚੋਣ ਵਾਅਦਿਆਂ ਸਬੰਧੀ ਵੀ ਸਰਕਾਰ ਦੇ ਕੰਮਕਾਜ ਦੀ ਪੜਚੋਲ ਸ਼ੁਰੂ ਕਰ ਦਿੱਤੀ ਗਈ ਹੈ। ਪਹਿਲਾਂ ਕੇਂਦਰੀ ਸਰਕਾਰ ਅਧੀਨ ਚੱਲ ਰਹੀ ਸਕੀਮ ਅਨੁਸਾਰ ਇਹ ਵਜ਼ੀਫਾ 2.5 ਲੱਖ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਨਾਲ ਸਬੰਧਤ ਦਲਿਤ ਵਿਦਿਆਰਥੀਆਂ ਨੂੰ ਹੀ ਦਿੱਤਾ ਜਾਂਦਾ ਸੀ। ਸੂਬਾ ਰੁਜ਼ਗਾਰ ਯੋਜਨਾ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ ਜਿਸ ਵਿਚ ਭਰਤੀ ਕੇਂਦਰੀ ਸਰਕਾਰ ਦੇ ਤਨਖਾਹ ਸਕੇਲਾਂ ਅਨੁਸਾਰ ਕੀਤੀ ਜਾਵੇਗੀ। 2020-21 ਦੌਰਾਨ ਸਰਕਾਰੀ ਅਹੁਦਿਆਂ ਲਈ ਚੁਣੇ ਗਏ ਉਮੀਦਵਾਰਾਂ ਦੀ ਰਸਮੀ ਜੁਆਇਨਿੰਗ ਅਗਲੇ ਸਾਲ ਆਜ਼ਾਦੀ ਦਿਹਾੜੇ ਵਾਲੇ ਦਿਨ ਸੂਬਾ ਪੱਧਰੀ ਸਮਾਗਮ ਵਿਚ ਹੋਵੇਗੀ ਜਿਸ ਦੀ ਪ੍ਰਧਾਨਗੀ ਮੁੱਖ ਮੰਤਰੀ ਕਰਨਗੇ। ਪ੍ਰਤੱਖ ਹੈ ਕਿ ਸਰਕਾਰ ਦੀ ਨਜ਼ਰ 2022 ਵਿਚ ਹੋਣ ਵਾਲੀਆਂ ਚੋਣਾਂ 'ਤੇ ਹੈ।

ਦੱਸ ਦਈਏ ਕਿ ਕਾਂਗਰਸੀ ਵਿਧਾਇਕ ਸਰਕਾਰ ਬਣਨ ਤੋਂ ਹੁਣ ਤੱਕ ਕੈਪਟਨ ਤੱਕ ਪਹੁੰਚ ਕਰਕੇ ਸਰਕਾਰ ਦੀਆਂ ਨਾਲਾਇਕੀਆਂ ਗਿਣਵਾਉਂਦੇ ਰਹੇ ਹਨ। ਹੁਣ ਬੀਤੇ ਦਿਨੀਂ ਰਾਹੁਲ ਗਾਂਧੀ ਦੀ ਪੰਜਾਬ ਫੇਰੀ ਅਤੇ ਪੰਜਾਬ ਮਾਮਲਿਆਂ ਦੇ ਨਵੇਂ ਬਣੇ ਇੰਚਾਰਜ ਹਰੀਸ਼ ਰਾਵਤ ਦੀਆਂ ਸਰਗਰਮੀਆਂ ਨੇ ਕੈਪਟਨ ਸਰਕਾਰ ਨੂੰ 'ਅਜੇ ਵੀ ਵੇਲੇ ਸਾਂਭਣ' ਲਈ ਮਜਬੂਰ ਕੀਤਾ ਹੈ। ਸ੍ਰੀ ਰਾਵਤ ਨੂੰ ਮਿਲਣ ਵਾਲੇ ਕਾਫੀ ਵਿਧਾਇਕਾਂ ਇਸ ਗੱਲ ਦੀ ਸ਼ਿਕਾਇਤ ਕੀਤੀ ਸੀ ਕਿ ਵਿੱਤੀ ਔਕੜਾਂ ਕਾਰਨ ਸਾਡੇ ਹਲਕਿਆਂ 'ਚ ਵਿਕਾਸ ਕਾਰਜ ਨਾ ਹੋਣ ਕਾਰਨ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ ਅਤੇ ਵਿਧਾਇਕਾਂ ਨੂੰ ਪ੍ਰਤੀ ਹਲਕਾ 25-25 ਕਰੋੜ ਰੁਪਏ ਦੇਣ ਦਾ ਜੋ ਐਲਾਨ ਹੋਇਆ ਸੀ, ਉਸ 'ਚ ਵੀ ਅੱਗੇ ਕੋਈ ਕਾਰਵਾਈ ਨਹੀਂ ਹੋ ਸਕੀ।

ਚਰਚਾ ਇਹ ਵੀ ਹੈ ਕਿ ਰਾਜ ਸਰਕਾਰ ਛੇਤੀ ਹੀ ਮੁਲਾਜ਼ਮਾਂ ਲਈ ਬਣਾਏ ਹੋਏ ਪੇਅ ਕਮਿਸ਼ਨ ਦੀ ਰਿਪੋਰਟ ਵੀ ਛੇਤੀ ਲੈ ਰਹੀ ਹੈ ਤਾਂ ਜੋ ਸੂਬੇ ਦੇ ਮੁਲਾਜ਼ਮਾਂ ਨੂੰ ਚੋਣ ਵਾਅਦੇ ਅਨੁਸਾਰ ਖੁਸ਼ ਰੱਖਿਆ ਜਾ ਸਕੇ। ਰਾਜ ਸਰਕਾਰ ਦੇ ਸੂਤਰਾਂ ਦਾ ਕਹਿਣਾ ਹੈ ਕਿ ਜੀ.ਐਸ.ਟੀ. 'ਚੋਂ ਕੇਂਦਰ ਤੋਂ ਮਿਲਣ ਵਾਲੇ ਬਕਾਇਆ ਕੋਈ 9500 ਕਰੋੜ ਦੇ ਹਿੱਸੇ ਜਿਸ ਸਬੰਧੀ ਹੁਣ ਵਿੱਤ ਮੰਤਰਾਲੇ ਵਲੋਂ ਐਲਾਨ ਕੀਤਾ ਗਿਆ ਹੈ ਕਿ ਉਹ ਖੁਦ ਇਸ ਦੀ 60 ਪ੍ਰਤੀਸ਼ਤ ਰਾਸ਼ੀ ਕਰਜ਼ਾ ਲੈ ਕੇ ਸੂਬਿਆਂ ਨੂੰ ਦੇਵੇਗਾ, ਇਸ ਨਾਲ ਪੰਜਾਬ ਨੂੰ ਕੋਈ 5700 ਕਰੋੜ ਮਿਲ ਸਕਣਗੇ, ਜਦੋਂਕਿ ਬਾਕੀ ਦੀ 40 ਪ੍ਰਤੀਸ਼ਤ ਰਾਸ਼ੀ ਲਈ ਸੂਬੇ ਨੂੰ ਖੁਦ ਕਰਜ਼ਾ ਚੁੱਕਣਾ ਪਵੇਗਾ। ਸਿਆਸੀ ਮਾਹਿਰਾਂ ਮੁਤਾਬਕ ਪਿਛਲੇ ਸਾਢੇ ਤਿੰਨ ਸਾਲਾਂ ਦੌਰਾਨ ਕੈਪਟਨ ਸਰਕਾਰ ਹੱਥ ਉਤੇ ਹੱਥ ਧਰ ਕੇ ਬੈਠੀ ਰਹੀ ਹੈ ਅਤੇ ਹੁਣ ਇਸ ਵਲੋਂ ਚੋਣਾਂ ਐਨ ਨੇੜੈ ਆ ਗਈਆਂ ਹਨ ਤਾਂ ਤੇਜ਼ੀ ਫੜਨ ਲਈ ਪੂਰਾ ਜ਼ੋਰ ਲਾਇਆ ਜਾ ਰਿਹਾ ਹੈ।

## ਚਾਲੂ ਵਿੱਤੀ ਸਾਲ ਦੇ ਪਹਿਲੇ ਅੱਧ 'ਚ ਸੋਨੇ ਦੀ ਦਰਾਮਦ 57 ਫੀਸਦ ਘਟੀ

**ਨਵੀਂ ਦਿੱਲੀ:** ਮੌਜੂਦਾ ਵਿੱਤੀ ਸਾਲ ਦੇ ਪਹਿਲੇ ਅੱਧ (ਅਪਰੈਲ-ਸਤੰਬਰ) ਦੌਰਾਨ ਸੋਨੇ ਦੀ ਦਰਾਮਦ 57 ਪ੍ਰਤੀਸ਼ਤ ਘਟ ਕੇ 6.8 ਅਰਬ ਡਾਲਰ ਭਾਵ 50,658 ਕਰੋੜ ਰੁਪਏ ਰਹੀ। ਇਹ ਜਾਣਕਾਰੀ ਵਣਜ ਮੰਤਰਾਲੇ ਦੇ ਅੰਕੜਿਆਂ ਤੋਂ ਪ੍ਰਾਪਤ ਕੀਤੀ ਗਈ ਹੈ। ਕੋਵਿਡ-19 ਮਹਾਮਾਰੀ ਦੌਰਾਨ ਮੰਗ ਘਟਣ ਕਾਰਨ ਸੋਨੇ ਦੀ ਦਰਾਮਦ ਘਟ ਗਈ ਹੈ। ਸੋਨੇ ਦੀ ਦਰਾਮਦ ਦੇਸ਼ ਦੇ ਚਾਲੂ ਖਾਤੇ ਘਾਟੇ (ਸੀ.ਏ.ਡੀ.) ਨੂੰ ਪ੍ਰਭਾਵਿਤ ਕਰਦੀ ਹੈ। ਪਿਛਲੇ ਵਿੱਤੀ ਵਰ੍ਹੇ ਦੀ ਇਸੇ ਮਿਆਦ ਵਿਚ ਸੋਨੇ ਦੀ ਦਰਾਮਦ 15.8 ਅਰਬ ਡਾਲਰ ਜਾਂ 1,10,259 ਕਰੋੜ ਰੁਪਏ ਰਹੀ ਸੀ। ਇਸ ਤਰ੍ਹਾਂ ਅਪਰੈਲ-ਸਤੰਬਰ ਦੌਰਾਨ ਚਾਂਦੀ ਦੀ ਦਰਾਮਦ ਵੀ 63 ਫੀਸਦ ਘੱਟ ਕੇ 73.35 ਕਰੋੜ ਡਾਲਰ ਜਾਂ 5,543 ਕਰੋੜ ਰੁਪਏ ਰਹਿ ਗਈ।

## ਬਾਲ ਵਿਆਹ ਰੋਕਣ ਲਈ ਹਾਈ ਕੋਰਟ ਵਲੋਂ ਹਦਾਇਤਾਂ ਜਾਰੀ

**ਮੋਗਾ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਆਪਣੇ ਤਾਜ਼ਾ ਫੈਸਲੇ ਤਹਿਤ ਨਾਬਾਲਗਾਂ ਦੇ ਵਿਆਹ ਦੀਆਂ ਧਾਰਮਿਕ ਰਸਮਾਂ ਕਰਵਾਉਣ ਵਾਲਿਆਂ ਉਤੇ ਕਾਨੂੰਨੀ ਸ਼ਿਕੰਜਾ ਕੱਸ ਦਿੱਤਾ ਹੈ। ਉਹ ਹੁਣ ਜਨਮ ਸਬੂਤ ਬਿਨਾਂ ਵਿਆਹ ਦੀਆਂ ਰਸਮਾਂ ਨਹੀਂ ਕਰ ਸਕਣਗੇ। ਉਨ੍ਹਾਂ ਨੂੰ ਤਸਵੀਰਾਂ ਸਮੇਤ ਪੂਰਾ ਰਿਕਾਰਡ ਰੱਖਣਾ ਪਵੇਗਾ ਤੇ ਹਰ ਤਿੰਨ ਮਹੀਨੇ ਬਾਅਦ ਸਬੰਧਤ ਥਾਣਾ ਮੁਖੀ ਕੋਲ ਜਾਂਚ ਪੜਤਾਲ ਲਈ ਪੇਸ਼ ਕਰਨਾ ਪਵੇਗਾ।




ਘਰੋਂ ਭੱਜ ਕੇ ਵਿਆਹ ਕਰਵਾਉਣ ਵਾਲੇ ਜੋੜੇ ਦੀ ਸੁਰੱਖਿਆ ਅਰਜ਼ੀ ਦੌਰਾਨ ਹਾਈ ਕੋਰਟ ਦੇ ਧਿਆਨ ਵਿਚ ਆਇਆ ਕਿ ਪੰਜਾਬ, ਹਰਿਆਣਾ, ਯੂਟੀ ਚੰਡੀਗੜ੍ਹ 'ਚ ਵੱਡੀ ਗਿਣਤੀ 'ਚ ਪੁਜਾਰੀ, ਮੌਲਵੀ, ਕਾਜ਼ੀ, ਪਾਦਰੀ ਤੇ ਗ੍ਰੰਥੀ ਬਿਨਾਂ ਜਨਮ ਸਬੂਤ ਤੋਂ ਵਿਆਹ ਦੀਆਂ ਰਸਮਾਂ ਕਰ ਦਿੰਦੇ ਹਨ। ਪ੍ਰੇਮ ਵਿਆਹ ਮਗਰੋਂ ਸੁਰੱਖਿਆ ਮੰਗਣ ਵਾਲੀ ਮੁਟਿਆਰ ਦੀ ਉਮਰ 17 ਸਾਲ ਸੀ ਪਰ ਉਸ ਦਾ ਅਦਾਲਤ 'ਚ 18 ਸਾਲ ਦੀ ਉਮਰ ਹੋਣ ਦਾ ਹਲਫਨਾਮਾ ਦਿੱਤਾ ਗਿਆ ਸੀ। ਹਾਈ ਕੋਰਟ ਨੇ ਇਸ ਅਰਜ਼ੀ 'ਤੇ ਸੁਣਵਾਈ ਕਰਦੇ ਨਾਬਾਲਗ ਨਾਲ ਵਿਆਹ ਕਰਨ ਵਾਲੇ ਲਾੜੇ ਅਤੇ ਵਿਆਹ ਦੀਆਂ ਰਸਮਾਂ ਕਰਨ ਵਾਲੇ ਪੰਚਕੂਲਾ ਦੇ ਪੁਜਾਰੀ ਖਿਲਾਫ ਕਾਰਵਾਈ ਦੇ ਸੁਣਾਏ ਹੁਕਮਾਂ ਅਨੁਸਾਰ ਪੰਜਾਬ, ਹਰਿਆਣਾ ਅਤੇ ਯੂਟੀ, ਚੰਡੀਗੜ੍ਹ ਵਿਚ ਵਿਆਹ ਦੀਆਂ ਰਸਮਾਂ ਕਰਨ ਵਾਲੇ ਪੁਜਾਰੀ ਆਦਿ ਨੂੰ ਹੁਣ ਜਨਮ ਸਬੂਤ, ਜੋੜੇ ਦੀਆਂ ਤਸਵੀਰਾਂ ਤੇ ਹੋਰ ਸਬੂਤ ਦਾ ਰਿਕਾਰਡ ਰੱਖਣਾ ਪਵੇਗਾ ਅਤੇ ਸਬੰਧਤ ਥਾਣਾ ਮੁਖੀ ਕੋਲ ਹਰ 3 ਮਹੀਨੇ ਮਗਰੋਂ ਪੇਸ਼ ਕਰਨਾ ਹੋਵੇਗਾ। ਸਬੰਧਤ ਥਾਣਾ ਮੁਖੀ ਨੂੰ ਇਹ ਵੀ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਉਨ੍ਹਾਂ ਦੇ ਅਧਿਕਾਰ ਖੇਤਰ ਤਹਿਤ ਬਾਲ ਵਿਆਹ ਦੀ ਸ਼ਿਕਾਇਤ ਆਵੇ ਤਾਂ ਤੁਰੰਤ ਕਾਰਵਾਈ ਕੀਤੀ ਜਾਵੇ। ਇਨ੍ਹਾਂ ਹੁਕਮਾਂ ਦੀ ਪਾਲਣਾ ਲਈ ਡੀ.ਜੀ.ਪੀ. ਪੰਜਾਬ, ਹਰਿਆਣਾ ਤੇ ਆਈ.ਜੀ. ਯੂਟੀ ਚੰਡੀਗੜ੍ਹ ਨੂੰ ਕਿਹਾ ਗਿਆ ਹੈ।


# ਸਰਵਰ, ਕੁੱਕ ਅਤੇ ਤੰਦੂਰੀਏ ਦੀ ਲੋੜ ਹੈ

ਸਿਨਸਿਨੈਟੀ (ਓਹਾਇਓ) ਇਲਾਕੇ ਵਿਚ ਇੰਡੀਅਨ ਰੈਸਟੋਰੈਂਟ ਵਾਸਤੇ ਸਰਵਰ, ਕੁੱਕ ਅਤੇ ਤੰਦੂਰੀਏ ਦੀ ਲੋੜ ਹੈ।

ਵਾਜਬ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ, ਫੋਨ: 513-203-6315

43-


# Matrimonials

### ਲੜਕੀ ਦੀ ਲੋੜ ਹੈ

ਅਮਰੀਕਾ ਵਿਚ ਵੈੱਲ ਸੈੱਟਲਡ ਬਿਜਨਸਮੈਨ 38 ਸਾਲਾ, 5'-6", ਗੁਰ ਸਿੱਖ ਲੜਕੇ ਲਈ ਗੁਰ ਸਿੱਖ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 317-989-4241 ਜਾਂ 317-797-1811

42-45

ਸਰਸਵਤ ਬ੍ਰਾਹਮਣ (ਤਲਾਕਸ਼ੁਦਾ), ਉਮਰ 35 ਸਾਲ, 5'-8", ਯੂ. ਐਸ. ਏ. ਵਿਚ ਵਰਕ ਪਰਮਿਟ 'ਤੇ, ਟਰੱਕ ਡਰਾਈਵਰ ਲੜਕੇ ਲਈ ਕੈਨੇਡੀਅਨ-ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਭਾਲ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। 15 ਏਕੜ ਕਮਰਸ਼ੀਅਲ ਜ਼ਮੀਨ ਤੇ ਚਾਰ ਦੁਕਾਨਾਂ ਹਨ। ਸੰਪਰਕ ਕਰੋ, ਫੋਨ: 91-85095 80002 (ਇੰਡੀਆ) ਜਾਂ 785-213-2555 (ਅਮਰੀਕਾ)।

37-40

Saini Sikh clean shaven handsome boy, 29, 6', M.B.A. Bio Technology doing BDS in Australia, seeks suitable well educated Saini/Jatt Sikh girl. All family well settled in USA. Cont. Mohan Saini, Ph: 516-503-9541 or email: mohan1w34@gmail.com

30-33

### ਲੜਕੇ ਦੀ ਲੋੜ ਹੈ

Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102

40-41

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com

36-39

*Visit us on the web:*
***www.punjabtimesusa.com***

## ਨੀਟ ਵਿਚ ਨਾਭਾ ਦੀ ਇਸ਼ਿਤਾ ਪੰਜਾਬ ਭਰ 'ਚੋਂ ਪਹਿਲੇ ਸਥਾਨ ਉਤੇ


**ਨਾਭਾ:** ਨਾਭਾ ਸ਼ਹਿਰ ਦੇ ਮਸ਼ਹੂਰ ਡਾਕਟਰ ਪਰਿਵਾਰ ਦੀ ਧੀ ਇਸ਼ਿਤਾ ਗਰਗ ਨੇ ਨੀਟ ਵਿਚ ਦੇਸ਼ ਭਰ ਵਿਚ 24ਵਾਂ ਅਤੇ ਪੰਜਾਬ ਵਿਚ ਪਹਿਲਾ ਸਥਾਨ ਹਾਸਲ ਕੀਤਾ ਹੈ। ਨਾਭਾ ਦੇ ਹੀ ਇਕ ਹੋਰ ਡਾਕਟਰ ਜੋੜੇ ਦੇ ਪੁੱਤਰ ਭੂਮਿਤ ਗੋਇਲ ਨੇ ਪੰਜਾਬ ਵਿਚ ਦੂਜਾ ਅਤੇ ਦੇਸ਼ ਵਿਚ 32ਵਾਂ ਸਥਾਨ ਹਾਸਲ ਕੀਤਾ। ਇਸ਼ਿਤਾ ਮੁਤਾਬਕ ਕਰੋਨਾ ਤਾਲਾਬੰਦੀ ਦੌਰਾਨ ਉਸ ਨੇ ਐਨ.ਸੀ.ਈ.ਆਰ.ਟੀ. ਦੀ ਕਿਤਾਬਾਂ ਵਿਚੋਂ ਤਿਆਰੀ ਕੀਤੀ। ਭੂਮਿਤ ਦਾ ਵੀ ਨੀਟ ਦੀ ਤਿਆਰੀ ਬਾਰੇ ਇਹੀ ਮੰਨਣਾ ਹੈ। ਭੂਮਿਤ ਦਾ ਕਹਿਣਾ ਹੈ। ਇਸ਼ਿਤਾ ਦਿਲ ਜਾਂ ਚਮੜੀ ਦੇ ਰੋਗਾਂ ਦੇ ਇਲਾਜ ਦੀ ਮਹਾਰਤ ਵਿਦੇਸ਼ ਵਿਚੋਂ ਹਾਸਲ ਕਰਕੇ ਨਵੀਂ ਤਕਨੀਕ ਨਾਲ ਭਾਰਤ ਵਿਚ ਸੇਵਾ ਕਰਨਾ ਚਾਹੁੰਦੀ ਹੈ। ਆਪਣੀ ਸਫਲਤਾ ਦਾ ਸਿਹਰਾ ਇਸ਼ਿਤਾ ਨੇ ਆਪਣੇ ਮਾਪਿਆਂ ਨੂੰ ਦਿੱਤਾ ਹੈ।


LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the



UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney

Toll Free No. 866-424-4000

OUR OFFICES

- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

- Business Immigration & Worksite Compliance
  ਬਿਜਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration
  ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
- Naturalization & Citizenship
  ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers
  ਰੀਮੂਵਲ ਡਿਫੈਂਸੀ ਐਂਡ ਵੈਵੇਰਸ

Languages SPOKEN Punjabi | Hindi | Urdu | Spanish & English



# Restaurant Staff Wanted

'The Little India Restaurant' in Indianapolis, Indiana needs Cook, Waiter and Helper in the kitchen, Dishwasher.

Contact, Ph: 317-800-1128

40-



## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

# ਖੇਤੀ ਕਾਨੂੰਨ: ਕਿਸਾਨਾਂ ਵਲੋਂ ਹੁਣ ਆਰ-ਪਾਰ ਦੀ ਲੜਾਈ ਦਾ ਐਲਾਨ



**ਚੰਡੀਗੜ੍ਹ:** ਖੇਤੀ ਕਾਨੂੰਨਾਂ ਸਬੰਧੀ ਦਿੱਲੀ ਦੀ ਮੀਟਿੰਗ ਬੇਸਿੱਟਾ ਰਹਿਣ ਤੋਂ ਮਗਰੋਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਦਾ ਕੇਂਦਰ ਸਰਕਾਰ ਪ੍ਰਤੀ ਰੋਹ ਵਧਿਆ ਹੈ ਅਤੇ ਇਨ੍ਹਾਂ ਕਾਨੂੰਨਾਂ ਖਿਲਾਫ ਕਿਸਾਨ ਅੰਦੋਲਨ ਪਹਿਲਾਂ ਨਾਲੋਂ ਤੇਜ਼ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਦੇ ਇਲਾਵਾ ਹੋਰ ਸੂਬਿਆਂ ਦੇ ਕਿਸਾਨਾਂ ਨਾਲ ਤਾਲਮੇਲ ਬਣਾ ਕੇ 26 ਤੇ 27 ਨਵੰਬਰ ਨੂੰ ਦਿੱਲੀ 'ਚ ਮਾਰਚ ਅਤੇ ਘਿਰਾਓ ਦੀ ਰਣਨੀਤੀ ਵੀ ਉਲੀਕੀ ਗਈ ਹੈ। ਇਸ ਦੇ ਇਲਾਵਾ ਪੰਜਾਬ ਵਿਚਲੇ ਭਾਜਪਾ ਆਗੂਆਂ ਤੇ ਸੂਬੇ 'ਚ ਬਾਹਰੋਂ ਆਉਣ ਵਾਲੇ ਆਗੂਆਂ ਤੇ ਕੇਂਦਰੀ ਮੰਤਰੀਆਂ ਦੇ ਘਿਰਾਓ ਦਾ ਵੀ ਐਲਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਭਾਜਪਾ ਆਗੂਆਂ ਵਲੋਂ ਕੀਤੇ ਜਾਣ ਵਾਲੇ ਹਰ ਪ੍ਰੋਗਰਾਮ ਤੇ ਸਰਗਰਮੀ ਦਾ ਵਿਰੋਧ ਕੀਤਾ ਜਾਵੇਗਾ ਤੇ ਹਰ ਭਾਜਪਾ ਆਗੂ ਦੇ ਘਰ ਦਾ ਘਿਰਾਓ ਵੀ ਕੀਤਾ ਜਾਵੇਗਾ। ਕੇਂਦਰ ਸਰਕਾਰ ਖਿਲਾਫ ਤਿੱਖੇ ਸੰਘਰਸ਼ ਦਾ ਐਲਾਨ ਕਰਦਿਆਂ ਮੀਟਿੰਗ 'ਚ ਨਵੇਂ ਖੇਤੀ-ਕਾਨੂੰਨਾਂ ਨੂੰ ਰੱਦ ਕਰਾਉਣ ਲਈ ਸੰਘਰਸ਼ ਲਗਾਤਾਰ ਜਾਰੀ ਰੱਖਣ ਤੇ ਹੋਰ ਤਿੱਖਾ ਕਰਨ ਦਾ ਫੈਸਲਾ ਲਿਆ ਗਿਆ ਹੈ।

ਰੇਲਵੇ ਲਾਈਨਾਂ, ਟੌਲ ਪਲਾਜ਼ਿਆਂ, ਸ਼ਾਪਿੰਗ ਮਾਲਜ਼ ਅਤੇ ਪੈਟਰੋਲ ਪੰਪਾਂ 'ਤੇ ਸੰਘਰਸ਼ਕਾਰੀ ਡਟੇ ਰਹੇ। ਕਿਸਾਨ ਜਥੇਬੰਦੀਆਂ ਨੇ ਕਿਹਾ ਹੈ ਕਿ ਗੱਲਬਾਤ ਲਈ ਦਿੱਲੀ ਬੁਲਾ ਕੇ ਮੋਦੀ ਦੀ ਭਾਜਪਾ ਸਰਕਾਰ ਨੇ ਜੋ ਮਜ਼ਾਕ ਕੀਤਾ ਹੈ, ਉਸ ਦਾ ਠੋਕਵਾਂ ਜਵਾਬ ਦੇਣ ਲਈ ਭਾਜਪਾਈਆਂ ਨੂੰ ਚੈਨ ਦੀ ਨੀਂਦ ਨਹੀਂ ਸੌਣ ਦਿੱਤਾ ਜਾਵੇਗਾ। ਕਿਸਾਨ ਆਗੂਆਂ ਨੇ ਸੁਚੇਤ ਕੀਤਾ ਕਿ ਇਸ ਲਾ-ਮਿਸਾਲ ਵਿਦਰੋਹੀ ਮੋਰਚੇ ਨੂੰ ਫੇਲ੍ਹ ਕਰਨ ਲਈ ਮੋਦੀ ਸਰਕਾਰ ਲੋਕਾਂ ਨੂੰ ਧਰਮਾਂ, ਜਾਤਾਂ ਅਤੇ ਮਜ਼੍ਹਬਾਂ 'ਚ ਵੰਡਣ ਦੀਆਂ ਚਾਲਾਂ ਚੱਲੇਗੀ ਪਰ ਸਮੁੱਚੇ ਪੰਜਾਬੀਆਂ ਨੂੰ ਅਮਨ, ਸ਼ਾਂਤੀ ਅਤੇ ਭਾਈਚਾਰਕ ਏਕਤਾ ਦਾ ਸਬੂਤ ਦਿੰਦਿਆਂ ਇਸੇ ਤਰ੍ਹਾਂ ਡਟੇ ਰਹਿਣ ਦੀ ਲੋੜ ਹੈ। ਆਗੂਆਂ ਨੇ ਝੋਨੇ ਦਾ ਸੀਜ਼ਨ ਹੋਣ ਦੇ ਬਾਵਜੂਦ ਔਰਤਾਂ ਤੇ ਨੌਜਵਾਨਾਂ ਦੇ ਵਧ ਰਹੇ ਇਕੱਠ ਲਈ ਉਨ੍ਹਾਂ ਨੂੰ ਸ਼ਾਬਾਸ਼ ਦਿੰਦਿਆਂ ਕਿਹਾ ਸ਼ਹਿਰੀ ਅਤੇ ਵਪਾਰੀ ਵਰਗ ਨੂੰ ਵੀ ਇਸ ਰੋਸ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

31 ਕਿਸਾਨ ਜਥੇਬੰਦੀਆਂ ਦੇ ਸੱਦੇ 'ਤੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਦੇ ਘਰ ਅੱਗੇ ਚੱਲ ਰਹੇ ਕਿਸਾਨ ਧਰਨੇ ਦੌਰਾਨ ਕਿਸਾਨਾਂ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਫਸਲਾਂ ਦੀ ਖਰੀਦ 'ਤੇ ਐਮ.ਐਸ.ਪੀ. ਜਾਰੀ ਰੱਖਣ ਦੇ ਝੂਠੇ ਦਾਅਵੇ ਕਰ ਰਹੇ ਹਨ। ਆਗੂਆਂ ਨੇ ਆਖਿਆ ਕਿ ਪਹਿਲਾਂ ਹੀ ਪੰਜਾਬ ਵਿਚ ਯੂਪੀ, ਬਿਹਾਰ ਆਦਿ ਤੋਂ ਝੋਨਾ ਲਿਆ ਕੇ ਵੇਚਿਆ ਜਾ ਰਿਹਾ ਹੈ, ਜੋ ਸਾਬਤ ਕਰਦਾ ਹੈ ਕਿ ਪ੍ਰਾਈਵੇਟ ਖਰੀਦਦਾਰ ਕਿਸਾਨਾਂ ਨੂੰ ਲੁੱਟ ਰਿਹਾ ਹੈ। ਇਸ ਲਈ ਖੇਤੀ ਕਾਨੂੰਨ ਲਾਗੂ ਹੋਣ ਮਗਰੋਂ ਪੰਜਾਬ ਵਿਚ ਵੀ ਕਿਸਾਨਾਂ ਦੀ ਲੁੱਟ ਹੋਵੇਗੀ। ਇਸ ਦੇ ਸਿੱਟੇ ਵਜੋਂ ਕਿਸਾਨਾਂ ਦੀਆਂ ਜ਼ਮੀਨਾਂ ਸਸਤੇ ਭਾਅ ਵੱਡੀਆਂ ਕੰਪਨੀਆਂ ਖਰੀਦ ਲੈਣਗੀਆਂ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੀ ਆਰਥਿਕਤਾ ਨੂੰ ਵੱਡੀ ਢਾਹ ਲਾਉਣਗੇ।

### ਕਿਸਾਨ ਜਥੇਬੰਦੀਆਂ ਦੇ ਨਾਲ ਚੱਲਾਂਗੇ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਭਾਜਪਾ ਤੇ ਕੈਪਟਨ ਅਮਰਿੰਦਰ ਸਿੰਘ ਵਿਚਾਲੇ ਕਿਸਾਨਾਂ ਖਿਲਾਫ ਸਾਜ਼ਿਸ਼ੀ ਗੰਢ-ਤੁਪ ਦੇ ਚੱਲਦੇ ਹੀ ਕਿਸਾਨਾਂ ਦਾ ਅਪਮਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਜੋ ਵੀ ਹੁਕਮ ਲਾਉਣਗੀਆਂ, ਅਕਾਲੀ ਦਲ ਉਸ ਦੀ ਪਾਲਣਾ ਕਰੇਗਾ ਅਤੇ ਹਰ ਸੰਘਰਸ਼ ਨਾਲ ਡਟ ਕੇ ਕਿਸਾਨਾਂ ਨਾਲ ਖੜ੍ਹਾ ਰਹੇਗਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਏ.ਪੀ.ਐਮ.ਸੀ. ਐਕਟ 2017 ਨੂੰ ਖਾਰਜ ਕਰਕੇ ਪੰਜਾਬ ਨੂੰ ਨੋਟੀਫਾਈਡ ਮੰਡੀ ਐਲਾਨਣ ਦੀ ਮੰਗ ਕਰੇਗਾ।

## ਟੌਲ ਪਲਾਜ਼ਾ, ਰੇਲਵੇ ਤੇ ਪੈਟਰੋਲ ਪੰਪਾਂ 'ਤੇ ਮਾਲੀ ਘਾਟੇ ਨੇ ਸਰਕਾਰ ਦੇ ਕੰਨ ਖੜ੍ਹੇ ਕੀਤੇ

**ਚੰਡੀਗੜ੍ਹ:** ਖੇਤੀ ਕਾਨੂੰਨ ਖਿਲਾਫ ਕਿਸਾਨ ਅੰਦੋਲਨਾਂ ਕਾਰਨ ਜਿਥੇ ਰੇਲਵੇ ਸਟੇਸ਼ਨਾਂ ਉਤੇ ਸੁੰਨ ਪਸਰੀ ਹੋਈ ਹੈ, ਉਥੇ ਸੂਬੇ ਵਿਚ ਟੌਲ ਪਲਾਜ਼ਾ, ਰੇਲਵੇ ਅਤੇ ਪੈਟਰੋਲ ਪੰਪਾਂ ਉਤੇ ਮਾਲੀ ਘਾਟਾ ਵਧਦਾ ਜਾ ਰਿਹਾ ਹੈ। ਕਿਸਾਨੀ ਸੰਘਰਸ਼ ਦੇ ਮੱਦੇਨਜ਼ਰ ਰੇਲਵੇ ਪ੍ਰਸ਼ਾਸਨ ਵਲੋਂ ਪੂਰੀ ਚੌਕਸੀ ਵਰਤੀ ਜਾ ਰਹੀ ਹੈ। ਪੰਜਾਬ ਵਿਚ 33 ਵੱਖ-ਵੱਖ ਥਾਵਾਂ ਉਤੇ ਕਿਸਾਨ 'ਰੇਲ ਰੋਕੋ ਅੰਦੋਲਨ' ਦੌਰਾਨ ਰੇਲ ਪਟੜੀਆਂ ਉਤੇ ਰਾਤਾਂ ਕੱਟ ਰਹੇ ਹਨ। ਕੇਂਦਰ ਸਰਕਾਰ ਨੇ ਭਾਵੇਂ ਸੰਘਰਸ਼ ਨੂੰ ਢਾਹ ਲਾਉਣ ਦੇ ਮਕਸਦ ਨਾਲ ਇਸ ਵਾਰ ਝੋਨੇ ਦੀ ਖਰੀਦ 27 ਸਤੰਬਰ ਨੂੰ ਸ਼ੁਰੂ ਕਰਵਾ ਦਿੱਤੀ ਪਰ ਝੋਨੇ ਦੀ ਵਾਢੀ ਵੀ ਕਿਸਾਨੀ ਸੰਘਰਸ਼ ਮੱਠਾ ਨਹੀਂ ਪਾ ਸਕੀ। ਪੰਜਾਬ ਵਿਚ ਸਮੁੱਚੀ ਰੇਲ ਆਵਾਜਾਈ ਮੁਕੰਮਲ ਠੱਪ ਹੋਣ ਕਾਰਨ ਜਿਥੇ ਰਾਹਗੀਰ ਪਰੇਸ਼ਾਨ ਹਨ ਉਥੇ ਹੀ ਰੇਲਵੇ ਨੂੰ ਕਰੀਬ 300 ਕਰੋੜ ਦਾ ਘਾਟਾ ਪਿਆ ਹੈ। ਉਤਰੀ ਰੇਲਵੇ ਦੇ ਸੂਤਰਾਂ ਮੁਤਾਬਕ 'ਰੇਲ ਰੋਕੋ ਅੰਦੋਲਨ' ਸ਼ੁਰੂ ਹੋਣ ਤੋਂ ਪਹਿਲਾਂ 24 ਸਤੰਬਰ ਨੂੰ ਰੋਜ਼ਾਨਾ ਲਗਭਗ 28 ਮਾਲ ਤੇ 14 ਯਾਤਰੀ ਗੱਡੀਆਂ ਪੰਜਾਬ ਤੋਂ ਚੱਲ ਰਹੀਆਂ ਸਨ ਅਤੇ ਫਿਰੋਜ਼ਪੁਰ ਡਵੀਜ਼ਨ ਸੂਬੇ ਤੋਂ ਰੋਜ਼ਾਨਾ ਲਗਭਗ 14 ਕਰੋੜ ਰੁਪਏ ਦਾ ਮਾਲੀਆ ਇਕੱਠਾ ਕਰ ਰਿਹਾ ਸੀ। ਪੰਜਾਬ ਤੋਂ 650 ਮਾਲ ਗੱਡੀਆਂ ਰਾਹੀਂ 23 ਸਤੰਬਰ ਤੱਕ ਰੇਲਵੇ ਨੂੰ ਮਾਲੀਏ ਵਜੋਂ 327 ਕਰੋੜ ਰੁਪਏ ਦੀ ਆਮਦਨ ਹੋਈ ਸੀ ਪਰ ਹੁਣ ਰੇਲਵੇ ਨੂੰ ਮਾਲ ਢੁਆਈ ਦੀ ਆਮਦਨ ਦੇ ਹਿਸਾਬ ਨਾਲ 23 ਦਿਨਾਂ ਵਿਚ ਲਗਭਗ 300 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਉਤਰੀ ਰੇਲਵੇ ਦੇ ਫਿਰੋਜ਼ਪੁਰ ਮੰਡਲ 'ਚ 7 ਅਕਤੂਬਰ ਤੱਕ ਯਾਤਰੀਆਂ ਨੂੰ 55 ਲੱਖ ਰੁਪਏ ਦਾ ਰਿਫੰਡ ਕੀਤਾ ਹੈ। ਪੰਜਾਬ ਵਿਚ 8 ਅਕਤੂਬਰ ਤੱਕ ਐਨ.ਐਚ.ਏ.ਆਈ. ਨੂੰ ਲਗਭਗ 8 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।

### ਕਿਸਾਨਾਂ ਵਲੋਂ ਭਾਜਪਾ ਆਗੂਆਂ ਨੂੰ ਚੁਣੌਤੀ

**ਅੰਮ੍ਰਿਤਸਰ:** ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਵਲੋਂ ਭਾਜਪਾ ਦੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਦੇ ਘਰ ਅੱਗੇ ਲਾਇਆ ਧਰਨਾ ਜਾਰੀ ਹੈ। ਕਿਸਾਨ ਆਗੂਆਂ ਕਿਰਤੀ ਕਿਸਾਨ ਯੂਨੀਅਨ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਅਤੇ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਆਗੂਆਂ ਜਤਿੰਦਰ ਸਿੰਘ ਛੀਨਾ, ਹਰਜੀਤ ਸਿੰਘ ਝੀਤੇ ਅਤੇ ਬਚਿੱਤਰ ਸਿੰਘ ਕੋਟਲਾ ਨੇ ਭਾਜਪਾ ਆਗੂਆਂ ਨੂੰ ਚੁਣੌਤੀ ਦਿੱਤੀ ਹੈ ਕਿ ਕਿਸਾਨਾਂ ਨਾਲ ਲੁਕ-ਲੁਕ ਕੇ ਮੀਟਿੰਗਾਂ ਕਰਨ ਦੀ ਥਾਂ ਉਹ ਕਿਸਾਨਾਂ ਦੇ ਇਕੱਠ ਵਿਚ ਆ ਕੇ ਗੱਲ ਕਰਨ।

## ਬਾਹਰਲੇ ਸੂਬਿਆਂ ਵਿਚੋਂ ਝੋਨੇ ਦੀ ਆਮਦ ਖਿਲਾਫ ਰੋਹ

**ਪਟਿਆਲਾ:** ਪੰਜਾਬ ਮੰਡੀ ਬੋਰਡ, ਮਾਲ ਵਿਭਾਗ ਅਤੇ ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਅਤੇ ਪੁਲਿਸ ਪ੍ਰਸ਼ਾਸਨ ਨੇ ਸਾਂਝੀ ਕਾਰਵਾਈ ਕਰਦਿਆਂ 32 ਟਰੱਕਾਂ ਰਾਹੀਂ ਬਾਹਰਲੇ ਰਾਜਾਂ ਤੋਂ ਲਿਆਂਦੀ ਗਈ 822.5 ਟਨ ਝੋਨੇ ਦੀ ਫਸਲ ਜ਼ਬਤ ਕੀਤੀ ਹੈ। ਸੂਹ ਦੇ ਆਧਾਰ 'ਤੇ ਜ਼ਿਲ੍ਹੇ ਦੀ ਪੁਲੀਸ ਨੇ ਪੰਜਾਬ-ਹਰਿਆਣਾ ਦੀ ਹੱਦ ਨਾਲ ਲੱਗਦੇ ਸ਼ੰਭੂ, ਪਿਹੋਵਾ, ਬਲਬੇੜਾ, ਚੀਕਾ, ਢਾਬੀ ਗੁੱਜਰਾਂ ਅਤੇ ਪਾਤੜਾਂ ਰਸਤੇ ਲਿਆਂਦੇ ਜਾ ਰਹੇ 32 ਟਰੱਕ ਕਾਬੂ ਕਰਕੇ 20 ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ 13 ਮਾਮਲੇ ਦਰਜ ਕੀਤੇ ਹਨ। ਇਸ ਨਾਲ ਜਿਥੇ ਮਾਰਕਿਟ ਫੀਸ ਚੋਰੀ ਕਰ ਕੇ ਪੰਜਾਬ ਦੇ ਖਜ਼ਾਨੇ ਨੂੰ ਚੂਨਾ ਲਾਇਆ ਜਾਂਦਾ ਹੈ, ਉਥੇ ਹੀ ਇਹ ਅਸਿੱਧੇ ਤੌਰ ਉਤੇ ਪੰਜਾਬ ਦੇ ਕਿਸਾਨਾਂ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ। ਜ਼ਿਆਦਾਤਰ ਝੋਨੇ ਦੀਆਂ ਲੱਦੀਆਂ ਵੱਡੀਆਂ ਗੱਡੀਆਂ ਯੂਪੀ ਅਤੇ ਬਿਹਾਰ ਤੋਂ ਪੰਜਾਬ ਆ ਰਹੀਆਂ ਹਨ।

ਇਸੇ ਤਰ੍ਹਾਂ ਬਰਨਾਲਾ-ਮਾਨਸਾ ਰੋਡ 'ਤੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਨੇ ਇਕੱਤਰ ਹੋ ਕੇ ਉਤਰ ਪ੍ਰਦੇਸ਼ ਤੋਂ ਆ ਰਹੇ ਝੋਨੇ ਦੇ ਟਰੱਕ ਨੂੰ ਘੇਰ ਕੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਕਿਸਾਨ ਆਗੂਆਂ ਨੇ ਦੱਸਿਆ ਕਿ ਇਕੱਲੇ ਬਰਨਾਲਾ ਜ਼ਿਲ੍ਹੇ ਵਿਚ ਹੀ ਪਿਛਲੇ ਦੋ ਦਿਨਾਂ ਤੋਂ 225 ਦੇ ਕਰੀਬ ਟਰੱਕ ਜ਼ਿਲ੍ਹੇ ਦੀਆਂ ਵੱਖ-ਵੱਖ ਕਿਸਾਨ ਯੂਨੀਅਨਾਂ ਵਲੋਂ ਘੇਰੇ ਜਾ ਚੁੱਕੇ ਹਨ।

ਡੀ.ਐਸ.ਪੀ. ਪਾਤੜਾਂ ਭਰਪੂਰ ਸਿੰਘ ਨੇ ਦੱਸਿਆ ਕਿ ਚੀਕਾ (ਹਰਿਆਣਾ) ਨਾਲ ਸਬੰਧਤ ਇਕ ਵਿਅਕਤੀ ਉਤਰ ਪ੍ਰਦੇਸ਼ ਤੋਂ ਝੋਨਾ ਲਿਆ ਕੇ ਆਪਣੇ ਸ਼ੈਲਰ ਵਿਚ ਡੰਪ ਕਰ ਕੇ ਮੰਡੀਆਂ ਵਿਚ ਵੇਚਦਾ ਸੀ। ਪੁਲਿਸ ਨੇ ਤਿੰਨ ਵਾਹਨ ਕਬਜ਼ੇ 'ਚ ਲੈ ਕੇ 380 ਕੁਇੰਟਲ ਝੋਨੇ ਸਣੇ ਡਰਾਈਵਰਾਂ ਤੇ ਚੀਕਾ ਦੇ ਆੜ੍ਹਤੀ ਛਬੀਲਾ ਤੇ ਪਾਤੜਾਂ ਵਾਸੀ ਸ਼ਾਮ ਲਾਲ ਦੇਧਨਾਂ ਖਿਲਾਫ ਕੇਸ ਦਰਜ ਕੀਤਾ ਹੈ।

ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੀ ਅਗਵਾਈ ਵਿਚ ਬਾਹਰਲੇ ਰਾਜਾਂ ਤੋਂ ਆ ਰਹੀ ਜੀਰੀ ਦੇ ਭਰੇ ਛੇ ਟਰੱਕ ਮੌੜ ਰਾਮਪੁਰਾ ਰੋਡ 'ਤੇ ਯੂ.ਐਸ.ਏ. ਪੈਲੇਸ ਕੋਲ ਰੋਕ ਲਏ ਗਏ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਬਾਹਰਲੇ ਰਾਜਾਂ ਦੀ ਜੀਰੀ ਇਲਾਕੇ ਦੇ ਸ਼ੈਲਰਾਂ ਵਿਚ ਲਗਾਈ ਜਾ ਰਹੀ ਹੈ। ਭਾਰਤੀ ਕਿਸਾਨ ਯੂਨੀਅਨ ਮਾਨਸਾ ਨੇ ਉਤਰ ਪ੍ਰਦੇਸ਼ ਤੋਂ ਲਿਆਂਦਾ ਝੋਨੇ ਦਾ ਭਰਿਆ ਟਰਾਲਾ ਕਬਜ਼ੇ ਵਿਚ ਲੈ ਲਿਆ। ਕਿਸਾਨ ਆਗੂ ਲਖਵੀਰ ਸਿੰਘ ਕੋਟਭਾਈ ਨੇ ਕਿਹਾ ਕਿ ਉਹ ਝੋਨਾ ਲਿਆਉਣ ਵਾਲੇ ਵਪਾਰੀ ਖਿਲਾਫ ਕਾਰਵਾਈ ਕਰਵਾ ਕੇ ਹੀ ਹਟਣਗੇ।

ਇਸੇ ਤਰ੍ਹਾਂ ਬਾਹਰਲੇ ਰਾਜਾਂ ਅਤੇ ਜ਼ਿਲ੍ਹਿਆਂ ਤੋਂ ਲਿਆਂਦੇ ਝੋਨੇ ਦੇ ਟਰੱਕਾਂ ਨੂੰ ਕਿਸਾਨਾਂ ਨੇ ਪਿੰਡ ਪੱਖੋਕੇ ਨੇੜੇ ਬਰਨਾਲਾ-ਅੰਮ੍ਰਿਤਸਰ ਕੌਮੀ ਮਾਰਗ 'ਤੇ ਘੇਰ ਲਿਆ। ਰੋਸ ਵਜੋਂ ਟਰੱਕ ਡਰਾਈਵਰਾਂ ਨੇ ਰੋਡ ਜਾਮ ਕਰ ਦਿੱਤਾ। ਇਸ ਮੌਕੇ ਬੀ.ਕੇ.ਯੂ. ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਉਗੋਕੇ ਨੇ ਕਿਹਾ ਕਿ ਇਸ ਗੈਰਕਾਨੂੰਨੀ ਕੰਮ ਵਲ ਸਰਕਾਰ ਅਤੇ ਪ੍ਰਸ਼ਾਸਨ ਕੋਈ ਧਿਆਨ ਨਹੀਂ ਦਿੰਦਾ। ਉਨ੍ਹਾਂ ਮੰਗ ਕੀਤੀ ਕਿ ਇਸ ਝੋਨੇ ਨੂੰ ਖਰੀਦਣ ਵਾਲੇ ਲੋਕਾਂ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ।

### ਕਿਸਾਨਾਂ ਨੇ ਮੁਹੰਮਦ ਸਦੀਕ ਘੇਰਿਆ

**ਧੂਰੀ:** ਖੇਤੀ ਵਿਰੋਧੀ ਕਾਨੂੰਨਾਂ ਖਿਲਾਫ ਵਿੱਢੇ ਸੰਘਰਸ਼ ਦੌਰਾਨ ਕਾਂਗਰਸ ਦੇ ਫਰੀਦਕੋਟ ਤੋਂ ਮੈਂਬਰ ਪਾਰਲੀਮੈਂਟ ਮੁਹੰਮਦ ਸਦੀਕ ਨੂੰ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ। ਮੁਹੰਮਦ ਸਦੀਕ ਦੁਪਹਿਰ ਕਰੀਬ 12.30 ਵਜੇ ਇਕ ਭੋਗ ਸਮਾਗਮ 'ਚ ਸ਼ਾਮਲ ਹੋਣ ਲਈ ਸੰਗਰੂਰ ਜਾ ਰਹੇ ਸੀ। ਇਸੇ ਦੌਰਾਨ ਪਿੰਡ ਬੇਨੜਾ ਨੇੜੇ ਪ੍ਰਦਰਸ਼ਨ ਕਰ ਰਹੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਆਗੂਆਂ ਨੇ ਉਨ੍ਹਾਂ ਦੀ ਗੱਡੀ ਘੇਰ ਲਈ। ਕਿਸਾਨਾਂ ਨੇ ਮੁਹੰਮਦ ਸਦੀਕ ਤੋਂ ਸਵਾਲ ਪੁੱਛਦਿਆਂ ਰੋਸ ਜ਼ਾਹਰ ਕੀਤਾ ਕਿ ਕਾਂਗਰਸੀ ਸੰਸਦ ਮੈਂਬਰਾਂ ਤੇ ਵਿਧਾਇਕਾਂ ਵਲੋਂ ਕਿਸਾਨੀ ਧਰਨਿਆਂ ਦੌਰਾਨ ਸ਼ਹਾਦਤ ਹਾਸਲ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨਾਲ ਹਮਦਰਦੀ ਨਹੀਂ ਪ੍ਰਗਟਾਈ ਜਾ ਰਹੀ। ਮੁਹੰਮਦ ਸਦੀਕ ਨੇ ਕਿਸਾਨੀ ਸੰਘਰਸ਼ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ ਉਹ ਕਾਂਗਰਸ ਦੇ ਸੰਸਦ ਮੈਂਬਰ ਹਨ, ਵਿਧਾਇਕ ਨਹੀਂ।

# ਕਿਸਾਨ ਜਥੇਬੰਦੀਆਂ ਨੇ ਮੋਦੀ ਦੇ ਪੁਤਲੇ ਫੂਕ ਕੇ ਰੋਸ ਅਤੇ ਰੋਹ ਪ੍ਰਗਟਾਇਆ



**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੇ ਸੂਬੇ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕੀਤੇ। ਕਿਸਾਨ ਜਥੇਬੰਦੀਆਂ ਨੇ ਰੇਲਵੇ ਲਾਈਨਾਂ, ਟੌਲ ਪਲਾਜ਼ਿਆਂ, ਰਿਲਾਇੰਸ ਪੰਪਾਂ ਅਤੇ ਭਾਜਪਾ ਆਗੂਆਂ ਦੇ ਘਰਾਂ ਅੱਗੇ ਲਾਏ ਮੋਰਚਿਆਂ ਨੂੰ ਵੀ ਮਘਾਈ ਰੱਖਿਆ।

ਕੇਂਦਰ ਸਰਕਾਰ ਵਲੋਂ ਕਿਸਾਨ ਜਥੇਬੰਦੀਆਂ ਨੂੰ ਦਿੱਲੀ ਸੱਦਣ ਉਪਰੰਤ ਅਣਗੌਲਿਆ ਕਰਨ ਖਿਲਾਫ ਰੋਸ ਪ੍ਰਗਟਾਉਂਦਿਆਂ 31 ਕਿਸਾਨ ਜਥੇਬੰਦੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਫੂਕੇ। ਵੱਖ-ਵੱਖ ਥਾਵਾਂ 'ਤੇ ਅਰਥੀ ਫੂਕ ਮੁਜ਼ਾਹਰਿਆਂ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਕੇਂਦਰ ਸਰਕਾਰ ਆਪਣੇ ਮੰਤਰੀਆਂ ਨੂੰ ਪੰਜਾਬ ਭੇਜ ਰਹੀ ਹੈ ਜਦੋਂਕਿ ਦਿੱਲੀ ਗਏ ਕਿਸਾਨ ਆਗੂਆਂ ਲਈ ਖੇਤੀਬਾੜੀ ਮੰਤਰੀ ਤੱਕ ਨੇ ਵੀ ਸਮਾਂ ਨਹੀਂ ਕੱਢਿਆ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਇਸ ਭੁਲੇਖੇ 'ਚ ਨਾ ਰਹੇ ਕਿ ਐਵੇਂ ਅਣਗੌਲਿਆ ਕਰਨ ਨਾਲ ਸੰਘਰਸ਼ ਮੱਠਾ ਪੈ ਜਾਵੇਗਾ, ਸਗੋਂ ਇਹ ਅੰਦੋਲਨ ਦੇਸ਼ ਭਰ 'ਚ ਮਜ਼ਬੂਤ ਹੁੰਦਿਆਂ ਸਰਕਾਰ ਨੂੰ ਲੋਕ ਮਾਰੂ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦੇਵੇਗਾ।

ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਨੇ ਦੱਸਿਆ ਕਿ ਮਹਿਮਦਪੁਰ ਜੱਟਾਂ (ਪਟਿਆਲਾ) ਤੋਂ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਸੀਨੀਅਰ ਆਗੂ ਹਰਬੰਸ ਸਿੰਘ ਪੁੱਤਰ ਸੰਪੂਰਨ ਸਿੰਘ ਅਤੇ ਮਾਨਸਾ 'ਚ ਪਿੰਡ ਗੜੱਦੀ ਦੇ ਜਗਰਾਜ ਸਿੰਘ ਦੀ ਮੋਦੀ ਸਰਕਾਰ ਦਾ ਪੁਤਲਾ ਸਾੜਨ ਮੌਕੇ ਹੋਏ ਮੁਜ਼ਾਹਰੇ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਰਾਜਪੁਰਾ 'ਚ ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ ਦੀ ਅਗਵਾਈ ਹੇਠ ਵਰਚੁਅਲ ਸੈਮੀਨਾਰ ਕਿਸਾਨ ਆਗੂਆਂ ਦੇ ਸਖਤ ਵਿਰੋਧ ਕਾਰਨ ਰੱਦ ਹੋ ਗਿਆ। ਟੌਲ ਪਲਾਜ਼ਿਆਂ 'ਤੇ ਧਰਨਿਆਂ ਦੌਰਾਨ ਸਾਰੇ ਵਾਹਨ ਬਿਨਾਂ ਟੌਲ ਟੈਕਸ ਤੋਂ ਹੀ ਲੰਘਾਏ ਜਾ ਰਹੇ ਹਨ ਅਤੇ ਰਿਲਾਇੰਸ ਤੇ ਐੱਸਾਰ ਦੇ ਪੰਪਾਂ ਤੋਂ ਕੋਈ ਵੀ ਤੇਲ ਨਹੀਂ ਪੁਆਇਆ ਜਾ ਰਿਹਾ ਹੈ। ਕਿਸਾਨ ਆਗੂ ਨੇ ਕਿਹਾ ਕਿ ਕੁਝ ਮੌਕਾਪ੍ਰਸਤ ਫਿਰਕੂ ਕਿਸਮ ਦੇ ਸਿਆਸਤਦਾਨ ਬੇਹੱਦ ਭੜਕਾਊ ਭਾਸ਼ਣਾਂ ਰਾਹੀਂ ਕਾਲੇ ਖੇਤੀ ਕਾਨੂੰਨਾਂ ਦੇ ਮੁਕਾਬਲੇ 'ਤੇ ਫਿਰਕਾਪ੍ਰਸਤ ਮਸਲੇ ਉਭਾਰ ਕੇ ਹਿੰਸਕ ਮਾਹੌਲ ਪੈਦਾ ਕਰਨ ਦੇ ਯਤਨ ਕਰ ਰਹੇ ਹਨ ਜਿਨ੍ਹਾਂ ਤੋਂ ਖਾਸ ਕਰਕੇ ਨੌਜਵਾਨਾਂ ਨੂੰ ਖਬਰਦਾਰ ਰਹਿਣਾ ਚਾਹੀਦਾ ਹੈ।

### ਐਮ.ਐਸ.ਪੀ. ਖੁਰਾਕ ਸੁਰੱਖਿਆ ਦਾ ਅਹਿਮ ਹਿੱਸਾ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸਰਕਾਰ ਫਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) 'ਤੇ ਖਰੀਦ ਪ੍ਰਤੀ ਵਚਨਬੱਧ ਹੈ ਕਿਉਂਕਿ ਇਹ ਦੇਸ਼ ਦੀ ਖੁਰਾਕ ਸੁਰੱਖਿਆ ਦਾ ਅਹਿਮ ਹਿੱਸਾ ਹੈ। ਉਨ੍ਹਾਂ ਕਿਹਾ ਕਿ ਮੰਡੀ ਢਾਂਚੇ ਵਿਚ ਸੁਧਾਰ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਵਿਗਿਆਨਕ ਢੰਗ ਨਾਲ ਐਮ.ਐਸ.ਪੀ. ਖਰੀਦ ਜਾਰੀ ਰੱਖੀ ਜਾ ਸਕੇ। ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਚ ਤਾਜ਼ਾ ਸੁਧਾਰ ਭਾਰਤ ਦੀ ਆਲਮੀ ਖੁਰਾਕ ਸੁਰੱਖਿਆ ਪ੍ਰਤੀ ਵਚਨਬੱਧਤਾ ਦਾ ਝਲਕਾਰਾ ਦਿੰਦੇ ਹਨ।

### ਪੰਜਾਬ ਭਾਜਪਾ ਵਿਚ ਵੀ ਬਾਗੀ ਸੁਰਾਂ ਉੱਠੀਆਂ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਜਨਰਲ ਸਕੱਤਰ ਮਲਵਿੰਦਰ ਸਿੰਘ ਕੰਗ ਨੇ ਖੇਤੀ ਕਾਨੂੰਨਾਂ ਖਿਲਾਫ ਪਾਰਟੀ ਵਿਚੋਂ ਅਸਤੀਫਾ ਦੇ ਦਿੱਤਾ ਹੈ। ਇਕਾਈ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਭੇਜੇ ਅਸਤੀਫੇ 'ਚ ਮਲਵਿੰਦਰ ਸਿੰਘ ਕੰਗ ਨੇ ਲਿਖਿਆ ਕਿ ਕਿਸਾਨ, ਮਜ਼ਦੂਰ ਅਤੇ ਛੋਟੇ ਵਪਾਰੀ ਕੇਂਦਰ ਸਰਕਾਰ ਵਲੋਂ ਲਿਆਂਦੇ ਗਏ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਹਫਤਿਆਂ ਤੋਂ ਪ੍ਰਦਰਸ਼ਨ ਕਰਨ ਲੱਗੇ ਹੋਏ ਹਨ। ਪੰਜਾਬ ਭਾਜਪਾ ਦਾ ਜਨਰਲ ਸਕੱਤਰ ਅਤੇ ਕੋਰ ਗਰੁੱਪ ਦਾ ਮੈਂਬਰ ਹੋਣ ਦੇ ਨਾਤੇ ਉਨ੍ਹਾਂ ਨੇ ਕਈ ਵਾਰ ਪਾਰਟੀ ਵਲੋਂ ਲਈ ਗਈ 'ਫੀਡਬੈਕ' ਵਿਚ ਕਿਸਾਨਾਂ ਅਤੇ ਮਜ਼ਦੂਰਾਂ ਦੇ ਪੱਖ 'ਚ ਆਪਣੀ ਆਵਾਜ਼ ਉਠਾਉਣ ਦਾ ਯਤਨ ਕੀਤਾ ਤੇ ਸੂਬਾ ਅਤੇ ਕੇਂਦਰ ਦੀ ਲੀਡਰਸ਼ਿਪ ਨੂੰ ਵਿਰੋਧ ਜਤਾ ਰਹੇ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਗੱਲ ਕਰਕੇ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਹੱਲ ਕੱਢਣ ਲਈ ਕਿਹਾ ਪਰ ਪਾਰਟੀ ਵਲੋਂ ਕੋਈ ਵੀ ਸਕਾਰਾਤਮਕ ਹੁੰਗਾਰਾ ਨਹੀਂ ਮਿਲਿਆ। ਕੰਗ ਨੇ ਕਿਹਾ ਕਿ ਇਸ ਤੋਂ ਬਾਅਦ ਜਦ ਕੋਈ ਚਾਰਾ ਨਹੀਂ ਬਚਿਆ ਤਾਂ ਉਨ੍ਹਾਂ ਨੇ ਕਿਸਾਨਾਂ ਦੇ ਹੱਕ 'ਚ ਖੜ੍ਹੇ ਹੋਣ ਦਾ ਫੈਸਲਾ ਲਿਆ ਹੈ ਅਤੇ ਪਾਰਟੀ 'ਚ ਬਤੌਰ ਜਨਰਲ ਸਕੱਤਰ, ਕੋਰ ਗਰੁੱਪ ਮੈਂਬਰ ਅਤੇ ਪਾਰਟੀ ਮੈਂਬਰ ਵਜੋਂ ਅਸਤੀਫਾ ਦੇ ਦਿੱਤਾ ਹੈ।

# ਲਾਪਤਾ ਪਾਵਨ ਸਰੂਪ ਮਾਮਲਾ ਮੁੜ ਅਕਾਲ ਤਖਤ ਸਾਹਿਬ 'ਤੇ ਪੁੱਜਾ

## ਸਾਰੇ ਦੇ ਸਾਰੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਲਈ ਬੇਨਤੀ



**ਅੰਮ੍ਰਿਤਸਰ:** 328 ਪਾਵਨ ਸਰੂਪ ਲਾਪਤਾ ਮਾਮਲੇ ਵਿਚ ਈਸ਼ਰ ਸਿੰਘ ਜਾਂਚ ਕਮੇਟੀ ਵਲੋਂ ਕੀਤੀ ਜਾਂਚ ਵਿਚ ਦੋਸ਼ੀ ਪਾਏ ਗਏ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਅਤੇ ਕਰਮਚਾਰੀਆਂ ਖਿਲਾਫ ਕਾਰਵਾਈ ਸਬੰਧੀ ਫੈਸਲਾ ਲੈਣ ਦਾ ਮਾਮਲਾ ਮੁੜ ਅਕਾਲ ਤਖਤ ਕੋਲ ਪੁੱਜ ਗਿਆ ਹੈ।

ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ ਇਸ ਸਬੰਧੀ ਫੈਸਲਾ ਮੀਟਿੰਗ ਦੌਰਾਨ ਕੀਤਾ ਸੀ। ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਵਿਚ ਇਸ ਘਟਨਾ ਦੀ ਨਿਖੇਧੀ ਕਰਦਿਆਂ ਇਸ ਮਾਮਲੇ ਨੂੰ ਬੇਅਦਬੀ ਦੀ ਥਾਂ ਗਬਨ ਕਰਾਰ ਦਿੱਤਾ ਗਿਆ ਹੈ। ਧਰਮ ਪ੍ਰਚਾਰ ਕਮੇਟੀ ਨੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਹੈ ਕਿ ਜਾਂਚ ਰਿਪੋਰਟ ਦੇ ਆਧਾਰ 'ਤੇ ਦੋਸ਼ੀ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਪੰਥਕ ਰਵਾਇਤਾਂ ਅਨੁਸਾਰ ਮਿਸਾਲੀ ਸਜ਼ਾ ਦਿੱਤੀ ਜਾਵੇ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਕੀਤੇ ਫੈਸਲੇ ਦੇ ਆਧਾਰ 'ਤੇ ਅਕਾਲ ਤਖਤ ਦੇ ਜਥੇਦਾਰ ਵਲੋਂ ਲਾਪਤਾ ਪਾਵਨ ਸਰੂਪ ਮਾਮਲੇ ਦੀ ਜਾਂਚ ਈਸ਼ਰ ਸਿੰਘ ਕਮੇਟੀ ਕੋਲੋਂ ਕਰਵਾਈ ਗਈ ਸੀ। ਅਕਾਲ ਤਖਤ ਵਲੋਂ ਜਾਂਚ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤੀ ਸੀ ਅਤੇ ਆਦੇਸ਼ ਦਿੱਤਾ ਸੀ ਕਿ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਸੱਦ ਕੇ ਦੋਸ਼ੀ ਵਿਅਕਤੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਅਕਾਲ ਤਖਤ ਵਲੋਂ ਇਸ ਮਾਮਲੇ ਵਿਚ ਖੁਦ ਕਾਰਵਾਈ ਨਹੀਂ ਕੀਤੀ ਗਈ ਸੀ ਪਰ ਮਈ 2016 ਵਿਚ ਪਾਵਨ ਸਰੂਪ ਅਗਨ ਭੇਟ ਹੋਣ ਦੇ ਮਾਮਲੇ ਵਿਚ ਉਸ ਵੇਲੇ ਦੀ ਅੰਤ੍ਰਿੰਗ ਕਮੇਟੀ ਨੂੰ ਤਲਬ ਕੀਤਾ ਗਿਆ ਸੀ।

ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਵਿਚ ਪੰਜ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਤੁਰਤ ਸੇਵਾਵਾਂ ਤੋਂ ਫਾਰਗ ਕਰ ਦਿੱਤਾ ਸੀ ਅਤੇ ਪੰਜ ਨੂੰ ਮੁਅੱਤਲ ਕਰ ਦਿੱਤਾ ਸੀ। ਆਡਿਟ ਕਰਨ ਵਾਲੀ ਕੰਪਨੀ ਅਤੇ ਜਿਲਦਸਾਜ਼ ਕੰਪਨੀ ਦਾ ਠੇਕਾ ਤੁਰਤ ਰੱਦ ਕਰ ਦਿੱਤਾ ਸੀ। ਇਸੇ ਮਾਮਲੇ ਵਿਚ ਮੁਖ ਸਕੱਤਰ ਡਾ. ਰੂਪ ਸਿੰਘ ਨੇ ਨੈਤਿਕ ਆਧਾਰ ਉਤੇ ਅਸਤੀਫਾ ਦੇ ਦਿੱਤਾ ਸੀ। ਸ਼੍ਰੋਮਣੀ ਕਮੇਟੀ ਨੇ ਪਹਿਲਾਂ ਕੁਝ ਕਰਮਚਾਰੀਆਂ ਖਿਲਾਫ ਫੌਜਦਾਰੀ ਕੇਸ ਕਰਨ ਦਾ ਫੈਸਲਾ ਕੀਤਾ ਸੀ ਪਰ ਬਾਅਦ ਵਿਚ ਇਸ ਫੈਸਲੇ ਤੋਂ ਪੈਰ ਪਿਛਾਂਹ ਖਿੱਚ ਲਿਆ ਸੀ। ਸ਼੍ਰੋਮਣੀ ਕਮੇਟੀ ਨੇ ਦਾਅਵਾ ਕੀਤਾ ਸੀ ਕਿ ਉਹ ਸਿੱਖ ਸੰਸਥਾ ਦੇ ਮਾਮਲਿਆਂ ਵਿਚ ਪੁਲਿਸ ਦਖਲਅੰਦਾਜ਼ੀ ਨਹੀਂ ਕਰਾਏਗੀ। ਪਰ ਇਸ ਫੈਸਲੇ ਦਾ ਸਿੱਖ ਜਥੇਬੰਦੀਆਂ ਵਲੋਂ ਵਿਰੋਧ ਕੀਤਾ ਜਾ ਰਿਹਾ ਹੈ। ਇਸ ਦੇ ਸਿੱਟੇ ਵਜੋਂ ਸ਼੍ਰੋਮਣੀ ਕਮੇਟੀ ਦਫਤਰ ਦੇ ਬਾਹਰ ਕਈ ਦਿਨਾਂ ਤੋਂ ਧਰਨਾ ਚੱਲ ਰਿਹਾ ਹੈ। ਹੁਣ ਸ਼੍ਰੋਮਣੀ ਕਮੇਟੀ ਨੇ ਮੁੜ ਅਕਾਲ ਤਖਤ ਕੋਲ ਮਾਮਲਾ ਭੇਜ ਦਿੱਤਾ ਹੈ।

ਪੰਥਕ ਜਥੇਬੰਦੀਆਂ ਵਲੋਂ 17 ਸਤੰਬਰ ਨੂੰ ਇਸੇ ਮਾਮਲੇ ਵਿਚ ਸ੍ਰੀ ਅਕਾਲ ਤਖਤ ਉਤੇ ਅਰਦਾਸ ਕੀਤੀ ਗਈ ਸੀ ਅਤੇ 22 ਸਤੰਬਰ ਤੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੇ ਘਰ ਨੇੜੇ ਇਸੇ ਮੰਗ ਨੂੰ ਲੈ ਕੇ ਧਰਨਾ ਚਲ ਰਿਹਾ ਹੈ। ਸਿੱਖ ਆਗੂਆਂ ਨੇ ਕਿਹਾ ਹੈ ਕਿ ਲਗਭਗ ਇਕ ਮਹੀਨਾ ਹੋਣ ਨੂੰ ਆਇਆ ਹੈ ਪਰ ਸ੍ਰੀ ਲੌਂਗੋਵਾਲ ਸਮੇਤ ਕਿਸੇ ਵੀ ਅਕਾਲੀ ਆਗੂ ਨੇ ਪਾਵਨ ਸਰੂਪ ਕਿੱਥੇ ਹਨ, ਬਾਰੇ ਕੋਈ ਖੁਲਾਸਾ ਨਹੀਂ ਕੀਤਾ, ਨਾ ਹੀ ਦੋਸ਼ੀਆਂ ਖਿਲਾਫ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਜਾਣਨਾ ਚਾਹੁੰਦੀ ਹੈ ਕਿ ਲਾਪਤਾ ਸਰੂਪ ਕਿੱਥੇ ਹਨ। ਇਸ ਮਾਮਲੇ 'ਚ ਖਦਸ਼ਾ ਹੈ ਕਿ ਇਹ ਸਰੂਪ ਨਾਗਪੁਰ ਜਾਂ ਸਿਰਸਾ ਡੇਰੇ 'ਤੇ ਭੇਜੇ ਹੋਣਗੇ।

## ਲੌਂਗੋਵਾਲ ਖਿਲਾਫ ਕੇਸ ਦਰਜ ਕਰਨ ਦੀ ਮੰਗ

**ਅੰਮ੍ਰਿਤਸਰ:** 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੇ ਮੰਤਵ ਨਾਲ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂਆਂ ਨੇ ਸ੍ਰੀ ਅਕਾਲ ਤਖਤ 'ਤੇ ਅਰਦਾਸ ਕੀਤੀ। ਸਿੱਖ ਆਗੂਆਂ ਨੇ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਖਿਲਾਫ ਪੁਲਿਸ ਕੇਸ ਦਰਜ ਕਰਨ ਦੀ ਮੰਗ ਕੀਤੀ। ਸ੍ਰੀ ਅਕਾਲ ਤਖਤ ਵਿਖੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਗੁਰਸੇਵਕ ਸਿੰਘ ਜਵਾਹਰਕੇ, ਹਰਬੀਰ ਸਿੰਘ ਸੰਧੂ ਆਦਿ ਦੀ ਅਗਵਾਈ ਹੇਠ ਪਾਵਨ ਸਰੂਪ ਮਾਮਲਿਆਂ ਬਾਰੇ ਅਰਦਾਸ ਕੀਤੀ ਗਈ। ਸਿੱਖ ਆਗੂਆਂ ਨੇ ਆਖਿਆ ਕਿ ਇਸ ਮਾਮਲੇ ਵਿਚ ਦੋਸ਼ੀਆਂ ਸਮੇਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰੀ ਲੌਂਗੋਵਾਲ ਖਿਲਾਫ ਵੀ ਕੇਸ ਦਰਜ ਹੋਣਾ ਚਾਹੀਦਾ ਹੈ। ਪਾਰਟੀ ਵਲੋਂ ਇਸ ਸਬੰਧੀ ਕਾਨੂੰਨੀ ਮਾਹਿਰਾਂ ਨਾਲ ਮਸ਼ਵਰਾ ਕੀਤਾ ਗਿਆ ਹੈ ਅਤੇ ਜਲਦੀ ਹੀ ਇਸ ਬਾਰੇ ਐਲਾਨ ਕੀਤਾ ਜਾਵੇਗਾ।


## ਹਵਾਰਾ ਕਮੇਟੀ ਨੇ ਸਿੱਖ ਨੌਜਵਾਨਾਂ ਦੀ ਜਥੇਬੰਦੀ ਬਣਾਈ

**ਅੰਮ੍ਰਿਤਸਰ:** ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਨਾਲ ਸਬੰਧਤ ਹਵਾਰਾ ਕਮੇਟੀ ਨੇ ਸਿੱਖ ਨੌਜਵਾਨਾਂ ਦੀ ਜਥੇਬੰਦੀ 'ਅਕਾਲ ਯੂਥ' ਦੇ ਗਠਨ ਦਾ ਐਲਾਨ ਕੀਤਾ ਹੈ। ਇਹ ਨੌਜਵਾਨ ਜਥੇਬੰਦੀ ਆਉਂਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਹਿੱਸਾ ਲਵੇਗੀ। ਇਸ ਨਵੇਂ ਜਥੇਬੰਦੀ ਦਾ ਰਸਮੀ ਐਲਾਨ ਕਰਨ ਤੋਂ ਪਹਿਲਾਂ ਇਸ ਸਬੰਧੀ ਸ੍ਰੀ ਅਕਾਲ ਤਖਤ 'ਤੇ ਅਰਦਾਸ ਕੀਤੀ ਗਈ। ਪ੍ਰੋ. ਬਲਜਿੰਦਰ ਸਿੰਘ ਤੇ ਹੋਰਨਾਂ ਨੇ ਦੱਸਿਆ ਕਿ ਸਿੱਖ ਨੌਜਵਾਨਾਂ ਦੀ ਜਥੇਬੰਦੀ ਅਕਾਲ ਯੂਥ ਦਾ ਗਠਨ ਕੀਤਾ ਹੈ, ਜਿਸ ਦੀ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ। ਇਸ ਵਿਚ ਭਾਈ ਜਸਵਿੰਦਰ ਸਿੰਘ ਰਾਜਪੁਰਾ, ਭਾਈ ਰਾਜਨਦੀਪ ਸਿੰਘ ਦਮਦਮੀ ਟਕਸਾਲ ਸੰਗਰਾਵਾਂ, ਭਾਈ ਸਤਵੰਤ ਸਿੰਘ, ਭਾਈ ਬਲਬੀਰ ਸਿੰਘ ਖਡੂਰ ਸਾਹਿਬ ਅਤੇ ਭਾਈ ਮਹਾਂ ਸਿੰਘ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਹ ਸੁਪਰੀਮ ਕਮੇਟੀ ਪੰਚ ਪ੍ਰਧਾਨ ਪ੍ਰਣਾਲੀ ਅਧੀਨ ਕੰਮ ਕਰੇਗੀ।

# 'ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦਾ ਉਪਰਾਲਾ ਕਰੇਗਾ ਪੰਥ'

**ਕੀਰਤਪੁਰ ਸਾਹਿਬ:** ਫਤਹਿਗੜ੍ਹ ਸਾਹਿਬ ਦੇ ਪਿੰਡ ਜੱਲ੍ਹਾ ਅਤੇ ਤਰਖਾਣ ਮਾਜਰਾ ਵਿਚ ਪਿਛਲੇ ਦਿਨੀਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਸਬੰਧੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਖਤ ਰੁਖ ਅਖਤਿਆਰ ਕਰਦਿਆਂ ਕਿਹਾ ਕਿ ਜੇਕਰ ਦੋਸ਼ੀਆਂ ਨੂੰ ਸਜ਼ਾ ਨਾ ਮਿਲੀ ਤਾਂ ਖਾਲਸਾ ਪੰਥ ਆਪਣੇ ਤੌਰ 'ਤੇ ਕੋਈ ਨਾ ਕੋਈ ਉਪਰਾਲਾ ਕਰੇਗਾ। ਜਥੇਦਾਰ ਰਘਬੀਰ ਸਿੰਘ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਪੰਥ ਦੇ ਹਵਾਲੇ ਕਰ ਦੇਣਾ ਚਾਹੀਦਾ ਹੈ ਤਾਂ ਕਿ ਖਾਲਸਾ ਪੰਥ ਇਨ੍ਹਾਂ ਨੂੰ ਆਪਣੀਆਂ ਰਵਾਇਤਾਂ ਮੁਤਾਬਕ ਸਜ਼ਾ ਦੇ ਸਕੇ। ਉਨ੍ਹਾਂ ਕਿਹਾ ਕਿ ਭਾਵੇਂ ਸਰਕਾਰ ਵਲੋਂ ਐਸ.ਆਈ.ਟੀ. ਦਾ ਗਠਨ ਕੀਤਾ ਗਿਆ ਹੈ ਪਰ ਪੁਲਿਸ ਪ੍ਰਸ਼ਾਸਨ ਨੂੰ ਵੀ ਇਨ੍ਹਾਂ ਮਾਮਲਿਆਂ ਦੀ ਤਹਿ ਤੱਕ ਜਾਣਾ ਚਾਹੀਦਾ ਹੈ। ਜਥੇਦਾਰ ਨੇ ਕਿਹਾ ਕਿ ਫਤਹਿਗੜ੍ਹ ਸਾਹਿਬ ਵਿਚ ਹੋਈਆਂ ਬੇਅਦਬੀਆਂ ਪਿੱਛੇ ਕੇਂਦਰ ਸਰਕਾਰ ਖਿਲਾਫ ਕੀਤੇ ਜਾ ਰਹੇ ਕਿਸਾਨਾਂ ਦੇ ਸੰਘਰਸ਼ ਨੂੰ ਤਾਰਪੀਡੋ ਕਰਨ ਦੀ ਕੋਝੀ ਸਾਜਿਸ਼ ਹੋਣ ਦੇ ਸ਼ੰਕੇ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਇਹ ਪਹਿਲੀ ਵਾਰ ਨਹੀਂ ਕਿ ਪੰਜਾਬ ਵਿਚ ਬੇਅਦਬੀ ਹੋਈ ਹੋਵੇ ਪਰ ਪੁਲਿਸ ਬੇਅਦਬੀ ਕਰਨ ਵਾਲੇ ਨੂੰ ਮਾਨਸਿਕ ਰੋਗੀ ਦੱਸ ਕੇ ਪੱਲਾ ਝਾੜ ਲੈਂਦੀ ਹੈ।

# ਸ੍ਰੀ ਹਰਿਮੰਦਰ ਸਾਹਿਬ ਦਾ ਦੁਰਲੱਭ ਚਿੱਤਰ ਨਿਲਾਮ ਹੋਵੇਗਾ



**ਅੰਮ੍ਰਿਤਸਰ:** ਅੰਗਰੇਜ਼ ਚਿੱਤਰਕਾਰ ਸਾਇਰਨ ਵਾਈਸਮੈਨ ਹਾਰਬਰਟ (ਸੰਨ 1847-1882) ਵਲੋਂ ਕਾਗਜ਼ 'ਤੇ ਵਾਟਰ ਕਲਰ ਨਾਲ ਤਿਆਰ ਕੀਤੇ ਗਏ ਸ੍ਰੀ ਹਰਿਮੰਦਰ ਸਾਹਿਬ ਦੇ ਦੁਰਲੱਭ ਚਿੱਤਰ ਨੂੰ 26 ਅਕਤੂਬਰ ਨੂੰ ਲੰਡਨ 'ਚ ਨਿਲਾਮ ਕੀਤਾ ਜਾ ਰਿਹਾ ਹੈ।

19ਵੀਂ ਸਦੀ 'ਚ ਤਿਆਰ ਕੀਤੇ ਗਏ ਇਸ 58.5 ਗੁਣਾ 100 ਸੈਂਟੀਮੀਟਰ ਦੀ ਲੰਬਾਈ ਚੌੜਾਈ ਵਾਲੇ ਪੈਨੋਰਾਮਿਕ ਚਿੱਤਰ ਦੇ ਖੱਬੇ ਪਾਸੇ ਹੇਠਾਂ ਹਾਰਬਰਟ ਨੇ ਬਾਕਾਇਦਾ ਆਪਣੇ ਦਸਤਖਤ ਵੀ ਕੀਤੇ ਹੋਏ ਹਨ। ਇਸ ਚਿੱਤਰ 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਪਵਿੱਤਰ ਸਰੋਵਰ, ਝੰਡਾ ਬੁੰਗਾ, ਬੁੰਗਾ ਰਾਮਗੜ੍ਹੀਆ, ਗੁਰਦੁਆਰਾ ਬਾਬਾ ਅਟੱਲ ਰਾਏ ਅਤੇ ਇਕ ਨਾਲ ਇਕ ਜੁੜੇ ਬੁੰਗੇ ਵਿਖਾਈ ਦੇ ਰਹੇ ਹਨ। ਇਸ ਦੇ ਇਲਾਵਾ ਉਕਤ ਚਿੱਤਰ 'ਚ ਉਸ ਸਮੇਂ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ 'ਚ ਮੌਜੂਦ ਬੁੰਗਾ ਸਰਕਾਰ ਦੀ ਛੱਤ ਉਤੇ ਬੈਠੇ ਕੁਝ ਯਾਤਰੂ ਵੀ ਵਿਖਾਏ ਗਏ ਹਨ। ਦੱਸਿਆ ਜਾ ਰਿਹਾ ਹੈ ਕਿ ਇਹ ਚਿੱਤਰ ਪਹਿਲਾਂ ਲੰਬੇ ਸਮੇਂ ਤੱਕ ਸਕਾਟਿਸ਼ ਦੇ ਇਕ ਨਿੱਜੀ ਮਿਊਜ਼ੀਅਮ 'ਚ ਰਿਹਾ ਅਤੇ ਇਸ ਬਾਰੇ ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਪਾਣੀ ਵਾਲੇ ਰੰਗਾਂ ਨਾਲ ਕਾਗਜ਼ 'ਤੇ ਬਣਾਈ ਗਈ ਇਹ ਸ੍ਰੀ ਹਰਿਮੰਦਰ ਸਾਹਿਬ ਦੀ ਸਭ ਤੋਂ ਵੱਡੀ ਪੇਂਟਿੰਗ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਨਿਲਾਮੀ 'ਚ ਵੇਚੀ ਜਾਣ ਵਾਲੀ ਉਕਤ ਪੇਂਟਿੰਗ ਦੀ ਕੀਮਤ 57 ਲੱਖ ਤੋਂ 76 ਲੱਖ ਰੁਪਏ (ਭਾਰਤੀ ਕਰੰਸੀ ਮੁਤਾਬਕ) ਰੱਖੀ ਗਈ ਹੈ।

# ਕਰਤਾਰਪੁਰ ਲਾਂਘੇ ਬਾਰੇ ਸਰਕਾਰ ਨੂੰ ਕੀਤੇ ਤਿੱਖੇ ਸਵਾਲ



**ਇਸਲਾਮਾਬਾਦ:** ਪਾਕਿਸਤਾਨ ਦੀ ਇਕ ਅਦਾਲਤ ਨੇ ਕਰਤਾਰਪੁਰ ਲਾਂਘਾ ਬਣਾਉਣ ਸਬੰਧੀ ਸੰਘੀ ਸਰਕਾਰ ਨੂੰ ਸਵਾਲ ਕੀਤੇ ਹਨ। ਅਦਾਲਤ ਨੇ ਅਧਿਕਾਰੀਆਂ ਨੂੰ ਇਹ ਸਪਸ਼ਟ ਕਰਨ ਲਈ ਕਿਹਾ ਹੈ ਕਿ ਕੀ ਇਹ ਪ੍ਰੋਜੈਕਟ ਸੂਬਾਈ ਸਰਕਾਰ ਦੇ ਮਾਮਲਿਆਂ 'ਚ 'ਦਖਲ' ਨਹੀਂ ਹੈ।

ਲਾਹੌਰ-ਨਾਰੋਵਾਲ ਸੜਕ ਦੇ ਨਿਰਮਾਣ 'ਚ ਹੋਈ ਦੇਰੀ ਖਿਲਾਫ ਦਾਇਰ ਪਟੀਸ਼ਨ ਦੀ ਸੁਣਵਾਈ ਦੌਰਾਨ ਲਾਹੌਰ ਹਾਈ ਕੋਰਟ ਦੇ ਚੀਫ ਜਸਟਿਸ ਮੁਹੰਮਦ ਕਾਸਿਮ ਖਾਨ ਨੇ ਸੰਘੀ ਕਾਨੂੰਨ ਅਧਿਕਾਰੀ ਨੂੰ ਪੁੱਛਿਆ ਕਿ ਸੜਕ ਦੇ ਨਿਰਮਾਣ ਲਈ ਸੰਘੀ ਅਤੇ ਸੂਬਾਈ ਸਰਕਾਰ 'ਚੋਂ ਕੌਣ ਜ਼ਿੰਮੇਵਾਰ ਹੈ। ਇਸ ਦੇ ਜਵਾਬ 'ਚ ਕਾਨੂੰਨ ਅਧਿਕਾਰੀ ਨੇ ਕਿਹਾ ਕਿ ਸੜਕ ਦੇ ਨਿਰਮਾਣ ਲਈ ਫੰਡ ਜਾਰੀ ਕਰਨ ਦਾ ਮਾਮਲਾ ਸੰਘੀ ਸਰਕਾਰ ਦੇ ਅਧੀਨ ਨਹੀਂ ਆਉਂਦਾ। ਇਸ 'ਤੇ ਚੀਫ ਜਸਟਿਸ ਖਾਨ ਨੇ ਕਿਹਾ ਕਿ ਜੇਕਰ ਸੜਕ ਨਿਰਮਾਣ ਸੂਬਾਈ ਸਰਕਾਰ ਦਾ ਕੰਮ ਹੈ ਤਾਂ ਫਿਰ ਸੰਘੀ ਸਰਕਾਰ ਨੇ ਕਰਤਾਰਪੁਰ ਲਾਂਘੇ ਦਾ ਨਿਰਮਾਣ ਕਿਵੇਂ ਕੀਤਾ? ਉਨ੍ਹਾਂ ਕਿਹਾ ਕਿ ਸਰਕਾਰਾਂ ਆਪਣੀਆਂ ਇੱਛਾਵਾਂ 'ਤੇ ਕੰਮ ਕਰ ਰਹੀ ਹੈ ਜਾਂ ਕਾਨੂੰਨ ਤਹਿਤ?

ਇਸ ਦੇ ਨਾਲ ਹੀ ਉਨ੍ਹਾਂ ਨੇ ਕਾਨੂੰਨ ਅਧਿਕਾਰੀ ਨੂੰ ਹਦਾਇਤ ਕੀਤੀ ਕਿ ਉਹ ਅਦਾਲਤ ਨੂੰ ਇਹ ਦੱਸੇ ਕਿ ਕੀ ਸੰਘੀ ਸਰਕਾਰ ਵਲੋਂ ਲਿਆਂਦਾ ਗਿਆ ਕਰਤਾਰਪੁਰ ਲਾਂਘਾ ਪ੍ਰੋਜੈਕਟ ਪੰਜਾਬ ਸਰਕਾਰ ਦੇ ਮਾਮਲਿਆਂ 'ਚ ਦਖਲ ਨਹੀਂ ਹੈ? ਚੀਫ ਜਸਟਿਸ ਨੇ ਕਿਹਾ ਕਿ ਜੇਕਰ ਇਹ ਸਾਬਤ ਹੋ ਜਾਂਦਾ ਹੈ ਕਿ ਸੰਘੀ ਸਰਕਾਰ ਨੇ ਸੂਬੇ ਦੇ ਮਾਮਲਿਆਂ 'ਚ ਦਖਲ ਦਿੱਤਾ ਹੈ ਤਾਂ ਅਦਾਲਤ ਪ੍ਰਧਾਨ ਮੰਤਰੀ ਨੂੰ ਨੋਟਿਸ ਵੀ ਭੇਜ ਸਕਦੀ ਹੈ। ਉਨ੍ਹਾਂ ਕਿਹਾ ਕਿ ਲੋੜ ਪੈਣ 'ਤੇ ਅਦਾਲਤ ਪ੍ਰਧਾਨ ਮੰਤਰੀ ਨੂੰ ਨੋਟਿਸ ਭੇਜ ਸਕਦੀ ਹੈ। ਉਨ੍ਹਾਂ ਨੇ ਦੋ ਹਫਤਿਆਂ ਲਈ ਸੁਣਵਾਈ ਮੁਲਤਵੀ ਕਰਦਿਆਂ ਵਧੀਕ ਅਟਾਰਨੀ ਜਨਰਲ ਇਸ਼ਤਿਆਕ ਖਾਨ ਨੂੰ ਉਕਤ ਮਾਮਲੇ 'ਚ ਜਵਾਬ ਦੇਣ ਦੇ ਨਿਰਦੇਸ਼ ਦਿੱਤੇ।

# ਸਮਲਿੰਗੀ ਵਿਆਹ ਕੇਸ: ਪਾਵਨ ਸਰੂਪ ਗੁਰਦੁਆਰੇ ਪਹੁੰਚਾਉਣ ਦਾ ਆਦੇਸ਼

**ਅੰਮ੍ਰਿਤਸਰ:** ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਚ ਦੋ ਨੌਜਵਾਨਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਲਾਵਾਂ ਲੈ ਕੇ ਕੀਤੇ ਸਮਲਿੰਗੀ ਵਿਆਹ ਦੀ ਸ਼ਿਕਾਇਤ ਉਤੇ ਕਾਰਵਾਈ ਕਰਦਿਆਂ ਅਕਾਲ ਤਖਤ ਨੇ ਸਿੱਖ ਸੰਗਤਾਂ ਤੇ ਗੁਰਦੁਆਰਾ ਕਮੇਟੀਆਂ ਨੂੰ ਆਖਿਆ ਕਿ ਉਹ ਅਨੰਦ ਕਾਰਜ ਕਰਾਉਣ ਵਾਲੇ ਇਸ ਵਿਅਕਤੀ ਕੋਲੋਂ ਪਾਵਨ ਸਰੂਪ ਲੈ ਲੈਣ ਤੇ ਇਸ ਨੂੰ ਸਤਿਕਾਰ ਸਹਿਤ ਨੇੜਲੇ ਗੁਰਦੁਆਰੇ ਵਿਚ ਰੱਖਿਆ ਜਾਵੇ।

ਮਿਲੇ ਵੇਰਵਿਆਂ ਮੁਤਾਬਕ ਇਸ ਸਬੰਧੀ ਅਕਾਲ ਤਖਤ ਦੇ ਸਕੱਤਰੇਤ ਵਲੋਂ ਪੱਤਰ ਸ਼ਿਕਾਇਤ ਕਰਨ ਵਾਲੀਆਂ ਸਿੱਖ ਜਥੇਬੰਦੀਆਂ ਨੂੰ ਭੇਜਿਆ ਗਿਆ ਹੈ ਜਿਸ 'ਚ ਵਿਦੇਸ਼ ਦੀਆਂ ਸਿੱਖ ਸੰਗਤ ਤੇ ਗੁਰਦੁਆਰਾ ਕਮੇਟੀਆਂ ਦੇ ਪ੍ਰਬੰਧਕਾਂ ਨੂੰ ਆਖਿਆ ਹੈ ਕਿ ਉਹ ਇਸ ਵਿਅਕਤੀ ਜਿਸ ਨੇ ਕਿਸੇ ਹੋਟਲ ਆਦਿ ਵਿਚ ਅਨੰਦ ਕਾਰਜ ਕਰਾਇਆ ਸੀ, ਕੋਲੋਂ ਪਾਵਨ ਸਰੂਪ ਲੈ ਲਿਆ ਜਾਵੇ। ਉਨ੍ਹਾਂ 1998 ਵਿਚ ਜਾਰੀ ਹੁਕਮਨਾਮੇ ਦਾ ਹਵਾਲਾ ਦਿੰਦਿਆਂ ਆਖਿਆ ਕਿ ਪਾਵਨ ਸਰੂਪ ਮੈਰਿਜ ਪੈਲੇਸਾਂ ਆਦਿ ਵਿਚ ਲਿਜਾਣ 'ਤੇ ਰੋਕ ਲਾਈ ਗਈ ਹੈ।

ਦੱਸਣਯੋਗ ਹੈ ਕਿ ਅਕਾਲ ਤਖਤ ਸਾਹਿਬ ਵਲੋਂ ਸਮਲਿੰਗੀ ਵਿਆਹ ਨੂੰ ਵੀ ਮਾਨਤਾ ਨਹੀਂ ਦਿੱਤੀ ਗਈ ਹੈ। ਇਸ ਬਾਰੇ ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਫਿਲਹਾਲ ਅਕਾਲ ਤਖਤ ਵਲੋਂ ਭੇਜਿਆ ਪੱਤਰ ਨਹੀਂ ਮਿਲਿਆ ਹੈ। ਇਹ ਸਮਲਿੰਗੀ ਵਿਆਹ ਪੰਜਾਬੀ ਤੇ ਦੱਖਣੀ ਭਾਰਤ ਦੇ ਨੌਜਵਾਨਾਂ ਵਲੋਂ ਕੀਤਾ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਇਨ੍ਹਾਂ ਕਿਸੇ ਹੋਟਲ ਵਿਚ ਖੁੱਲ੍ਹੀ ਥਾਂ 'ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਮਲਿੰਗੀ ਵਿਆਹ ਕਰਾਇਆ ਸੀ। ਉਨ੍ਹਾਂ ਅਕਾਲ ਤਖਤ 'ਤੇ ਸ਼ਿਕਾਇਤ ਵੀ ਭੇਜੀ ਸੀ। ਇਹ ਵੀ ਪਤਾ ਲੱਗਾ ਹੈ ਕਿ ਸਮਲਿੰਗੀ ਵਿਆਹ ਕਰਾਉਣ ਵਾਲੇ ਸਿੱਖ ਨੌਜਵਾਨ ਦੀ ਸ਼ਨਾਖਤ ਕਰ ਲਈ ਗਈ ਹੈ।

# ਪਾਕਿਸਤਾਨ 'ਚ ਗੁਰੂ ਨਾਨਕ ਪ੍ਰਕਾਸ਼ ਪੁਰਬ ਸਮਾਗਮ 28 ਨਵੰਬਰ ਤੋਂ

**ਅੰਮ੍ਰਿਤਸਰ:** ਪਾਕਿਸਤਾਨ ਸਰਕਾਰ ਵਲੋਂ ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਪੁਰਬ ਸਮਾਗਮਾਂ 'ਚ ਸ਼ਾਮਲ ਹੋਣ ਲਈ ਭਾਰਤ ਸਮੇਤ ਹੋਰਨਾਂ ਮੁਲਕਾਂ ਦੇ ਸਿੱਖ ਯਾਤਰੂਆਂ ਲਈ ਕਰੋਨਾ ਟੈਸਟ ਲਾਜ਼ਮੀ ਕੀਤਾ ਗਿਆ ਹੈ। ਵਾਹਗਾ ਪਹੁੰਚਣ ਉਤੇ ਯਾਤਰੂਆਂ ਨੂੰ ਆਪਣੀ ਕੋਵਿਡ-19 ਦੀ ਤਾਜ਼ਾ ਜਾਂਚ ਰਿਪੋਰਟ ਉਥੇ ਮੌਜੂਦ ਅਧਿਕਾਰੀਆਂ ਨੂੰ ਵਿਖਾਉਣੀ ਹੋਵੇਗੀ। ਇਸ ਤੋਂ ਇਲਾਵਾ ਵਾਹਗਾ ਪਹੁੰਚਣ ਉਤੇ ਪਾਕਿ ਸਿਹਤ ਵਿਭਾਗ ਦੀ ਟੀਮ ਵਲੋਂ ਇਕ ਵਾਰ ਫਿਰ ਤੋਂ ਯਾਤਰੂਆਂ ਦੀ 'ਥਰਮੋਸਕੈਨਿੰਗ' ਕੀਤੀ ਜਾਵੇਗੀ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਵਲੋਂ ਸਾਂਝੇ ਤੌਰ ਉਤੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਿਕ 28 ਤੋਂ 30 ਨਵੰਬਰ ਤਕ ਭਾਰੀ ਸ਼ਰਧਾ 'ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਭਾਰਤੀ ਸਿੱਖ ਯਾਤਰੂ 27 ਨਵੰਬਰ ਨੂੰ ਵਾਹਗਾ ਸਰਹੱਦ ਤੋਂ ਵਿਸ਼ੇਸ਼ ਯਾਤਰੂ ਬੱਸਾਂ ਰਾਹੀਂ ਸ੍ਰੀ ਨਨਕਾਣਾ ਸਾਹਿਬ ਲਈ ਰਵਾਨਾ ਹੋਣਗੇ। ਇਸ ਤੋਂ ਬਾਅਦ 28 ਅਤੇ 29 ਨਵੰਬਰ ਨੂੰ ਯਾਤਰੂ ਉਥੋਂ ਦੇ ਸਥਾਨਕ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨਗੇ। 30 ਨਵੰਬਰ ਨੂੰ ਪ੍ਰਕਾਸ਼ ਪੁਰਬ ਮੌਕੇ ਸ੍ਰੀ ਅਖੰਡ ਸਾਹਿਬ ਦੇ ਭੋਗ ਉਪਰੰਤ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ ਅਤੇ ਅਗਲੇ ਦਿਨ ਇਕ ਦਸੰਬਰ ਨੂੰ ਜਥੇ ਭਾਰਤ ਲਈ ਰਵਾਨਾ ਕੀਤੇ ਜਾਣਗੇ।

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਪਾਕਿਸਤਾਨ ਵਲੋਂ ਗੁਰੂ ਨਾਨਕ ਪ੍ਰਕਾਸ਼ ਦਿਵਸ ਸਮਾਗਮ ਲਈ ਭਾਰਤੀ ਸਿੱਖਾਂ ਨੂੰ ਸੱਦਾ

**ਇਸਲਾਮਾਬਾਦ:** ਪਾਕਿਸਤਾਨ ਨੇ ਭਾਰਤੀ ਸਿੱਖਾਂ ਨੂੰ ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਜਨਮ ਦਿਵਸ ਸਮਾਰੋਹ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਹੈ। ਇਹ ਜਾਣਕਾਰੀ ਇਕ ਅਧਿਕਾਰੀ ਨੇ ਦਿੱਤੀ। ਗੁਰੂ ਨਾਨਕ ਗੁਰਪੁਰਬ ਤਿੰਨ ਰੋਜ਼ਾ ਸਮਾਗਮ 27 ਨਵੰਬਰ ਨੂੰ ਨਨਕਾਣਾ ਸਾਹਿਬ ਵਿਖੇ ਸ਼ੁਰੂ ਹੋਣਗੇ। ਹਰ ਸਾਲ, ਭਾਰਤ ਅਤੇ ਵਿਸ਼ਵ ਦੇ ਵੱਖ-ਵੱਖ ਹਿੱਸਿਆਂ ਤੋਂ ਵੱਡੀ ਗਿਣਤੀ ਵਿਚ ਸਿੱਖ ਸ਼ਰਧਾਲੂ ਸਮਾਗਮ ਲਈ ਪਾਕਿਸਤਾਨ ਦੇ ਪੰਜਾਬ ਪ੍ਰਾਂਤ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ, ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਇਕੱਤਰ ਹੁੰਦੇ ਹਨ।

ਹਾਲਾਂਕਿ, ਕੋਵਿਡ -19 ਮਹਾਮਾਰੀ ਕਾਰਨ ਇਸ ਸਾਲ ਤਿਉਹਾਰਾਂ ਦੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ। ਐਕਸਪ੍ਰੈਸ ਟ੍ਰਿਬਿਊਨ ਦੀ ਰਿਪੋਰਟ ਅਨੁਸਾਰ ਭਾਰਤੀ ਸ਼ਰਧਾਲੂਆਂ ਨੂੰ ਕੋਵਿਡ-19 ਦੀ ਨੈਗੇਟਿਵ ਰਿਪੋਰਟ ਪੇਸ਼ ਕਰਨ 'ਤੇ ਮੁਲਕ ਵਿਚ ਦਾਖਲ ਹੋਣ ਲਈ ਪੰਜ ਦਿਨਾਂ ਦਾ ਵੀਜ਼ਾ ਦਿੱਤਾ ਜਾਵੇਗਾ। ਇਹ ਵੀਜ਼ਾ 2 ਦਸੰਬਰ ਨੂੰ ਖਤਮ ਹੋ ਜਾਵੇਗਾ। ਵਕਫ ਬੋਰਡ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਸ਼ੋਮਣੀ ਕਮੇਟੀ (ਭਾਰਤ) ਸਮੇਤ ਵੱਖ-ਵੱਖ ਸਿੱਖ ਸੁਸਾਇਟੀਆਂ ਨੂੰ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਸੱਦਾ ਭੇਜਿਆ ਹੈ।

## ਸ਼ੌਰਿਆ ਚੱਕਰ ਕਾਮਰੇਡ ਬਲਵਿੰਦਰ ਸਿੰਘ ਦਾ ਗੋਲੀਆਂ ਮਾਰ ਕੇ ਕਤਲ

**ਭਿੱਖੀਵਿੰਡ:** ਕਾਮਰੇਡ ਬਲਵਿੰਦਰ ਸਿੰਘ ਸੰਧੂ (62) ਦਾ ਦੀ ਅਣਪਛਾਤੇ ਹਮਲਾਵਰਾਂ ਵਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਤਕਰੀਬਨ ਇਕ ਸਾਲ ਪਹਿਲਾਂ ਸੂਬਾ ਸਰਕਾਰ ਨੇ ਤਰਨ ਤਾਰਨ ਪੁਲਿਸ ਦੀ ਸਿਫਾਰਸ਼ 'ਤੇ ਉਨ੍ਹਾਂ ਦੀ ਸੁਰੱਖਿਆ ਵਾਪਸ ਲੈ ਲਈ ਸੀ।



ਪੁਲਿਸ ਮੁਤਾਬਕ ਸ਼ੌਰਿਆ ਚੱਕਰ ਜੇਤੂ ਬਲਵਿੰਦਰ ਸਿੰਘ ਸਵੇਰੇ ਸੱਤ ਵਜੇ ਦੇ ਕਰੀਬ ਜਦੋਂ ਆਪਣੀ ਰਿਹਾਇਸ਼ 'ਚ ਚਲਦੇ ਨਿੱਜੀ ਸਕੂਲ 'ਚ ਬੈਠੇ ਸਨ ਤਾਂ ਮੋਟਰਸਾਈਕਲ ਸਵਾਰ ਵਿਅਕਤੀਆਂ ਨੇ ਉਨ੍ਹਾਂ ਨੂੰ ਚਾਰ ਗੋਲੀਆਂ ਮਾਰੀਆਂ। ਬਲਵਿੰਦਰ ਸਿੰਘ ਨੂੰ ਤੁਰਤ ਹਸਪਤਾਲ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

ਬਲਵਿੰਦਰ ਸਿੰਘ ਦੀ ਪਤਨੀ ਜਗਦੀਸ਼ ਕੌਰ ਨੇ ਦਾਅਵਾ ਕੀਤਾ ਕਿ ਇਹ ਅਤਿਵਾਦੀ ਹਮਲਾ ਹੈ ਕਿਉਂਕਿ ਉਨ੍ਹਾਂ ਦੇ ਪਰਿਵਾਰ ਦੀ ਕਿਸੇ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਪਰਿਵਾਰ 'ਤੇ 42 ਹਮਲੇ ਹੋ ਚੁੱਕੇ ਸਨ। ਡੀ.ਜੀ.ਪੀ. ਦਿਨਕਰ ਗੁਪਤਾ ਨੂੰ ਸੁਰੱਖਿਆ ਜਾਰੀ ਰੱਖਣ ਦੀ ਕਈ ਵਾਰ ਬੇਨਤੀ ਕੀਤੀ ਸੀ ਪਰ ਉਨ੍ਹਾਂ ਕੋਈ ਸਾਰ ਨਹੀਂ ਲਈ। ਅਤਿਵਾਦੀਆਂ ਨਾਲ ਲੋਹਾ ਲੈਣ ਲਈ ਕੇਂਦਰ ਸਰਕਾਰ ਨੇ 1993 'ਚ ਬਲਵਿੰਦਰ ਸਿੰਘ ਨੂੰ ਸ਼ੌਰਿਆ ਚੱਕਰ ਨਾਲ ਸਨਮਾਨਿਤ ਕੀਤਾ ਸੀ। ਉਨ੍ਹਾਂ 'ਤੇ ਕਈ ਦਸਤਾਵੇਜ਼ੀ ਬਣੀਆਂ ਸਨ।

## ਫਰਵਰੀ ਤੱਕ ਭਾਰਤ 'ਚ ਅੱਧੀ ਅਬਾਦੀ ਨੂੰ ਕਰੋਨਾ ਦਾ ਖਦਸ਼ਾ

**ਮੁੰਬਈ:** ਭਾਰਤ ਦੀ ਅੱਧੀ ਅਬਾਦੀ ਨੂੰ ਅਗਲੇ ਸਾਲ ਫਰਵਰੀ ਤੱਕ ਕਰੋਨਾ ਵਾਇਰਸ ਹੋਣ ਦਾ ਖਦਸ਼ਾ ਜਤਾਇਆ ਗਿਆ ਹੈ। ਉਂਜ ਸਰਕਾਰੀ ਕਮੇਟੀ ਦੇ ਮੈਂਬਰ ਮੁਤਾਬਕ ਇਸ ਨਾਲ ਮਰਜ਼ ਫੈਲਣ ਦੀ ਦਰ 'ਚ ਕਮੀ ਆਉਣ 'ਚ ਸਹਾਇਤਾ ਮਿਲੇਗੀ। ਇੰਡੀਅਨ ਇੰਸਟੀਚਿਊਟ ਫਾਰ ਟੈਕਨਾਲੋਜੀ ਕਾਨਪੁਰ ਦੇ ਪ੍ਰੋਫੈਸਰ ਅਤੇ ਕਮੇਟੀ ਮੈਂਬਰ ਮਨਿੰਦਰ ਅਗਰਵਾਲ ਨੇ ਦੱਸਿਆ ਕਿ ਅੰਦਾਜ਼ਿਆਂ ਮੁਤਾਬਕ ਹੁਣ ਤੱਕ ਮੁਲਕ ਦੀ ਕਰੀਬ 30 ਫੀਸਦੀ ਅਬਾਦੀ ਕਰੋਨਾ ਤੋਂ ਪ੍ਰਭਾਵਿਤ ਹੈ ਅਤੇ ਇਹ ਅੰਕੜਾ ਫਰਵਰੀ ਤੱਕ 50 ਫੀਸਦੀ ਹੋ ਸਕਦਾ ਹੈ।

ਕਮੇਟੀ ਦੇ ਅਨੁਮਾਨ ਸਰਕਾਰ ਵਲੋਂ ਕਰਵਾਏ ਗਏ ਸੀਰੋ ਸਰਵੇਖਣਾਂ ਨਾਲ ਮੇਲ ਨਹੀਂ ਖਾਂਦੇ ਹਨ ਜਿਨ੍ਹਾਂ 'ਚ ਦੱਸਿਆ ਗਿਆ ਹੈ ਕਿ ਸਤੰਬਰ ਤੱਕ ਸਿਰਫ 14 ਫੀਸਦੀ ਅਬਾਦੀ ਹੀ ਕਰੋਨਾ ਤੋਂ ਪੀੜਤ ਸੀ। ਸ੍ਰੀ ਅਗਰਵਾਲ ਨੇ ਕਿਹਾ ਕਿ ਸੀਰੋ ਸਰਵੇਖਣਾਂ ਦੇ ਨਮੂਨੇ ਬਿਲਕੁਲ ਦਰੁਸਤ ਨਹੀਂ ਹੋ ਸਕਦੇ ਹਨ ਕਿਉਂਕਿ ਉਨ੍ਹਾਂ ਦੇ ਸੈਂਪਲਾਂ ਦੀ ਗਿਣਤੀ ਦਾ ਘੇਰਾ ਬਹੁਤ ਘੱਟ ਸੀ। ਉਂਜ ਕਮੇਟੀ ਦੀ ਜਾਰੀ ਰਿਪੋਰਟ ਗਿਣਤੀਆਂ-ਮਿਣਤੀਆਂ ਦੇ ਮਾਡਲ 'ਤੇ ਨਿਰਭਰ ਹੈ।

## ਅੰਦੋਲਨ ਦੌਰਾਨ ਦੋ ਹੋਰ ਕਿਸਾਨਾਂ ਦੀ ਮੌਤ

**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਸੰਘਰਸ਼ ਦੌਰਾਨ ਰੂਪਨਗਰ ਦੇ ਬਲਾਕ ਪ੍ਰਧਾਨ ਤੇ ਪਿੰਡ ਮੀਆਂਪੁਰ ਦੇ ਸਰਪੰਚ ਦਿਲਬਰ ਹੁਸੈਨ (69) ਤੇ ਮੰਡੀ ਅਹਿਮਦਗੜ੍ਹ 'ਚ ਨੌਜਵਾਨ ਕਿਸਾਨ ਆਗੂ ਗੁਰਪ੍ਰੀਤ ਸਿੰਘ ਰੰਗੀ (33) ਦੀ ਮੌਤ ਹੋ ਗਈ। ਕਿਸਾਨੀ ਸੰਘਰਸ਼ ਦੌਰਾਨ ਪੰਚਾਇਤ ਯੂਨੀਅਨ ਰੂਪਨਗਰ ਦੇ ਬਲਾਕ ਪ੍ਰਧਾਨ ਅਤੇ ਮੀਆਂਪੁਰ ਦੇ ਮੌਜੂਦਾ ਸਰਪੰਚ ਕੈਪਟਨ ਦਿਲਬਰ ਹੁਸੈਨ (69) ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ ਸੋਲਖੀਆਂ ਟੋਲ ਪਲਾਜ਼ਾ 'ਤੇ ਲਗਾਏ ਰੋਸ ਧਰਨੇ 'ਚ ਹਿੱਸਾ ਲੈਣ ਲਈ ਗਏ ਹੋਏ ਸਨ। ਧਰਨੇ ਦੌਰਾਨ ਹੀ ਉਨ੍ਹਾਂ ਦੀ ਸਿਹਤ ਖਰਾਬ ਹੋ ਗਈ ਸੀ। ਨੌਜਵਾਨ ਕਿਸਾਨ ਆਗੂ ਦੀ ਸੜਕ ਹਾਦਸੇ 'ਚ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਗੋਪਾਲਪੁਰ ਦੇ ਵਸਨੀਕ ਗੁਰਪ੍ਰੀਤ ਸਿੰਘ ਰੰਗੀ (33) ਵਜੋਂ ਹੋਈ ਹੈ, ਜੋ ਲੁਧਿਆਣਾ-ਮਾਲੇਰਕੋਟਲਾ ਮਾਰਗ 'ਤੇ ਲਹਿਰਾ ਟੋਲ ਪਲਾਜ਼ਾ ਕੋਲ ਲਗਾਏ ਧਰਨੇ ਵਿਚ ਮੋਹਰੀ ਰੋਲ ਨਿਭਾਉਂਦਾ ਰਿਹਾ ਹੈ।

## ਕਿਸਾਨ ਘੋਲ ਨੇ ਮੋਦੀ ਦੇ ਕਿੰਗਰੇ ਭੰਨਣ ਲਈ ਰਾਹ ਬਣਾਇਆ

*(ਸਫਾ ਇਕ ਦੀ ਬਾਕੀ)*

ਵਿੱਚ ਸੋਧ ਕਰਨ ਦੀ ਮੰਗ ਕੀਤੀ ਗਈ ਹੈ ਤਾਂ ਜੋ ਸੂਬੇ ਵਿਚ ਕਣਕ ਜਾਂ ਝੋਨੇ ਦੀ ਵਿਕਰੀ ਜਾਂ ਖਰੀਦ ਐਮ.ਐਸ.ਪੀ. ਤੋਂ ਘੱਟ ਕੀਮਤ ਨਾ ਹੋਣ ਨੂੰ ਯਕੀਨੀ ਬਣਾਇਆ ਜਾ ਸਕੇ। ਸੋਧੇ ਬਿੱਲ ਵਿਚ ਨਵੀਂ ਧਾਰਾ 6 ਤੋਂ 11 ਸ਼ਾਮਲ ਕਰਕੇ ਕਿਸਾਨਾਂ ਨੂੰ ਤੰਗ-ਪ੍ਰੇਸ਼ਾਨ ਕਰਨ ਜਾਂ ਕਿਸਾਨਾਂ ਨੂੰ ਘੱਟ ਕੀਮਤ ਦੀ ਅਦਾਇਗੀ ਕਰਨ 'ਤੇ ਸਜ਼ਾ ਦੇਣ ਦੀ ਵੀ ਮੰਗ ਕੀਤੀ ਗਈ ਹੈ।

ਇਹ ਦੋਵੇਂ ਬਿੱਲਾਂ ਦਾ ਉਦੇਸ਼ ਏ.ਪੀ.ਐਮ.ਸੀ. ਕਾਨੂੰਨਾਂ ਦੇ ਸਥਾਪਤ ਢਾਂਚੇ ਰਾਹੀਂ ਘੱਟੋ-ਘੱਟ ਸਮਰਥਨ ਮੁੱਲ ਦੀ ਵਿਧੀ ਸਮੇਤ ਵੱਖ-ਵੱਖ ਸੁਰੱਖਿਆਵਾਂ ਬਹਾਲ ਕਰਕੇ ਕੇਂਦਰੀ ਐਕਟ ਦੇ ਲਾਗੂ ਹੋਣ ਨਾਲ ਪੰਜਾਬ ਦੇ ਕਿਸਾਨਾਂ ਵਲੋਂ ਨੁਕਸਾਨ ਦੇ ਜ਼ਾਹਰ ਕੀਤੇ ਤੌਖਲਿਆਂ ਨੂੰ ਰੋਕਣਾ ਹੈ ਤਾਂ ਜੋ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਨਾਲ-ਨਾਲ ਖੇਤੀਬਾੜੀ ਧੰਦੇ ਨਾਲ ਜੁੜੀਆਂ ਗਤੀਵਿਧੀਆਂ ਵਿਚ ਸ਼ਾਮਲ ਹੋਰਨਾਂ ਦੀ ਰੋਜ਼ੀ-ਰੋਟੀ ਅਤੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ।

ਇਸੇ ਦੌਰਾਨ ਖਪਤਕਾਰਾਂ ਨੂੰ ਖੇਤੀਬਾੜੀ ਉਪਜ ਦੀ ਜਮ੍ਹਾਂਖੋਰੀ ਅਤੇ ਕਾਲਾ-ਬਾਜ਼ਾਰੀ ਤੋਂ ਬਚਾਉਣ ਲਈ ਅਤੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਨਾਲ-ਨਾਲ ਖੇਤੀਬਾੜੀ ਧੰਦੇ ਨਾਲ ਜੁੜੀਆਂ ਗਤੀਵਿਧੀਆਂ ਵਿਚ ਸ਼ਾਮਲ ਹੋਰਾਂ ਦੀ ਰੋਜ਼ੀ-ਰੋਟੀ ਅਤੇ ਹਿੱਤਾਂ ਦੀ ਰਾਖੀ ਲਈ ਸੂਬਾ ਸਰਕਾਰ ਵਲੋਂ ਜ਼ਰੂਰੀ ਵਸਤਾਂ (ਵਿਸ਼ੇਸ਼ ਵਿਵਸਥਾਵਾਂ ਅਤੇ ਪੰਜਾਬ ਸੋਧ) ਬਿੱਲ, 2020 ਪੇਸ਼ ਕੀਤਾ ਗਿਆ ਹੈ।

ਇਹ ਬਿੱਲ ਜ਼ਰੂਰੀ ਵਸਤਾਂ ਐਕਟ, 1955 ਦੀ ਧਾਰਾ 1 (2) ਅਤੇ 3 (1 ਏ) ਵਿਚ ਸੋਧ ਕਰਕੇ ਕੇਂਦਰ ਦੇ ਜ਼ਰੂਰੀ ਵਸਤਾਂ (ਸੋਧ) ਐਕਟ, 2020 ਵਿਚ ਸੋਧ ਕਰਨ ਦੀ ਮੰਗ ਕਰਦਾ ਹੈ। ਇਹ ਬਿੱਲ ਜ਼ਰੂਰੀ ਵਸਤਾਂ (ਸੋਧ) ਐਕਟ, 2020 ਨਾਮੀ ਕੇਂਦਰੀ ਐਕਟ ਦੇ ਲਾਗੂ ਕਰਨ ਸਬੰਧੀ 04 ਜੂਨ, 2020 ਨੂੰ ਪਹਿਲਾਂ ਵਰਗੀ ਸਥਿਤੀ ਬਹਾਲ ਕਰਨ ਨੂੰ ਯਕੀਨੀ ਬਣਾਉਣ ਦੀ ਮੰਗ ਕਰਦਾ ਹੈ।

ਮੁੱਖ ਮੰਤਰੀ ਵਲੋਂ ਪੇਸ਼ ਕੀਤਾ ਗਿਆ ਚੌਥਾ ਬਿੱਲ ਕਿਸਾਨਾਂ ਨੂੰ 2.5 ਏਕੜ ਤੋਂ ਘੱਟ ਜ਼ਮੀਨ ਦੀ ਕੁਰਕੀ ਤੋਂ ਰਾਹਤ ਪ੍ਰਦਾਨ ਕਰਦਾ ਹੈ। 'ਕੋਡ ਆਫ ਸਿਵਲ ਪ੍ਰੋਸੀਜ਼ਰ (ਪੰਜਾਬ ਸੋਧ) ਬਿੱਲ-2020', ਕੋਡ ਆਫ ਸਿਵਲ ਪ੍ਰੋਸੀਜ਼ਰ 1908 ਦੀ ਧਾਰਾ 60 ਵਿਚ 2.5 ਏਕੜ ਤੋਂ ਘੱਟ ਦੀ ਖੇਤੀਬਾੜੀ ਵਾਲੀ ਜ਼ਮੀਨ ਨੂੰ ਛੋਟ ਦੇਣ ਦੀ ਵਿਵਸਥਾ ਸ਼ਾਮਲ ਕਰਨ ਦੀ ਮੰਗ ਕਰਦਾ ਹੈ। ਕੋਡ ਆਫ ਸਿਵਲ ਪ੍ਰੋਸੀਜ਼ਰ 1908 ਦੀ ਧਾਰਾ ਵਿਚ ਵੱਖ-ਵੱਖ ਚਲ ਅਤੇ ਅਚੱਲ ਜਾਇਦਾਦਾਂ ਦੀ ਕੁਰਕੀ/ ਫਰਮਾਨ ਦੀ ਵਿਵਸਥਾ ਹੈ। ਇਸ ਨਵੀਂ ਸੋਧ ਤਹਿਤ ਪਸ਼ੂ, ਸੰਦ, ਪਸ਼ੂਆਂ ਦੇ ਸ਼ੈਡ ਕਿਸਮਾਂ ਦੀਆਂ ਜਾਇਦਾਦਾਂ ਕੁਰਕੀ ਤੋਂ ਮੁਕਤ ਹੋਣਗੀਆਂ ਪਰ ਅਜੇ ਤੱਕ ਖੇਤੀਬਾੜੀ ਵਾਲੀ ਜ਼ਮੀਨ ਦੀ ਕੁਰਕੀ ਕੀਤੀ ਜਾ ਸਕਦੀ ਹੈ।

ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਭਾਵੇਂ ਪੰਜਾਬ ਸਰਕਾਰ ਦੀ ਇਸ ਪਹਿਲ ਦਾ ਸਵਾਗਤ ਕੀਤਾ ਹੈ ਪਰ ਕੁਝ ਸਵਾਲ ਵੀ ਚੁੱਕੇ ਹਨ। ਜਥੇਬੰਦੀਆਂ ਮੁਤਾਬਕ ਪੰਜਾਬ ਵਿਧਾਨ ਸਭਾ ਵਿਚ ਦੋ ਮਤੇ ਪਾਸ ਕੀਤੇ ਗਏ ਹਨ ਪਰ ਏ.ਪੀ.ਐਮ.ਸੀ. ਐਕਟ 2005, 2013 ਤੇ 2017 ਵਿਚ ਕੀਤੀਆਂ ਸੋਧਾਂ ਵਾਪਸ ਨਹੀਂ ਲਈਆਂ ਗਈਆਂ, ਸੂਬਿਆਂ ਨੂੰ ਵੱਧ ਅਧਿਕਾਰ ਦੇਣ, ਸੂਬਿਆਂ ਨੂੰ ਫਸਲ ਖਰੀਦਣ ਅਤੇ ਵੇਚਣ ਦਾ ਅਧਿਕਾਰ ਤੇ ਟੈਕਸਾਂ ਵਿਚ 95 ਫੀਸਦੀ ਹਿੱਸਾ ਸੂਬਿਆਂ ਨੂੰ ਦੇਣ ਦੇ ਹੱਕ ਵਿਚ ਮਤੇ ਪਾਸ ਨਹੀਂ ਕੀਤੇ ਗਏ। ਜੋ ਮਤੇ ਲਿਆਂਦੇ ਗਏ ਹਨ, ਉਹ ਐਮ.ਐਸ.ਪੀ. ਤੋਂ ਘੱਟ ਰੇਟ ਉਤੇ ਫਸਲ ਖਰੀਦਣ ਵਾਲੇ ਨੂੰ ਤਿੰਨ ਸਾਲ ਦੀ ਸਜ਼ਾ, ਸਾਰੇ ਪੰਜਾਬ ਨੂੰ ਮੰਡੀ ਐਲਾਨ ਦਿੱਤਾ ਗਿਆ ਹੈ ਅਤੇ ਬਿਜਲੀ ਸੋਧ ਬਿਲ ਤੇ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਗਿਆ ਹੈ। ਹਾਲਾਂਕਿ ਕਿਸਾਨ ਆਗੂਆਂ ਦਾ ਕਹਿਣਾ ਭਾਵੇਂ ਮਤਿਆਂ ਵਿਚ ਕੁਝ ਕਮੀਆਂ ਰਹਿ ਗਈਆਂ ਹਨ ਪਰ ਕੁੱਲ ਮਿਲਾ ਕੇ ਇਹ ਮਤੇ ਮੋਦੀ ਸਰਕਾਰ ਲਈ ਵੱਡੀ ਚੁਣੌਤੀ ਖੜ੍ਹੀ ਕਰਨਗੇ ਤੇ ਹੋਰ ਸੂਬੇ ਵੀ ਇਸ ਪਹਿਲ ਲਈ ਅੱਗੇ ਆਉਣਗੇ।

## ਮੁਲਤਾਨੀ ਕੇਸ: ਸੈਕਟਰ-17 ਥਾਣੇ ਦੇ ਤਤਕਾਲੀ ਐਸ. ਐਚ. ਓ. ਦੇ ਗ੍ਰਿਫਤਾਰੀ ਵਾਰੰਟ

**ਮੋਹਾਲੀ:** ਮੋਹਾਲੀ ਦੇ ਵਸਨੀਕ ਅਤੇ ਸਿਟਕੋ ਦੇ ਜੂਨੀਅਰ ਇੰਜੀਨੀਅਰ (ਜੇਈ) ਬਲਵੰਤ ਸਿੰਘ ਮੁਲਤਾਨੀ ਨੂੰ ਤਿੰਨ ਦਹਾਕੇ ਪਹਿਲਾਂ ਅਗਵਾ ਕਰਨ ਮਗਰੋਂ ਭੇਤ-ਭਰੀ ਹਾਲਤ 'ਚ ਲਾਪਤਾ ਕਰਨ ਦੇ ਮਾਮਲੇ ਵਿਚ ਮੋਹਾਲੀ ਅਦਾਲਤ ਨੇ ਚੰਡੀਗੜ੍ਹ ਦੇ ਸੈਕਟਰ-17 ਥਾਣਾ ਦੇ ਤਤਕਾਲੀ ਐਸ.ਐਚ.ਓ. ਕੇ.ਆਈ.ਪੀ. ਸਿੰਘ ਦੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹਨ। ਪੀੜਤ ਪਰਿਵਾਰ ਸ਼ੁਰੂ ਤੋਂ ਹੀ ਮੰਗ ਕਰਦਾ ਆ ਰਿਹਾ ਸੀ ਕਿ ਜਿਸ ਥਾਣੇ ਵਿਚ ਮੁਲਤਾਨੀ ਨੂੰ ਨਾਜਾਇਜ਼ ਹਿਰਾਸਤ ਵਿਚ ਰੱਖ ਕੇ ਤਸ਼ੱਦਦ ਢਾਹਿਆ ਗਿਆ, ਉਥੋਂ ਦੇ ਤਤਕਾਲੀ ਐਸ.ਐਚ.ਓ. ਖਿਲਾਫ ਕਾਰਵਾਈ ਕੀਤੀ ਜਾਵੇ।

ਉਧਰ, ਉਕਤ ਮਾਮਲੇ ਵਿਚ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਖਿਲਾਫ ਮੁਹਾਲੀ ਦੇ ਮਟੌਰ ਥਾਣੇ ਵਿਚ 302, 364 ਸਮੇਤ ਹੋਰਨਾਂ ਸਖਤ ਧਰਾਵਾਂ ਤਹਿਤ ਦਰਜ ਕੇਸ ਤਹਿਤ ਜਾਰੀ ਗ੍ਰਿਫਤਾਰੀ ਵਾਰੰਟ ਵਾਪਸ ਲੈਣ ਦੇ ਮਾਮਲੇ ਦੀ ਸੁਣਵਾਈ ਅੱਗੇ ਟਲ ਗਈ ਹੈ।

ਸੈਣੀ ਨੇ ਆਪਣੇ ਵਕੀਲ ਰਾਹੀਂ ਮੁਹਾਲੀ ਅਦਾਲਤ 'ਚ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਹੈ ਕਿ ਜਦੋਂ ਸੁਪਰੀਮ ਕੋਰਟ ਵਲੋਂ ਉਨ੍ਹਾਂ ਦੀ ਗ੍ਰਿਫਤਾਰੀ 'ਤੇ ਰੋਕ ਲਗਾਈ ਗਈ ਹੈ ਤਾਂ ਉਨ੍ਹਾਂ ਖਿਲਾਫ ਕੁਝ ਦਿਨ ਪਹਿਲਾਂ ਜਾਰੀ ਹੋਏ ਗ੍ਰਿਫਤਾਰੀ ਵਾਰੰਟ ਵਾਪਸ ਲਏ ਜਾਣ।

## ਭਾਰਤੀ-ਅਮਰੀਕੀ ਲੜਕੀ ਨੇ ਜਿੱਤਿਆ 25 ਹਜ਼ਾਰ ਡਾਲਰ ਦਾ ਵਿਗਿਆਨ ਮੁਕਾਬਲਾ

**ਹਿਊਸਟਨ:** ਭਾਰਤੀ-ਅਮਰੀਕੀ ਲੜਕੀ ਅਨਿਕਾ ਸ਼ਬਰੂਲ (14) ਨੇ ਨੌਜਵਾਨ ਵਿਗਿਆਨੀਆਂ ਲਈ ਇਕ ਮੁਕਾਬਲੇ 'ਚ 25 ਹਜ਼ਾਰ ਅਮਰੀਕੀ ਡਾਲਰ ਦਾ ਇਨਾਮ ਜਿੱਤਿਆ ਹੈ। ਟੈਕਸਸ ਦੇ ਫ੍ਰਿਸਕੋ ਵਿਚ ਅੱਠਵੀਂ ਜਮਾਤ ਦੀ ਵਿਦਿਆਰਥਣ ਅਨਿਕਾ ਵਲੋਂ ਕੀਤੇ ਖੋਜ ਕੰਮ ਨੂੰ ਕੋਵਿਡ-19 ਦੇ ਇਲਾਜ ਲਈ ਵਰਤਿਆ ਜਾ ਸਕਦਾ ਹੈ। 3ਐਮ ਯੰਗ ਸਾਇੰਟਿਸਟ ਚੈਲੰਜ, ਅਮਰੀਕਾ ਦੇ ਪ੍ਰੀਮੀਅਰ ਮਿਡਲ ਸਕੂਲ ਦਾ ਵਿਗਿਆਨ ਮੁਕਾਬਲਾ ਹੈ। 3ਐਮ ਚੈਲੰਜ ਦੀ ਵੈੱਬਸਾਈਟ ਮੁਤਾਬਕ ਅਨਿਕਾ ਨੇ ਕਰੋਨਾ ਵਾਇਰਸ ਮਹਾਮਾਰੀ ਦੇ ਇਲਾਜ ਲਈ ਕਾਰਗਰ ਦਵਾਈ ਦੀ ਖੋਜ ਲਈ ਸਿਲਿਕੋ ਕਾਰਜ ਵਿਧੀ ਦਾ ਇਸਤੇਮਾਲ ਕੀਤਾ ਹੈ ਤਾਂ ਕਿ ਉਸ ਕਣ ਦਾ ਪਤਾ ਲਾਇਆ ਜਾ ਸਕੇ, ਜੋ ਸਾਰਸ-ਕੋਵ-2 ਵਾਇਰਸ ਦੇ ਸਪਾਈਕ ਪ੍ਰੋਟੀਨ ਨੂੰ ਬੰਨ੍ਹ ਕੇ ਰੱਖ ਸਕੇ।

## ਸਟਾਰ ਪ੍ਰਚਾਰਕਾਂ ਦੀ ਸੂਚੀ 'ਚ ਸਿੱਧੂ ਸ਼ਾਮਲ

**ਭੁਪਾਲ:** ਮੱਧ ਪ੍ਰਦੇਸ਼ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਦੇ ਪ੍ਰਚਾਰ ਲਈ ਕਾਂਗਰਸ ਨੇ 30 ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ ਕੀਤੀ ਹੈ, ਜਿਸ 'ਚ ਪੰਜਾਬ ਦੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਸੂਚੀ 'ਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਮੱਧ ਪ੍ਰਦੇਸ਼ ਤੋਂ ਇਕਲੌਤੇ ਸੰਸਦ ਮੈਂਬਰ ਨਕੁਲਨਾਥ ਦਾ ਨਾਂ ਨਹੀਂ ਹੈ। ਸੂਚੀ 'ਚ ਪੰਜਾਬ ਤੋਂ ਕਿਸੇ ਹੋਰ ਨੇਤਾ ਦਾ ਨਾਂ ਸ਼ਾਮਲ ਨਹੀਂ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੁਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਢਿਲੋਂ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਪੰਜਾਬ ਦੇ ਪਿੰਡਾਂ ਨੂੰ 'ਸਮਾਰਟ' ਬਣਾਏਗੀ ਕੈਪਟਨ ਅਮਰਿੰਦਰ ਸਿੰਘ ਸਰਕਾਰ

**ਚੰਡੀਗੜ੍ਹ:** ਕਾਂਗਰਸ ਆਗੂ ਰਾਹੁਲ ਗਾਂਧੀ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ ਪੇਂਡੂ ਖੇਤਰ ਦੀ ਮੁਕੰਮਲ ਤੌਰ ਉਤੇ ਕਾਇਆ-ਕਲਪ ਕਰਨ ਲਈ 2,775 ਕਰੋੜ ਰੁਪਏ ਦੀ ਲਾਗਤ ਵਾਲੀ ਪੰਜਾਬ ਦੀ 'ਸਮਾਰਟ ਪਿੰਡ ਮੁਹਿੰਮ' ਦੇ ਦੂਜੇ ਪੜਾਅ ਦੀ ਵਰਚੁਅਲ ਤੌਰ ਉਤੇ ਸ਼ੁਰੂਆਤ ਕੀਤੀ। ਰਾਹੁਲ ਗਾਂਧੀ ਨੇ ਨਵੀਂ ਦਿੱਲੀ ਤੋਂ ਮੁਹਿੰਮ ਦੀ ਸ਼ੁਰੂਆਤ ਕੀਤੀ ਜਦਕਿ ਮੁੱਖ ਮੰਤਰੀ ਅਤੇ ਪੰਜਾਬ ਦੇ ਮੰਤਰੀ, ਅਧਿਕਾਰੀ ਅਤੇ ਸਰਪੰਚਾਂ ਨੇ 1,500 ਥਾਵਾਂ ਤੋਂ ਡਿਜੀਟਲ ਮਾਧਿਅਮ ਰਾਹੀਂ ਸਮਾਗਮ ਵਿਚ ਸ਼ਿਰਕਤ ਕੀਤੀ ਅਤੇ ਸੂਬੇ ਭਰ ਵਿਚ 48,910 ਕਾਰਜਾਂ ਦਾ ਆਗਾਜ਼ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸਕੀਮ ਪੇਂਡੂ ਮੁਹਾਂਦਰਾ ਬਦਲਣ ਦੀ ਰਣਨੀਤੀ ਦੀ ਕੜੀ ਵਜੋਂ ਤਕਨਾਲੋਜੀ ਦੀਆਂ ਖੂਬੀਆਂ ਰਾਹੀਂ ਲੋਕਾਂ ਦਾ ਜੀਵਨ ਪੱਧਰ ਉਚਾ ਚੁੱਕਣ ਲਈ ਵਿਆਪਕ ਪੱਧਰ ਉਤੇ ਪੇਂਡੂ ਬੁਨਿਆਦੀ ਢਾਂਚਾ ਸਿਰਜੇਗੀ। ਪਹਿਲੇ ਪੜਾਅ ਦਾ ਆਗਾਜ਼ ਸਾਲ 2019 ਵਿਚ ਕੀਤਾ ਗਿਆ ਸੀ, ਜਿਸ ਲਈ 835 ਕਰੋੜ ਰੁਪਏ ਦੀ ਲਾਗਤ ਨਾਲ 19,132 ਕਾਰਜ ਕੀਤੇ ਗਏ ਸਨ।

ਰਾਹੁਲ ਗਾਂਧੀ ਨੇ ਕਿਹਾ ਕਿ ਪੇਂਡੂ ਢਾਂਚੇ ਵਿਚ ਕਿਸੇ ਤਰ੍ਹਾਂ ਦੀ ਕਮਜ਼ੋਰੀ ਮੁਲਕ ਦੀ ਪ੍ਰਗਤੀ ਵਿਚ ਅੜਿੱਕਾ ਪੈਦਾ ਕਰੇਗੀ। ਉਨ੍ਹਾਂ ਭਾਰਤ ਦੀ ਤਰੱਕੀ ਲਈ ਇਨ੍ਹਾਂ ਨੀਹਾਂ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਪਿੰਡਾਂ ਅਤੇ ਇਥੋਂ ਦੇ ਲੋਕਾਂ ਦੀ ਸੁਰੱਖਿਆ ਸ਼ਹਿਰਾਂ ਅਤੇ ਮੁਲਕ ਨੂੰ ਬਚਾਉਣ ਲਈ ਸਹਾਈ ਹੋਵੇਗੀ। ਕਾਂਗਰਸੀ ਸੰਸਦ ਮੈਂਬਰ ਨੇ ਕੈਪਟਨ ਸਰਕਾਰ ਵਲੋਂ ਪੇਂਡੂ ਬੁਨਿਆਦੀ ਢਾਂਚੇ ਦੇ ਸੁਧਾਰ ਲਈ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪਿੰਡ ਵਿਚ ਖਰਚਿਆ ਜਾ ਰਿਹਾ ਪੈਸਾ ਸੂਬੇ ਦੇ ਲੋਕਾਂ ਦੀ ਖੂਨ-ਪਸੀਨੇ ਦੀ ਕਮਾਈ ਹੈ ਅਤੇ ਇਕ-ਇਕ ਪੈਸਾ ਭ੍ਰਿਸ਼ਟ ਗੁੰਝਲਾਂ ਤੋਂ ਮੁਕਤ ਹੋ ਕੇ ਲਾਭਪਾਤਰੀਆਂ ਤੱਕ ਪਹੁੰਚਣਾ ਚਾਹੀਦਾ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਕਾਂਗਰਸ ਪਾਰਟੀ ਜ਼ਮੀਨੀ ਪੱਧਰ ਉਤੇ ਕੰਮ ਕਰਨ ਵਿਚ ਵਿਸ਼ਵਾਸ ਰੱਖਦੀ ਹੈ ਅਤੇ ਕਾਂਗਰਸ ਸਰਕਾਰਾਂ ਨੇ ਪੰਚਾਇਤਾਂ ਦੇ ਵਿਚਾਰ ਜਾਣਨ ਤੋਂ ਬਾਅਦ ਹੀ ਆਪਣੇ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਕਿਹਾ ਕਿ ਸਮਾਰਟ ਪਿੰਡ ਮੁਹਿੰਮ ਤਹਿਤ ਸਕੀਮਾਂ ਵੀ ਹੇਠਲੇ ਪੱਧਰ ਉਤੇ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਤਿਆਰ ਕੀਤੀਆਂ ਹਨ, ਜਿਸ ਨਾਲ ਯਕੀਨਨ ਤੌਰ ਉਤੇ ਇੱਛਾਜਨਕ ਨਤੀਜੇ ਸਾਹਮਣੇ ਆਉਣਗੇ। ਕੈਪਟਨ ਨੇ ਕਿਹਾ ਕਿ ਇਸ ਮੁਹਿੰਮ ਦੇ ਪਹਿਲੇ ਪੜਾਅ ਵਿਚ ਛੱਪੜਾਂ ਦੀ ਸਫ਼ਾਈ, ਸਟਰੀਟ ਲਾਈਟਾਂ, ਪਾਰਕ, ਜਿਮਨੇਜ਼ੀਅਮ, ਕਮਿਊਨਿਟੀ ਹਾਲ, ਪੀਣ ਵਾਲੇ ਪਾਣੀ ਦੀ ਸਪਲਾਈ, ਮਾਡਲ ਆਂਗਣਵਾੜੀ ਸੈਂਟਰ, ਸਮਾਰਟ ਸਕੂਲ ਅਤੇ



ਰਹਿੰਦ-ਖੂੰਹਦ ਦਾ ਪ੍ਰਬੰਧਨ ਵਰਗੇ ਮੁੱਖ ਖੇਤਰਾਂ ਨੂੰ ਤਰਜੀਹ ਦਿੱਤੀ ਗਈ ਤਾਂ ਕਿ ਯੋਗ ਵਾਤਾਵਰਨ ਮੁਹੱਈਆ ਕਰਵਾ ਕੇ ਪੰਜਾਬ ਦੇ ਪਿੰਡਾਂ ਨੂੰ ਸਵੈ-ਸਥਿਰ ਬਣਾਇਆ ਜਾ ਸਕੇ। ਮੁੱਖ ਮੰਤਰੀ ਨੇ ਦੱਸਿਆ ਕਿ ਦੂਜੇ ਪੜਾਅ ਵਿਚ ਪੰਜਾਬ ਵਿਚ 13,264 ਪੰਚਾਇਤਾਂ ਨੂੰ ਢੁਕਵੇਂ ਫੰਡ ਤਬਦੀਲ ਕੀਤੇ ਜਾ ਚੁੱਕੇ ਹਨ। ਸੂਬਾ ਸਰਕਾਰ ਦੀ ਇੱਛਾ ਅਜਿਹੇ ਲੋਕਾਂ ਦੀ ਸਹਾਇਤਾ ਕਰਨ ਦੀ ਵੀ ਹੈ, ਜੋ ਆਰਜ਼ੀ ਛੱਤਾਂ ਵਾਲੇ ਘਰਾਂ ਵਿਚ ਰਹਿ ਰਹੇ ਹਨ। ਇਸ ਤਹਿਤ 'ਹਰ ਘਰ ਪੱਕੀ ਛੱਤ' ਦੇ ਇਰਾਦੇ ਨਾਲ ਪਿੰਡਾਂ ਦੇ ਗਰੀਬਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਨਾਲ ਸਮੂਹਿਕ ਵਿਕਾਸ ਹੋਵੇਗਾ। ਇਸ ਸਕੀਮ ਵਿਚ ਮਹਿਲਾ ਮੁਖੀ ਪਰਿਵਾਰ, ਦਿਵਿਆਂਗ ਵਿਅਕਤੀਆਂ, ਸਖਤ ਬਿਮਾਰ ਵਿਅਕਤੀ, ਸ਼ਹੀਦਾਂ ਦੇ ਪਰਿਵਾਰ, ਅਨੁਸੂਚਿਤ ਜਾਤੀਆਂ ਆਦਿ ਨੂੰ ਸ਼ਾਮਲ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸਾਲ 2020-22 ਤੱਕ ਇਕ ਲੱਖ ਸਰਕਾਰੀ ਨੌਕਰੀਆਂ ਦਿੱਤੀਆਂ ਜਾਣਗੀਆਂ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਨੇ ਵੀ ਸੰਬੋਧਨ ਕੀਤਾ।

# ਬਿਜਲੀ ਸੰਕਟ ਬਾਰੇ ਮੋਦੀ ਸਰਕਾਰ ਵਲ ਉਂਗਲ ਉਠਾਈ

**ਚੰਡੀਗੜ੍ਹ:** ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵਲੋਂ ਰੇਲਾਂ ਰੋਕਣ ਕਾਰਨ ਸੂਬੇ ਵਿਚ ਬਿਜਲੀ ਦਾ ਸੰਕਟ ਪੈਦਾ ਹੋ ਗਿਆ ਹੈ। ਖੁਰਾਕ ਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਦਾਅਵਾ ਕੀਤਾ ਕਿ ਪੰਜਾਬ ਵਿਚ ਵੱਡੇ ਬਿਜਲੀ ਦੇ ਕੱਟ ਲੱਗਣਗੇ ਕਿਉਂਕਿ ਥਰਮਲ ਪਲਾਂਟਾਂ ਵਿਚ ਕੋਲਾ ਮੁੱਕ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਕਿਸਾਨਾਂ ਦਾ ਰੇਲ ਰੋਕੋ ਅੰਦੋਲਨ ਨਹੀਂ ਖੁੱਲ੍ਹਦਾ ਤਾਂ ਆਉਣ ਵਾਲੇ ਸਮੇਂ ਵਿਚ ਮੁਸ਼ਕਲਾਂ ਹੋਰ ਵਧਣ ਵਾਲੀਆਂ ਹਨ। ਉਧਰ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਧਰਨਿਆਂ ਕਾਰਨ ਕੋਲੇ ਦੀ ਘਾਟ ਦਾ ਜ਼ਿਕਰ ਕਰਦਿਆਂ ਇਸ ਸੰਭਾਵੀ ਸੰਕਟ ਲਈ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਕਿਉਂਕਿ ਕੇਂਦਰ ਸਰਕਾਰ ਨੇ ਕਿਸਾਨਾਂ ਨਾਲ ਗੱਲਬਾਤ ਕਰ ਕੇ ਖੇਤੀ ਕਾਨੂੰਨਾਂ ਦਾ ਮਾਮਲਾ ਹੱਲ ਨਹੀਂ ਕੀਤਾ।

ਮੁੱਖ ਮੰਤਰੀ ਨੇ ਕੌਮੀ ਬਿਜਲੀ ਗਰਿੱਡ ਤੋਂ ਹੋਰ ਬਿਜਲੀ ਖਰੀਦ ਲੈਣ ਦੇ ਸਵਾਲ ਦੇ ਜਵਾਬ ਵਿਚ ਮੋੜਵਾਂ ਸਵਾਲ ਕੀਤਾ ਹੈ ਕਿ ਪੈਸਾ ਕਿੱਥੋਂ ਆਵੇਗਾ? ਸਰਕਾਰ ਨੇ ਲਹਿਰਾ ਮੁਹੱਬਤ ਪਲਾਂਟ ਦੇ ਦੋ ਅਤੇ ਗੋਇੰਦਵਾਲ ਥਰਮਲ ਦਾ ਇਕ ਯੂਨਿਟ ਬੰਦ ਹੋਣ ਦੀ ਜਾਣਕਾਰੀ ਵੀ ਸਾਂਝੀ ਕੀਤੀ ਹੈ। ਪੰਜਾਬ ਸਰਕਾਰ ਦੇ ਤਿੰਨ ਮੰਤਰੀਆਂ ਦੀ ਟੀਮ ਨੇ ਕਿਸਾਨ ਜਥੇਬੰਦੀਆਂ ਨੂੰ ਰੇਲ ਪਟੜੀਆਂ ਤੋਂ ਧਰਨੇ ਚੁੱਕਣ ਲਈ ਮਨਾਉਣ ਦਾ ਯਤਨ ਵੀ ਕੀਤਾ। ਪੰਜਾਬ ਦੇ ਤਿੰਨ ਨਿੱਜੀ ਥਰਮਲ ਪਲਾਂਟਾਂ ਦੀ ਸਥਿਤੀ ਇਹ ਹੈ ਕਿ ਰਾਜਪੁਰਾ, ਤਲਵੰਡੀ ਸਾਬੋ ਅਤੇ ਜੀ.ਵੀ.ਕੇ. ਗੋਇੰਦਵਾਲ ਆਪਣਾ ਸਾਰਾ ਕੋਲਾ



ਮੁਕਾ ਚੁੱਕਾ ਹੈ। ਸਵਾਲ ਇਹ ਹੈ ਕਿ ਇਸ ਲਈ ਜ਼ਿੰਮੇਵਾਰ ਕੌਣ ਹੈ।

ਕੇਂਦਰੀ ਬਿਜਲੀ ਅਥਾਰਟੀ ਵਲੋਂ ਨਵੰਬਰ 2017 ਵਿਚ ਜਾਰੀ ਗਾਈਡਲਾਈਨਜ਼ ਮੁਤਾਬਕ ਕੋਲੇ ਦੀ ਖਾਣਾਂ ਤੋਂ ਇਕ ਹਜ਼ਾਰ ਕਿਲੋਮੀਟਰ ਦੂਰ ਵਾਲੇ ਥਰਮਲ ਪਲਾਂਟਾਂ ਨੂੰ ਘੱਟੋ-ਘੱਟ ਇਕ ਮਹੀਨੇ ਦਾ ਕੋਲਾ ਰਿਜ਼ਰਵ ਰੱਖਣਾ ਇਸ ਲਈ ਜ਼ਰੂਰੀ ਹੈ ਕਿਉਂਕਿ ਕੁਦਰਤੀ ਆਫਤਾਂ ਜਾਂ ਕਿਸੇ ਹੋਰ ਕਾਰਨ ਰੇਲ ਸੇਵਾਵਾਂ ਵਿਚ ਵਿਘਨ ਪੈ ਸਕਦਾ ਹੈ। ਕਿਸਾਨਾਂ ਵਲੋਂ ਇਕ ਅਕਤੂਬਰ ਤੋਂ ਰੇਲ ਰੋਕੋ ਦਾ ਪਹਿਲਾਂ ਸੱਦਾ ਦਿੱਤੇ ਹੋਣ ਕਰ ਕੇ ਜੇਕਰ ਨਿੱਜੀ ਥਰਮਲ ਪਲਾਂਟਾਂ ਦੇ ਪ੍ਰਬੰਧਕ ਕੇਂਦਰੀ ਬਿਜਲੀ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਉੱਤੇ ਅਮਲ ਕਰਦੇ ਤਾਂ ਇਹ ਸੰਕਟ ਨਹੀਂ ਸੀ ਆਉਣਾ। ਜੇ ਥਰਮਲ ਪਲਾਂਟਾਂ ਨੇ ਇੰਨਾ ਕੋਲਾ ਰਿਜ਼ਰਵ ਨਾ ਰੱਖ ਕੇ ਕੇਂਦਰੀ ਸਰਕਾਰ ਦੀਆਂ ਗਾਈਡਲਾਈਨਜ਼ ਨਹੀਂ ਮੰਨੀਆਂ ਤਾਂ ਸੂਬਾ ਸਰਕਾਰ ਇਨ੍ਹਾਂ ਥਰਮਲ ਪਲਾਂਟਾਂ ਨੂੰ ਫਿਕਸਡ ਚਾਰਜ ਦੇਣ ਦੀ ਪਾਬੰਦ ਨਹੀਂ ਹੈ। ਇਨ੍ਹਾਂ ਥਰਮਲ ਕੰਪਨੀਆਂ ਨਾਲ ਹੋਏ ਬਿਜਲੀ ਖਰੀਦ ਸਮਝੌਤਿਆਂ ਉਤੇ ਮੁੜ ਵਿਚਾਰ ਕਰਨ ਦਾ ਮੁੱਦਾ ਪਹਿਲਾਂ ਵੀ ਚਰਚਾ ਵਿਚ ਰਿਹਾ ਹੈ।

ਪੰਜਾਬ ਨੂੰ ਕੇਂਦਰੀ ਗਰਿੱਡ ਤੋਂ 4200 ਮੈਗਾਵਾਟ ਬਿਜਲੀ ਰੋਜ਼ਾਨਾ ਅਧਿਕਾਰਤ ਤੌਰ ਉਤੇ ਮਿਲਦੀ ਹੈ। ਪਣਬਿਜਲੀ 5 ਤੋਂ 6 ਸੌ ਮੈਗਾਵਾਟ ਅਤੇ ਬਾਇਓ ਫਿਊਲ 7 ਤੋਂ 8 ਸੌ ਮੈਗਾਵਾਟ ਬਿਜਲੀ ਮਿਲਦੀ ਹੈ। ਨਿੱਜੀ ਥਰਮਲ ਪਲਾਂਟਾਂ ਤੋਂ ਬਿਜਲੀ ਔਸਤਨ 3.50 ਰੁਪਏ ਪ੍ਰਤੀ ਯੂਨਿਟ ਬਿਜਲੀ ਖਰੀਦੀ ਜਾ ਰਹੀ ਹੈ ਜਦਕਿ ਮਾਰਕਿਟ ਵਿਚ ਤਿੰਨ ਤੋਂ 3.15 ਰੁਪਏ ਯੂਨਿਟ ਬਿਜਲੀ ਉਪਲੱਬਧ ਹੈ।

## ਕੇਂਦਰ ਨੇ ਹੰਕਾਰੀ ਰਵੱਈਆ ਅਪਣਾਇਆ: ਅਮਰਿੰਦਰ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਬਿਜਲੀ ਸੰਕਟ ਲਈ ਕੇਂਦਰ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਲੰਘੇ ਦਿਨੀਂ ਮੀਟਿੰਗ ਦੌਰਾਨ ਕਿਸਾਨ ਯੂਨੀਅਨਾਂ ਪ੍ਰਤੀ ਹੰਕਾਰੀ ਰਵੱਈਆ ਅਪਣਾਇਆ ਤੇ ਇਹੀ ਵਜ੍ਹਾ ਹੈ ਕਿ ਕੇਂਦਰ ਸਰਕਾਰ ਪੰਜਾਬ ਦੇ ਬਿਜਲੀ ਸੰਕਟ ਨੂੰ ਹੱਲ ਕਰਨ ਵਿਚ ਨਾਕਾਮ ਰਹੀ ਹੈ। ਮੁੱਖ ਮੰਤਰੀ ਨੇ ਕੌਮੀ ਗਰਿੱਡ 'ਚੋਂ ਬਿਜਲੀ ਖਰੀਦਣ ਦੇ ਬਦਲ ਬਾਰੇ ਆਖਿਆ ਕਿ ਇਸ ਲਈ ਪੈਸੇ ਕਿੱਥੇ ਹਨ। ਕੈਪਟਨ ਨੇ ਕਿਹਾ ਕਿ ਉਹ ਕਿਸਾਨਾਂ ਦੇ ਭਵਿੱਖ ਨੂੰ ਬਚਾਉਣ ਲਈ ਹਰ ਹੀਲਾ ਵਸੀਲਾ ਕਰਨਗੇ।

# ਡਾ. ਕੁਲਦੀਪ ਸਿੰਘ ਧੀਰ ਦਾ ਦੇਹਾਂਤ

**ਪਟਿਆਲਾ:** ਉਘੇ ਪੰਜਾਬੀ ਲੇਖਕ, ਸ਼੍ਰੋਮਣੀ ਸਾਹਿਤਕਾਰ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਡੀਨ ਅਕਾਦਮਿਕ ਤੇ ਭਾਸ਼ਾਵਾਂ ਡਾ. ਕੁਲਦੀਪ ਸਿੰਘ ਧੀਰ ਦਾ ਦੇਹਾਂਤ ਹੋ ਗਿਆ। ਦੱਸਣਯੋਗ ਹੈ ਕਿ ਡਾ. ਧੀਰ ਨੇ ਪੰਜਾਬੀ ਸਾਹਿਤ ਦੀ ਝੋਲੀ 'ਚ ਵੱਡਮੁਲਾ ਸਾਹਿਤ ਪਾਇਆ ਹੈ, ਖਾਸ ਕਰ ਕੇ ਵਿਗਿਆਨ ਵਿਸ਼ਿਆਂ ਬਾਰੇ ਲਿਖਿਆ ਸਾਹਿਤ ਹਰ ਪੱਖ ਤੋਂ ਪ੍ਰਵਾਨ ਵੀ ਚੜ੍ਹਿਆ। ਉਨ੍ਹਾਂ ਵਿਚ ਪੰਜਾਬੀ ਭਾਸ਼ਾ 'ਚ ਵਿਗਿਆਨ ਦੇ ਸ਼ਬਦਾਂ ਨੂੰ ਸੌਖੇ ਤੇ ਸਰਲ ਢੰਗ ਨਾਲ ਪੇਸ਼ ਕਰਨ ਦੀ ਵਿਲੱਖਣ ਕਲਾ ਸੀ। ਉਨ੍ਹਾਂ ਪੰਜਾਬੀ ਸਾਹਿਤ ਜਗਤ ਦੀ ਝੋਲੀ ਵੱਖ-ਵੱਖ ਵਿਧਾਂ 'ਚ 40 ਤੋਂ ਵੱਧ ਪੁਸਤਕਾਂ ਦਾ ਯੋਗਦਾਨ ਪਾਇਆ। ਪੰਜਾਬੀ ਅਖਬਾਰਾਂ ਤੇ ਰਸਾਲਿਆਂ ਵਿਚ ਵੀ ਉਨ੍ਹਾਂ ਵੱਖਰੀ ਪਛਾਣ ਕਾਇਮ ਕੀਤੀ।



ਡਾ. ਕੁਲਦੀਪ ਸਿੰਘ ਧੀਰ ਦੇ ਸਦੀਵੀ ਵਿਛੋੜੇ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਡਾ. ਧੀਰ ਦਾ ਵਿਛੋੜਾ ਪੰਜਾਬੀ ਸਾਹਿਤ ਲਈ ਵੱਡਾ ਘਾਟਾ ਹੈ। ਉਨ੍ਹਾਂ ਪੰਜਾਬੀ ਵਿਚ ਨਾਟ-ਸਾਹਿਤ, ਗੁਰਬਾਣੀ ਅਤੇ ਸਿੱਖ ਧਰਮ ਦਰਸ਼ਨ ਬਾਰੇ ਮਹੱਤਵਪੂਰਨ ਆਲੋਚਨਾ ਪੁਸਤਕਾਂ ਲਿਖੀਆਂ। ਉਨ੍ਹਾਂ ਦੇ ਲਿਖੇ ਸਾਹਿਤਕ ਰੇਖਾ-ਚਿੱਤਰ ਅਤੇ ਵਿਗਿਆਨੀਆਂ ਦੇ ਜੀਵਨ ਬੜੇ ਮਕਬੂਲ ਹੋਏ।

# ਪਰਾਲੀ ਮਸਲੇ ਦੇ ਹੱਲ ਦੀ ਥਾਂ ਆਪਸ ਵਿਚ ਹੀ ਉਲਝੀਆਂ ਸਰਕਾਰਾਂ

**ਨਵੀਂ ਦਿੱਲੀ:** ਹਵਾ ਪ੍ਰਦੂਸ਼ਣ ਵਿਚ ਪਰਾਲੀ ਸਾੜਨ ਦੀ ਹਿੱਸੇਦਾਰੀ ਦੇ ਵੱਖ-ਵੱਖ ਦਾਅਵਿਆਂ ਨੂੰ ਲੈ ਕੇ ਹੁਣ ਕੇਂਦਰ ਅਤੇ ਦਿੱਲੀ ਸਰਕਾਰ ਆਹਮੋ-ਸਾਹਮਣੇ ਹਨ, ਜਿਥੇ ਵਾਤਾਵਰਨ ਬਾਰੇ ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਦਿੱਲੀ 'ਚ ਪ੍ਰਦੂਸ਼ਣ ਲਈ ਮੁੱਖ ਕਾਰਨ ਸਥਾਨਕ ਤੱਤਾਂ ਨੂੰ ਕਰਾਰ ਦਿੰਦਿਆਂ ਕਿਹਾ ਕਿ ਦਿੱਲੀ ਦੇ ਪ੍ਰਦੂਸ਼ਣ 'ਚ ਪਰਾਲੀ ਦਾ ਯੋਗਦਾਨ ਸਿਰਫ 4 ਫੀਸਦੀ ਹੈ, ਉਥੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਸ ਨੂੰ ਦੋਸ਼ਪੂਰਨ ਸਿਆਸਤ ਕਰਾਰ ਦਿੰਦਿਆਂ ਕੇਂਦਰ ਨੂੰ ਨਿਸ਼ਾਨੇ ਉਤੇ ਲੈਂਦਿਆਂ ਕਿਹਾ ਕਿ ਜੇਕਰ ਪਰਾਲੀ ਸਾੜਨ ਨਾਲ ਸਿਰਫ 4 ਫੀਸਦੀ ਪ੍ਰਦੂਸ਼ਣ ਹੁੰਦਾ ਹੈ ਤਾਂ ਬੀਤੇ ਕੁਝ ਦਿਨਾਂ 'ਚ ਪ੍ਰਦੂਸ਼ਣ ਅਚਾਨਕ ਕਿਵੇਂ ਵਧ ਗਿਆ ਹੈ। ਦੱਸ ਦਈਏ ਕਿ ਦਿੱਲੀ ਸਰਕਾਰ ਹਮੇਸ਼ਾ ਦੋਸ਼ ਲਾਉਂਦੀ ਰਹੀ ਹੈ ਕਿ ਰਾਜਧਾਨੀ ਵਿਚ ਪ੍ਰਦੂਸ਼ਣ ਪੰਜਾਬ ਦੇ ਕਿਸਾਨਾਂ ਵੱਲੋਂ ਪਰਾਲੀ ਨੂੰ ਅੱਗ ਲਾਉਣ ਕਾਰਨ ਫੈਲਦਾ ਹੈ, ਪਰ ਕੇਂਦਰੀ ਮੰਤਰੀ ਦੇ ਤਾਜ਼ਾ ਬਿਆਨ ਨੇ ਕੇਜਰੀਵਾਲ ਸਰਕਾਰ ਦੇ ਦਾਅਵੇ ਉਤੇ ਸਵਾਲ ਖੜ੍ਹੇ ਕੀਤੇ ਹਨ।

ਜਾਵੜੇਕਰ ਨੇ ਨੂੰ ਇਕ ਪ੍ਰੈੱਸ ਕਾਨਫਰੰਸ 'ਚ ਦਿੱਲੀ, ਐਨ.ਸੀ.ਆਰ. ਵਿਚ ਵਧ ਰਹੇ ਪ੍ਰਦੂਸ਼ਣ 'ਤੇ ਚਿੰਤਾ ਦਾ ਪ੍ਰਗਟਾਅ ਕਰਦਿਆਂ ਕਿਹਾ ਕਿ ਦਿੱਲੀ 'ਚ 96 ਫੀਸਦੀ ਪ੍ਰਦੂਸ਼ਣ ਸਥਾਨਕ ਕਾਰਨਾਂ ਕਾਰਨ ਵਧ ਰਿਹਾ ਹੈ ਜਦਕਿ ਪਰਾਲੀ ਸਾੜਨ ਦਾ ਯੋਗਦਾਨ ਸਿਰਫ 4 ਫੀਸਦੀ ਹੈ। ਮੰਤਰੀ ਨੇ ਕਿਹਾ ਕਿ ਦਿੱਲੀ-ਐਨ.ਸੀ.ਆਰ. ਵਿਚ ਨਿਰੀਖਣ ਲਈ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ



ਵਲੋਂ 50 ਟੀਮਾਂ ਤਿਆਰ ਕੀਤੀਆਂ ਗਈਆਂ ਹਨ, ਜੋ 2 ਮਹੀਨੇ 'ਚ ਹਰਿਆਣਾ, ਉਤਰ ਪ੍ਰਦੇਸ਼ ਅਤੇ ਰਾਜਸਥਾਨ ਦੇ ਦਿੱਲੀ ਨਾਲ ਲੱਗਦੇ ਇਲਾਕਿਆਂ ਦਾ ਮੁਆਇਨਾ ਕਰਨਗੇ ਅਤੇ ਦੇਖਣਗੇ ਕਿ ਵੱਡੀ ਉਸਾਰੀ ਦੇ ਕੰਮ ਅਤੇ ਸਾਲਿਡ ਵੇਸਟ ਕਾਰਨ ਪ੍ਰਦੂਸ਼ਣ ਕਿੱਥੇ ਵਧ ਰਿਹਾ ਹੈ।

ਦੱਸ ਦਈਏ ਕਿ ਪਰਾਲੀ ਦਾ ਮਸਲਾ ਪੰਜਾਬ ਸਮੇਤ ਪੂਰੇ ਮੁਲਕ ਵਿਚ ਵੱਡੀ ਸਮੱਸਿਆ ਬਣਿਆ ਹੋਇਆ ਹੈ। ਕਿਸਾਨ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਕੋਲ ਹੋਰ ਕੋਈ ਚਾਰਾ ਹੀ ਨਹੀਂ ਹੈ, ਉਧਰ ਸਰਕਾਰਾਂ ਇਸ ਮਸਲੇ ਉਤੇ ਕਿਸਾਨਾਂ ਦੀ ਮਦਦ ਦੀ ਥਾਂ ਕੇਸ ਦਰਜ ਕਰਨ ਤੇ ਜਰਮਾਨੇ ਲਾਉਣ ਦੇ ਦਾਬੇ ਮਾਰ ਰਹੀਆਂ ਹਨ। ਪਿਛਲੇ ਲਗਭਗ 10 ਸਾਲ ਤੋਂ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਦਿੱਲੀ ਰਾਜ ਇਸ ਗੰਭੀਰ ਸਮੱਸਿਆ ਨਾਲ ਜੂਝ ਰਹੇ ਹਨ। ਕੇਂਦਰ ਸਰਕਾਰ ਅਤੇ ਪ੍ਰਾਂਤਕ ਸਰਕਾਰਾਂ ਨੇ ਪੈਦਾ ਹੁੰਦੀ ਇਸ ਸਥਿਤੀ ਨੂੰ ਸੁਧਾਰਨ ਲਈ ਅਨੇਕਾਂ ਹੀਲੇ-ਵਸੀਲੇ ਕਰਨ ਦੇ ਦਾਅਵੇ ਕੀਤੇ ਪਰ ਨਿਕਲਦੇ ਨਤੀਜਿਆਂ ਤੋਂ ਜਾਪਦਾ ਹੈ ਕਿ ਸਰਕਾਰਾਂ ਇਨ੍ਹਾਂ ਯਤਨਾਂ ਵਿਚ ਪੂਰੀ ਤਰ੍ਹਾਂ ਨਾਕਾਮਯਾਬ ਰਹੀਆਂ ਹਨ।

ਪੰਜਾਬ ਵਿਚ ਹੁਣ ਤੱਕ 5000 ਦੇ ਕਰੀਬ ਥਾਵਾਂ 'ਤੇ ਝੋਨੇ ਦੀ ਪਰਾਲੀ ਨੂੰ ਅੱਗਾਂ ਲਾਏ ਜਾਣ ਦੀਆਂ ਖਬਰਾਂ ਆਈਆਂ ਹਨ ਜਦੋਂ ਕਿ ਪਿਛਲੇ ਸਾਲ ਇਨ੍ਹਾਂ ਦੀ ਗਿਣਤੀ 1300 ਦੇ ਕਰੀਬ ਸੀ। ਪੰਜਾਬ ਪ੍ਰਸ਼ਾਸਨ ਨੇ ਸੁਪਰੀਮ ਕੋਰਟ ਨੂੰ ਵੀ ਇਸ ਸਬੰਧੀ ਹਦਾਇਤਾਂ ਦਾ ਪਾਲਣ ਕਰਨ ਦਾ ਵਚਨ ਦਿੱਤਾ ਸੀ ਅਤੇ ਇਹ ਵੀ ਕਿਹਾ ਸੀ ਕਿ ਉਹ ਮੋਬਾਈਲ ਐਪ ਰਾਹੀਂ ਇਸ ਸਾਰੇ ਘਟਨਾਕ੍ਰਮ 'ਤੇ ਨਜ਼ਰ ਰੱਖ ਰਹੀ ਹੈ। ਪਰ ਇਸੇ ਹੀ ਸਮੇਂ ਜੇਕਰ ਦਿੱਲੀ ਦਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਇਹ ਆਖਦਾ ਹੈ ਕਿ ਇਸ ਸਮੱਸਿਆ ਦਾ ਸਾਰੇ ਰਾਜਾਂ ਨੂੰ ਮਿਲ ਬੈਠ ਕੇ ਕੋਈ ਹੱਲ ਕੱਢਣਾ ਚਾਹੀਦਾ ਹੈ ਤਾਂ ਦੂਸਰੇ ਪਾਸੇ ਪੰਜਾਬ ਦਾ ਮੁੱਖ ਮੰਤਰੀ ਇਹ ਬਿਆਨ ਦੇ ਰਿਹਾ ਹੈ ਕਿ ਦਿੱਲੀ ਤੇ ਹੋਰ ਰਾਜਾਂ ਵਿਚ ਪ੍ਰਦੂਸ਼ਣ ਫੈਲਾਉਣ ਵਿਚ ਪੰਜਾਬ ਦਾ ਕੋਈ ਹੱਥ ਨਹੀਂ ਹੈ। ਉਨ੍ਹਾਂ ਨੇ ਕੇਂਦਰੀ ਮੰਤਰੀ ਜਾਵੜੇਕਰ ਦੇ ਬਿਆਨਾਂ ਨੂੰ ਆਧਾਰ ਬਣਾਇਆ ਸੀ। ਹਾਲਾਂਕਿ ਬਾਅਦ ਵਿਚ ਜਾਵੜੇਕਰ ਨੇ ਇਸ ਸਬੰਧੀ ਸਪੱਸ਼ਟੀਕਰਨ ਵੀ ਦੇ ਦਿੱਤਾ ਸੀ। ਹਵਾ ਦੇ ਪ੍ਰਦੂਸ਼ਣ ਸਬੰਧੀ ਮੌਸਮ ਵਿਭਾਗ ਦੀ ਖੋਜ ਸੰਸਥਾ ਨੇ ਪਰਾਲੀ ਨਾਲ ਪ੍ਰਦੂਸ਼ਣ ਵਿਚ ਹੁਣ ਤੱਕ ਹੋਇਆ 18 ਫੀਸਦੀ ਵਾਧਾ ਦੱਸਿਆ ਹੈ ਅਤੇ ਇਹ ਵੀ ਅੰਦਾਜ਼ਾ ਦਿੱਤਾ ਹੈ ਕਿ ਇਹ ਵਾਧਾ 40 ਫੀਸਦੀ ਤੱਕ ਜਾ ਸਕਦਾ ਹੈ। ਵਿਸ਼ੇਸ਼ ਤੌਰ 'ਤੇ ਸਰਹੱਦੀ ਇਲਾਕਿਆਂ ਤਰਨ ਤਾਰਨ, ਫਿਰੋਜ਼ਪੁਰ, ਅੰਮ੍ਰਿਤਸਰ ਤੇ ਗੁਰਦਾਸਪੁਰ ਵਿਚ ਤਾਂ ਇਸ ਸਬੰਧੀ ਸਥਿਤੀ ਬੇਹੱਦ ਮਾੜੀ ਦਿਖਾਈ ਦਿੰਦੀ ਹੈ। ਪਿਛਲੇ ਸਾਲਾਂ ਦਾ ਰਿਕਾਰਡ ਦੇਖਿਆ ਜਾਵੇ ਤਾਂ ਸੁਲਝਣ ਦੀ ਬਜਾਏ ਇਹ ਸਮੱਸਿਆ ਲਗਾਤਾਰ ਵਧਦੀ ਹੀ ਜਾ ਰਹੀ ਹੈ। ਸਾਲ 2017 ਵਿਚ 16 ਅਕਤੂਬਰ ਤੱਕ ਅੱਗ ਲਾਉਣ ਦੀਆਂ 2892 ਘਟਨਾਵਾਂ ਦਰਜ ਕੀਤੀਆਂ ਗਈਆਂ ਸਨ। ਸਾਲ 2018 ਵਿਚ 947 ਅਤੇ ਸਾਲ 2019 ਵਿਚ 1388 ਘਟਨਾਵਾਂ ਵਾਪਰੀਆਂ ਸਨ ਜਦੋਂ ਕਿ ਹੁਣ ਤੱਕ ਇਨ੍ਹਾਂ ਦੀ ਗਿਣਤੀ 5000 ਤੋਂ ਵੀ ਟੱਪ ਚੁੱਕੀ ਹੈ।

## ਸਾਬਕਾ ਜੱਜ ਦੀ ਅਗਵਾਈ ਹੇਠ ਕਮੇਟੀ ਕਾਇਮ

**ਨਵੀਂ ਦਿੱਲੀ:** ਪੰਜਾਬ, ਹਰਿਆਣਾ ਅਤੇ ਉਤਰ ਪ੍ਰਦੇਸ਼ 'ਚ ਪਰਾਲੀ ਸਾੜੇ ਜਾਣ ਤੋਂ ਰੋਕਣ ਲਈ ਕਦਮ ਉਠਾਉਣ ਵਾਸਤੇ ਸੁਪਰੀਮ ਕੋਰਟ ਨੇ ਸੇਵਾਮੁਕਤ ਜੱਜ ਜਸਟਿਸ ਮਦਨ ਬੀ ਲੋਕੁਰ ਨੂੰ ਇਕ ਮੈਂਬਰੀ ਕਮੇਟੀ ਵਜੋਂ ਨਿਯੁਕਤ ਕੀਤਾ ਹੈ। ਐਨ.ਸੀ.ਸੀ, ਐਨ.ਐਸ.ਐਸ. ਅਤੇ ਭਾਰਤ ਸਕਾਊਟਸ ਨੂੰ ਕਮੇਟੀ ਦੀ ਸਹਾਇਤਾ ਲਈ ਤਾਇਨਾਤ ਕਰਨ ਦੇ ਨਿਰਦੇਸ਼ ਦਿੰਦਿਆਂ ਚੀਫ ਜਸਟਿਸ ਐਸ.ਏ. ਬੋਬੜੇ ਦੀ ਅਗਵਾਈ ਹੇਠਲੇ ਬੈਂਚ ਨੇ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਵੱਲੋਂ ਕਮੇਟੀ ਬਣਾਉਣ 'ਤੇ ਕੀਤੇ ਗਏ ਇਤਰਾਜ਼ ਨੂੰ ਰੱਦ ਕਰ ਦਿੱਤਾ ਅਤੇ ਕਿਹਾ ਕਿ ਸਬੰਧਤ ਸੂਬਿਆਂ ਦਾ ਪੱਖ ਪਹਿਲਾਂ ਹੀ ਸੁਣਿਆ ਜਾ ਚੁੱਕਿਆ ਹੈ। ਸੁਪਰੀਮ ਕੋਰਟ ਨੇ ਵਾਤਾਵਰਨ ਪ੍ਰਦੂਸ਼ਣ ਕੰਟਰੋਲ ਅਥਾਰਿਟੀ ਅਤੇ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਦੇ ਮੁੱਖ ਸਕੱਤਰਾਂ ਨੂੰ ਵੀ ਨਿਰਦੇਸ਼ ਦਿੱਤੇ ਕਿ ਉਹ ਲੋਕੁਰ ਕਮੇਟੀ ਨੂੰ ਸਹਿਯੋਗ ਦੇਣ ਤਾਂ ਜੋ ਪਰਾਲੀ ਸਾੜੇ ਜਾਣ ਵਾਲੇ ਖੇਤਾਂ ਦੀ ਮੌਕੇ 'ਤੇ ਜਾ ਕੇ ਤਹਿਕੀਕਾਤ ਕੀਤੀ ਜਾ ਸਕੇ।

# ਭੁੱਖਮਰੀ: ਭਾਰਤ ਦੀ ਹਾਲਤ ਬੰਗਲਾਦੇਸ਼ ਅਤੇ ਪਾਕਿਸਤਾਨ ਤੋਂ ਮਾੜੀ

**ਨਵੀਂ ਦਿੱਲੀ:** ਵਿਸ਼ਵ ਭਰ ਦੇ 107 ਮੁਲਕਾਂ ਦੀ ਆਲਮੀ ਭੁੱਖਮਰੀ ਸੂਚੀ ਵਿਚ ਭਾਰਤ 94ਵੇਂ ਦਰਜੇ ਉਤੇ ਹੈ ਅਤੇ ਇਹ 'ਗੰਭੀਰ' ਭੁੱਖਮਰੀ ਸ਼੍ਰੇਣੀ ਵਿਚ ਸ਼ਾਮਲ ਹੈ। ਮਾਹਿਰਾਂ ਨੇ ਇਸ ਸਬੰਧੀ ਨੀਤੀਆਂ ਲਾਗੂ ਕਰਨ ਦੀ ਕਮਜ਼ੋਰ ਪ੍ਰਕਿਰਿਆ, ਨਿਗਰਾਨੀ ਦੀ ਘਾਟ, ਕੁਪੋਸ਼ਣ ਰੋਕਣ ਪ੍ਰਤੀ ਲੁਕਵੀਂ ਪਹੁੰਚ ਅਤੇ ਵੱਡੇ ਸੂਬਿਆਂ ਦੀ ਮਾੜੀ ਕਾਰਗੁਜ਼ਾਰੀ ਨੂੰ ਕਾਰਨ ਦੱਸਿਆ ਹੈ।

ਪਿਛਲੇ ਵਰ੍ਹੇ ਕੁੱਲ 117 ਮੁਲਕਾਂ ਦੀ ਇਸ ਸੂਚੀ ਵਿਚ ਭਾਰਤ ਦਾ 102ਵਾਂ ਦਰਜਾ ਸੀ। ਗੁਆਂਢੀ ਮੁਲਕ ਬੰਗਲਾਦੇਸ਼, ਮਿਆਂਮਾਰ ਅਤੇ ਪਾਕਿਸਤਾਨ ਵੀ 'ਗੰਭੀਰ' ਸ਼੍ਰੇਣੀ ਵਿਚ ਸ਼ਾਮਲ ਹਨ ਪਰ ਭੁੱਖਮਰੀ ਸੂਚੀ 'ਚ ਇਨ੍ਹਾਂ ਦਾ ਦਰਜਾ ਭਾਰਤ ਨਾਲੋਂ ਬਿਹਤਰ ਹੈ। ਸੂਚੀ ਵਿਚ ਬੰਗਲਾਦੇਸ਼ 75ਵੇਂ, ਮਿਆਂਮਾਰ 78ਵੇਂ ਅਤੇ ਪਾਕਿਸਤਾਨ 88ਵੇਂ ਨੰਬਰ ਉਤੇ ਹਨ। ਰਿਪੋਰਟ ਵਿਚ ਨੇਪਾਲ 73ਵੇਂ ਅਤੇ ਸ੍ਰੀਲੰਕਾ 64ਵੇਂ ਸਥਾਨ ਉਤੇ ਹਨ, ਜੋ ਕਿ 'ਦਰਮਿਆਨੀ' ਭੁੱਖਮਰੀ ਸ਼੍ਰੇਣੀ ਵਿਚ ਆਉਂਦੇ ਹਨ। ਆਲਮੀ ਭੁੱਖਮਰੀ ਸੂਚੀ ਦੇ ਸਿਖਰਲੇ 17 ਮੁਲਕਾਂ ਵਿਚ ਚੀਨ, ਬੇਲਾਰੂਸ, ਯੂਕਰੇਨ, ਤੁਰਕੀ, ਕਿਊਬਾ ਅਤੇ ਕੁਵੈਤ ਸ਼ਾਮਲ ਹਨ। ਇਨ੍ਹਾਂ ਮੁਲਕਾਂ ਦਾ ਭੁੱਖਮਰੀ ਅੰਕ ਪੰਜ ਤੋਂ ਘੱਟ ਹੈ। ਰਿਪੋਰਟ ਅਨੁਸਾਰ ਭਾਰਤ ਦੀ 14 ਫੀਸਦ ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ। ਇਸ ਸੂਚੀ ਅਨੁਸਾਰ ਦੇਸ਼ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਸਟੰਟਿੰਗ (ਉਮਰ ਦੇ ਹਿਸਾਬ ਨਾਲ ਕੱਦ ਘੱਟ ਹੋਣਾ) ਦਰ 37.4 ਹੈ ਜਦਕਿ ਵਾਸਟਿੰਗ (ਕੱਦ ਦੇ ਹਿਸਾਬ ਨਾਲ ਭਾਰ ਘੱਟ ਹੋਣਾ) ਦਰ 17.3 ਫੀਸਦੀ ਹੈ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ 3.7 ਫੀਸਦ ਹੈ।

ਅੰਤਰਰਾਸ਼ਟਰੀ ਫੂਡ ਪਾਲਿਸੀ ਰਿਸਰਚ ਇੰਸਟੀਚਿਊਟ, ਨਵੀਂ ਦਿੱਲੀ ਦੀ ਸੀਨੀਅਰ ਰਿਸਰਚ ਫੈਲੋ ਪੂਰਨਿਮਾ ਮੈਨਨ ਦਾ ਕਹਿਣਾ ਹੈ ਕਿ ਭਾਰਤ ਦੀ ਦਰਜਾਬੰਦੀ ਵਿਚ ਤਬਦੀਲੀ ਲਈ ਵੱਡੇ ਸੂਬਿਆਂ ਜਿਵੇਂ ਉਤਰ ਪ੍ਰਦੇਸ਼, ਬਿਹਾਰ ਅਤੇ ਮੱਧ ਪ੍ਰਦੇਸ਼ ਦੀ ਸਥਿਤੀ ਬਿਹਤਰ ਬਣਾਉਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਬਿਹਾਰ ਅਤੇ ਯੂਪੀ ਵਰਗੇ ਸੂਬਿਆਂ, ਜਿਥੇ ਆਬਾਦੀ ਵੀ ਜ਼ਿਆਦਾ ਹੈ ਅਤੇ ਕੁਪੋਸ਼ਣ ਵੀ ਵੱਡੇ ਪੱਧਰ ਉਤੇ ਹੈ, ਕਾਰਨ ਕੌਮੀ ਔਸਤ ਪ੍ਰਭਾਵਿਤ ਹੁੰਦੀ ਹੈ। ਪੋਸ਼ਣ ਬਾਰੇ ਖੋਜ ਦੀ ਮੁਖੀ ਸ਼ਵੇਤਾ ਖੰਡੇਲਵਾਲ ਨੇ ਕਿਹਾ ਕਿ ਦੇਸ਼ ਦੇ ਪੋਸ਼ਣ ਬਾਰੇ ਪ੍ਰੋਗਰਾਮ ਅਤੇ ਨੀਤੀਆਂ ਬਹੁਤ ਵਧੀਆ ਹਨ ਪਰ ਇਹ ਕੇਵਲ ਕਿਤਾਬਾਂ ਵਿਚ ਹਨ। ਜ਼ਮੀਨੀ ਪੱਧਰ ਉਤੇ ਸੱਚਾਈ ਕੁਝ ਹੋਰ ਹੈ। ਉਨ੍ਹਾਂ ਕਿਹਾ ਕਿ ਹਰੇਕ ਸੈਕਟਰ ਵਿਚ ਜਨਤਕ ਸਿਹਤ ਅਤੇ ਪੋਸ਼ਣ ਨੂੰ ਤਰਜੀਹੀ ਬਣਾਉਣ ਲਈ ਸਾਂਝੀ ਕਾਰਵਾਈ ਚਾਹੀਦੀ ਹੈ।

ਦਰਅਸਲ, ਅੰਕੜੇ ਸੰਕੇਤ ਦਿੰਦੇ ਹਨ ਕਿ ਟਿਕਾਊ ਵਿਕਾਸ ਦੇ ਨਿਸ਼ਾਨੇ ਤਹਿਤ 2030 ਤਕ ਦੁਨੀਆ ਨੂੰ ਭੁੱਖ ਤੋਂ ਮੁਕਤ ਕਰਨ ਦੇ ਟੀਚੇ ਤਕ ਪਹੁੰਚਣਾ ਅਜੇ ਦੂਰ ਦੀ ਕੌਡੀ ਹੈ। ਰਿਪੋਰਟ ਅਨੁਸਾਰ ਸਾਡਾ ਦੇਸ਼ ਗੰਭੀਰ ਭੁੱਖਮਰੀ ਵਾਲੇ ਵਰਗ ਵਿਚ ਸ਼ਾਮਲ ਹੋ ਚੁੱਕਾ ਹੈ। ਭਾਰਤ ਸੰਸਾਰ



ਭਰ ਦੇ ਸਭ ਤੋਂ ਵੱਧ ਅਨਾਜ ਉਗਾਉਣ ਵਾਲੇ ਦੇਸ਼ਾਂ ਵਿਚ ਸ਼ੁਮਾਰ ਹੈ। ਸੰਸਾਰ ਪੱਧਰ ਉਤੇ ਭੁੱਖਮਰੀ ਦਾ ਅਨੁਮਾਨ ਲਗਾਉਣ ਲਈ ਚਾਰ ਨੁਕਤਿਆਂ ਨੂੰ ਦੇਖਿਆ ਜਾਂਦਾ ਹੈ। ਇਨ੍ਹਾਂ ਵਿਚ ਕੁਪੋਸ਼ਣ (ਘੱਟ ਖੁਰਾਕ ਮਿਲਣਾ), ਉਮਰ ਦੇ ਲਿਹਾਜ ਨਾਲ ਵਜ਼ਨ ਪੂਰਾ ਨਾ ਹੋਣਾ, ਉਮਰ ਮੁਤਾਬਕ ਕੱਦ ਨਾ ਵਧਣਾ, ਬੱਚਿਆਂ ਦੀ ਮੌਤ ਦੀ ਦਰ ਸ਼ਾਮਲ ਹਨ। ਦੇਸ਼ ਦੀ 14 ਫੀਸਦੀ ਆਬਾਦੀ ਕੁਪੋਸ਼ਣ ਦੀ ਸ਼ਿਕਾਰ ਹੈ। ਇਹ ਚਾਰੇ ਨੁਕਤਿਆਂ ਦਾ ਅਧਿਆਨ ਪੰਜ ਸਾਲ ਤੱਕ ਦੇ ਬੱਚਿਆਂ ਬਾਰੇ ਕੀਤਾ ਜਾਂਦਾ ਹੈ।

ਦੇਸ਼ ਦੇ ਹੁਕਮਰਾਨ ਮਹਾਸ਼ਕਤੀ ਬਣਨ ਦੀ ਦਾਅਵੇਦਾਰੀ ਜਿਤਾ ਰਹੇ ਹਨ। 2019 ਦੀਆਂ ਲੋਕ ਸਭਾ ਦੀਆਂ ਚੋਣਾਂ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਨ੍ਹਾਂ ਪੰਜ ਸਾਲਾਂ ਦੌਰਾਨ ਦੇਸ਼ ਨੂੰ ਪੰਜ ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਬਣਾਉਣ ਦੇ ਨਿਸ਼ਾਨੇ ਦਾ ਐਲਾਨ ਕੀਤਾ ਹੈ। ਇਸ ਮੌਕੇ ਸਰਕਾਰ ਕਾਰਪੋਰੇਟ ਵਿਕਾਸ ਮਾਡਲ ਨੂੰ ਅੱਗੇ ਵਧਾਉਂਦਿਆਂ ਖੇਤੀ ਖੇਤਰ ਨੂੰ ਵੀ ਉਨ੍ਹਾਂ ਦੇ ਹਵਾਲੇ ਕਰਨ ਲਈ ਕਾਨੂੰਨ ਬਣਾ ਰਹੀ ਹੈ। ਤਿੰਨ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਵੱਡਾ ਕਿਸਾਨ ਅੰਦੋਲਨ ਚੱਲ ਰਿਹਾ ਹੈ। ਕੋਵਿਡ-19 ਦੌਰਾਨ ਕਰੋੜਾਂ ਮਜ਼ਦੂਰ ਪਰਿਵਾਰ ਬੱਚਿਆਂ ਸਮੇਤ ਭੁੱਖਣ ਭਾਣੇ ਪੈਦਲ ਚੱਲਦੇ ਦੇਖੇ ਸਨ। ਖੁਰਾਕ ਦਾ ਬੁਨਿਆਦੀ ਅਧਿਕਾਰ ਵਾਲਾ ਕਾਨੂੰਨ ਬਣਨ ਦੇ ਨਾਲ ਦੇਸ਼ ਦੀ 75 ਫੀਸਦੀ ਆਬਾਦੀ ਨੂੰ ਸਸਤਾ ਅਨਾਜ ਦਿੱਤੇ ਜਾਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਸੰਸਾਰ ਦੀ ਭੁੱਖਮਰੀ ਦਾ ਇੰਡੈਕਸ ਇਹ ਸਾਬਤ ਕਰਦਾ ਹੈ ਕਿ ਕੇਵਲ ਵਿਕਾਸ ਅਤੇ ਜੀ.ਡੀ.ਪੀ. ਦਾ ਵਧਣਾ ਹੀ ਖੁਸ਼ਹਾਲੀ ਅਤੇ ਤੰਦਰੁਸਤ ਜੀਵਨ ਦੀ ਜ਼ਾਮਨੀ ਨਹੀਂ ਭਰ ਸਕਦਾ।

### ਛੇ ਵਰ੍ਹਿਆਂ ਵਿਚ ਬਹੁਤ ਸੁਧਾਰ ਹੋਇਆ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਬੀਤੇ ਛੇ ਵਰ੍ਹਿਆਂ ਵਿਚ ਦੇਸ਼ ਵਿਚ ਚਹੁੰਮੁਖੀ ਸੁਧਾਰ ਹੋਇਆ ਹੈ ਅਤੇ ਬੀਤੇ ਕੁਝ ਮਹੀਨਿਆਂ ਵਿਚ ਇਸ ਦੀ ਗਤੀ ਅਤੇ ਦਾਇਰੇ ਨੂੰ ਵਧਾਇਆ ਗਿਆ ਹੈ ਤਾਂ ਜੋ 21ਵੀਂ ਸਦੀ ਭਾਰਤ ਦੀ ਹੋਵੇ। ਮੈਸੂਰ ਯੂਨੀਵਰਸਿਟੀ ਦੇ ਡਿਗਰੀ ਵੰਡ ਸਮਾਗਮ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ, ''ਸਾਡੇ ਮੁਲਕ ਵਿਚ ਚਹੁੰਮੁਖੀ ਸੁਧਾਰ ਹੋ ਰਹੇ ਹਨ, ਇੰਨੇ ਸੁਧਾਰ ਕਦੇ ਨਹੀਂ ਹੋਏ। ਪਹਿਲਾਂ ਕੁਝ ਫੈਸਲੇ ਹੁੰਦੇ ਵੀ ਸਨ ਤਾਂ ਉਹ ਕਿਸੇ ਇਕ ਖੇਤਰ ਵਿੱਚ ਹੁੰਦੇ ਸਨ ਅਤੇ ਦੂਜੇ ਇਲਾਕੇ ਸੁਧਾਰਾਂ ਤੋਂ ਵਿਰਵੇ ਰਹਿ ਜਾਂਦੇ ਸਨ।''

### ਸਰਕਾਰ ਮਿੱਤਰਾਂ ਦੀਆਂ ਜੇਬਾਂ ਭਰਨ 'ਚ ਰੁੱਝੀ: ਰਾਹੁਲ

ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਭੁੱਖਮਰੀ ਦੇ ਮਾਮਲੇ 'ਚ ਮਾੜਾ ਪ੍ਰਦਰਸ਼ਨ ਕਰਨ ਲਈ ਕੇਂਦਰ ਸਰਕਾਰ ਨੂੰ ਨਿਸ਼ਾਨੇ ਉਤੇ ਲਿਆ। ਰਾਹੁਲ ਗਾਂਧੀ ਨੇ ਟਵਿੱਟਰ 'ਤੇ ਪਾਏ ਸੰਦੇਸ਼ 'ਚ ਕਿਹਾ ਕਿ ਭਾਰਤ ਦਾ ਗਰੀਬ ਭੁੱਖਾ ਹੈ ਕਿਉਂਕਿ ਸਰਕਾਰ ਸਿਰਫ ਆਪਣੇ ਕੁਝ ਖਾਸ ਮਿੱਤਰਾਂ ਦੀ ਜੇਬ ਭਰਨ 'ਚ ਲੱਗੀ ਹੈ। ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਵੀ ਇਸ ਮਾਮਲੇ 'ਚ ਸਰਕਾਰ ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਪ੍ਰਤੀ ਵਿਅਕਤੀ ਆਮਦਨ, ਘਰੇਲੂ ਉਤਪਾਦ 'ਚ ਬੰਗਲਾਦੇਸ਼ ਤੋਂ ਹੇਠਾਂ ਆਉਣ ਤੋਂ ਬਾਅਦ ਹੁਣ ਭਾਰਤ ਆਲਮੀ ਭੁੱਖਮਰੀ ਸੂਚਕ ਅੰਕ ਵਿਚ ਵੀ ਬੰਗਲਾਦੇਸ਼ ਅਤੇ ਪਾਕਿਸਤਾਨ ਤੋਂ ਵੀ ਹੇਠਾਂ ਪਹੁੰਚ ਗਿਆ ਹੈ। ਉਨ੍ਹਾਂ ਸਿੱਧੇ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਤੇ ਤਨਜ਼ ਕਰਦਿਆਂ ਕਿਹਾ 'ਬਹੁਤ ਅੱਛਾ ਚੱਲ ਰਿਹਾ ਹੈ ਮੋਦੀ ਜੀ?'

# ਭਾਰਤ ਨੂੰ ਕਰੋਨਾ ਮਹਾਮਾਰੀ ਤੋਂ ਛੇਤੀ ਹੀ ਰਾਹਤ ਮਿਲਣ ਦਾ ਦਾਅਵਾ

**ਨਵੀਂ ਦਿੱਲੀ:** ਕੇਂਦਰ ਸਰਕਾਰ ਵਲੋਂ ਬਣਾਈ ਗਈ ਮਾਹਿਰਾਂ ਦੀ ਕਮੇਟੀ ਅਨੁਸਾਰ ਭਾਰਤ ਵਿਚ ਕੋਵਿਡ-19 ਦੇ ਕੇਸਾਂ ਦੀ ਗਿਣਤੀ ਸਿਖਰ ਉਤੇ ਪਹੁੰਚ ਚੁੱਕੀ ਹੈ। ਅਜਿਹੇ ਅਨੁਮਾਨ ਦਾ ਮਤਲਬ ਇਹ ਹੈ ਕਿ ਹੋ ਸਕਦਾ ਹੈ ਕਿ ਕੇਸ ਹੋਰ ਜ਼ਿਆਦਾ ਨਾ ਵਧਣ ਅਤੇ ਘਟਣ ਲੱਗ ਪੈਣ।

ਇਹ ਕਮੇਟੀ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (ਆਈ.ਆਈ.ਟੀ.) ਹੈਦਰਾਬਾਦ ਦੇ ਪ੍ਰੋਫੈਸਰ ਐਮ ਵਿਦਿਆਸਾਗਰ ਦੀ ਅਗਵਾਈ ਵਿਚ ਬਣਾਈ ਗਈ ਸੀ ਅਤੇ ਇਸ ਦੇ ਅਨੁਸਾਰ ਦੇਸ਼ ਵਿਚ ਕੇਸਾਂ ਦੀ ਗਿਣਤੀ 1 ਕਰੋੜ 6 ਲੱਖ ਤੋਂ ਜ਼ਿਆਦਾ ਨਾ ਹੋਣ ਦਾ ਅਨੁਮਾਨ ਹੈ। ਹੁਣ ਤੱਕ ਦੇਸ਼ ਵਿਚ ਹਸਪਤਾਲਾਂ ਤੋਂ ਪ੍ਰਾਪਤ ਰਿਪੋਰਟਾਂ ਅਨੁਸਾਰ ਲਗਭਗ 76 ਲੱਖ ਲੋਕ ਇਸ ਮਹਾਮਾਰੀ ਤੋਂ ਪ੍ਰਭਾਵਿਤ ਹੋਏ ਹਨ ਜਿਨ੍ਹਾਂ ਵਿਚੋਂ 67 ਲੱਖ ਤੋਂ ਜ਼ਿਆਦਾ ਲੋਕ ਸਿਹਤਮੰਦ ਹੋ ਚੁੱਕੇ ਹਨ।



ਕਮੇਟੀ ਇਹ ਵੀ ਸਵੀਕਾਰ ਕਰ ਰਹੀ ਹੈ ਕਿ ਹੋਰ ਤਾਲਾਬੰਦੀ ਕਰਨ ਦੀ ਜ਼ਰੂਰਤ ਨਹੀਂ। ਕਮੇਟੀ ਨੇ ਆਉਣ ਵਾਲੇ ਦਿਨਾਂ ਵਿਚ ਮਨਾਏ ਜਾ ਰਹੇ ਤਿਉਹਾਰਾਂ ਬਾਰੇ ਵੀ ਚਿਤਾਵਨੀ ਦਿੱਤੀ ਕਿ ਲੋਕਾਂ ਦੇ ਭਾਰੀ ਇਕੱਠ ਹੋਣ ਕਾਰਨ ਬਿਮਾਰੀ ਦਾ ਫੈਲਾਉ ਵਧ ਸਕਦਾ ਹੈ। ਪੱਛਮੀ ਯੂਰਪ ਦੇ ਦੇਸ਼ਾਂ ਵਿਚ ਬਿਮਾਰੀ 'ਤੇ ਕਾਬੂ ਪਾਉਣ ਦੇ ਬਾਅਦ ਕੇਸਾਂ ਵਿਚ ਫਿਰ ਵਾਧਾ ਹੋਇਆ ਹੈ। ਹੌਸਲਾ ਦੇਣ ਵਾਲੀ ਗੱਲ ਇਹ ਹੈ ਕਿ ਇਸ ਬਿਮਾਰੀ ਕਾਰਨ ਹੋਣ ਵਾਲੀਆਂ ਮੌਤਾਂ ਦੀ ਦਰ ਭਾਰਤ ਅਤੇ ਤੀਸਰੀ ਦੁਨੀਆਂ ਦੇ ਹੋਰ ਦੇਸ਼ਾਂ ਵਿਚ ਕਾਫੀ ਘੱਟ ਹੈ। ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਦਾ ਕਾਰਨ ਟੈਸਟ ਘੱਟ, ਲੋਕਾਂ ਦੇ ਹਸਪਤਾਲ ਤੱਕ ਪਹੁੰਚ ਸੀਮਤ ਹੋਣ ਦੇ ਨਾਲ ਨਾਲ ਇਨ੍ਹਾਂ ਦੇਸ਼ਾਂ ਦੇ ਲੋਕਾਂ ਵਿਚ ਬਿਮਾਰੀਆਂ ਵਿਰੁੱਧ ਲੜਨ ਵਾਲੀ ਅੰਦਰੂਨੀ ਸ਼ਕਤੀ ਦਾ ਜ਼ਿਆਦਾ ਹੋਣਾ ਹੈ। ਇਹ ਦਲੀਲ ਵੀ ਦਿੱਤੀ ਜਾ ਰਹੀ ਹੈ ਕਿ ਭਾਰਤ ਵਿਚ ਉਹ ਕੇਸ ਜਿਨ੍ਹਾਂ ਵਿਚ ਕੋਵਿਡ-19 ਦੇ ਹੋਣ ਬਾਰੇ ਪੁਸ਼ਟੀ ਹੋ ਚੁੱਕੀ ਸੀ, ਉਨ੍ਹਾਂ ਵਿਚ ਵੀ ਮੌਤ ਦੀ ਦਰ ਪੱਛਮੀ ਦੇਸ਼ਾਂ ਦੇ ਮੁਕਾਬਲੇ ਕਾਫੀ ਘੱਟ ਹੈ। ਕੁਝ ਮਾਹਿਰ ਇਹ ਵੀ ਕਹਿ ਰਹੇ ਹਨ ਕਿ ਦੇਸ਼ ਵਿਚ ਕਣਕ ਦੀ ਵਾਢੀ, ਖਰੀਦ ਤੇ ਵਿਕਰੀ ਅਤੇ ਝੋਨੇ ਦੀ ਲਵਾਈ ਦੌਰਾਨ ਲੋਕਾਂ ਨੇ ਇਕ ਦੂਸਰੇ ਦੇ ਨਜ਼ਦੀਕ ਰਹਿ ਕੇ ਕੰਮ ਕੀਤਾ ਪਰ ਬਿਮਾਰੀ ਵੱਡੇ ਪੱਧਰ 'ਤੇ ਨਹੀਂ ਫੈਲੀ। ਇਸ ਵਰਤਾਰੇ ਦਾ ਕਾਰਨ ਸ਼ਾਇਦ ਇਹ ਸੀ ਕਿ ਖੁੱਲ੍ਹੇ ਵਾਤਾਵਰਨ ਵਿਚ ਬਿਮਾਰੀ ਦੇ ਫੈਲਣ ਦੀਆਂ ਸੰਭਾਵਨਾਵਾਂ ਕਾਫੀ ਘੱਟ ਹਨ ਅਤੇ ਸਿਹਤ ਦੇ ਖੇਤਰ ਦੇ ਮਾਹਿਰ ਇਸ ਦੱਬੀ ਘੁੱਟੀ ਜ਼ੁਬਾਨ ਵਿਚ ਇਸ ਨੂੰ ਸਵੀਕਾਰ ਵੀ ਕਰ ਰਹੇ ਹਨ।

### ਸਰਦੀਆਂ ਵਿਚ ਦੂਜੀ ਲਹਿਰ ਦਾ ਖਦਸ਼ਾ

**ਨਵੀਂ ਦਿੱਲੀ:** ਪਿਛਲੇ ਕੁਝ ਦਿਨਾਂ ਤੋਂ ਭਾਰਤ 'ਚ ਕਰੋਨਾ ਵਾਇਰਸ ਦੇ ਨਵੇਂ ਮਾਮਲਿਆਂ ਤੇ ਮੌਤਾਂ 'ਚ ਕਮੀ ਆਈ ਹੈ। ਇਸੇ ਦੌਰਾਨ ਸਰਕਾਰ ਵਲੋਂ ਨਿਯੁਕਤ ਵਿਗਿਆਨੀਆਂ ਦੀ ਇਕ ਕਮੇਟੀ ਦਾ ਮੰਨਣਾ ਹੈ ਕਿ ਕਰੋਨਾ ਵਾਇਰਸ ਦੀ ਲਾਗ ਦਾ ਸਿਖਰ ਹੁਣ ਭਾਰਤ 'ਚੋਂ ਲੰਘ ਗਿਆ ਹੈ, ਪਰ ਦੇਸ਼ 'ਚ ਮਹਾਮਾਰੀ ਦੀ ਦੂਸਰੀ ਲਹਿਰ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ, ਜਿਸ ਕਾਰਨ ਫਰਵਰੀ 2021 'ਚ ਕਰੋਨਾ ਦੇ ਸਰਗਰਮ ਮਾਮਲੇ 1.06 ਕਰੋੜ ਤੋਂ ਵਧਣ ਦੀ ਸੰਭਾਵਨਾ ਹੈ। ਕਮੇਟੀ ਦਾ ਕਹਿਣਾ ਹੈ ਕਿ ਅਜਿਹੀ ਸਥਿਤੀ 'ਚ ਕਰੋਨਾ ਵਾਇਰਸ ਦੀ ਲਾਗ ਤੋਂ ਬਚਾਅ ਲਈ ਜ਼ਰੂਰੀ ਕਦਮ ਇਸੇ ਤਰ੍ਹਾਂ ਜਾਰੀ ਰਹਿਣੇ ਚਾਹੀਦੇ ਹਨ।

### ਬਰਤਾਨੀਆ 'ਚ ਚੜ੍ਹਦੇ ਸਾਲ ਸ਼ੁਰੂ ਹੋ ਸਕਦਾ ਟੀਕਾਕਰਨ

**ਲੰਡਨ:** ਬਰਤਾਨੀਆ ਦੇ ਸਭ ਤੋਂ ਸੀਨੀਅਰ ਮੈਡੀਕਲ ਪ੍ਰਮੁੱਖਾਂ ਵਿਚ ਇਕ ਨੇ ਸੰਕੇਤ ਦਿੱਤੇ ਕਿ ਕੋਵਿਡ-19 ਵੈਕਸੀਨ ਟੀਕਾਕਰਨ ਲਈ ਨਵੇਂ ਸਾਲ ਦੀ ਸ਼ੁਰੂਆਤ 'ਚ ਤਿਆਰ ਹੋ ਸਕਦੀ ਹੈ। ਇੰਗਲੈਂਡ ਦੇ ਡਿਪਟੀ ਚੀਫ ਮੈਡੀਕਲ ਅਧਿਕਾਰੀ ਅਤੇ ਕਰੋਨਾ ਮਹਾਮਾਰੀ ਪ੍ਰਤੀ ਸਰਕਾਰ ਦੇ ਸਲਾਹਕਾਰਾਂ ਵਿਚੋਂ ਇਕ ਜੋਨਾਥਨ ਵਾਨ ਟਾਮ ਨੇ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਆਕਸਫੋਰਡ ਯੂਨੀਵਰਸਿਟੀ 'ਚ ਤਿਆਰ ਅਤੇ ਐਸਟਰਾਜ਼ੈਨੇਕਾ ਵਲੋਂ ਬਣਾਇਆ ਟੀਕਾ ਦਸੰਬਰ 'ਚ ਕ੍ਰਿਸਮਸ ਤੋਂ ਤੁਰਤ ਬਾਅਦ ਲਗਾਉਣ ਲਈ ਉਪਲੱਬਧ ਹੋ ਸਕਦਾ ਹੈ।

# ਕਸ਼ਮੀਰ ਦੀਆਂ ਸਿਆਸੀ ਧਿਰਾਂ ਵਲੋਂ ਵਿਸ਼ੇਸ਼ ਦਰਜੇ ਦੀ ਬਹਾਲੀ ਲਈ ਹੰਭਲਾ

**ਸ੍ਰੀਨਗਰ:** ਲੰਮੀ ਨਜ਼ਰਬੰਦੀ ਪਿੱਛੋਂ ਰਿਹਾ ਹੋਈ ਜੰਮੂ ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਦੇ ਬਾਹਰ ਆਉਣ ਨਾਲ ਇਸ ਖਿੱਤੇ ਦਾ ਸਿਆਸੀ ਮਾਹੌਲ ਸਰਗਰਮ ਹੋਣਾ ਸ਼ੁਰੂ ਹੋ ਗਿਆ ਹੈ। ਜੰਮੂ ਕਸ਼ਮੀਰ ਦੀਆਂ ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਨੇ ਮੀਟਿੰਗ ਕਰਕੇ ਸੂਬੇ ਦੇ ਵਿਸ਼ੇਸ਼ ਦਰਜੇ ਦੀ ਬਹਾਲੀ ਲਈ ਇਕ ਗੱਠਜੋੜ ਬਣਾਇਆ। ਨੈਸ਼ਨਲ ਕਾਨਫਰੰਸ ਦੇ ਮੁਖੀ ਫਾਰੂਕ ਅਬਦੁੱਲਾ ਦੀ ਪਹਿਲਕਦਮੀ ਉਤੇ ਕਸ਼ਮੀਰ ਵਾਦੀ ਵਿਚ ਸਰਗਰਮ ਮੁੱਖ ਧਾਰਾ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਮੀਟਿੰਗ ਬੁਲਾਈ ਗਈ ਸੀ। ਨੈਸ਼ਨਲ ਕਾਨਫਰੰਸ, ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀ.ਡੀ.ਪੀ.) ਪੀਪਲਜ਼ ਕਾਨਫਰੰਸ (ਪੀ.ਸੀ), ਕਾਂਗਰਸ ਪਾਰਟੀ, ਸੀ.ਪੀ.ਆਈ. (ਐਮ) ਸਮੇਤ ਛੇ ਪਾਰਟੀਆਂ ਨੇ 5 ਅਗਸਤ 2019 ਵਾਲੇ ਦਿਨ ਜੰਮੂ ਕਸ਼ਮੀਰ ਦੀ ਧਾਰਾ 370 ਅਤੇ 35-ਏ ਖਤਮ ਕਰ ਕੇ ਇਸ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡ ਦੇਣ ਤੋਂ ਇਕ ਦਿਨ ਪਹਿਲਾਂ (4 ਅਗਸਤ) ਨੂੰ ਜਾਰੀ ਕੀਤੇ ਗੁਪਕਾਰ ਐਲਾਨਨਾਮੇ ਦੇ ਆਧਾਰ ਉਤੇ ਅਗਲੀ ਲੜਾਈ ਲੜਨ ਦਾ ਫੈਸਲਾ ਕੀਤਾ ਹੈ। ਗੁਪਕਾਰ ਐਲਾਨਨਾਮੇ ਬਾਰੇ ਸਿਆਸੀ ਸਰਗਰਮੀ ਕਰਨ ਵਾਲੇ ਇਸ ਜਥੇਬੰਦਕ ਮੰਚ ਦਾ ਨਾਮ ਗੁਪਕਾਰ ਐਲਾਨਨਾਮੇ ਲਈ ਗੱਠਜੋੜ



(ਅਲਾਇੰਸ ਫਾਰ ਗੁਪਕਾਰ ਡੈਕਲਾਰੇਸ਼ਨ) ਰੱਖਿਆ ਗਿਆ ਹੈ।

ਕੇਂਦਰ ਸਰਕਾਰ ਦਾ ਦਾਅਵਾ ਹੈ ਕਿ ਜੰਮੂ ਕਸ਼ਮੀਰ ਦੀ ਸਮੱਸਿਆ ਦਾ ਹੱਲ ਕਰ ਦਿੱਤਾ ਗਿਆ ਹੈ ਪਰ ਫਿਲਹਾਲ ਬਹੁਤ ਸਾਰੇ ਸਿਆਸੀ ਕਾਰਕੁਨ ਅਤੇ ਹੋਰ ਲੋਕ ਜੇਲ੍ਹਾਂ ਵਿਚ ਹਨ। ਲੰਮੇ ਸਮੇਂ ਤੱਕ ਇੰਟਰਨੈਟ ਸੇਵਾਵਾਂ ਬੰਦ ਰਹੀਆਂ ਹਨ ਅਤੇ ਲੋਕਾਂ ਦਾ ਆਪਸੀ ਸੰਪਰਕ ਟੁੱਟਿਆ ਰਿਹਾ ਹੈ। ਸਾਬਕਾ ਮੁੱਖ ਮੰਤਰੀਆਂ ਸਮੇਤ ਬਹੁਤ ਸਾਰੇ ਆਗੂ ਜੇਲ੍ਹਾਂ ਵਿਚ ਬੰਦ ਰਹੇ ਹਨ। ਇਹ ਪਹਿਲੀ ਵਾਰ ਹੈ ਕਿ ਸਿਆਸਤ ਵਿਚ ਇਕ ਦੂਜੇ ਦਾ ਵਿਰੋਧ ਕਰਨ ਵਾਲੀਆਂ ਪਾਰਟੀਆਂ ਇਕ ਮੰਚ ਉਤੇ ਇਕੱਠੇ ਹੋ ਕੇ ਕੇਂਦਰ ਸਰਕਾਰ ਖਿਲਾਫ ਰਣਨੀਤੀ ਬਣਾ ਰਹੀਆਂ ਹਨ। ਗੁਪਕਾਰ ਐਲਾਨਨਾਮਾ ਧਾਰਾ 370 ਤਹਿਤ ਮਿਲੇ ਵਿਸ਼ੇਸ਼ ਰਾਜ ਦੇ ਦਰਜੇ ਦਾ ਰੁਤਬਾ ਬਹਾਲ ਕਰਨ ਦੀ ਮੰਗ ਕਰਨ ਦੇ ਨਾਲ ਹੀ ਜੰਮੂ ਕਸ਼ਮੀਰ ਦੀ ਸਮੱਸਿਆ ਸਾਰੀਆਂ ਸਬੰਧਤ ਧਿਰਾਂ ਨਾਲ ਗੱਲਬਾਤ ਕਰ ਕੇ ਹੱਲ ਕਰਨ ਦੀ ਵਕਾਲਤ ਕਰਦਾ ਹੈ। ਲੱਦਾਖ ਖੇਤਰ ਦੇ ਲੋਕਾਂ ਦਾ ਵੱਡਾ ਹਿੱਸਾ ਭਾਵੇਂ ਕੁਝ ਸਮੇਂ ਤੋਂ ਖੁਦ ਨੂੰ ਜੰਮੂ ਕਸ਼ਮੀਰ ਤੋਂ ਅਲੱਗ ਕਰਨ ਦੀ ਮੰਗ ਕਰ ਰਿਹਾ ਸੀ ਪਰ ਉਹ ਵੀ ਹੁਣ ਉਸ ਖੇਤਰ ਨੂੰ 370 ਧਾਰਾ ਵਰਗੀ ਗਰੰਟੀ ਦੇਣ ਦਾ ਜ਼ੋਰ ਦੇ ਰਿਹਾ ਹੈ ਤਾਂ ਕਿ ਬਾਹਰੀ ਲੋਕ ਉਥੋਂ ਦੇ ਆਬਾਦੀ ਦੇ ਤਵਾਜ਼ਨ ਨੂੰ ਬਦਲ ਨਾ ਸਕਣ।

ਨੈਸ਼ਨਲ ਕਾਨਫਰੰਸ ਦੇ ਮੁਖੀ ਨੇ ਕਿਹਾ ਕਿ ਗੱਠਜੋੜ ਜੰਮੂ ਕਸ਼ਮੀਰ ਸਬੰਧੀ ਸੰਵਿਧਾਨਕ ਸਥਿਤੀ ਬਹਾਲ ਕਰਨ ਦੀਆਂ ਕੋਸ਼ਿਸ਼ਾਂ ਕਰੇਗਾ ਜਿਵੇਂ ਕਿ ਪਿਛਲੇ ਸਾਲ ਪੰਜ ਅਗਸਤ ਤੋਂ ਪਹਿਲਾਂ ਸੀ। ਉਨ੍ਹਾਂ ਕਿਹਾ, 'ਜੰਮੂ ਕਸ਼ਮੀਰ ਤੇ ਲੱਦਾਖ ਤੋਂ ਜੋ ਖੋਹ ਲਿਆ ਗਿਆ ਹੈ, ਉਸ ਦੀ ਬਹਾਲੀ ਲਈ ਅਸੀਂ ਸੰਘਰਸ਼ ਕਰਾਂਗੇ। ਸਾਡੀ ਸੰਵਿਧਾਨਕ ਲੜਾਈ ਹੈ। ਅਸੀਂ (ਜੰਮੂ ਕਸ਼ਮੀਰ ਦੇ ਸਬੰਧ 'ਚ) ਸੰਵਿਧਾਨ ਦੀ ਬਹਾਲੀ ਲਈ ਕੋਸ਼ਿਸ਼ਾਂ ਕਰਾਂਗੇ ਜਿਵੇਂ ਕਿ ਪੰਜ ਅਗਸਤ 2019 ਤੋਂ ਪਹਿਲਾਂ ਸੀ।' ਅਬਦੁੱਲਾ ਨੇ ਕਿਹਾ ਕਿ ਗੱਠਜੋੜ ਜੰਮੂ ਕਸ਼ਮੀਰ ਦੇ ਮੁੱਦੇ ਦੇ ਹੱਲ ਲਈ ਸਾਰੀਆਂ ਸਬੰਧਤ ਧਿਰਾਂ ਨਾਲ ਗੱਲਬਾਤ ਵੀ ਕਰੇਗਾ।

### ਭਾਜਪਾ ਵਲੋਂ ਨਵਾਂ ਗੱਠਜੋੜ 'ਦੇਸ਼ ਵਿਰੋਧੀ' ਕਰਾਰ

**ਨਵੀਂ ਦਿੱਲੀ:** ਜੰਮੂ ਕਸ਼ਮੀਰ 'ਚ ਛੇ ਪਾਰਟੀਆਂ ਵਲੋਂ ਬਣਾਏ ਗਏ ਸਿਆਸੀ ਗੱਠਜੋੜ ਉਤੇ ਸਿਆਸਤ ਭਖ ਗਈ ਹੈ। ਭਾਜਪਾ ਨੇ ਗੱਠਜੋੜ ਨੂੰ 'ਦੇਸ਼ ਵਿਰੋਧੀ' ਕਰਾਰ ਦਿੰਦਿਆਂ ਕਿਹਾ ਕਿ ਕਸ਼ਮੀਰ ਵਾਦੀ 'ਚ ਲੋਕਾਂ ਦਾ ਰੋਹ ਭਗਵਾਂ ਪਾਰਟੀ ਜਾਂ ਕੇਂਦਰ ਖਿਲਾਫ ਨਹੀਂ ਹੈ ਸਗੋਂ ਉਹ 'ਮੁਫਤੀਆਂ ਅਤੇ ਅਬਦੁੱਲਿਆਂ' ਖਿਲਾਫ ਹੈ। ਸਾਬਕਾ ਉਪ ਮੁੱਖ ਮੰਤਰੀ ਕਵਿੰਦਰ ਗੁਪਤਾ ਨੇ ਕਿਹਾ ਕਿ ਵੰਡਪਾਊ ਤਾਕਤਾਂ ਦੀਆਂ ਦੇਸ਼ ਵਿਰੋਧੀ ਸਰਗਰਮੀਆਂ ਨੂੰ ਵਾਦੀ 'ਚ ਹੁਣ ਹੋਰ ਸਹਿਣ ਨਹੀਂ ਕੀਤਾ ਜਾਵੇਗਾ। ਵਾਦੀ 'ਚ ਭਾਜਪਾ ਅਤੇ ਕੇਂਦਰ ਖਿਲਾਫ ਵਧ ਰਹੇ ਰੋਹ ਦੀਆਂ ਰਿਪੋਰਟਾਂ ਨੂੰ ਨਕਾਰਦਿਆਂ ਸ੍ਰੀ ਗੁਪਤਾ ਨੇ ਕਿਹਾ ਕਿ ਭਗਵਾਂ ਪਾਰਟੀ ਦਾ ਆਧਾਰ ਵਧ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਖਿੱਤੇ ਦੇ ਲੋਕ ਸ਼ਾਂਤੀ, ਭਾਈਚਾਰਕ ਸਾਂਝ ਅਤੇ ਵਿਕਾਸ ਚਾਹੁੰਦੇ ਹਨ।

### ਲੋਕਤੰਤਰ ਦਾ 'ਬੇਹੱਦ ਮੁਸ਼ਕਲ ਦੌਰ': ਸੋਨੀਆ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਪਾਰਟੀ ਆਗੂਆਂ ਨੂੰ ਲੋਕਾਂ ਦੇ ਮੁੱਦਿਆਂ ਲਈ ਸੰਘਰਸ਼ ਕਰਨ ਦਾ ਸੱਦਾ ਦਿੱਤਾ ਹੈ ਤੇ ਕਿਹਾ ਹੈ ਕਿ ਲੋਕਤੰਤਰ 'ਬੇਹੱਦ ਮੁਸ਼ਕਲ ਸਮਿਆਂ' ਵਿਚੋਂ ਲੰਘ ਰਿਹਾ ਹੈ। ਇਹ ਸੱਦਾ ਪਾਰਟੀ ਪ੍ਰਧਾਨ ਨੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰਾਂ ਅਤੇ ਸੂਬਾ ਇੰਚਾਰਜਾਂ ਦੀ ਮੀਟਿੰਗ ਮੌਕੇ ਦਿੱਤਾ। ਮੀਟਿੰਗ ਬਾਰੇ ਟਵੀਟ ਕਰਦਿਆਂ ਕਾਂਗਰਸ ਦੇ ਮੁੱਖ ਬੁਲਾਰੇ ਰਣਦੀਪ ਸਿੰਘ ਸੁਰਜੇਵਾਲਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਨੇ ਆਗੂਆਂ ਨੂੰ ਕਿਹਾ ਹੈ ਕਿ ਉਹ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਕੰਮ ਕਰਨ। ਇਹ ਬੈਠਕ ਮਹੱਤਵਪੂਰਨ ਬਿਹਾਰ ਚੋਣਾਂ ਤੋਂ ਪਹਿਲਾਂ ਹੋਈ ਹੈ।

# ਮੁਲਤਾਨੀ ਕੇਸ: ਸੁਪਰੀਮ ਕੋਰਟ ਵਲੋਂ ਸਰਕਾਰ ਨੂੰ ਤਿੰਨ ਹਫਤਿਆਂ ਦੀ ਮੋਹਲਤ



**ਮੁਹਾਲੀ:** ਸਾਬਕਾ ਆਈ.ਏ.ਐਸ. ਦੇ ਲੜਕੇ ਬਲਵੰਤ ਸਿੰਘ ਮੁਲਤਾਨੀ ਨੂੰ 1991 'ਚ ਅਗਵਾ ਕਰਨ ਅਤੇ ਲਾਸ਼ ਨੂੰ ਖੁਰਦ-ਬੁਰਦ ਕਰਨ ਦੇ ਮਾਮਲੇ 'ਚ ਨਾਮਜ਼ਦ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਵਲੋਂ ਸੁਪਰੀਮ ਕੋਰਟ 'ਚ ਉਕਤ ਮਾਮਲਾ ਖਾਰਜ ਕਰਨ ਸਬੰਧੀ ਦਾਇਰ ਅਰਜ਼ੀ 'ਤੇ ਹੋਈ ਸੁਣਵਾਈ ਦੌਰਾਨ ਪੰਜਾਬ ਸਰਕਾਰ ਅਤੇ ਸ਼ਿਕਾਇਤਕਰਤਾ ਧਿਰ ਨੂੰ ਨੋਟਿਸ ਜਾਰੀ ਕਰਕੇ ਮਾਮਲੇ ਵਿਚ 3 ਹਫਤਿਆਂ ਦੇ ਅੰਦਰ ਜੁਆਬ ਦਾਖਲ ਕਰਨ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਦੇ ਜੁਆਬ ਉਪਰੰਤ ਚੌਥੇ ਹਫਤੇ 'ਚ ਸੁਮੇਧ ਸੈਣੀ ਨੂੰ ਆਪਣਾ ਪੱਖ ਰੱਖਣ ਦੇ ਹੁਕਮ ਦਿੱਤੇ ਗਏ ਹਨ। ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਸੁਮੇਧ ਸੈਣੀ ਦੀ ਅਗਾਊਂ ਜ਼ਮਾਨਤ ਦਾ ਫੈਸਲਾ ਵੀ ਅੱਗੇ ਪੈ ਗਿਆ ਹੈ ਅਤੇ ਇਸ ਗੱਲ ਦੀ ਵੀ ਸੰਭਾਵਨਾ ਹੈ ਕਿ ਇਸ ਮਾਮਲੇ ਦੀ ਅਗਲੀ ਸੁਣਵਾਈ ਨਵੰਬਰ ਮਹੀਨੇ ਦੇ ਪਹਿਲੇ ਹਫਤੇ 'ਚ ਮੁੜ ਹੋਵੇ।

ਹੁਣ ਦੇਖਣਾ ਹੋਵੇਗਾ ਕਿ ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਜਾਂਚ ਟੀਮ ਸੁਮੇਧ ਸੈਣੀ ਨੂੰ ਮੁੜ ਨੋਟਿਸ ਜਾਰੀ ਕਰਕੇ ਜਾਂਚ ਟੀਮ ਅੱਗੇ ਪੇਸ਼ ਹੋਣ ਲਈ ਕਹਿ ਸਕਦੀ ਹੈ ਜਾਂ ਨਹੀਂ ਕਿਉਂਕਿ ਪਿਛਲੇ ਦਿੱਤੇ ਨੋਟਿਸ 'ਤੇ ਸੁਮੇਧ ਸੈਣੀ ਦੇ ਵਕੀਲ ਵਲੋਂ ਸੈਣੀ ਦੀ ਸਿਹਤ ਠੀਕ ਨਾ ਹੋਣ ਕਾਰਨ ਜਾਂਚ ਟੀਮ ਅੱਗੇ ਪੇਸ਼ ਨਾ ਹੋਣ ਸਬੰਧੀ ਬੇਨਤੀ ਕੀਤੀ ਗਈ ਸੀ।

# ਰੇਲ ਹਾਦਸਾ: ਦੋ ਸਾਲ ਪਿਛੋਂ ਵੀ ਵਾਅਦੇ ਪੂਰੇ ਨਾ ਹੋਏ

**ਅੰਮ੍ਰਿਤਸਰ:** ਇਥੇ ਜੋੜਾ ਫਾਟਕ ਉਤੇ ਦੋ ਸਾਲ ਪਹਿਲਾਂ ਦੁਸਹਿਰੇ ਵਾਲੇ ਦਿਨ ਵਾਪਰੇ ਭਿਆਨਕ ਰੇਲ ਹਾਦਸੇ ਮੌਕੇ ਸਰਕਾਰ ਨੇ ਪੀੜਤਾਂ ਨਾਲ ਵੱਡੇ ਵਾਅਦੇ ਕੀਤੇ ਸਨ ਪਰ ਪੂਰਾ ਇਕ ਨਹੀਂ ਕੀਤਾ। ਇਸ ਦੋ ਸਾਲ ਦੇ ਸਮੇਂ ਦੌਰਾਨ ਕਿਸੇ ਇਕ ਵੀ ਆਸ਼ਰਿਤ ਨੂੰ ਨਾ ਸਰਕਾਰੀ ਨੌਕਰੀ ਮਿਲੀ ਤੇ ਨਾ ਹੀ ਕਿਸੇ ਨੂੰ ਪੈਨਸ਼ਨ ਸਗੋਂ ਹਲਕੇ ਦੇ ਕਾਂਗਰਸੀ ਵਿਧਾਇਕ ਨੇ ਵੀ ਮੁੜ ਕਿਸੇ ਦੀ ਬਾਤ ਨਹੀਂ ਪੁੱਛੀ।

19 ਅਕਤੂਬਰ 2018 ਦੀ ਸ਼ਾਮ ਨੂੰ ਦੁਸਹਿਰਾ ਦੇਖਣ ਗਏ ਲੋਕ ਜਦੋਂ ਰੇਲ ਪਟੜੀਆਂ 'ਤੇ ਬੈਠ ਕੇ ਰਾਵਣ ਤੇ ਹੋਰ ਬੁੱਤਾਂ ਨੂੰ ਅੱਗ ਲੱਗਣ ਦਾ ਨਜ਼ਾਰਾ ਦੇਖ ਰਹੇ ਸਨ ਤਾਂ ਜਲੰਧਰ ਤੋਂ ਇਕ ਰੇਲ ਗੱਡੀ ਉਨ੍ਹਾਂ ਦਾ ਕਾਲ ਬਣ ਕੇ ਆਈ ਅਤੇ ਤੇਜ਼ ਰਫਤਾਰ ਇਸ ਰੇਲ ਨੇ ਲੋਕਾਂ ਨੂੰ ਦਰੜ ਦਿੱਤਾ। ਇਸ ਹਾਦਸੇ 'ਚ 59 ਲੋਕ ਮਾਰੇ ਗਏ ਅਤੇ 100 ਦੇ ਕਰੀਬ ਜਖਮੀ ਹੋਏ ਸਨ। ਇਹ ਦੁਸਹਿਰਾ ਕਾਂਗਰਸ ਕਮੇਟੀ ਦੇ ਆਗੂ ਮਿੱਠੂ ਮਦਾਨ ਤੇ ਹੋਰਾਂ ਵਲੋਂ ਕਰਵਾਇਆ ਗਿਆ ਸੀ ਜਦੋਂਕਿ ਸਾਬਕਾ ਵਿਧਾਇਕਾ ਡਾ. ਨਵਜੋਤ ਕੌਰ ਸਿੱਧੂ ਇਸ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਪੁੱਜੇ ਸਨ। ਪੁਲਿਸ ਵਲੋਂ ਦਰਜ ਕੀਤੇ ਮਾਮਲੇ 'ਚ ਕਿਸੇ ਪੁਲਿਸ, ਨਿਗਮ ਜਾਂ ਰੇਲਵੇ ਦੇ ਅਧਿਕਾਰੀ ਜਾਂ ਕਰਮਚਾਰੀ ਨੂੰ ਜ਼ਿੰਮੇਵਾਰ ਠਹਿਰਾ ਨੇ ਨਾਮਜ਼ਦ ਨਹੀਂ ਕੀਤਾ, ਜਦੋਂਕਿ ਪੜਤਾਲੀਆ ਕਮੇਟੀ ਵਲੋਂ



ਪੁਲਿਸ, ਨਿਗਮ ਤੇ ਰੇਲਵੇ ਕਰਮਚਾਰੀਆਂ ਖਿਲਾਫ ਰਿਪੋਰਟ ਦਿੱਤੀ ਸੀ। ਇਸ ਮਾਮਲੇ 'ਚ ਸੱਤਾਧਾਰੀ ਧਿਰ ਦੇ ਆਗੂ ਸ਼ਾਮਲ ਹੋਣ ਕਾਰਨ ਮਾਮਲਾ ਵੀ ਕਮਜ਼ੋਰ ਬਣਾਇਆ ਗਿਆ।

ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਮੁੱਖ ਖੋਜਕਰਤਾ ਸਰਬਜੀਤ ਸਿੰਘ ਵੇਰਕਾ ਨੇ ਆਖਿਆ ਕਿ ਜਥੇਬੰਦੀ ਵੱਲੋਂ ਪੀੜਤ ਪਰਿਵਾਰਾਂ ਲਈ ਨਿਆਂ ਪ੍ਰਾਪਤ ਕਰਨ ਅਤੇ ਦੋਸ਼ੀਆਂ ਖਿਲਾਫ ਕਾਰਵਾਈ ਲਈ ਲਗਾਤਾਰ ਯਤਨ ਜਾਰੀ ਹਨ। ਦੱਸਣਯੋਗ ਹੈ ਕਿ ਰੇਲ ਹਾਦਸੇ ਤੋਂ ਬਾਅਦ ਕਾਂਗਰਸੀ ਮੰਤਰੀ ਵਜੋਂ ਨਵਜੋਤ ਸਿੰਘ ਸਿੱਧੂ ਨੇ ਪੀੜਤ ਪਰਿਵਾਰਾਂ ਨੂੰ ਰਾਸ਼ਨ ਦੇਣ, ਪੈਨਸ਼ਨ ਦੇਣ ਅਤੇ ਬੱਚਿਆਂ ਦੀ ਸਕੂਲ ਕਾਲਜ ਦੀ ਫੀਸ ਦੇਣ ਦੇ ਵਾਅਦੇ ਕੀਤੇ ਸਨ। ਪੀੜਤ ਪਰਿਵਾਰਾਂ ਦਾ ਦੋਸ਼ ਹੈ ਕਿ ਇਸ ਮਾਮਲੇ ਵਿਚ ਕਲੀਨ ਚਿਟ ਮਿਲਣ ਮਗਰੋਂ ਸਿੱਧੂ ਪਰਿਵਾਰ ਨੇ ਉਨ੍ਹਾਂ ਦੀ ਕਦੇ ਗੱਲ ਵੀ ਨਹੀਂ ਸੁਣੀ।

# ਕਰੋਨਾ ਮਹਾਮਾਰੀ ਦੌਰਾਨ ਸਰਕਾਰੀ ਹੁਕਮ ਉਲੰਘਣ ਵਾਲੇ ਸਕੂਲਾਂ ਉਤੇ ਸ਼ਿਕੰਜਾ

**ਚੰਡੀਗੜ੍ਹ:** ਪੰਜਾਬ ਦੇ ਸਿੱਖਿਆ ਵਿਭਾਗ ਨੇ ਕੋਵਿਡ-19 ਮਹਾਮਾਰੀ ਦੌਰਾਨ ਸੂਬਾ ਸਰਕਾਰ ਵਲੋਂ ਜਾਰੀ ਕੀਤੇ ਗਏ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਨ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਦੇ 9 ਸਕੂਲਾਂ ਨੂੰ ਜਾਰੀ ਕੀਤੇ ਗਏ 'ਕੋਈ ਇਤਰਾਜ਼ ਨਹੀਂ' ਸਰਟੀਫਿਕੇਟ (ਐਨ.ਓ.ਸੀ.) ਰੱਦ ਕਰ ਦਿੱਤੇ ਹਨ। ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਨੇ ਦੱਸਿਆ ਕਿ ਸਕੂਲਾਂ ਵਲੋਂ ਕੀਤੀਆਂ ਜਾ ਰਹੀਆਂ ਮਨਮਾਨੀਆਂ ਦੇ ਮਾਮਲਿਆਂ ਵਿਚ ਮਿਲੀਆਂ ਸ਼ਿਕਾਇਤਾਂ ਨੂੰ ਵਾਚਣ ਮਗਰੋਂ ਐਨ.ਓ.ਸੀਜ਼. ਰੱਦ ਕਰਨ ਦਾ ਫੈਸਲਾ ਕੀਤਾ ਗਿਆ ਹੈ। ਸਿੱਖਿਆ ਮੰਤਰੀ ਨੇ ਦੱਸਿਆ ਕਿ ਮਹਾਮਾਰੀ ਦੌਰਾਨ ਜ਼ਿਆਦਾਤਰ ਸ਼ਿਕਾਇਤਾਂ ਸਕੂਲਾਂ ਦੇ ਮੁਲਾਜ਼ਮਾਂ ਨੂੰ ਤਨਖਾਹ ਨਾ ਦੇਣ ਜਾਂ ਘੱਟ ਦੇਣ ਦੀਆਂ ਪ੍ਰਾਪਤ ਹੋ ਰਹੀਆਂ ਹਨ। ਸ਼ਿਕਾਇਤਾਂ ਮਿਲਣ ਮਗਰੋਂ ਸਬੰਧਤ ਸਕੂਲਾਂ ਦੇ ਪ੍ਰਬੰਧਕਾਂ ਨੂੰ ਨੋਟਿਸ ਜਾਰੀ ਕੀਤੇ ਅਤੇ ਜਵਾਬ ਤਸੱਲੀਬਖਸ਼ ਨਾ ਪਾਏ ਜਾਣ ਉਤੇ ਇਨ੍ਹਾਂ ਸਕੂਲਾਂ ਦੇ ਇਤਰਾਜ਼ ਨਹੀਂ ਵਾਲੇ ਸਰਟੀਫਿਕੇਟ ਰੱਦ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸੇ ਵੀ ਸਕੂਲ ਦੀ ਮੈਨੇਜਮੈਂਟ ਨੂੰ ਮੁਲਾਜ਼ਮਾਂ ਦਾ ਸ਼ੋਸ਼ਣ ਕਰਨ ਜਾਂ ਹੋਰ ਹਦਾਇਤਾਂ ਦੀ ਉਲੰਘਣਾ ਨਹੀਂ ਕਰਨ ਦੇਵੇਗੀ। ਐਨ.ਓ.ਸੀਜ਼. ਰੱਦ ਕੀਤੇ ਜਾਣ ਵਾਲੇ ਸਕੂਲਾਂ ਵਿਚ ਦੋ ਸਕੂਲ ਅੰਮ੍ਰਿਤਸਰ ਅਤੇ ਤਿੰਨ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਹਨ ਜਦੋਂਕਿ ਇਕ-ਇਕ ਸਕੂਲ ਫਤਹਿਗੜ੍ਹ ਸਾਹਿਬ, ਹੁਸ਼ਿਆਰਪੁਰ, ਬਠਿੰਡਾ ਤੇ ਜਲੰਧਰ ਜ਼ਿਲ੍ਹਿਆਂ ਨਾਲ ਸਬੰਧਤ ਹੈ।

ਇਨ੍ਹਾਂ ਵਿਚ ਅੰਮ੍ਰਿਤਸਰ ਦੇ ਦਿੱਲੀ ਪਬਲਿਕ ਸਕੂਲ ਤੇ ਦਵਿੰਦਰਾ ਇੰਟਰਨੈਸ਼ਨਲ ਸਕੂਲ ਜਦੋਂ ਕਿ ਲੁਧਿਆਣਾ ਜ਼ਿਲ੍ਹੇ ਦੇ ਗੁਰੂ ਨਾਨਕ ਪਬਲਿਕ ਸਕੂਲ ਸਰਾਭਾ ਨਗਰ, ਡੀ.ਏ.ਵੀ. ਪਬਲਿਕ ਸਕੂਲ ਭਾਈ ਰਣਧੀਰ ਸਿੰਘ ਨਗਰ ਅਤੇ ਅੰਮ੍ਰਿਤ ਇੰਡੋ-ਕੈਨੇਡੀਅਨ ਅਕਾਦਮੀ ਲਾਡੀਆਂ ਖੁਰਦ ਸ਼ਾਮਲ ਹਨ। ਫਤਹਿਗੜ੍ਹ ਸਾਹਿਬ ਦੇ ਬਾਲਕ ਯਸ਼ੂ ਕਾਨਵੈਂਟ ਸਕੂਲ ਪਿੰਡ ਫਾਟਕ ਮਾਜਰਾ, ਹੁਸ਼ਿਆਰਪੁਰ ਦੇ ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ, ਜਲੰਧਰ ਦੇ ਇੰਡੋ-ਸਵਿੱਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਅਤੇ ਬਠਿੰਡਾ ਦੇ ਵਿਬਗਿਓਰ ਸਕੂਲ ਰਾਮਗੜ੍ਹ ਭੂੰਦੜ ਰੋਡ ਦੀ ਐਨ.ਓ.ਸੀਜ਼. ਰੱਦ ਕੀਤੀ ਗਈ ਹੈ।

# ਪੰਜਾਬ ਵਿਚ ਸਕੂਲ ਖੋਲ੍ਹੇ, ਅਜੇ 3 ਘੰਟੇ ਹੋਵੇਗੀ ਪੜ੍ਹਾਈ

**ਮੋਹਾਲੀ:** ਕਰੋਨਾ ਮਹਾਮਾਰੀ ਤੇ ਲੌਕਡਾਊਨ ਕਾਰਨ ਲੰਮਾ ਸਮਾਂ ਬੰਦ ਰਹੇ ਪੰਜਾਬ ਦੇ ਸਕੂਲ ਮੁੜ ਖੁੱਲ੍ਹ ਗਏ ਹਨ। ਸਿੱਖਿਆ ਵਿਭਾਗ ਪੰਜਾਬ ਵਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਤਹਿਤ ਸੂਬੇ ਭਰ ਦੇ 9ਵੀਂ ਤੋਂ 12ਵੀਂ ਸ਼੍ਰੇਣੀ ਤੱਕ ਦੇ ਸਰਕਾਰੀ ਸਕੂਲ ਸਵੇਰੇ 8:30 ਖੁੱਲ੍ਹਣਗੇ। ਫਿਲਹਾਲ ਸਰਕਾਰੀ ਸਕੂਲ ਸਵੇਰੇ 8:30 ਤੋਂ ਬਾਅਦ ਦੁਪਹਿਰ 2:50 ਤੱਕ ਖੁੱਲ੍ਹਣਗੇ। ਅਧਿਆਪਕ ਤੇ ਨਾਨ-ਟੀਚਿੰਗ ਅਮਲਾ ਸਕੂਲ ਸਮੇਂ ਦੌਰਾਨ ਸਕੂਲ 'ਚ ਹਾਜ਼ਰ ਰਹੇਗਾ ਜਦਕਿ ਵਿਦਿਆਰਥੀ ਮਾਪਿਆਂ ਦੀ ਲਿਖਤੀ ਆਗਿਆ ਨਾਲ ਕੋਵਿਡ-19 ਤੋਂ ਬਚਾਅ ਸਬੰਧੀ ਸਾਰੇ ਜ਼ਰੂਰੀ ਨਿਯਮਾਂ ਦਾ ਪਾਲਣ ਕਰਦਿਆਂ ਸਕੂਲ ਵਿਚ 3 ਘੰਟੇ ਪੜ੍ਹਾਈ ਕਰਨਗੇ। ਇਕ ਸੈਕਸ਼ਨ 'ਚ 20 ਤੋਂ ਵਧੇਰੇ ਵਿਦਿਆਰਥੀ ਜਮਾਤ 'ਚ ਨਹੀਂ ਬੈਠਣਗੇ, ਜਿਥੇ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੋਵੇਗੀ, ਉਹ ਸਕੂਲ ਦੋ ਸ਼ਿਫਟਾਂ 'ਚ ਲਗਾਇਆ ਜਾਵੇਗਾ। ਇਕ ਬੈਂਚ 'ਤੇ ਸਿਰਫ ਇਕ ਵਿਦਿਆਰਥੀ ਹੀ ਬੈਠੇਗਾ ਅਤੇ ਦੋ ਬੈਂਚਾਂ 'ਚ ਦੂਰੀ ਨਿਯਮਾਂ ਅਨੁਸਾਰ ਰੱਖੀ ਜਾਵੇਗੀ। ਬੁਲਾਰੇ ਨੇ ਦੱਸਿਆ ਕਿ ਸਰਕਾਰੀ ਸਕੂਲਾਂ ਦੇ ਮੁਖੀ ਪੰਜਾਬ ਸਰਕਾਰ ਵਲੋਂ ਸਕੂਲਾਂ ਨੂੰ ਜਾਰੀ ਗ੍ਰਾਂਟ 'ਚੋਂ ਸਕੂਲ ਮੈਨੇਜਮੈਂਟ ਕਮੇਟੀ ਰਾਹੀਂ ਖਰਚਾ ਕਰਕੇ ਸਕੂਲ ਨੂੰ ਸੈਨੇਟਾਈਜ਼ ਕਰਵਾਉਣ ਤੋਂ ਇਲਾਵਾ ਕੋਵਿਡ-19 ਤੋਂ ਬਚਾਅ ਸਬੰਧੀ ਹੋਰ ਜ਼ਰੂਰੀ ਵਸਤਾਂ ਦੀ ਖਰੀਦ ਕਰਨਗੇ। ਦੂਜੇ ਪਾਸੇ ਵੱਡੀ ਗਿਣਤੀ ਮਾਪਿਆਂ ਵਲੋਂ ਸਕੂਲ ਖੁੱਲ੍ਹਣ ਦੇ ਸਮੇਂ ਦੀਆਂ ਹਦਾਇਤਾਂ ਕਾਰਨ ਆਨਲਾਈਨ ਸਿੱਖਿਆ ਦੇ ਪ੍ਰਭਾਵਿਤ ਹੋਣ ਦਾ ਖਦਸ਼ਾ ਪ੍ਰਗਟਾਇਆ ਹੈ। 19 ਅਕਤੂਬਰ ਤੋਂ ਸਰਕਾਰੀ ਸਕੂਲ ਸਵੇਰੇ 8:30 ਤੋਂ ਬਾਅਦ ਦੁਪਹਿਰ 2:50



ਤੱਕ ਖੁੱਲ੍ਹਣ ਨਾਲ ਅਧਿਆਪਕ 6 ਘੰਟੇ 20 ਮਿੰਟ ਸਕੂਲ ਵਿਚ ਰਹਿਣਗੇ ਤੇ ਜ਼ਿਆਦਾਤਰ ਅਧਿਆਪਕਾਂ ਨੂੰ ਘਰ ਤੋਂ ਸਕੂਲ ਆਉਣ ਅਤੇ ਸਕੂਲ ਤੋਂ ਘਰ ਜਾਣ ਲਈ ਡੇਢ ਤੋਂ 2 ਘੰਟੇ ਦੇ ਕਰੀਬ ਸਮਾਂ ਲੱਗੇਗਾ ਜਦ ਕਿ ਜ਼ਿਆਦਾਤਰ ਸਰਕਾਰੀ ਸਕੂਲਾਂ ਵਿਚ ਵੱਡੀ ਗਿਣਤੀ ਲੋੜਵੰਦ ਪਰਿਵਾਰਾਂ ਦੇ ਉਹ ਬੱਚੇ ਪੜ੍ਹਦੇ ਹਨ, ਜਿਹੜੇ ਸਵੇਰੇ ਮਜ਼ਦੂਰੀ ਕਰਨ ਗਏ ਆਪਣੇ ਮਾਪਿਆਂ ਦੇ ਮੋਬਾਈਲ ਦੀ ਦੇਰ ਸ਼ਾਮ ਤੱਕ ਉਡੀਕ ਕਰਦੇ ਹਨ ਤਾਂ ਜੋ ਉਹ ਮੋਬਾਈਲ 'ਤੇ ਅਧਿਆਪਕ ਵਲੋਂ ਭੇਜਿਆ ਸਕੂਲ ਦਾ ਕੰਮ ਪੂਰਾ ਕਰਕੇ ਆਨਲਾਈਨ ਅਧਿਆਪਕ ਨੂੰ ਚੈੱਕ ਕਰਨ ਲਈ ਭੇਜ ਸਕਣ।

ਸਕੂਲ ਅਧਿਆਪਕ ਵੀ ਇਨ੍ਹਾਂ ਬੱਚਿਆਂ ਦੀ ਇਸ ਮਜਬੂਰੀ ਨੂੰ ਸਮਝਦੇ ਹੋਏ ਸਵੇਰੇ ਸਵਖਤੇ ਤੇ ਦੇਰ ਸ਼ਾਮ ਨੂੰ ਅਜਿਹੇ ਵਿਦਿਆਰਥੀਆਂ ਨਾਲ ਮੋਬਾਈਲ 'ਤੇ ਸੰਪਰਕ ਕਰਕੇ ਉਨ੍ਹਾਂ ਨੂੰ ਆਨਲਾਈਨ ਸਕੂਲੀ ਸਿੱਖਿਆ ਨਾਲ ਜੋੜੀ ਰੱਖਣ ਲਈ ਰੋਜ਼ਾਨਾ ਪ੍ਰੇਰਿਤ ਕਰਦੇ ਰਹਿੰਦੇ ਹਨ ਪਰ ਰੋਜ਼ਾਨਾ 6.20 ਘੰਟੇ ਤੋਂ ਵੱਧ ਸਮਾਂ ਸਕੂਲ ਤੇ ਡੇਢ ਘੰਟਾ ਰਸਤੇ ਵਿਚ ਲੱਗਣ ਕਾਰਨ ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਪੜ੍ਹਾ ਰਹੇ ਹਜ਼ਾਰਾਂ ਅਧਿਆਪਕ ਆਪਣੇ ਸਕੂਲ ਦੇ 6ਵੀਂ ਤੋਂ ਲੈ ਕੇ 8ਵੀਂ ਸ਼੍ਰੇਣੀ ਅਤੇ 9ਵੀਂ ਤੋਂ 12ਵੀਂ ਸ਼੍ਰੇਣੀ ਤੱਕ ਸਕੂਲ ਨਾ ਭੇਜਣ ਦੇ ਇੱਛਕ ਮਾਪਿਆਂ ਦੇ ਅਜਿਹੇ ਲੱਖਾਂ ਵਿਦਿਆਰਥੀਆਂ ਨੂੰ ਸਹੀ ਤਰੀਕੇ ਨਾਲ ਆਨਲਾਈਨ ਪੜ੍ਹਾਈ ਨਾਲ ਜੋੜ ਕੇ ਰੱਖਣ ਵਿਚ ਕਾਫੀ ਮੁਸ਼ਕਲ ਆਵੇਗੀ। ਇਸ ਦੇ ਨਾਲ ਹੀ ਮਾਪਿਆਂ ਵਲੋਂ ਇਸ ਫੈਸਲੇ ਨਾਲ ਲੋੜਵੰਦ ਗਰੀਬ ਪਰਿਵਾਰਾਂ ਦੇ ਬੱਚਿਆਂ ਦੀ ਆਨਲਾਈਨ ਪੜ੍ਹਾਈ ਪ੍ਰਭਾਵਿਤ ਹੋਣ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ।

# ਪੰਜਾਬ 'ਚ ਓ.ਪੀ.ਡੀ. ਸੇਵਾਵਾਂ ਅਤੇ ਚੋਣਵੇਂ ਅਪਰੇਸ਼ਨ ਮੁੜ ਸ਼ੁਰੂ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਕੋਵਿਡ ਕੇਸਾਂ ਦੀ ਘਟਦੀ ਗਿਣਤੀ ਦੇ ਮੱਦੇਨਜ਼ਰ ਹਸਪਤਾਲਾਂ 'ਚ ਓ.ਪੀ.ਡੀ. ਸੇਵਾਵਾਂ ਅਤੇ ਚੋਣਵੇਂ ਅਪਰੇਸ਼ਨ (ਸਰਜਰੀਆਂ) ਵਿਆਪਕ ਇਹਤਿਆਤਾਂ ਨਾਲ ਮੁੜ ਸ਼ੁਰੂ ਕਰਨ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਕਰੋਨਾ ਮਹਾਮਾਰੀ ਦੀ ਦੂਜੀ ਲਹਿਰ ਦੀ ਸੰਭਾਵਨਾ ਨੂੰ ਦੇਖਦਿਆਂ ਅਵੇਸਲੇ ਨਾ ਹੋਣ ਤੇ ਵਧੇਰੇ ਚੌਕਸ ਰਹਿਣ ਲਈ ਕਿਹਾ ਹੈ।

ਕੋਵਿਡ ਹਾਲਾਤ ਦੀ ਸਮੀਖਿਆ ਲਈ ਵਰਚੁਅਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਅਗਾਮੀ ਤਿਉਹਾਰੀ ਸੀਜ਼ਨ ਦੇ ਮੱਦੇਨਜ਼ਰ ਹਾਲਾਤ ਨੂੰ ਕਾਬੂ 'ਚ ਰੱਖਣ ਲਈ ਸਾਰੇ ਲੋੜੀਂਦੇ ਕਦਮ ਚੁੱਕੇ ਜਾਣ। ਉਨ੍ਹਾਂ ਸਿਹਤ ਤੇ ਮੈਡੀਕਲ ਸਿੱਖਿਆ ਵਿਭਾਗ ਨੂੰ ਮਾਰਕੀਟ ਕਮੇਟੀਆਂ ਨਾਲ ਮਿਲ ਕੇ ਮਾਸਕ ਵੰਡਣ, ਲੋਕਾਂ ਨੂੰ ਮਾਸਕ ਪਹਿਨਣ ਅਤੇ ਸਮਾਜਿਕ ਦੂਰੀ ਨੇਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਵਿਭਾਗਾਂ ਨੂੰ ਆਖਿਆ ਕਿ ਤਕਨੀਸ਼ੀਅਨਾਂ ਆਦਿ ਦੀਆਂ ਖਾਲੀ ਅਸਾਮੀਆਂ ਫੌਰੀ ਭਰੀਆਂ ਜਾਣ ਤਾਂ ਜੋ ਆਮ ਓ.ਪੀ.ਡੀ. ਸੇਵਾਵਾਂ ਤੇ ਚੋਣਵੀਆਂ ਸਰਜਰੀਆਂ ਸੁਚਾਰੂ ਤਰੀਕੇ ਨਾਲ ਕੀਤੀਆਂ ਜਾ ਸਕਣ।

ਡੀ.ਜੀ.ਪੀ. ਦਿਨਕਰ ਗੁਪਤਾ ਨੇ ਮੀਟਿੰਗ ਦੌਰਾਨ ਦੱਸਿਆ ਕਿ ਪੰਜਾਬ ਪੁਲਿਸ ਤਿਉਹਾਰਾਂ ਦੇ ਮੱਦੇਨਜ਼ਰ ਕੋਵਿਡ ਨਿਯਮਾਂ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਏਗੀ। ਸਲਾਹਕਾਰੀ ਕਮੇਟੀ ਦੇ ਮੁਖੀ ਡਾ. ਕੇ.ਕੇ.ਤਲਵਾੜ ਨੇ ਕਿਹਾ ਕਿ ਪਾਜ਼ੀਟਿਵ ਦਰ ਦਾ ਘਟ ਕੇ 2.60 ਫੀਸਦੀ ਹੋ ਜਾਣਾ ਚੰਗਾ ਸੰਕੇਤ ਹੈ, ਪਰ ਅਗਾਮੀ ਤਿਉਹਾਰਾਂ ਅਤੇ ਸਿਹਤ ਪ੍ਰਣਾਲੀ ਵਿੱਚ ਚੁਣੌਤੀਆਂ ਕਰਕੇ ਪੰਜਾਬ ਛੇਤੀ ਹੀ ਦੂਜੀ ਲਹਿਰ ਦੇਖ ਸਕਦਾ ਹੈ।

# ਕਿਸਾਨਾਂ ਵਲੋਂ ਬਿਹਾਰ ਚੋਣਾਂ 'ਚ ਭਾਜਪਾ ਨੂੰ ਘੇਰਾ ਪਾਉਣ ਦੀ ਰਣਨੀਤੀ

**ਨਵੀਂ ਦਿੱਲੀ:** ਆਲ ਇੰਡੀਆ ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ (ਏ. ਆਈ. ਕੇ. ਐਸ.ਸੀ.ਸੀ.) ਨੇ ਮੌਨਸੂਨ ਇਜਲਾਸ ਦੌਰਾਨ ਪਾਸ ਤਿੰਨ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਨੂੰ ਹੋਰ ਤੇਜ਼ ਕਰਦਿਆਂ ਬਿਹਾਰ ਚੋਣਾਂ ਵਿਚ ਭਾਜਪਾ ਉਮੀਦਵਾਰਾਂ ਦੀ ਹਾਰ ਨੂੰ ਯਕੀਨੀ ਬਣਾਉਣ ਲਈ ਮੁਹਿੰਮ ਵਿੱਢਣ ਦਾ ਫੈਸਲਾ ਕੀਤਾ ਹੈ। ਏ.ਆਈ.ਕੇ.ਐਸ.ਸੀ.ਸੀ. ਕਿਸਾਨਾਂ ਤੇ ਕਿਰਸਾਨੀ ਦੇ ਕਿੱਤੇ ਨਾਲ ਜੁੜੇ ਮਜ਼ਦੂਰਾਂ ਨਾਲ ਸਬੰਧਤ 250 ਦੇ ਕਰੀਬ ਜਥੇਬੰਦੀਆਂ ਦਾ ਇਕ ਸਾਂਝਾ ਮੰਚ ਹੈ। ਕੋਆਰਡੀਨੇਸ਼ਨ ਕਮੇਟੀ ਨੇ ਖੇਤੀ ਕਾਨੂੰਨਾਂ ਵਿਚ ਸੋਧ ਦੀ ਮੰਗ ਕਰਦਿਆਂ 26 ਤੇ 27 ਨਵੰਬਰ ਨੂੰ 'ਸੰਸਦ ਵਲ ਮਾਰਚ' ਦਾ ਸੱਦਾ ਦਿੱਤਾ ਹੋਇਆ ਹੈ। ਆਲ ਇੰਡੀਆ ਕਿਸਾਨ ਸਭਾ (ਏ.ਆਈ.ਕੇ.ਐਸ.) ਦੇ ਕੌਮੀ ਜਨਰਲ ਸਕੱਤਰ ਹਨਨ ਮੋਲ੍ਹਾ ਨੇ ਕਿਹਾ, 'ਅਸੀਂ ਬਿਹਾਰ ਅਸੈਂਬਲੀ ਚੋਣਾਂ ਵਿਚ ਭਾਜਪਾ ਤੇ ਇਸ ਦੇ ਭਾਈਵਾਲਾਂ ਦੀ ਹਾਰ ਯਕੀਨੀ ਬਣਾਉਣ ਲਈ ਪ੍ਰਚਾਰ ਕਰਾਂਗੇ।' ਮੋਲ੍ਹਾ ਨੇ ਕਿਹਾ, 'ਕਿਸਾਨ ਜਥੇਬੰਦੀਆਂ ਕੇਂਦਰੀ ਟਰੇਡ ਯੂਨੀਅਨਾਂ ਤਕ ਰਸਾਈ ਕਰਦਿਆਂ ਉਨ੍ਹਾਂ ਨੂੰ ਬਿਹਾਰ ਚੋਣਾਂ 'ਚ ਭਾਜਪਾ ਖਿਲਾਫ ਇਸ ਤਜਵੀਜ਼ਤ ਮੁਹਿੰਮ 'ਚ ਸ਼ਾਮਲ ਹੋਣ ਦੀ ਅਪੀਲ ਕਰਨਗੀਆਂ।' ਮੁਲਕ ਦੀਆਂ 10 ਕੇਂਦਰੀ ਟਰੇਡ ਯੂਨੀਅਨਾਂ, ਜਿਨ੍ਹਾਂ ਦਾ ਝੁਕਾਅ ਖੱਬੇਪੱਖੀਆਂ ਵਲ ਹੈ, ਪਹਿਲਾਂ ਹੀ ਖੇਤੀ ਬਿੱਲਾਂ ਖਿਲਾਫ ਵਿਰੋਧ ਦਰਜ ਕਰਵਾ ਚੁੱਕੀਆਂ ਹਨ। ਏ.ਆਈ.ਕੇ.ਐਸ.ਸੀ.ਸੀ. ਦੀ ਉਪਰੋਕਤ ਤਜਵੀਜ਼ ਨਾਲ ਬਿਹਾਰ ਵਿਚ ਸੱਤਾਧਾਰੀ ਭਾਜਪਾ-ਜੇ.ਡੀ.ਯੂ. ਗੱਠਜੋੜ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ ਕਿਉਂਕਿ ਨਿਤੀਸ਼ ਕੁਮਾਰ ਦੀ ਅਗਵਾਈ ਵਾਲੀ ਗੱਠਜੋੜ ਸਰਕਾਰ ਨੂੰ ਕੋਵਿਡ-19 ਮਹਾਮਾਰੀ, ਪਰਵਾਸੀ ਕਿਰਤੀਆਂ ਦੀ ਘਰ ਵਾਪਸੀ, ਲੌਕਡਾਊਨ ਦੌਰਾਨ ਹੜ੍ਹਾਂ ਦੇ ਸੰਕਟ ਤੇ ਵਧਦੀ ਬੇਰੁਜ਼ਗਾਰੀ ਜਿਹੇ ਮੁੱਦਿਆਂ ਨਾਲ ਕਥਿਤ ਸਹੀ ਤਰੀਕੇ ਨਾਲ ਨਾ ਨਜਿੱਠਣ ਕਰਕੇ ਲੋਕ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਿਹਾਜ਼ਾ ਭਾਜਪਾ ਤੇ ਜੇ.ਡੀ.ਯੂ. ਨੂੰ ਕਿਸਾਨਾਂ ਦੇ ਇਸ ਤਜਵੀਜ਼ਤ ਵਿਰੋਧ ਪ੍ਰਦਰਸ਼ਨਾਂ ਤੋਂ ਬਚਣ ਲਈ ਕੋਈ ਰਾਹ ਲੱਭਣਾ ਹੋਵੇਗਾ।

# ਪੰਜਾਬੀ ਦੀ ਬਾਂਹ ਫੜਨ ਤੋਂ ਭੱਜੀ ਸਰਕਾਰ

**ਪਟਿਆਲਾ:** ਭਾਸ਼ਾ ਵਿਭਾਗ ਦੇ ਸਿਰ ਰਾਜ ਭਾਸ਼ਾ ਪੰਜਾਬੀ ਤੇ ਹੋਰ ਭਾਸ਼ਾਵਾਂ ਪ੍ਰਤੀ ਵੱਡੀ ਜ਼ਿੰਮੇਵਾਰੀ ਹੈ ਪਰ ਵਿਭਾਗ ਦੀ ਹਾਲਤ ਦੀਵੇ ਥੱਲੇ ਹਨੇਰੇ ਵਾਲੀ ਬਣੀ ਹੋਈ ਹੈ। ਪੰਜਾਬ ਭਾਸ਼ਾ ਵਿਭਾਗ ਵਿਚ ਵੱਡੇ ਪੱਧਰ ਉਤੇ ਅਸਾਮੀਆਂ ਖਾਲੀ ਹਨ। ਵਿਭਾਗ ਲਈ ਖੋਜ ਅਫਸਰ ਤੇ ਸਹਾਇਕ ਖੋਜ ਅਫਸਰ ਰੀੜ੍ਹ ਦੀ ਹੱਡੀ ਮੰਨੇ ਜਾਂਦੇ ਹਨ, ਜਿਹੜੇ ਭਾਸ਼ਾਵਾਂ ਦੇ ਖੋਜ ਕਾਰਜਾਂ ਨੂੰ ਅੱਗੇ ਤੋਰਦੇ ਹਨ, ਪਰ ਸਹਾਇਕ ਖੋਜ ਅਫਸਰਾਂ ਦੀ 60 ਵਿਚੋਂ ਸਿਰਫ ਇਕ ਹੀ ਅਸਾਮੀ ਭਰੀ ਰਹਿ ਗਈ ਹੈ। ਇਸੇ ਤਰ੍ਹਾਂ ਸਹਾਇਕ ਖੋਜ ਅਫਸਰਾਂ ਦੀਆਂ 40 'ਚੋਂ ਕੇਵਲ ਪੰਜ ਹੀ ਅਸਾਮੀਆਂ ਰਹਿ ਗਈਆਂ ਹਨ। ਵਿਭਾਗ ਦਾ ਖੋਜ ਤੇ ਟੈਕਨੀਕਲ ਕੰਮ ਵੀ ਰੱਬ ਆਸਰੇ ਹੈ। ਵਿਭਾਗ ਨੂੰ ਕਰੀਬ ਸਵਾ ਸਾਲ ਤੋਂ ਰੈਗੂਲਰ ਡਾਇਰੈਕਟਰ ਵੀ ਨਸੀਬ ਨਹੀਂ ਹੋ ਸਕਿਆ। ਇਸ ਵੇਲੇ ਅਸਥਾਈ ਵਾਗਡੋਰ ਡਿਪਟੀ ਡਾਇਰੈਕਟ ਦੇ ਹਵਾਲੇ ਕਰਕੇ ਡੰਗ ਟਪਾਇਆ ਜਾ ਰਿਹਾ ਹੈ ਜਦੋਂਕਿ ਵਧੀਕ ਡਾਇਰੈਕਟਰ ਦੀ ਅਸਾਮੀ ਖਾਲੀ ਪਈ ਹੈ। ਸੰਯੁਕਤ ਡਾਇਰੈਕਟਰ ਦੀਆਂ ਦੋਵੇਂ ਅਸਾਮੀਆਂ, ਡਿਪਟੀ ਡਾਇਰੈਕਟਰਾਂ ਦੀਆਂ 6 ਵਿਚੋਂ 4 ਅਤੇ ਸਹਾਇਕ ਡਾਇਰੈਕਟਰਾਂ ਦੀਆਂ 26 'ਚੋਂ 15 ਅਸਾਮੀਆਂ ਖਾਲੀ ਹਨ।

# ਮੁੰਬਈ 'ਚ ਕੰਗਨਾ ਖਿਲਾਫ ਐਫ.ਆਈ.ਆਰ. ਦਰਜ

**ਮੁੰਬਈ:** ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਇਕ ਵਾਰ ਫਿਰ ਸੁਰਖੀਆਂ 'ਚ ਹੈ। ਕਰਨਾਟਕ 'ਚ ਐਫ.ਆਈ.ਆਰ. ਦਰਜ ਹੋਣ ਪਿਛੋਂ ਮੁੰਬਈ ਦੀ ਬਾਂਦਰਾ ਅਦਾਲਤ ਨੇ ਵੀ ਕੰਗਨਾ ਤੇ ਉਸ ਦੀ ਭੈਣ ਰੰਗੋਲੀ ਖਿਲਾਫ ਟਵੀਟਾਂ ਤੇ ਇੰਟਰਵਿਊ ਜ਼ਰੀਏ ਭਾਈਚਾਰਕ ਨਫਰਤ ਫੈਲਾਉਣ ਦੇ ਦੋਸ਼ 'ਚ ਐਫ. ਆਈ. ਆਰ. ਦਰਜ ਕਰਨ ਦਾ ਆਦੇਸ਼ ਦਿੱਤਾ ਹੈ। ਕਾਸਟਿੰਗ ਡਾਇਰੈਕਟਰ ਸਾਹਿਲ ਅਸ਼ਰਫ ਸੱਯਦ ਤੇ ਮੁਨੱਵਰ ਅਲੀ ਨੇ ਅਦਾਲਤ 'ਚ ਇਕ ਪਟੀਸ਼ਨ ਦਾਇਰ ਕਰਕੇ ਕੰਗਨਾ ਤੇ ਉਸ ਦੀ ਭੈਣ ਦੇ ਟਵੀਟਾਂ ਨੂੰ ਭੜਕਾਊ ਦੱਸਦਿਆਂ ਉਨ੍ਹਾਂ ਦੇ ਖਿਲਾਫ ਐਫ.ਆਈ.ਆਰ. ਦਰਜ ਕਰਨ ਦੀ ਮੰਗ ਕੀਤੀ ਸੀ।

# ਕਿਸਾਨ ਅੰਦੋਲਨ ਅਤੇ ਫੈਡਰਲਿਜ਼ਮ ਦਾ ਮਸਲਾ

***ਪੰਜਾਬ ਦਾ ਕਿਸਾਨ ਅੰਦੋਲਨ ਹੁਣ ਇਕ ਖਾਸ ਮੁਕਾਮ 'ਤੇ ਪੁੱਜ ਗਿਆ ਹੈ। ਇਹ ਪੰਜਾਬ ਦੀਆਂ ਕਿਸਾਨ ਯੂਨੀਅਨਾਂ ਦੀ ਪ੍ਰਾਪਤੀ ਹੈ ਕਿ ਉਨ੍ਹਾਂ ਵੱਖ-ਵੱਖ ਸਿਆਸੀ ਧਿਰਾਂ ਨੂੰ ਕੇਂਦਰ ਸਰਕਾਰ ਦੇ ਬਣਾਏ ਤਿੰਨ ਖੇਤੀ ਕਾਨੂੰਨਾਂ ਖਿਲਾਫ ਸਟੈਂਡ ਲੈਣ ਲਈ ਮਜਬੂਰ ਕਰ ਦਿੱਤਾ। ਹੁਣ ਇਨ੍ਹਾਂ ਕੇਂਦਰੀ ਕਾਨੂੰਨਾਂ ਖਿਲਾਫ ਪੰਜਾਬ ਵਿਧਾਨ ਸਭਾ ਵਿਚ ਨਵੇਂ ਖੇਤੀ ਕਾਨੂੰਨ ਪਾਸ ਕਰ ਦਿੱਤੇ ਗਏ ਹਨ। ਇਹ ਅੰਦੋਲਨ ਹੁਣ ਮੁਲਕ ਭਰ ਵਿਚ ਫੈਲ ਰਿਹਾ ਹੈ। ਇਨ੍ਹਾਂ ਸਮੁੱਚੇ ਹਾਲਾਤ ਬਾਰੇ ਚਰਚਾ ਪੱਤਰਕਾਰ ਹਮੀਰ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

**ਹਮੀਰ ਸਿੰਘ**

ਕਾਰਪੋਰੇਟ ਘਰਾਣਿਆਂ ਅਤੇ ਤਾਕਤਾਂ ਦੇ ਕੇਂਦਰੀਕਰਨ ਨੂੰ ਪ੍ਰਣਾਈ ਕੇਂਦਰ ਸਰਕਾਰ ਵਲੋਂ ਪਾਸ ਕੀਤੇ ਗਏ ਮੰਡੀ, ਕੰਟਰੈਕਟ ਫਾਰਮਿੰਗ ਅਤੇ ਜ਼ਰੂਰੀ ਵਸਤਾਂ ਸੋਧ ਕਾਨੂੰਨ ਤੇ ਸੰਭਾਵੀ ਬਿਜਲੀ ਸੋਧ ਬਿਲ ਖਿਲਾਫ ਕਿਸਾਨ ਅੰਦੋਲਨ ਨਵੀਆਂ ਲੀਹਾਂ ਪਾ ਰਿਹਾ ਹੈ। ਝੋਨੇ ਦੇ ਸੀਜ਼ਨ ਦੌਰਾਨ ਵੀ ਕਿਸਾਨਾਂ ਦਾ ਰੇਲਵੇ ਲਾਈਨਾਂ, ਕਾਰਪੋਰੇਟ ਘਰਾਣਿਆਂ ਦੇ ਪੈਟਰੋਲ ਪੰਪ, ਮਾਲ, ਟੌਲ ਪਲਾਜ਼ਿਆਂ ਅਤੇ ਹੋਰ ਥਾਵਾਂ ਸਾਹਮਣੇ ਦਿੱਤੇ ਜਾ ਰਹੇ ਧਰਨਿਆਂ ਵਿਚ ਔਰਤਾਂ, ਗਾਇਕਾਂ, ਕਲਾਕਾਰਾਂ ਅਤੇ ਹੋਰ ਵਰਗਾਂ ਦੀ ਵਧ ਰਹੀ ਸ਼ਮੂਲੀਅਤ ਨੇ ਕੇਂਦਰ ਨੂੰ ਇੱਕ ਹੱਦ ਤੱਕ ਪ੍ਰੇਸ਼ਾਨ ਕੀਤਾ ਹੈ। ਇਸੇ ਕਰ ਕੇ ਦਿਖਾਵੇ ਲਈ ਹੀ ਸਹੀ ਪਰ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੂੰ ਗੱਲਬਾਤ ਲਈ ਬੁਲਾਉਣਾ ਪਿਆ ਹੈ। ਉਮੀਦ ਦੇ ਮੁਤਾਬਿਕ ਗੱਲਬਾਤ ਬੇਸਿੱਟਾ ਹੀ ਰਹਿਣੀ ਸੀ। ਨੋਟਬੰਦੀ, ਜੀ.ਐਸ.ਟੀ., ਨਾਗਰਿਕ ਸੋਧ ਬਿਲ ਸਣੇ ਲੋਕਾਂ ਦੀਆਂ ਤਕਲੀਫਾਂ ਦੀ ਪ੍ਰਵਾਹ ਕੀਤੇ ਬਿਨਾ ਹਰ ਹਾਲਤ ਵਿਚ ਆਪਣੀ ਗੱਲ ਨੂੰ ਸਾਬਤ ਕਰਨ ਦੀ ਮੋਦੀ ਸਰਕਾਰ ਦੀ ਜ਼ਿੱਦ ਅੰਦੋਲਨਕਾਰੀਆਂ ਸਾਹਮਣੇ ਵੀ ਅੰਦੋਲਨ ਨੂੰ ਹੋਰ ਵਿਸ਼ਾਲ ਕਰਨ, ਸਾਰੇ ਵਰਗਾਂ ਨੂੰ ਸ਼ਾਮਿਲ ਕਰਨ ਅਤੇ ਸਿਆਸੀ ਤੌਰ ਉਤੇ ਕੇਂਦਰ ਦੇ ਰਵੱਈਏ ਨੂੰ ਸੱਟ ਮਾਰਨ ਦੀ ਰਣਨੀਤੀ ਉਲੀਕਣ ਦੀ ਚੁਣੌਤੀ ਪੇਸ਼ ਕਰ ਰਹੀ ਹੈ।

ਇਹ ਸੁਆਲ ਆਪਣੇ-ਆਪ ਵਿਚ ਅਹਿਮ ਹੈ ਕਿ ਪੱਛਮੀ ਬੰਗਾਲ ਦੇ ਇੱਕ ਛੋਟੇ ਜਿਹੇ ਖੇਤਰ ਨਕਸਲਬਾੜੀ ਤੋਂ ਸ਼ੁਰੂ ਹੋਏ ਹਥਿਆਰਬੰਦ ਕਿਸਾਨ ਅੰਦੋਲਨ ਨੇ ਦੇਸ਼ ਭਰ ਵਿਚ ਜੋ ਇਨਕਲਾਬੀ ਮਾਹੌਲ ਸਿਰਜਿਆ ਸੀ, ਕੀ ਇਹ ਬਦਲੇ ਹਾਲਾਤ ਵਿਚ ਸ਼ਾਂਤਮਈ ਤਰੀਕੇ ਦਾ ਕਿਸਾਨ ਅੰਦੋਲਨ ਦੇਸ਼ ਅੰਦਰ ਜਮਹੂਰੀ ਤਰਜ਼ ਦੀ ਸਿਆਸਤ ਲਈ ਰਾਹ ਦਰਸਾਉਣ ਦਾ ਆਧਾਰ ਬਣਾ ਸਕਦਾ ਹੈ?

ਕੇਂਦਰ ਨਾਲ ਗੱਲਬਾਤ ਲਈ ਗਏ ਆਗੂਆਂ ਨੇ 28 ਕਿਸਾਨ ਜਥੇਬੰਦੀਆਂ ਵਲੋਂ ਅੰਗਰੇਜ਼ੀ ਵਿਚ ਕਾਨੂੰਨਾਂ ਉਤੇ ਨੁਕਤਾਵਾਈਜ਼ ਵਿਸਥਾਰਤ ਮੰਗ ਪੱਤਰ ਖੇਤੀ ਸਕੱਤਰ ਨੂੰ ਸੌਂਪਿਆ। ਭਾਰਤੀ ਕਿਸਾਨ ਯੂਨੀਅਨ-ਏਕਤਾ (ਉਗਰਾਹਾਂ) ਨੇ 10 ਮੰਗਾਂ ਉਤੇ ਆਧਾਰਿਤ ਪੰਜਾਬੀ ਵਿਚ ਲਿਖਿਆ ਮੰਗ ਪੱਤਰ ਪੇਸ਼ ਕੀਤਾ। ਦੋਵਾਂ ਵਿਚ ਬਹੁਤ ਸਾਰੀਆਂ ਸਮਾਨਤਾਵਾਂ ਦੇ ਬਾਵਜੂਦ ਸਿਆਸੀ ਪਹੁੰਚ ਸਬੰਧੀ ਵਖਰੇਵਾਂ ਵੀ ਸਪਸ਼ਟ ਰੂਪ ਵਿਚ ਦਿਖਾਈ ਦਿੰਦਾ ਹੈ। ਜਥੇਬੰਦੀਆਂ ਦਾ ਸਾਂਝਾ ਮੰਗ ਪੱਤਰ ਖੇਤੀ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦਾ ਦੋਸ਼ ਲਗਾਉਣ ਅਤੇ ਘੱਟੋ-ਘੱਟ ਸਮਰਥਨ ਮੁੱਲ ਲਈ ਕੀਮਤ ਗਾਰੰਟੀ ਕਾਨੂੰਨ ਬਣਾਉਣ ਤੇ ਸਵਾਮੀਨਾਥਨ ਰਿਪੋਰਟ ਨੂੰ ਸੀ-2 ਲਾਗਤ ਜੋੜ ਕੇ ਲਾਗੂ ਕਰਨ ਦੀ ਮੰਗ ਦੇ ਨਾਲ ਦੀ ਨਾਲ ਕੇਂਦਰ-ਰਾਜ ਸਬੰਧਾਂ ਦੇ ਸਿਆਸੀ ਮੁੱਦੇ ਨੂੰ ਵੀ ਉਭਾਰਦਾ ਹੈ। ਇਸ ਦੇ ਤਿੰਨੇ ਕਾਨੂੰਨਾਂ ਦੀ ਵਿਆਖਿਆ ਵਿਚ ਫੈਡਰਲਿਜ਼ਮ ਨੂੰ ਸੱਟ ਮਾਰਨ ਵਾਲਾ ਕਰਾਰ ਦਿੰਦਿਆਂ ਤਾਕਤਾਂ ਦੇ ਕੇਂਦਰੀਕਰਨ ਨੂੰ ਵੰਗਾਰਿਆ ਗਿਆ ਹੈ। ਇਹ ਕਿਸਾਨ ਅੰਦੋਲਨ ਭਵਿਖ ਦੀ ਵਿਆਪਕ ਰਣਨੀਤੀ ਦਾ ਸੰਕੇਤ ਹੈ। ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਗੱਲਬਾਤ ਵਿਚ ਸ਼ਾਮਿਲ ਨਹੀਂ ਹੋਏ ਪਰ ਉਹ ਫੈਡਰਲਿਜ਼ਮ ਦੀ ਮੰਗ ਲਗਾਤਾਰ ਉਠਾਉਂਦੇ ਆ ਰਹੇ ਹਨ। ਇਸ ਲਈ ਕਿਸਾਨ ਅੰਦੋਲਨ ਬਾਰੇ ਕੇਵਲ ਸਮਰਥਨ ਮੁੱਲ ਤੱਕ ਸੀਮਤ ਰੱਖਣ ਦੀ ਦਲੀਲ ਦੇਣ ਵਾਲਿਆਂ ਨੂੰ ਆਪਣੇ ਬਿਆਨਾਂ ਉਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ।

ਇਸੇ ਦੌਰਾਨ ਅੰਗਰੇਜ਼ੀ ਦੇ ਇੱਕ ਵੱਡੇ ਮੈਗਜ਼ੀਨ (ਫਰੰਟਲਾਈਨ) ਨੇ ਕਿਸਾਨ ਅੰਦੋਲਨ ਉਤੇ ਕਵਰ ਸਟੋਰੀ ਕੀਤੀ ਹੈ। ਉਸ ਨੇ ਭਾਜਪਾ ਅਤੇ ਆਰ.ਐਸ.ਐਸ. ਦੇ ਹਵਾਲੇ ਨਾਲ ਇਹ ਦੱਸਿਆ ਹੈ ਕਿ ਕੇਂਦਰ ਸਰਕਾਰ ਨੂੰ ਪਿਛਲੇ ਛੇ ਸਾਲਾਂ ਦੌਰਾਨ ਇਹ ਲੱਗਣ ਲੱਗ ਪਿਆ ਸੀ ਕਿ ਖੇਤੀ ਕਾਨੂੰਨਾਂ ਉਤੇ ਵੀ ਕੋਈ ਵੱਡਾ ਵਿਰੋਧ ਨਹੀਂ ਝੱਲਣਾ ਪਵੇਗਾ। ਜੰਮੂ ਕਸ਼ਮੀਰ ਦੀ ਧਾਰਾ 370 ਅਤੇ 35-ਏ ਖਤਮ ਕਰਨ ਵੇਲੇ ਦੇਸ਼ ਦੀ ਸਿਆਸੀ ਪਾਰਟੀਆਂ ਅਤੇ ਜ਼ਿਆਤਾਦਰ ਜਨਤਕ ਜਥੇਬੰਦੀਆਂ ਵੀ ਫੈਡਰਲਿਜ਼ਮ ਅਤੇ ਮਨੁੱਖੀ ਅਧਿਕਾਰਾਂ ਦੇ ਮੁੱਦੇ ਬਾਰੇ ਖਾਮੋਸ਼ ਰਹੀਆਂ। ਨਾਗਰਿਕ ਸੋਧ ਬਿਲ ਉਤੇ ਸ਼ਾਹੀਨ ਬਾਗ ਦੇ ਮੋਰਚੇ ਦੇ ਰੂਪ ਵਿਚ ਚੁਣੌਤੀ ਜ਼ਰੂਰ ਮਿਲੀ ਪਰ ਭਾਜਪਾ ਨੇ ਉਸ ਨੂੰ ਇੱਕ ਬਹੁਗਿਣਤੀ ਦੇ ਧਾਰਮਿਕ ਜਜ਼ਬਾਤ ਰਾਹੀਂ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ। ਖੇਤੀ ਬਿਲਾਂ ਤੋਂ ਦੇਸ਼ ਖਾਸ ਤੌਰ ਉਤੇ ਪੰਜਾਬ ਦੇ ਕਿਸਾਨਾਂ ਨੇ ਜੋ ਪਹਿਲ ਕੀਤੀ ਹੈ, ਇਹ ਕੇਂਦਰ ਸਰਕਾਰ ਦੇ ਅਨੁਮਾਨਾਂ ਦਾ ਖੇਡ ਵਿਗਾੜਨ ਵਾਲੀ ਹੈ। ਭਾਜਪਾ ਨੂੰ ਅਕਾਲੀ ਦਲ ਤੋਂ ਇਹ ਉਮੀਦ




ਨਹੀਂ ਸੀ ਕਿ ਉਹ ਯੂਟਰਨ ਲੈ ਸਕੇਗਾ। ਲੋਕ ਸਭਾ ਵਿਚ ਵੋਟ ਪਾਉਣ ਤੱਕ ਵੀ ਭਾਜਪਾ ਆਗੂਆਂ ਨੂੰ ਇਹੀ ਲੱਗਿਆ ਕਿ ਉਹ ਸੰਕੇਤਕ ਵਿਰੋਧ ਕਰਨਗੇ ਪਰ ਵੋਟ ਤਾਂ ਜੰਮੂ ਕਸ਼ਮੀਰ, ਨਾਗਰਿਕ ਸੋਧ ਬਿਲ ਅਤੇ ਹਰ ਤਾਕਤਾਂ ਦੇ ਕੇਂਦਰੀਕਰਨ ਵਾਲੇ ਬਿਲ ਦੀ ਤਰ੍ਹਾਂ ਭਾਜਪਾ ਦੇ ਪੱਖ ਵਿਚ ਹੀ ਪਾ ਦੇਣਗੇ। ਪੰਜਾਬ ਦੀ ਜ਼ਮੀਨੀ ਹਕੀਕਤ ਦੀ ਤੋਂ ਅਣਜਾਣ ਕੇਂਦਰਵਾਦੀ ਇਹ ਸੋਚ ਮੁੜ ਟਪਲਾ ਖਾ ਗਈ। ਆਪਣੀ ਸਿਆਸੀ ਜ਼ਮੀਨ ਬਰਕਰਾਰ ਰੱਖਣ ਦੇ ਲਈ ਅਕਾਲੀ ਦਲ ਨੇ ਨਾ ਕੇਵਲ ਬਿਲਾਂ ਦੇ ਖਿਲਾਫ ਵੋਟਾਂ ਦਿੱਤੀਆਂ ਬਲਕਿ ਐਨ.ਡੀ.ਏ. ਵਿਚੋਂ ਵਾਪਸ ਆ ਕੇ ਫੈਡਰਲਿਜ਼ਮ ਦੇ ਏਜੰਡੇ ਨੂੰ ਮੁੜ ਉਭਾਰਨ ਦੀ ਰਣਨੀਤੀ ਬਣਾਉਣੀ ਸ਼ੁਰੂ ਕਰ ਦਿੱਤੀ ਹੈ।

ਪੰਜਾਬ ਵਿਧਾਨ ਸਭਾ ਦੇ ਉਚੇਚੇ ਸੈਸ਼ਨ ਵਿਚ ਕੇਂਦਰੀ ਕਾਨੂੰਨਾਂ ਖਿਲਾਫ ਬਿਲ ਲਿਆ ਕੇ ਆਪਣੇ ਸੂਬਾਈ ਕਾਨੂੰਨ ਬਣਾ ਦਿੱਤੇ ਗਏ ਹਨ। ਸੰਵਿਧਾਨਕ ਤੌਰ 'ਤੇ ਖੇਤੀ ਪੇਸ਼ੇ ਵਜੋਂ ਸੂਬਿਆਂ ਦਾ ਵਿਸ਼ਾ ਹੈ। ਖੇਤੀ ਵਸਤਾਂ ਦੇ ਅੰਦਰੂਨੀ ਵਪਾਰ ਦੇ ਮਾਮਲੇ ਵਿਚ ਵੀ ਰਾਜ ਹੀ ਕਾਨੂੰਨ ਬਣਾ ਸਕਦੇ ਹਨ। ਕੇਂਦਰ ਨੇ ਪਹਿਲੀ ਵਾਰ ਇਸ ਮਾਮਲੇ ਵਿਚ ਦਖਲ ਦਿੱਤਾ ਹੈ। ਇਸ ਨੂੰ ਗੈਰ-ਸੰਵਿਧਾਨਕ, ਗੈਰ-ਜਮਹੂਰੀ ਅਤੇ ਗੈਰਕਾਨੂੰਨੀ ਕਰਾਰ ਦਿੰਦਿਆਂ ਪੰਜਾਬ ਵਿਧਾਨ ਸਭਾ ਜੇ ਆਪਣਾ ਬਿਲ ਲਿਆਉਂਦੀ ਹੈ ਤਾਂ ਉਸ ਉਤੇ ਰਾਸ਼ਟਰਪਤੀ ਦੀ ਮਨਜ਼ੂਰੀ ਜ਼ਰੂਰੀ ਹੋਵੇਗੀ। ਰਾਸ਼ਟਰਪਤੀ ਦੇ ਮਨਜ਼ੂਰੀ ਦੇਣ ਦੇ ਆਸਾਰ ਨਹੀਂ ਹਨ, ਕਿਉਂਕਿ ਇੱਕ ਵਿਸ਼ੇ ਉਤੇ ਜੇ ਕੇਂਦਰ ਅਤੇ ਰਾਜ ਦੋਵੇਂ ਕਾਨੂੰਨ ਬਣਾਉਂਦੇ ਹਨ ਤਾਂ ਕੇਂਦਰ ਦੀ ਗੱਲ ਮੰਨੀ ਜਾਂਦੀ ਹੈ। ਕੇਂਦਰੀ ਬਿੱਲਾਂ ਨੂੰ ਰਾਸ਼ਟਰਪਤੀ ਪਹਿਲਾਂ ਹੀ ਮਨਜ਼ੂਰੀ ਦੇ ਚੁੱਕੇ ਹਨ। ਇਸ ਦੇ ਬਾਵਜੂਦ ਵਿਧਾਨ ਸਭਾ ਦੀ ਪਹਿਲਕਦਮੀ ਨਾਲ ਫੈਡਰਲਿਜ਼ਮ ਦਾ ਏਜੰਡਾ ਜ਼ਰੂਰ ਉਭਰੇਗਾ। ਜੇ ਕਾਂਗਰਸ ਸ਼ਾਸਿਤ ਅਤੇ ਮੋਦੀ ਵਿਰੋਧੀ ਹੋਰ ਸਰਕਾਰਾਂ ਵੀ ਇਸ ਤਰ੍ਹਾਂ ਦੇ ਬਿੱਲ ਲੈ ਆਉਂਦੀਆਂ ਹਨ ਤਾਂ ਦੇਸ਼ ਵਿਚ ਇੱਕ ਨਵੀਂ ਸਿਆਸੀ ਬਹਿਸ ਸ਼ੁਰੂ ਹੋਵੇਗੀ। ਜੋ ਕਾਰਪੋਰੇਟ ਅਤੇ ਭਾਜਪਾ ਦੇ ਕੇਂਦਰੀਕਰਨ ਦੀ ਹਮਾਇਤ ਵਾਲੇ ਏਜੰਡੇ ਦੇ ਵਿਰੋਧ ਵਿਚ ਖੜ੍ਹੀ ਹੋ ਸਕਦੀ ਹੈ।

ਜੰਮੂ ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਇੱਕ ਸਾਲ ਤੋਂ ਵੱਧ ਸਮੇਂ ਤੱਕ ਦੀ ਨਜ਼ਰਬੰਦੀ ਪਿੱਛੋਂ ਰਿਹਾ ਹੋਈ ਹੈ। ਜੰਮੂ ਕਸ਼ਮੀਰ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੇ ਮੁੜ ਧਾਰਾ-370 ਦੀ ਬਹਾਲੀ ਤੱਕ ਲੜਾਈ ਲੜਨ ਦਾ ਅਹਿਦ ਲਿਆ ਹੈ। ਕੇਂਦਰ ਸਰਕਾਰ ਜੰਮੂ ਕਸ਼ਮੀਰ ਵਿਚ ਸਭ ਕੁਝ ਠੀਕ ਹੋਣ ਦਾ ਗੁਣ-ਗਾਣ ਲੱਖ ਕਰੇ ਪਰ ਲੜਾਈ ਦਾ ਅਗਲਾ ਪੜਾਅ ਸ਼ੁਰੂ ਹੋ ਗਿਆ ਹੈ। ਇਹ ਲੜਾਈ ਵੀ ਫੈਡਰਲਿਜ਼ਮ ਵਲ ਹੀ ਲੈ ਕੇ ਜਾਵੇਗੀ। ਤਾਮਿਲਨਾਡੂ ਦੀ ਵਿਧਾਨ ਸਭਾ ਮੁੱਖ ਮੰਤਰੀ ਜੈਲਲਿਤਾ ਸਮੇਂ ਖੁਦਮੁਖਤਾਰੀ ਦਾ ਮਤਾ ਪਾਸ ਕਰ ਚੁੱਕੀ ਹੈ। ਹਿੰਦੀ ਵਿਰੋਧੀ ਭਾਵਨਾਵਾਂ ਦੇ ਚੱਲਦਿਆਂ ਤਾਮਿਲ ਨਾਡੂ ਦੀਆਂ ਪਾਰਟੀਆਂ ਵੀ ਕੇਂਦਰੀਕਰਨ ਦੇ ਖਿਲਾਫ ਹਨ। ਜੀ.ਐਸ.ਟੀ. ਨੂੰ ਲੈ ਕੇ ਪੱਛਮੀ ਬੰਗਾਲ, ਮਹਾਰਾਸ਼ਟਰ ਸਣੇ ਬਹੁਤ ਸਾਰੀਆਂ ਸਰਕਾਰਾਂ ਪਹਿਲਾਂ ਹੀ ਕੇਂਦਰੀਕਰਨ ਦੇ ਰੁਝਾਨ ਤੋਂ ਦੁਖੀ ਹਨ।

ਹਰਿਆਣਾ ਦੀਆਂ ਕਿਸਾਨ ਜਥੇਬੰਦੀਆਂ ਨੇ ਜਨ ਨਾਇਕ ਜਨਤਾ ਪਾਰਟੀ ਦੇ ਆਗੂ ਦੁਸ਼ਯੰਤ ਚੌਟਾਲਾ ਤੋਂ ਡਿਪਟੀ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਲੈਣ ਲਈ ਪੱਕਾ ਮੋਰਚਾ ਲਗਾ ਰੱਖਿਆ ਹੈ। ਪੰਜਾਬ-ਹਰਿਆਣਾ ਤੋਂ ਇਲਾਵਾ ਦੇਸ਼ ਦੇ 18 ਸੂਬਿਆਂ ਵਿਚ ਕਿਸਾਨ ਅੰਦੋਲਨ ਜ਼ੋਰ ਫੜਨ ਲੱਗਿਆ ਹੈ। ਉਤਰ ਪ੍ਰਦੇਸ਼, ਤਾਮਿਲਨਾਡੂ, ਕੇਰਲ, ਰਾਜਸਥਾਨ ਅਤੇ ਹੋਰ ਸੂਬਿਆਂ ਵਿਚ ਰੈਲੀਆਂ ਸ਼ੁਰੂ ਹੋਈਆਂ ਹਨ। ਪੰਜ ਨਵੰਬਰ ਦੇ ਦੇਸ਼ ਪੱਧਰੀ ਜਾਮ ਵਿਚ ਕਿਸਾਨ ਅੰਦੋਲਨ ਦੀ ਆਪਸੀ ਸਾਂਝ ਪ੍ਰਤੱਖ ਦਿਖਣ ਦੀ ਸੰਭਾਵਨਾ ਹੈ। ਕਾਨੂੰਨਾਂ ਦਾ ਵਿਰੋਧ ਕਰਨ ਵਾਲੀਆਂ ਸਿਆਸੀ ਧਿਰਾਂ ਅਜੇ ਇੱਕਜੁੱਟ ਹੋਣ ਲਈ ਕੋਈ ਉਪਰਾਲਾ ਨਹੀਂ ਕਰ ਰਹੀਆਂ। ਪੰਜਾਬ ਦੀਆਂ ਤਿੰਨੋਂ ਮੁੱਖ ਧਾਰਾ ਦੀਆਂ ਵੱਡੀਆਂ ਪਾਰਟੀਆਂ ਕਾਂਗਰਸ, ਅਕਾਲੀ ਦਲ ਅਤੇ 'ਆਪ' ਇੱਕ-ਦੂਜੇ ਉਤੇ ਚਿੱਕੜ ਉਛਾਲੀ ਦੇ ਬਜਾਇ ਕੇਂਦਰ ਖਿਲਾਫ ਇੱਕਜੁਟ ਲੜਾਈ ਦੀ ਸ਼ੁਰੂਆਤ ਨਹੀਂ ਕਰ ਰਹੀਆਂ, ਕਿਉਂਕਿ ਅਜੇ ਵੀ ਇਨ੍ਹਾਂ ਦਾ ਸੀਮਤ ਗੋਲ ਮਿਸ਼ਨ-22 ਹੈ। ਕਿਸਾਨ ਦਬਾਅ ਹੀ ਇਨ੍ਹਾਂ ਨੂੰ ਸੀਮਤ ਨਿਸ਼ਾਨੇ ਦੇ ਬਜਾਇ ਪੰਜਾਬ ਦੀ ਹੋਂਦ ਦੇ ਸੁਆਲ ਉਤੇ ਇਕੱਠੇ ਹੋ ਕੇ ਆਵਾਜ਼ ਉਠਾਉਣ ਲਈ ਮਜਬੂਰ ਕਰ ਸਕਦਾ ਹੈ।

ਖੇਤੀ ਕਾਨੂੰਨਾਂ ਖਿਲਾਫ ਕਰਨਾਟਕ ਦਾ ਅੰਦੋਲਨ ਰਾਜਸਥਾਨ ਦੇ ਪੁਰਾਣੇ ਸੀਕਰ ਦੇ ਅੰਦੋਲਨ ਵਾਲਾ ਰਾਹ ਫੜਦਾ ਦਿਖਾਈ ਦੇ ਰਿਹਾ ਹੈ। ਪੰਜਾਬ ਦੇ ਅੰਦੋਲਨ ਨੂੰ ਵੀ ਉਸ ਬਾਰੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਕਰਨਾਟਕ ਵਿਚ ਤਿੰਨਾਂ ਕਾਨੂੰਨਾਂ ਖਿਲਾਫ ਅੰਦੋਲਨ ਕਿਸਾਨ, ਦਲਿਤ ਅਤੇ ਕਿਰਤੀਆਂ ਦੀਆਂ ਜਥੇਬੰਦੀਆਂ ਦੇ ਸਾਂਝੇ ਫੋਰਮ ਦੀ ਅਗਵਾਈ ਵਿਚ ਲੜਿਆ ਜਾ ਰਿਹਾ ਹੈ। ਤਕਰੀਬਨ 34 ਜਥੇਬੰਦੀਆਂ ਨੇ ਮਿਲ ਕੇ ਸਾਂਝੀ ਸੰਘਰਸ਼ ਕਮੇਟੀ ਦੇ ਬੈਨਰ ਹੇਠ 21 ਸਤੰਬਰ ਨੂੰ ਬੈਂਗਲੂਰੂ ਵਿਚ ਵੱਡੀ ਰੈਲੀ ਕਰ ਕੇ ਸੰਘਰਸ਼ ਦੀ ਸ਼ੁਰੂਆਤ ਕੀਤੀ ਸੀ। ਇਹ ਰੈਲੀਆਂ ਦਾ ਸਿਲਸਲਾ 28 ਸਤੰਬਰ ਨੂੰ ਕਰਨਾਟਕ ਬੰਦ ਦੇ ਸੱਦੇ ਤੱਕ ਚੱਲਦਾ ਰਿਹਾ। ਕਰਨਾਟਕ ਦੀਆਂ ਦਲਿਤ ਜਥੇਬੰਦੀਆਂ ਅਤੇ ਟਰੇਡ ਯੂਨੀਅਨਾਂ ਦੇ ਆਗੂਆਂ ਦਾ ਕਹਿਣਾ ਹੈ ਕਿ ਮੋਦੀ ਸਰਕਾਰ ਦੀ ਰਣਨੀਤੀ ਇਹੀ ਹੈ ਕਿ ਸਭ ਨੂੰ ਇੱਕ-ਇੱਕ ਕਰ ਕੇ ਦਬਾ ਦਿੱਤਾ ਜਾਵੇ। ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਕਬਾਇਲੀਆਂ ਖਿਲਾਫ ਕਾਰਵਾਈਆਂ ਇਸੇ ਕੜੀ ਦਾ ਹਿੱਸਾ ਹਨ। ਕਿਰਤ ਕਾਨੂੰਨਾਂ ਵਿਚ ਸੋਧ ਦੇ ਨਾਂ 'ਤੇ ਖਤਮ ਕੀਤੇ ਜਾ ਰਹੇ ਹੱਕ ਸਣੇ ਹੋਰ ਫੈਸਲੇ ਵੀ ਹਰ ਵਰਗ ਦੇ ਖਿਲਾਫ ਆ ਰਹੇ ਹਨ। ਇਸ ਲਈ ਸਾਂਝੀ ਲੜਾਈ ਦੇ ਵੱਡੇ ਦਬਾਅ ਤੋਂ ਬਿਨਾ ਕੋਈ ਚਾਰਾ ਨਹੀਂ ਹੈ।



***ਇਹ ਲੜਾਈ ਕੇਵਲ ਕੇਂਦਰ ਸਰਕਾਰ ਦੇ ਇਨ੍ਹਾਂ ਕਾਨੂੰਨਾਂ ਤੱਕ ਵੀ ਸੀਮਤ ਨਹੀਂ ਹੈ। ਕਾਨੂੰਨਾਂ ਦੀਆਂ ਤਾਰਾਂ ਸਮੁੱਚੇ ਵਿਕਾਸ ਦੇ ਮਾਡਲ ਨਾਲ ਜੁੜੀਆਂ ਹੋਈਆਂ ਹਨ। ਹਰ ਖੇਤਰ ਵਿਚ ਕਾਰਪੋਰੇਟ ਇਜਾਰੇਦਾਰੀ ਦਾ ਇਹ ਮਾਡਲ ਕੁਦਰਤ ਅਤੇ ਮਨੁੱਖ ਦੇ ਖਿਲਾਫ ਹੈ। ਇਸੇ ਕਰ ਕੇ ਦੁਨੀਆਂ ਭਰ ਵਿਚ ਵਾਤਾਵਰਨਕ ਸੰਕਟ ਅਤੇ ਗਰੀਬ-ਅਮੀਰ ਵਿਚ ਵਧ ਰਿਹਾ ਪਾੜਾ ਵੱਡੀਆਂ ਰਣਨੀਤਕ ਸਮੱਸਿਆਵਾਂ ਬਣੀਆਂ ਹੋਈਆਂ ਹਨ। ਵਿਕਸਤ ਦੇਸ਼ਾਂ ਦਾ ਫਲਾਪ ਖੇਤੀ ਮਾਡਲ ਸਾਡੇ ਲਾਗੂ ਕੀਤਾ ਜਾ ਰਿਹਾ ਹੈ। ਉਸ ਕੋਲ ਤਾਂ ਬਸਤੀਵਾਦੀ ਦੌਲਤ ਦੀ ਲੁੱਟ ਦਾ ਪੈਸਾ ਸੀ ਕਿ ਆਪਣੇ ਨਾਗਰਿਕਾਂ ਨੂੰ ਹੋਰਾਂ ਧੰਦਿਆਂ ਵਿਚ ਐਡਜਸਟ ਕਰ ਲਿਆ ਪਰ ਇੱਥੇ ਦਾ ਕਿਸਾਨ-ਮਜ਼ਦੂਰ ਜਾਂ ਹੋਰ ਬੇਰੁਜ਼ਗਾਰ ਕਿੱਥੇ ਰੁਜ਼ਗਾਰ ਲੱਭੇਗਾ? ਮਸਨੂਈ ਬੌਧਿਕਤਾ ਦੇ ਦੌਰ ਵਿਚ ਰੁਜ਼ਗਾਰ ਖਤਮ ਹੁੰਦਾ ਜਾ ਰਿਹਾ ਹੈ। ਇਸੇ ਕਰ ਕੇ ਖੇਤੀ ਨੂੰ ਮੁਨਾਫੇਬਖਸ਼ ਬਣਾਉਣਾ ਹੀ ਇਲਾਜ ਹੈ।***

ਕੇਰਲ ਦਾ ਨਾਅਰਾ ਵੀ ਧਿਆਨ ਖਿੱਚਣ ਯੋਗ ਹੈ। ਇਹ ਨਾਅਰਾ ਹੈ ਕਾਰਪੋਰੇਟ ਦੇ ਮੁਕਾਬਲੇ ਕੋਆਪਰੇਟਿਵਜ਼, ਭਾਵ ਕਾਰਪੋਰੇਟ ਘਰਾਣਿਆਂ ਦਾ ਮੁਕਾਬਲਾ ਸਹਿਕਾਰੀ ਪ੍ਰਣਾਲੀ ਨਾਲ ਸੰਭਵ ਹੈ। ਕੇਰਲ ਨੇ ਸਥਾਨਕ ਸਰਕਾਰਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਅਧਿਕਾਰ ਦੇ ਕੇ ਉਨ੍ਹਾਂ ਦੇ ਸਹਿਯੋਗ ਨਾਲ ਸਹਿਕਾਰੀ ਸੁਸਾਇਟੀਆਂ ਰਾਹੀਂ ਫਸਲੀ ਖਰੀਦ ਦਾ ਤਰੀਕਾ ਚੱਲ ਰਿਹਾ ਹੈ। ਔਰਤਾਂ ਦੇ ਸੈਲਫ ਹੈਲਪ ਗਰੁੱਪ ਗੁਡੰਬਸ਼੍ਰੀ ਨਾਲ ਜੁੜੀਆਂ ਔਰਤਾਂ ਠੇਕੇ ਉਤੇ ਜ਼ਮੀਨ ਲੈ ਕੇ ਖੇਤੀ ਕਰਦੀਆਂ ਹਨ। ਉਨ੍ਹਾਂ ਦਾ ਪਹਿਲਾ ਉਦੇਸ਼ ਹੀ ਮੰਡੀ ਦੇ ਬਜਾਇ ਖੁਰਾਕੀ ਮਾਮਲੇ ਵਿਚ ਸਵੈ-ਨਿਰਭਰ ਹੋਣਾ ਹੈ। ਕੇਰਲ ਸਰਕਾਰ ਨੇ 16 ਨਾਸ਼ਵਾਨ (ਪੈਰੀਸ਼ੇਬਲ) ਫਸਲਾਂ ਦੀ ਬੁਨਿਆਦੀ ਕੀਮਤ ਨਿਰਧਾਰਿਤ ਕਰਨ ਦਾ ਐਲਾਨ ਕੀਤਾ ਹੈ। ਇਹ ਕੀਮਤ ਉਤਪਾਦਨ ਲਾਗਤ ਤੋਂ 20 ਫੀਸਦ ਵੱਧ ਹੋਵੇਗੀ।

ਕੇਰਲ ਵਿਚ ਇਹ ਚਰਚਾ ਚੱਲ ਰਹੀ ਹੈ ਕਿ ਕੇਂਦਰ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਨਾਲ ਜੇ ਮੁਕਤ ਬਾਜ਼ਾਰ ਭਾਰੂ ਪੈ ਗਿਆ ਤਾਂ ਉਸ ਦਾ ਇਹ ਮਾਡਲ ਵੀ ਗੈਰ-ਅਸਰਦਾਰ ਹੋ ਸਕਦਾ ਹੈ ਕਿਉਂਕਿ ਇਹ ਕਾਨੂੰਨ ਪੁਰਾਣੇ ਮੰਡੀ ਤੰਤਰ ਨੂੰ ਵੱਡੇ ਪੱਧਰ ਉਤੇ ਪ੍ਰਭਾਵਿਤ ਕਰਨ ਜਾ ਰਿਹਾ ਹੈ। ਕੇਰਲ ਮਾਡਲ ਹੂ-ਬ-ਹੂ ਹੋਰਾਂ ਸੂਬਿਆਂ ਵਿਚ ਨਾ ਵੀ ਲਾਗੂ ਹੋਵੇ ਪਰ ਖੇਤੀ ਦੇ ਮੌਜੂਦਾ ਮਾਡਲ ਦੇ ਬਦਲ ਬਾਰੇ ਚਰਚਾ ਸ਼ੁਰੂ ਕਰਨੀ ਹੀ ਪਵੇਗੀ।

ਇਹ ਲੜਾਈ ਕੇਵਲ ਕੇਂਦਰ ਸਰਕਾਰ ਦੇ ਇਨ੍ਹਾਂ ਕਾਨੂੰਨਾਂ ਤੱਕ ਵੀ ਸੀਮਤ ਨਹੀਂ ਹੈ। ਕਾਨੂੰਨਾਂ ਦੀਆਂ ਤਾਰਾਂ ਸਮੁੱਚੇ ਵਿਕਾਸ ਦੇ ਮਾਡਲ ਨਾਲ ਜੁੜੀਆਂ ਹੋਈਆਂ ਹਨ। ਹਰ ਖੇਤਰ ਵਿਚ ਕਾਰਪੋਰੇਟ ਇਜਾਰੇਦਾਰੀ ਦਾ ਇਹ ਮਾਡਲ ਕੁਦਰਤ ਅਤੇ ਮਨੁੱਖ ਦੇ ਖਿਲਾਫ ਹੈ। ਇਸੇ ਕਰ ਕੇ ਦੁਨੀਆਂ ਭਰ ਵਿਚ ਵਾਤਾਵਰਨਕ ਸੰਕਟ ਅਤੇ ਗਰੀਬ-ਅਮੀਰ ਵਿਚ ਵਧ ਰਿਹਾ ਪਾੜਾ ਵੱਡੀਆਂ ਰਣਨੀਤਕ ਸਮੱਸਿਆਵਾਂ ਬਣੀਆਂ ਹੋਈਆਂ ਹਨ। ਵਿਕਸਤ ਦੇਸ਼ਾਂ ਦਾ ਫਲਾਪ ਖੇਤੀ ਮਾਡਲ ਸਾਡੇ ਲਾਗੂ ਕੀਤਾ ਜਾ ਰਿਹਾ ਹੈ। ਉਸ ਕੋਲ ਤਾਂ ਬਸਤੀਵਾਦੀ ਦੌਲਤ ਦੀ ਲੁੱਟ ਦਾ ਪੈਸਾ ਸੀ ਕਿ ਆਪਣੇ ਨਾਗਰਿਕਾਂ ਨੂੰ ਹੋਰਾਂ ਧੰਦਿਆਂ ਵਿਚ ਐਡਜਸਟ ਕਰ ਲਿਆ ਪਰ ਇੱਥੇ ਦਾ ਕਿਸਾਨ-ਮਜ਼ਦੂਰ ਜਾਂ ਹੋਰ ਬੇਰੁਜ਼ਗਾਰ ਕਿੱਥੇ ਰੁਜ਼ਗਾਰ ਲੱਭੇਗਾ? ਮਸਨੂਈ ਬੌਧਿਕਤਾ ਦੇ ਦੌਰ ਵਿਚ ਰੁਜ਼ਗਾਰ ਖਤਮ ਹੁੰਦਾ ਜਾ ਰਿਹਾ ਹੈ। ਇਸੇ ਕਰ ਕੇ ਖੇਤੀ ਨੂੰ ਮੁਨਾਫੇਬਖਸ਼ ਬਣਾਉਣਾ ਹੀ ਇਲਾਜ ਹੈ। ਵਿਸ਼ਵ ਵਪਾਰ ਸੰਗਠਨ (ਡਬਲਿਊ.ਟੀ.ਓ.) ਤਹਿਤ ਵਪਾਰਕ ਨੀਤੀਆਂ ਨੂੰ ਲਾਗੂ ਕਰਨ ਦਾ ਦਬਾਅ ਵੀ ਇਨ੍ਹਾਂ ਕਾਨੂੰਨਾਂ ਪਿੱਛੇ ਵੱਡੀ ਭੂਮਿਕਾ ਹੈ।

ਇਸ ਦੇ ਚੱਲਦਿਆਂ ਕੇਂਦਰ ਸਰਕਾਰ ਫਸਲੀ ਖਰੀਦ ਵਿਚੋਂ ਹੱਥ ਖਿੱਚੇਗੀ। ਕੇਂਦਰ ਸਰਕਾਰ ਨੇ ਸਥਾਨਕ ਦਬਾਅ ਕਾਰਨ ਟਰੇਡ ਫੈਸਿਲੀਟੇਸ਼ਨ ਐਗਰੀਮੈਂਟ ਉਤੇ ਸਹਿਮਤੀ ਦੇਣ ਲਈ ਅਜੇ ਰਾਜ਼ੀ ਨਹੀਂ ਹੋਈ। ਅਮਰੀਕਾ ਇਸ ਨੂੰ ਕੌਮਾਂਤਰੀ ਅਦਾਲਚ ਵਿਚ ਚੁਣੌਤੀ ਦੇ ਚੁੱਕਾ ਹੈ। ਉਹ ਫੈਸਲਾ ਜੇ ਖਿਲਾਫ ਆਇਆ ਤਾਂ ਦੇਸ਼ ਅਤੇ ਖਾਸ ਤੌਰ ਉਤੇ ਪੰਜਾਬ ਦੇ ਡੇਅਰੀ ਉਦਯੋਗ ਉਤੇ ਵੀ ਸੰਕਟ ਦੇ ਬੱਦਲ ਹੋਰ ਗਹਿਰੇ ਹੋ ਜਾਣਗੇ। ਇਸ ਲਈ ਇਸ ਅੰਦੋਲਨ ਵਿਚੋਂ ਹੀ ਅੱਗੇ ਹੋਰ ਪਰਤਾਂ ਨਿਕਲਣਗੀਆਂ ਜੋ ਕੌਮਾਂਤਰੀ ਅਤੇ ਦੇਸ਼ ਪੱਧਰ ਉਤੇ ਕਾਰਪੋਰੇਟ ਪੱਖੀਆਂ ਅਤੇ ਆਮ ਲੋਕਾਂ ਦੇ ਵਿਰੋਧ ਦੀਆਂ ਨੀਤੀਆਂ ਦੇ ਮਾਮਲੇ ਵਿਚ ਜਾਗਰੂਕ ਕਰਨਗੀਆਂ। ਇਸ ਦੇ ਤੋੜ ਕੁਦਰਤ ਦੀ ਵੰਨ-ਸਵੰਨਤਾ ਦੀ ਖੂਬਸੂਰਤੀ ਵਾਲੇ ਸਿਧਾਂਤ ਨੂੰ ਅਪਨਾਉਣਾ ਪਵੇਗਾ। ਪ੍ਰਸ਼ਾਸਨਿਕ ਤੌਰ ਉਤੇ ਫੈਡਰਲਿਜ਼ਮ, ਲੋਕਾਂ ਦੇ ਸਸ਼ਕਤੀਕਰਨ ਰਾਹੀਂ ਫੈਸਲਾਕੁਨ ਹਿੱਸੇਦਾਰੀ ਅਤੇ ਦੇਸ਼ਾਂ ਦਰਮਿਆਨ ਜੰਗੀ ਮਾਹੌਲ ਦੇ ਬਜਾਇ ਦੋਸਤੀ ਅਤੇ ਸਮਾਜਕ ਖੇਤਰ ਵਿਚ ਦਲਿਤ, ਔਰਤ ਨਾਲ ਹੋਣ ਵਾਲੇ ਵਿਤਕਰਿਆਂ ਨੂੰ ਦੂਰ ਕਰ ਕੇ ਇਨਸਾਫ ਪਸੰਦੀ ਵਾਲਾ ਸਮਾਜ ਸਿਰਜਣ ਵਲ ਸੇਧਿਤ ਦਿਸ਼ਾ ਕਾਰਪੋਰੇਟ ਵਿਕਾਸ ਮਾਡਲ ਦੇ ਬਦਲ ਵਜੋਂ ਭੂਮਿਕਾ ਨਿਭਾ ਸਕਦੀ ਹੈ।

# ਅਕਾਲੀ ਦਲ ਦੀ ਰਾਜਨੀਤੀ ਦੇ ਲੱਛਣ ਹਾਲ ਦੀ ਘੜੀ ਰਹੱਸ ਭਰੇ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਰਾਜਨੀਤੀ ਇੱਕ ਮੋੜਾ ਕੱਟ ਰਹੀ ਹੈ ਅਤੇ ਪੰਜਾਬ ਦੀ ਵੀ। ਸਵਾ ਕੁ ਮਹੀਨਾ ਪਹਿਲਾਂ ਜਦੋਂ ਲੋਕ ਸਭਾ ਵਿਚ ਖੜੋ ਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਹ ਕਿਹਾ ਸੀ ਕਿ ਅਸੀਂ ਨਰਿੰਦਰ ਮੋਦੀ ਸਰਕਾਰ ਦੇ ਕਿਸਾਨ ਵਿਰੋਧੀ ਬਿੱਲਾਂ ਦਾ ਸਾਥ ਨਹੀਂ ਦੇ ਸਕਦੇ ਤਾਂ ਬਹੁਤ ਸਾਰੇ ਲੋਕਾਂ ਨੂੰ ਡਰਾਮਾ ਲੱਗਾ ਸੀ। ਸਾਨੂੰ ਵੀ ਇਹੋ ਜਾਪਦਾ ਸੀ ਤੇ ਸੱਚੀ ਗੱਲ ਕਹੀਏ ਤਾਂ ਅਜੇ ਤੱਕ ਵੀ ਜਾਪਦਾ ਹੈ ਕਿ ਨਾਜ਼ਕ ਸਮਾਂ ਕੱਢਣ ਅਤੇ ਆਪਣਾ ਆਧਾਰ ਬਚਾਉਣ ਲਈ ਕੀਤਾ ਗਿਆ ਇੱਕ ਚੁਸਤ ਡਰਾਮਾ ਵੀ ਹੋ ਸਕਦਾ ਹੈ, ਪਰ ਇਹ ਸੱਚਮੁੱਚ ਦਾ ਤੋੜ-ਵਿਛੋੜਾ ਵੀ ਹੋ ਸਕਦਾ ਹੈ। ਭਾਜਪਾ ਗੱਠਜੋੜ ਦਾ ਪੱਲਾ ਛੱਡਣ ਪਿਛੋਂ ਅਕਾਲੀ ਦਲ ਨੇ ਪਿਛਲੇ ਦਿਨਾਂ ਵਿਚ ਜਿਸ ਤਰ੍ਹਾਂ ਦੇ ਜਾਹਰਾ ਕਦਮ ਚੁੱਕੇ ਹਨ ਤੇ ਜਿਸ ਤਰ੍ਹਾਂ ਦੀ ਲੁਕਵੀਂ ਤਿਕੜਮਬਾਜ਼ੀ ਦੀਆਂ ਕਨਸੋਆਂ ਇਸ ਪਾਰਟੀ ਦੇ ਲੀਡਰਾਂ ਤੋਂ ਮਿਲਦੀਆਂ ਹਨ, ਉਨ੍ਹਾਂ ਤੋਂ ਜਾਪਦਾ ਹੈ ਕਿ ਇਸ ਵਕਤ ਇੱਕ ਗੁੱਝੀ ਖੇਡ ਦੋਵੇਂ ਧਿਰਾਂ-ਭਾਜਪਾ ਵਾਲੇ ਵੀ ਅਤੇ ਅਕਾਲੀ ਆਗੂ ਵੀ ਖੇਡਦੇ ਪਏ ਹਨ।

ਅਕਾਲੀ-ਭਾਜਪਾ ਤੋੜ-ਵਿਛੋੜੇ ਪਿਛੋਂ ਬੇਸ਼ੱਕ ਕਈ ਰਾਜਸੀ ਮਾਹਰ ਇਹ ਕਹਿੰਦੇ ਹਨ ਕਿ ਚੋਣ ਦੇ ਦਿਨ ਨੇੜੇ ਆਉਂਦੇ ਸਾਰ ਭਾਜਪਾ ਫਿਰ ਅਕਾਲੀ ਦਲ ਨਾਲ ਸਾਂਝ ਪਾ ਸਕਦੀ ਹੈ, ਇਹ ਕੰਮ ਏਨਾ ਸੌਖਾ ਨਹੀਂ। ਭਾਜਪਾ ਦਾ ਰਿਕਾਰਡ ਇਹ ਹੈ ਕਿ ਕਦੀ ਨਿਤੀਸ਼ ਕੁਮਾਰ ਨਾਲ ਸਾਂਝ ਪਾਈ ਅਤੇ ਕਦੇ ਤੋੜੀ, ਕਦੀ ਚੰਦਰ ਬਾਬੂ ਨਾਇਡੂ ਨਾਲ ਸਾਂਝ ਪਾਈ ਅਤੇ ਕਦੀ ਤੋੜੀ, ਪਰ ਅਕਾਲੀ ਦਲ ਲਈ ਏਡਾ ਤਿੱਖਾ ਮੋੜਾ ਕੱਟ ਸਕਣਾ ਔਖਾ ਹੋ ਸਕਦਾ ਹੈ। ਪਿਛਲੇ ਸਾਲਾਂ ਵਿਚ ਭਾਜਪਾ ਦੀ ਨੇੜਤਾ ਵਿਚ ਸੁਖਬੀਰ ਸਿੰਘ ਬਾਦਲ ਨੇ ਜਿੰਨੇ ਵੀ ਦਾਅ ਸਿੱਖ ਲਏ ਹੋਣ, ਇਸ ਵੇਲੇ ਅਕਾਲੀ ਦਲ ਨੂੰ ਭਾਜਪਾ ਦੇ ਵਿਰੋਧ ਵਿਚ ਖੜ੍ਹੇ ਕਰਨ ਪਿਛੋਂ ਫਿਰ ਉਸ ਨਾਲ ਜੋੜ ਸਕਣਾ ਬਹੁਤ ਔਖਾ ਹੈ। ਭਾਜਪਾ ਲੀਡਰਸ਼ਿਪ ਇਹ ਗੱਲ ਸਮਝਦੀ ਹੈ, ਸਗੋਂ ਉਸ ਦੇ ਕਈ ਲੀਡਰ ਅਕਾਲੀ ਦਲ ਨਾਲੋਂ ਸਾਂਝ ਟੁੱਟੀ ਤੋਂ ਖੁਸ਼ ਹਨ ਤੇ ਇਸ ਦਾ ਬਦਲ ਲੱਭਣ ਲਈ ਕਈਆਂ ਧਿਰਾਂ ਨੂੰ ਟੋਂਹਦੇ ਫਿਰਦੇ ਹਨ। ਸੁਖਦੇਵ ਸਿੰਘ ਢੀਂਡਸਾ ਦੇ ਅਕਾਲੀ ਦਲ ਦਾ ਨਾਂ ਵੀ ਇਸ ਵਿਚ ਚੱਲ ਰਿਹਾ ਹੈ ਤੇ ਬਾਦਲ ਦਲ ਦੇ ਕੁਝ ਲੀਡਰਾਂ ਨੂੰ ਕੁੰਡੀ ਪਾ ਕੇ ਭਾਜਪਾ ਵੱਲ ਖਿੱਚਣ ਦੇ ਯਤਨ ਕਰਨ ਦੀ ਚਰਚਾ ਵੀ ਸੁਣਦੀ ਹੈ, ਜਿਨ੍ਹਾਂ ਨਾਲ ਮੁੜ ਜੁੜ ਜਾਣ ਦੀ ਗੱਲ ਰੱਦ ਨਹੀਂ ਕਰ ਰਹੇ, ਫਿਰ ਵੀ ਇਸ ਦੀ ਆਸ ਘੱਟ ਵੇਖਦੇ ਹੋਏ ਉਹ ਵੀ ਬਦਲ ਲੱਭਣ ਲੱਗੇ ਹਨ। ਪੰਜਾਬ ਵਿਚ ਇਸ ਮਕਸਦ ਲਈ ਅਕਾਲੀ ਦਲ ਨੇ ਬਹੁਜਨ ਸਮਾਜ ਪਾਰਟੀ (ਬਸਪਾ) ਤੱਕ ਪਹੁੰਚ ਕੀਤੀ ਸੁਣੀਂਦੀ ਹੈ। ਬਸਪਾ ਦੇ ਆਗੂ ਅਕਾਲੀਆਂ ਦੀ ਭਾਜਪਾ ਨਾਲ ਸਾਂਝ ਪੈਣ ਵਾਲੇ ਵਕਤ ਤੋਂ ਬਾਅਦ ਕਦੀ ਵੀ ਵਿਧਾਨ ਸਭਾ ਵਿਚ ਨਹੀਂ ਸਨ ਪਹੁੰਚ



ਸਕੇ ਤੇ ਅਕਾਲੀਆਂ ਨਾਲ ਸਮਝੌਤਾ ਹੋ ਜਾਵੇ ਤਾਂ ਇਹ ਖੜੋਤ ਟੁੱਟ ਸਕਦੀ ਹੈ। ਉਂਜ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬਸਪਾ ਨੇ ਪਿਛਲੇ ਸਾਲ ਜੋ ਕੁਝ ਕੀਤਾ ਸੀ, ਜਿਵੇਂ ਸਮਝੌਤੇ ਕੀਤੇ ਤੇ ਤੋੜੇ ਸਨ, ਉਸ ਵੱਲ ਵੇਖਦਿਆਂ ਅਕਾਲੀ ਆਗੂ ਅਜੇ ਤੱਕ ਇਸ ਪਾਰਟੀ ਦੀ ਲੀਡਰਸ਼ਿਪ ਦਾ ਪੱਕਾ ਭਰੋਸਾ ਨਹੀਂ ਕਰਦੇ। ਇਸ ਤੋਂ ਹਟਵੇਂ ਉਨ੍ਹਾਂ ਨੇ ਇੱਕ ਦੇਸ਼ ਪੱਧਰ ਦਾ ਗੱਠਜੋੜ ਖੜ੍ਹਾ ਕਰਨ ਦਾ ਭਰਮ ਵੀ ਪਾਉਣਾ ਸ਼ੁਰੂ ਕੀਤਾ ਹੈ, ਜਿਸ ਨਾਲ ਅਕਾਲੀ ਦਲ ਦੇ ਆਪਣੇ ਵਰਕਰ ਤਾਂ ਉਤਸ਼ਾਹ ਵਿਚ ਰੱਖੇ ਜਾ ਸਕਦੇ ਹਨ, ਅਮਲ ਵਿਚ ਇਸ ਦਾ ਕੋਈ ਲਾਭ ਨਹੀਂ ਹੋਣਾ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇੱਕ ਪੰਜ ਮੈਂਬਰੀ ਕਮੇਟੀ ਬਣਾ ਕੇ ਉਸ ਨੂੰ ਮਹਾਰਾਸ਼ਟਰ ਦੇ ਐੱਨ. ਸੀ. ਪੀ. ਦੇ ਆਗੂ ਸ਼ਰਦ ਪਵਾਰ ਤੇ ਤਾਮਿਲਨਾਡੂ ਵਿਚ ਡੀ. ਐੱਮ. ਕੇ. ਪਾਰਟੀ ਵਾਲਿਆਂ ਨਾਲ ਗੱਲ ਕਰਨ ਲਈ ਕਿਹਾ ਹੈ। ਉਨ੍ਹਾਂ ਦੀ ਰਾਏ ਹੈ ਕਿ ਇਸ ਤਰ੍ਹਾਂ ਉਹ ਇੱਕ ਨਵਾਂ ਫਰੰਟ ਖੜ੍ਹਾ ਕਰ ਕੇ ਭਾਜਪਾ ਨੂੰ ਹਲੂਣਾ ਦੇ ਸਕਦੇ ਹਨ, ਪਰ ਭਾਜਪਾ ਏਨਾ ਬੇਵਕੂਫਾਂ ਦਾ ਟੋਲਾ ਨਹੀਂ ਕਿ ਜੋ ਗੱਲ ਸਾਡੇ ਵਰਗੇ ਲੋਕਾਂ ਦੇ ਮੰਨਣ ਵਿਚ ਕਿਸੇ ਜ਼ੋਰ ਵਾਲੀ ਨਹੀਂ ਜਾਪਦੀ, ਉਸ ਨਾਲ ਭਾਜਪਾ ਦੇ ਆਗੂ ਤ੍ਰਹਿਕ ਜਾਣਗੇ। ਮਹਾਰਾਸ਼ਟਰ ਦਾ ਆਗੂ ਸ਼ਰਦ ਪਵਾਰ ਜਿਵੇਂ ਭਾਜਪਾ ਧੜੇ ਨਾਲੋਂ ਸ਼ਿਵ ਸੈਨਾ ਨੂੰ ਤੋੜਨ ਪਿੱਛੋਂ ਖੁਸ਼ ਹੈ, ਉਵੇਂ ਹੀ ਭਾਜਪਾ ਤੋਂ ਟੁੱਟੇ ਅਕਾਲੀ ਆਗੂਆਂ ਨਾਲ ਮਿਲਣ ਪਿੱਛੋਂ ਉਥੇ ਵੱਸਦੇ ਸਿੱਖ ਵੋਟਰਾਂ ਦੀ ਝਾਕ ਰੱਖ ਸਕਦਾ ਹੈ, ਪਰ ਉਸ ਦੀ ਪਾਰਟੀ ਪੰਜਾਬ ਵਿਚ ਅਕਾਲੀਆਂ ਦੀ ਕੀ ਮਦਦ ਕਰ ਸਕਦੀ ਹੈ, ਉਸ ਦਾ ਇਥੇ ਚਿਰਾਗ ਹੀ ਨਹੀਂ ਜਗਦਾ ਜਾਪਦਾ। ਦੂਜੀ ਤਾਮਿਲਨਾਡੂ ਦੀ ਪਾਰਟੀ ਡੀ. ਐੱਮ. ਕੇ. ਆਪਣੇ ਰਾਜ ਵਿਚ ਅਕਾਲੀ ਦਲ ਕੋਲੋਂ ਕੋਈ ਆਸ ਨਹੀਂ ਰੱਖ ਸਕਦੀ ਤੇ ਪੰਜਾਬ ਵਿਚ ਆਣ ਕੇ ਅਕਾਲੀਆਂ ਨੂੰ ਚੋਣਾਂ ਵਾਸਤੇ ਕੋਈ ਵੋਟਾਂ ਨਹੀਂ ਦਿਵਾ ਸਕਦੀ।

ਉੱਤੇ ਅਮਲ ਵਿਚ ਭਾਜਪਾ ਨੂੰ ਆਪਣਾ ਫਾਇਦਾ ਦਿੱਸ ਰਿਹਾ ਹੈ। ਉਨ੍ਹਾਂ ਦੇ ਆਗੂ ਕਹਿੰਦੇ ਹਨ ਕਿ ਚੌਵੀ ਸਾਲ ਪੁਰਾਣੀ ਸਾਂਝ ਵਿਚ ਸਾਨੂੰ ਤੇਈ ਵਿਧਾਨ ਸਭਾ ਸੀਟਾਂ ਮਿਲੀਆਂ ਸਨ ਤੇ ਏਨੇ ਸਾਲਾਂ ਬਾਅਦ ਵੀ ਉਹੀ ਹਨ, ਪਰ ਜੇ ਅਸੀਂ ਕਿਸੇ ਵੀ ਹੋਰ ਪਾਰਟੀ ਜਾਂ ਗਰੁੱਪ ਨਾਲ ਸਮਝੌਤਾ ਇੱਕ ਵਾਰ ਕਰ ਲਿਆ ਤਾਂ ਇਹ ਤੇਈ ਵਾਲਾ ਕੋਟਾ ਹਰ ਹਾਲ ਵਧ ਜਾਣਾ ਹੈ, ਫਿਰ ਭਾਵੇਂ ਅਕਾਲੀ ਦਲ ਨਾਲ ਵੀ ਮੁੜ ਤਾਰ ਜੋੜ ਲਈਏ, ਇਸ ਤੋਂ ਵੱਧ ਸੀਟਾਂ ਹੀ ਮਿਲਣਗੀਆਂ ਤੇ ਏਸੇ ਲਈ ਇਸ ਵੇਲੇ ਅਕਾਲੀ ਦਲ ਦੇ ਮੁਕਾਬਲੇ ਦੀ ਧਿਰ ਲੱਭਣਾ ਉਨ੍ਹਾਂ ਲਈ ਪਹਿਲਾ ਕਦਮ ਸਮਝਿਆ ਜਾਣ ਲੱਗਾ ਹੈ।

ਦੂਜੇ ਪਾਸੇ ਅਕਾਲੀ ਦਲ ਦੀ ਲੀਡਰਸ਼ਿਪ ਵਿਚੋਂ ਬਿਨਾ ਸ਼ੱਕ ਕੁਝ ਲੋਕ ਅਜੇ ਵੀ ਭਾਜਪਾ

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਚਿਰੋਕਣੀ ਝਾਕ ਹੈ ਕਿ ਕਿਸੇ ਤਰ੍ਹਾਂ ਭਾਰਤੀ ਰਾਜਨੀਤੀ ਦੀਆਂ ਨੈਸ਼ਨਲ ਪਾਰਟੀਆਂ ਵਿਚੋਂ ਇੱਕ ਪਾਰਟੀ ਦਾ ਆਗੂ ਮੰਨਿਆ ਜਾਵਾਂ। ਪੰਜਾਬ ਤੋਂ ਬਾਹਰ ਹਰਿਆਣਾ, ਦਿੱਲੀ ਅਤੇ ਹੋਰ ਰਾਜਾਂ ਵਿਚ ਅਕਾਲੀ ਦਲ ਵੱਲੋਂ ਚੋਣਾਂ ਵਿਚ ਬੰਦੇ ਖੜ੍ਹੇ ਕਰਨ ਦਾ ਉਸ ਦਾ ਮਕਸਦ ਇਹੋ ਹੁੰਦਾ ਸੀ, ਪਰ ਭਾਜਪਾ ਨੇ ਇਸ ਅੱਗੇ ਅੜਿੱਕਾ ਡਾਹੁਣ ਲਈ ਦਿੱਲੀ ਵਿਚ ਸੀਟਾਂ ਛੱਡ ਕੇ ਇਹ ਸ਼ਰਤ ਰੱਖ ਦਿੱਤੀ ਸੀ ਕਿ ਅਕਾਲੀ ਉਮੀਦਵਾਰ ਵੀ ਭਾਜਪਾ ਵਾਲੇ ਚੋਣ ਨਿਸ਼ਾਨ ਉੱਤੇ ਹੀ ਚੋਣਾਂ ਲੜਨਗੇ ਤਾਂ ਕਿ ਕੱਲ੍ਹ ਨੂੰ ਵੱਖਰੀ ਹੋਂਦ ਵਿਖਾਉਣ ਦੀ ਜੁਰਅੱਤ ਨਾ ਕਰ ਸਕਣ। ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਹਰਿਆਣਾ ਵਿਚ ਅਕਾਲੀ ਦਲ ਨੂੰ ਇਸੇ ਲਈ ਭਾਜਪਾ ਸੀਟਾਂ ਨਹੀਂ ਸਨ ਛੱਡੀਆਂ ਤੇ ਪੰਜਾਬ ਤੱਕ ਰੋਕੀ ਰੱਖਣ ਦੀ ਨੀਤੀ ਉੱਤੇ ਚੱਲਦੀ ਰਹੀ ਸੀ। ਇਸ ਵਕਤ ਜੇ ਸੁਖਬੀਰ ਸਿੰਘ ਬਾਦਲ ਨੈਸ਼ਨਲ ਪਾਰਟੀ ਦਾ ਲੀਡਰ ਨਹੀਂ ਬਣ ਸਕਦਾ ਤਾਂ ਨੈਸ਼ਨਲ ਗੱਠਜੋੜ ਦਾ ਉਸ ਤਰ੍ਹਾਂ ਦਾ ਲੀਡਰ ਬਣਨ ਦੇ ਸੁਫਨੇ ਵੇਖ ਰਿਹਾ ਹੈ, ਜਿਸ ਤਰ੍ਹਾਂ ਛੋਟੀ ਜਿਹੀ ਪਾਰਟੀ ਦਾ ਆਗੂ ਹੋਣ ਦੇ ਬਾਵਜੂਦ ਐੱਨ. ਡੀ. ਏ. ਗੱਠਜੋੜ ਦਾ ਆਗੂ ਜਾਰਜ ਫਰਨਾਂਡੇਜ਼ ਹੋਇਆ ਕਰਦਾ ਸੀ। ਇਸ ਤਰ੍ਹਾਂ ਪੰਜਾਬ ਤੋਂ ਬਾਹਰ ਦੀਆਂ ਪਾਰਟੀਆਂ ਨਾਲ ਸਾਂਝ ਪਾ ਕੇ ਕੌਮੀ ਰਾਜਨੀਤੀ ਵਿਚ ਇੱਕ ਵੱਡੀ ਧਿਰ ਬਣਨ ਦਾ ਸੁਫਨਾ ਤਾਂ ਸੁਖਬੀਰ ਸਿੰਘ ਬਾਦਲ ਕਿਸੇ ਹੱਦ ਤੱਕ ਪੂਰਾ ਕਰ ਸਕਦਾ ਹੈ, ਪਰ ਪੰਜਾਬ ਦੇ ਲੋਕਾਂ ਦਾ ਦੇਸ਼ ਦੀ ਰਾਜਨੀਤੀ ਨਾਲ ਕੋਈ ਮੋਹ ਨਹੀਂ ਹੁੰਦਾ, ਉਹ ਤਾਂ ਪੰਜਾਬ ਦੀ ਰਾਜਨੀਤੀ ਦੇ ਰੰਗ ਵੇਖਦੇ ਹਨ ਤੇ ਉਥੇ ਇਹ ਨਵਾਂ ਦਾਅ ਕੰਮ ਨਹੀਂ ਆ ਸਕਦਾ।

ਗੱਲ ਫਿਰ ਏਥੇ ਆਣ ਟਿਕਦੀ ਹੈ ਕਿ ਕੀ ਅਕਾਲੀ ਦਲ ਨੇ ਸੱਚਮੁੱਚ ਪੱਕਾ ਤੋੜ-ਵਿਛੋੜਾ ਕਰ ਲਿਆ ਜਾਂ ਅਜੇ ਵੀ ਇਸ ਦੀ ਅੰਦਰ ਦੀ ਰਾਜਨੀਤੀ ਹੋਰ ਤੇ ਜਾਹਰਾ ਨੀਤੀ ਹੋਰ ਹੋਵੇਗੀ? ਇਸ ਦਾ ਜਵਾਬ ਅਜੇ ਨਹੀਂ ਮਿਲ ਰਿਹਾ।

# ਹੱਕਾਂ ਲਈ ਬਜ਼ਿਦ ਕਿਸਾਨਾਂ ਵਿਰੁਧ ਕੇਂਦਰ ਦੀ ਜ਼ਿਦ

## ਭਖਦੇ ਮਸਲੇ



ਸੁਕੰਨਿਆਂ ਭਾਰਦਵਾਜ ਨਾਭਾ
ਫੋਨ: 815-307-3112

ਖੇਤੀ ਕਾਨੂੰਨਾਂ ਨੂੰ ਲੈ ਕੇ ਬਿਨਾ ਭੜਕਾਊ/ ਫੋਕੀ ਬਿਆਨਬਾਜ਼ੀ ਤੋਂ ਪੂਰਨ ਅਨੁਸ਼ਾਸਿਤ ਢੰਗ ਨਾਲ ਨਿਰੰਤਰ ਚਲ ਰਿਹਾ ਕਿਸਾਨੀ ਘੋਲ 14 ਅਕਤੂਬਰ ਨੂੰ ਦੂਜੇ ਮਹੀਨੇ ਵਿਚ ਸ਼ਾਮਲ ਹੋ ਗਿਆ ਹੈ। ਦੋ ਫਸਲਾਂ ਦਾ ਮੋਰਾ (ਝੋਨਾ ਵੱਢਣਾ ਤੇ ਕਣਕ ਬੀਜਣ) ਹੋਣ ਦੇ ਬਾਵਜੂਦ ਕਿਸਾਨ ਜਿਸ ਤਰ੍ਹਾਂ ਇਸ ਸੰਘਰਸ਼ ਨੂੰ ਸ਼ਿੱਦਤ ਨਾਲ ਲੜ ਰਹੇ ਹਨ, ਉਸ ਦੀ ਮਿਸਾਲ ਉਹ ਆਪਣੇ ਵਿਚ ਆਪ ਹਨ। ਪਿੰਡਾਂ ਸ਼ਹਿਰਾਂ ਵਿਚੋਂ ਹਰ ਤਰ੍ਹਾਂ ਦੀ ਹਮਾਇਤ ਇਨ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਮਿਲ ਰਹੀ ਹੈ। ਲੋਕ ਆਪਣੇ ਪੱਧਰ 'ਤੇ ਮਾਇਕ ਮਦਦ ਤੇ ਖਾਣਾ ਦਾਣਾ ਵੀ ਭੇਜ ਰਹੇ ਹਨ। ਜਿਵੇਂ ਧਰਨਿਆਂ ਦੀ ਰੂਪ ਰੇਖਾ ਉਲੀਕੀ ਗਈ, ਉਸੇ ਤਰ੍ਹਾਂ ਹੀ ਬਾਕੀ ਕੰਮਾਂ-ਲੰਗਰ ਪਾਣੀ, ਝੋਨਾ ਵੱਢਣਾ ਤੇ ਫਿਰ ਮੰਡੀਆਂ ਵਿਚ ਲੈ ਕੇ ਜਾਣਾ, ਰੇਲਵੇ ਟਰੈਕਾਂ, ਟੋਲ ਪਲਾਜ਼ਿਆਂ, ਰਿਲਾਇੰਸ ਪੰਪਾਂ, ਮਾਲਾਂ, ਭਾਜਪਾ ਆਗੂਆਂ ਦੇ ਘਰ/ਦਫਤਰ ਘੇਰਨਾ, ਰਾਤ ਦਿਨ ਦੇ ਧਰਨਿਆਂ ਲਈ ਪਿੰਡਾਂ ਦੀਆਂ ਡਿਊਟੀਆਂ ਆਦਿ ਨੂੰ ਇੰਨੇ ਯੋਜਨਾਬੱਧ ਤਰੀਕੇ ਨਾਲ ਉਲੀਕਿਆ ਗਿਆ ਹੈ ਕਿ ਕਿਤੇ ਵੀ ਕੋਈ ਗੈਰ ਜ਼ਾਬਤਾਬੱਧ ਐਕਸ਼ਨ ਵਿਖਾਈ ਨਹੀਂ ਦਿੰਦਾ, ਜਿਵੇਂ ਸਾਡੇ ਇਨ੍ਹਾਂ ਸੰਘਰਸ਼ਕਾਰੀਆਂ ਨੇ ਕਿਸਾਨੀ ਹੱਕਾਂ ਲਈ ਲਗਾਤਾਰ ਲੜਦਿਆਂ ਫੌਜੀ ਮੁਹਾਰਤ ਹਾਸਲ ਕਰ ਲਈ ਹੋਵੇ। ਦੂਜੇ ਪਾਸੇ ਘੋਲ ਦੀ ਅਗਵਾਈ ਕਰਦੇ ਕਿਸਾਨ ਆਗੂ ਵੀ ਹੁਣ ਅਨਪੜ੍ਹ ਨਹੀਂ, ਸਗੋਂ ਤਾਲੀਮਯਾਫਤਾ, ਮੌਕੇ ਮੁਤਾਬਕ ਘੋਲਾਂ ਦੀ ਪੈਂਤੜੇਬਾਜ਼ੀ, ਖੇਤੀ ਆਰਥਕਤਾ ਤੇ ਸਿਆਸਤ ਦੀ ਰਗ ਨੂੰ ਭਲੀਭਾਂਤ ਜਾਣਨ ਵਾਲੇ ਹਨ।

ਕੇਂਦਰ ਸਰਕਾਰ ਦੇ ਖੇਤੀਬਾੜੀ ਸਕੱਤਰ ਨੇ ਕਿਸਾਨ ਯੂਨੀਅਨਾਂ ਨੂੰ 14 ਅਕਤੂਬਰ ਨੂੰ ਗੱਲਬਾਤ ਲਈ ਦਿੱਲੀ ਸੱਦਿਆ ਸੀ, ਪਰ ਇਹ ਬੇਸਿੱਟਾ ਰਹੀ। ਕਿਸੇ ਵੀ ਮੰਤਰੀ ਨੇ ਕਿਸਾਨਾਂ ਨਾਲ ਗੱਲਬਾਤ ਕਰਨ ਨੂੰ ਜਰੂਰੀ ਨਹੀਂ ਸਮਝਿਆ, ਜਦੋਂ ਕਿ 8 ਕੇਂਦਰੀ ਮੰਤਰੀ ਉਸੇ ਦਿਨ ਹੀ ਪੰਜਾਬ ਦੇ ਕਿਸਾਨਾਂ ਨੂੰ ਇਨ੍ਹਾਂ ਖੇਤੀ ਬਿਲਾਂ ਦੇ ਹੱਕ ਵਿਚ ਸਮਝਾਉਣ ਲਈ ਪੰਜਾਬ ਆ ਪਹੁੰਚੇ ਸਨ। ਫਿਰ ਕਿਸਾਨਾਂ ਨੂੰ ਦਿੱਲੀ ਕਾਹਦੇ ਵਾਸਤੇ ਬੁਲਾਇਆ ਗਿਆ ਸੀ? ਦੂਜੇ ਪਾਸੇ ਉਤਰ ਪ੍ਰਦੇਸ਼ (ਯੂ. ਪੀ.) ਦੇ ਵਪਾਰੀਆਂ ਦੇ ਪੰਜਾਬ ਆ ਰਹੇ ਝੋਨੇ ਨਾਲ ਲੱਦੇ ਟਰਾਲਿਆਂ ਨੇ ਕੇਂਦਰ ਸਰਕਾਰ ਦੇ ਇਨ੍ਹਾਂ ਦਾਅਵਿਆਂ ਦੀ ਵੀ ਪੋਲ ਖੋਲ੍ਹ ਦਿੱਤੀ ਹੈ ਕਿ ਕਾਨੂੰਨ ਕਿਸਾਨ ਹਿਤੈਸ਼ੀ ਹਨ, ਜਦੋਂ ਕਿ ਇਹ ਵਪਾਰੀ ਪੰਜਾਬ ਦੇ ਝੋਨੇ ਉਤੇ ਮਿਲਦੀ ਐਮ. ਐਸ. ਪੀ. ਦਾ ਫਾਇਦਾ ਲੈਣ ਲਈ ਯੂ. ਪੀ. ਤੋਂ ਹਜਾਰ ਰੁਪਏ ਪ੍ਰਤੀ ਕੁਇੰਟਲ ਝੋਨਾ ਖਰੀਦ ਕੇ ਇਥੇ 1888 ਰੁਪਏ ਪ੍ਰਤੀ ਕੁਇੰਟਲ ਵੇਚਣ ਲਈ ਆਏ ਹਨ। ਹੁਣ ਇਹ ਖੁਲ੍ਹੀ ਮੰਡੀ ਦਾ ਫਾਇਦਾ ਕਿਸਾਨ ਨੂੰ ਨਹੀਂ, ਸਗੋਂ ਵਪਾਰੀ ਵਰਗ ਨੂੰ ਹੈ। ਕਿਸਾਨਾਂ ਨੂੰ ਹੁਣ ਇਨ੍ਹਾਂ ਟਰਾਲਿਆਂ ਨੂੰ ਵਾਪਸ ਕਰਾਉਣ ਲਈ ਵੀ ਲੜਨਾ ਪੈ ਰਿਹਾ ਹੈ। ਫਿਰ ਯੂ. ਪੀ. ਤੋਂ ਧੜਾਧੜ ਆ ਰਹੇ ਝੋਨੇ ਨੇ ਜਦੋਂ ਪੰਜਾਬ ਦੇ ਵਪਾਰੀ, ਸ਼ੈਲਰ ਮਾਲਕ ਤੇ ਐਫ. ਸੀ. ਆਈ. ਦਾ ਕੋਟਾ ਪੂਰਾ ਕਰ ਦਿੱਤਾ ਤਾਂ ਸਾਡਾ ਝੋਨਾ ਕੌਣ ਖਰੀਦੂ? ਉਤੋਂ ਮੱਕੀ, ਨਰਮੇ ਤੇ ਐਲਾਨੀ ਐਮ. ਐਸ. ਪੀ. ਪੰਜਾਬ ਦੇ ਕਿਸਾਨ ਨੂੰ ਨਹੀਂ ਮਿਲ ਰਹੀ। ਹਾਲ ਦੀ ਘੜੀ ਤਕ ਯੂ. ਪੀ. ਦੇ ਇਸ ਝੋਨੇ ਦਾ ਕੋਈ ਹੱਲ ਨਹੀਂ ਕੀਤਾ ਗਿਆ ਸੀ ਤੇ ਝੋਨਾ ਆਉਣਾ ਬਾਦਸਤੂਰ ਜਾਰੀ ਸੀ। ਕੇਂਦਰ ਦੀ ਇਸ ਦੋਗਲੀ ਨੀਤੀ ਨੇ ਦਰਸਾ ਦਿੱਤਾ ਕਿ ਕੇਂਦਰ ਸਰਕਾਰ ਕਿਸਾਨ ਪ੍ਰਤੀ ਕਿੰਨੀ ਕੁ ਸੰਜੀਦਾ ਹੈ!

ਭਾਵੇਂ ਕਿਸਾਨ ਆਗੂਆਂ ਨੂੰ ਇਸ ਮੀਟਿੰਗ ਤੋਂ ਬਹੁਤੀਆਂ ਆਸਾਂ ਨਹੀਂ ਸਨ, ਪਰ ਫਿਰ ਵੀ ਉਹ ਡਾਇਲਾਗ ਦੀ ਭਾਵਨਾ ਦਾ ਸਤਿਕਾਰ ਕਰਦਿਆਂ ਦਿੱਲੀ ਗਏ। ਉਨ੍ਹਾਂ ਨੇ ਪਹਿਲਾਂ ਤੋਂ ਹੀ ਭਾਜਪਾ ਅਹੁਦੇਦਾਰਾਂ ਦੇ ਘਰਾਂ/ਦਫਤਰਾਂ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੋਇਆ ਸੀ। ਇਸ ਦੇ ਬਾਵਜੂਦ ਭਾਜਪਾ ਆਗੂਆਂ ਨੇ ਸਰਕਾਰੀ ਛਤਰਛਾਇਆ ਹੇਠ ਮੀਟਿੰਗਾਂ ਕਰਨ ਦੀ ਕੋਸ਼ਿਸ ਕੀਤੀ, ਜਿਸ ਨੂੰ ਕਿਸਾਨਾਂ ਦੇ ਰੋਹ ਨੇ ਅਸਫਲ ਬਣਾ ਦਿੱਤਾ। ਕੇਂਦਰ ਦੀ ਮੀਟਿੰਗ ਦਾ ਵੇਰਵਾ ਦਿੰਦਿਆਂ ਆਗੂਆਂ ਨੇ ਕਿਹਾ ਕਿ ਉਹ ਹੁਣ ਦਿੱਲੀ ਗੱਲਬਾਤ ਲਈ ਨਹੀਂ, ਬਲਕਿ ਰੋਸ ਪ੍ਰਦਰਸ਼ਨ ਲਈ ਹੀ ਜਾਣਗੇ। ਉਨ੍ਹਾਂ ਦਿੱਲੀ ਸਰਕਾਰ ਤੋਂ ਵੀ ਮੰਗ ਕੀਤੀ ਕਿ ਉਹ ਵਿਧਾਨ ਸਭਾ ਵਿਚ ਇਨ੍ਹਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਦਾ ਮਤਾ ਲਿਆਉਣ। ਉਨ੍ਹਾਂ ਐਲਾਨ ਕੀਤਾ ਕਿ ਤਿੰਨੋ ਖੇਤੀ ਕਾਨੂੰਨਾਂ ਸਮੇਤ ਮਜਦੂਰ ਬਿੱਲ ਤੇ ਬਿਜਲੀ ਬਿਲ ਰੱਦ ਕਰਾਉਣ, ਸਵਾਮੀਨਾਥਨ ਕਮੀਸ਼ਨ ਦੀ ਰਿਪੋਰਟ ਲਾਗੂ ਕਰਵਾਉਣਾ, 23 ਖੇਤੀ ਜਿਣਸਾਂ ਉਤੇ ਘੱਟੋਘੱਟ ਸਮਰਥਨ ਮੁੱਲ, ਖਰੀਦ ਤੇ ਪਰਕਿਊਰਮੈਂਟ ਕੇਂਦਰ ਸਰਕਾਰ ਵਲੋਂ ਲਾਜ਼ਮੀ ਕਰਵਾਉਣ ਸਮੇਤ ਸਾਰੀਆਂ ਮੰਗਾਂ ਮਨਾ ਕੇ ਹੀ ਦਮ ਲੈਣਗੇ।

ਸਰਕਾਰੀ ਧਿਰਾਂ ਦੀ ਵਾਅਦਾ ਖਿਲਾਫੀ ਵਰਗੇ ਚੈਲੰਜਾਂ ਤੇ ਲੋਕ ਰੋਹ ਨੂੰ ਕਿਸ ਤਰ੍ਹਾਂ ਆਪਣੇ ਘੋਲ ਲਈ ਸੰਦ ਬਣਾਉਣਾ ਹੈ, ਘੋਲ ਕਰਦੀਆਂ ਧਿਰਾਂ ਬਾਖੂਬੀ ਸਮਝ ਰਹੀਆ ਹਨ। ਲਗਾਤਾਰ ਦਬਾਅ ਦਾ ਸਿੱਟਾ ਹੀ ਹੈ ਕਿ ਪੰਜਾਬ ਸਰਕਾਰ ਨੇ ਇਨ੍ਹਾਂ ਕਿਸਾਨ ਮਾਰੂ ਕਾਨੂੰਨਾਂ ਨੂੰ ਰੱਦ ਕਰਨ ਲਈ ਦੋ ਰੋਜਾ 19/20 ਅਕਤੂਬਰ 2020 ਨੂੰ ਵਿਸ਼ੇਸ਼ ਇਜਲਾਸ ਸੱਦਿਆ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਜਲਾਸ ਤੋਂ ਪਹਿਲਾਂ ਆਪਣੇ ਵਿਧਾਇਕਾਂ, ਮੰਤਰੀਆਂ, ਅਰਥਚਾਰਾ, ਕਾਨੂੰਨੀ, ਖੇਤੀ ਮਾਹਰਾਂ ਨਾਲ ਮੀਟਿੰਗਾਂ ਕਰਕੇ ਇਨ੍ਹਾਂ ਖੇਤੀ ਕਾਨੂੰਨਾਂ ਦੇ ਸਾਰੇ ਪੱਖਾਂ ਤੇ ਵਿਚਾਰ-ਵਟਾਂਦਰਾ ਕੀਤਾ ਤਾਂ ਕਿ ਪੰਜਾਬ ਵਿਧਾਨ ਸਭਾ ਵਲੋਂ ਪਾਸ, ਰੱਦ ਕਰਨ ਵਾਲੇ ਮਤੇ ਨੂੰ ਕੋਈ ਕਾਨੂੰਨੀ/ ਸੰਵਿਧਾਨਕ ਅੜਚਨ ਨਾ ਆਵੇ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਇਹ ਕਿਸਾਨ ਮਾਰੂ ਕਾਨੂੰਨ ਕਾਂਗਰਸ ਸਰਕਾਰ ਵਲੋਂ ਰੱਦ ਕੀਤੇ ਜਾ ਰਹੇ ਹਨ, ਭਾਵੇਂ ਉਨ੍ਹਾਂ ਨੂੰ ਆਪਣੀ ਸਰਕਾਰ ਦੀ ਬਲੀ ਹੀ ਕਿਉਂ ਨਾ ਦੇਣੀ ਪਵੇ, ਕਿਉਂਕਿ ਇਹ ਕਿਸਾਨ ਮਾਰੂ ਕਾਨੂੰਨ '84 ਦੇ ਅਤਿਵਾਦ ਤੋਂ ਵੀ ਭੈੜੇ ਹਨ।

> ***ਇਸ ਸਮੇਂ ਕੇਂਦਰ ਅਤੇ ਪੰਜਾਬ ਸਰਕਾਰ ਬਿਹਾਰ ਤੇ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਕਾਰਨ ਬੁਰੀ ਤਰ੍ਹਾਂ ਫਸੀਆਂ ਹੋਈਆਂ ਹਨ, ਜਦੋਂ ਕਿ ਇਹੋ ਖੇਤੀ ਕਾਨੂੰਨਾਂ ਦਾ ਮਾਡਲ 2006 ਵਿਚ ਬਿਹਾਰ ਵਿਚ ਬੁਰੀ ਤਰ੍ਹਾਂ ਫੇਲ੍ਹ ਹੋ ਚੁਕਾ ਹੈ। ਦੋ ਦੋ ਸੌ ਵਿਘੇ ਦੇ ਮਾਲਕ ਬਿਹਾਰੀ ਕਿਸਾਨ ਪੰਜਾਬ, ਗੁਜਰਾਤ, ਮਹਾਰਾਸ਼ਟਰ ਜਿਹੇ ਸੂਬਿਆਂ ਵਿਚ ਮਜਦੂਰੀ ਕਰਨ ਲਈ ਮਜਬੂਰ ਹਨ।***

ਦਿੱਲੀ ਦੀ ਗੱਲਬਾਤ ਫੇਲ੍ਹ ਹੁੰਦਿਆਂ ਹੀ ਜਿਥੇ ਕਿਸਾਨ ਜਥੇਬੰਦੀਆਂ ਨੇ ਆਪਣੇ ਘੋਲ ਨੂੰ ਹੋਰ ਵੀ ਮਜਬੂਤੀ ਨਾਲ ਅੱਗੇ ਵਧਾਇਆ ਹੈ, ਉਥੇ ਸਰਕਾਰੀ ਹੱਥਕੰਡੇ ਵੀ ਤੇਜੀ ਨਾਲ ਹੋਂਦ ਵਿਚ ਆਉਣੇ ਸ਼ੁਰੂ ਹੋ ਗਏ ਹਨ। ਸ਼ੌਰਿਆ ਚੱਕਰ ਵਿਜੇਤਾ ਕਾਮਰੇਡ ਬਲਵਿੰਦਰ ਸਿੰਘ ਭਿਖੀਵਿੰਡ (ਤਰਨਤਾਰਨ) ਦੀ ਦਿਨ ਦਿਹਾੜੇ ਹੱਤਿਆ, ਭਾਜਪਾ ਪ੍ਰਧਾਨ ਅਸ਼ਵਨੀ ਕੁਮਾਰ ਦੀ ਗੱਡੀ ਭੰਨਣਾ, ਮਦਰੱਸਾ (ਸ੍ਰੀ ਮੁਕਤਸਰ ਸਾਹਿਬ) ਦੇ ਦਲਿਤ ਨੌਜਵਾਨ 'ਤੇ ਉਚ ਵਰਗ ਦੇ ਲੋਕਾਂ ਵਲੋਂ ਬੇਤਹਾਸ਼ਾ ਤਸ਼ੱਦਦ, ਲੱਖੋਵਾਲ ਵਲੋਂ ਬਿਨਾ ਸਲਾਹ ਕੀਤਿਆਂ ਖੇਤੀ ਬਿਲਾਂ ਖਿਲਾਫ ਪਟੀਸ਼ਨ ਕੋਰਟ ਤਕ ਲੈ ਜਾਣ, ਕੰਗਣਾ ਰਣੌਤ ਵਲੋਂ ਕਿਸਾਨਾਂ ਨੂੰ ਅਤਿਵਾਦੀ ਦੱਸਣਾ, ਖਾਲਿਸਤਾਨ ਦੇ ਪੋਸਟਰ ਲਾਉਣੇ, ਕਿਸਾਨੀ ਘੋਲ ਪ੍ਰਤੀ ਅਫਵਾਹਾਂ ਕੁਝ ਅਜਿਹੇ ਵਰਤਾਰੇ ਹਨ, ਜੋ ਸਰਕਾਰਾਂ ਤੇ ਏਜੰਸੀਆਂ ਦੇ ਭੈੜੇ ਮਨਸੂਬਿਆਂ ਵੱਲ ਇਸ਼ਾਰਾ ਕਰਦੇ ਹਨ। ਇਨ੍ਹਾਂ ਹੱਥਕੰਡਿਆਂ ਦਾ ਮੁਕਾਬਲਾ ਕਰਨ ਲਈ ਢੇਰ ਸਾਰੇ ਤਹੱਮਲ, ਜ਼ਾਬਤੇ ਤੇ ਕਦੇ ਨਾ ਡੋਲਣ ਵਾਲੀ ਵਿਚਾਰਧਾਰਾ ਦੀ ਵੱਡੀ ਲੋੜ ਹੈ।

ਇਸ ਸਮੇਂ ਕੇਂਦਰ ਅਤੇ ਪੰਜਾਬ ਸਰਕਾਰ ਬਿਹਾਰ ਤੇ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਕਾਰਨ ਬੁਰੀ ਤਰ੍ਹਾਂ ਫਸੀਆਂ ਹੋਈਆਂ ਹਨ, ਜਦੋਂ ਕਿ ਇਹੋ ਖੇਤੀ ਕਾਨੂੰਨਾਂ ਦਾ ਮਾਡਲ 2006 ਵਿਚ ਬਿਹਾਰ ਵਿਚ ਬੁਰੀ ਤਰ੍ਹਾਂ ਫੇਲ੍ਹ ਹੋ ਚੁਕਾ ਹੈ। ਦੋ ਦੋ ਸੌ ਵਿਘੇ ਦੇ ਮਾਲਕ ਬਿਹਾਰੀ ਕਿਸਾਨ ਪੰਜਾਬ, ਗੁਜਰਾਤ, ਮਹਾਰਾਸ਼ਟਰ ਜਿਹੇ ਸੂਬਿਆਂ ਵਿਚ ਮਜਦੂਰੀ ਕਰਨ ਲਈ ਮਜਬੂਰ ਹਨ। ਭਾਜਪਾ ਸਰਕਾਰ ਵਲੋਂ ਆਪਣੇ 8 ਮੰਤਰੀਆਂ ਨੂੰ ਕਿਸਾਨਾਂ ਨਾਲ ਵਰਚੂਅਲ ਮੀਟਿੰਗਾਂ ਕਰਨ ਲਈ ਭੇਜਣਾ, ਪੰਜਾਬ ਸਰਕਾਰ ਵਲੋਂ ਰਾਹੁਲ ਗਾਂਧੀ ਨੂੰ ਦਿੱਲੀਓਂ ਬੁਲਾ ਕੇ ਪੰਜਾਬ ਹਰਿਆਣੇ ਵਿਚ ਟਰੈਕਟਰ ਭਜਾਈ ਕਰਾਉਣਾ, ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਤਿੰਨੋ ਤਖਤਾਂ ਤੋਂ ਮਾਰਚ ਕੱਢਣਾ-ਰਾਜ ਕਰਦੀਆਂ ਇਨ੍ਹਾਂ ਪਾਰਟੀਆਂ ਵੱਲੋਂ ਆਪੋ ਆਪਣੇ ਵੋਟ ਬੈਂਕ ਨੂੰ ਸਾਂਭਣ ਦੀ ਕਵਾਇਦ ਤਾਂ ਹੋ ਸਕਦੀ ਹੈ, ਕਿਸਾਨ ਹਿੱਤ ਕਦਾਚਿੱਤ ਨਹੀਂ। ਤਥਾ ਕਥਿਤ ਹਕੂਮਤੀ ਲਾਲਸਾ ਨਾਲ ਲਬਰੇਜ ਧਿਰਾਂ ਪ੍ਰਤੀ ਲੋਕਾਂ ਵਿਚ ਪਹਿਲਾਂ ਤੋਂ ਹੀ ਚਲ ਰਹੀ ਬੇਵਿਸ਼ਵਾਸੀ ਨੂੰ ਹੋਰ ਡੂੰਘੇਰਾ ਕੀਤਾ ਹੈ। ਆਮ ਆਦਮੀ ਪਾਰਟੀ ਨੇ ਇਨ੍ਹਾਂ ਤੋਂ ਉਲਟ ਪੈਂਤੜਾ ਲੈਂਦਿਆਂ ਕਿਸਾਨੀ ਰੋਸ ਧਰਨਿਆਂ ਵਿਚ ਸ਼ਾਮਲ ਹੋਣ ਦਾ ਦਾਅਵਾ ਕਰਦਿਆਂ ਦਿੱਲੀ ਦੇ ਜੰਤਰ ਮੰਤਰ ਵਿਖੇ ਰੋਸ ਧਰਨਾ ਵੀ ਦਿੱਤਾ, ਜਿਥੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਕਿਸਾਨੀ ਘੋਲ ਦੀ ਹਮਾਇਤ ਕਰਦਿਆਂ ਇਨ੍ਹਾਂ ਬਿਲਾਂ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ। ਬੇਸ਼ਕ ਭਾਵਨਾ ਉਸ ਦੀ ਵੀ ਪੰਜਾਬ ਦੀ 2022 ਵਿਚ ਸਰਕਾਰ ਹਥਿਆਉਣ ਦੀ ਹੈ।

ਇਨ੍ਹਾਂ ਔਕੜਾਂ ਦਾ ਸਾਹਮਣਾ ਕਰਦਿਆਂ ਆਪਣੇ ਰੋਸ ਪ੍ਰਦਰਸ਼ਨਾਂ ਦੀ ਲਗਾਤਾਰਤਾ ਬਣਾਈ ਰੱਖਣਾ ਆਪਣੇ ਆਪ ਵਿਚ ਅਹਿਮ ਹੈ, ਪਰ ਇੱਕ ਕਿਸਾਨ ਜਥੇਬੰਦੀ ਵਲੋਂ ਆਪਣਾ ਘੋਲ 29 ਜਥੇਬੰਦੀਆਂ ਦੇ ਸਮਾਨੰਤਰ ਚਲਾਉਣ ਨਾਲ ਲੋਕਾਂ ਵਿਚ ਗਲਤ ਸੰਦੇਸ਼ ਜਾ ਰਿਹਾ ਹੈ। ਭਾਵੇਂ ਉਸ ਜਥੇਬੰਦੀ ਦਾ ਕਹਿਣਾ ਹੈ ਕਿ ਉਹ ਬਾਕੀ ਜਥੇਬੰਦੀਆਂ ਨਾਲ ਤਾਲਮੇਲ ਕਰਕੇ ਹੀ ਲੜ ਰਹੇ ਹਨ, ਵੱਖਰਾ ਨਹੀਂ; ਪਰ ਲੋਕਾਂ ਵਿਚ ਦੱਬੀ ਸੁਰ ਵਿਚ ਆਲੋਚਨਾ ਸ਼ੁਰੂ ਹੋ ਗਈ ਹੈ। ਪੰਜਾਬ ਹਿਤੈਸ਼ੀ ਧਿਰਾਂ ਇਨ੍ਹਾਂ ਘੋਲ ਲੜ ਰਹੀਆਂ ਜਥੇਬੰਦੀਆਂ ਤੋਂ ਪੰਜਾਬ ਦੇ ਵਜੂਦ ਦੀ ਲੜਾਈ ਦਾ ਤਸੱਵਰ ਭਾਲ ਰਹੀਆਂ ਸਨ। ਲੋਕ ਤਾਂ ਇਨ੍ਹਾਂ 31 ਜਥੇਬੰਦੀਆਂ ਨੂੰ ਵੱਖ ਵੱਖ ਲੜਨ ਦੀ ਥਾਂ ਇੱਕੋ ਝੰਡੇ ਹੇਠ ਲੜਨ ਦੀ ਤਵੱਕੋ ਕਰ ਰਹੇ ਸਨ, ਉਲਟਾ ਇਹ ਉਨ੍ਹਾਂ ਵਿਚੋਂ ਹੀ ਆਪੋ ਆਪਣਾ ਅਲੱਗ ਪ੍ਰੋਗਰਾਮ ਦੇਣ ਲੱਗ ਪਈਆਂ ਹਨ। ਇਸ ਆਪਸੀ ਪਾਟੋ ਧਾੜ ਨੇ ਪਹਿਲਾਂ ਹੀ ਪੰਜਾਬ ਦਾ ਬਹੁਤ ਨੁਕਸਾਨ ਕੀਤਾ ਹੈ, ਵਿਰੋਧੀ ਧਿਰਾਂ ਨੂੰ ਘੋਲ ਨੂੰ ਸੰਨ੍ਹ ਲਾਉਣ ਦਾ ਮੌਕਾ ਮਿਲੇਗਾ। ਹਾਲੇ ਸਿਰਫ ਖੇਤੀ ਕਾਨੂੰਨ ਰੱਦ ਕਰਾਉਣਾ ਹੀ ਟੀਚਾ ਨਹੀਂ, ਬਹੁਤ ਕੁਝ ਕਰਨਾ ਬਾਕੀ ਹੈ।

ਪੰਜਾਬ ਟਾਈਮਜ਼
ਸਨਿਚਰਵਾਰ, 24 ਅਕਤੂਬਰ 2020

## ਕਿਸਾਨ ਘੋਲ ਦਾ ਹਾਸਲ

ਭਾਰਤ ਦੀ ਮੋਦੀ ਸਰਕਾਰ ਖਿਲਾਫ ਸਤੰਬਰ ਦੇ ਅਖੀਰ ਵਿਚ ਸ਼ੁਰੂ ਹੋਏ ਕਿਸਾਨ ਘੋਲ ਨੇ ਆਪਣਾ ਪਹਿਲਾ ਪੜਾਅ ਮੁਕੰਮਲ ਕਰ ਲਿਆ ਹੈ। ਇਸ ਵਕਤ ਪੰਜਾਬ ਦੀਆਂ ਕਰੀਬ ਸਾਰੀਆਂ ਹੀ ਕਿਸਾਨ ਧਿਰਾਂ ਇਸ ਘੋਲ ਵਿਚ ਹਿੱਸਾ ਪਾ ਰਹੀਆਂ ਹਨ। ਪੰਜਾਬ ਦੇ ਇਤਿਹਾਸ ਵਿਚ ਸ਼ਾਇਦ ਇਹ ਪਹਿਲਾ ਮੌਕਾ ਹੈ, ਜਦੋਂ ਕਿਸਾਨਾਂ ਨੇ ਸੂਬੇ ਦੀਆਂ ਸਾਰੀਆਂ ਸਿਆਸੀ ਧਿਰਾਂ ਨੂੰ ਕੇਂਦਰ ਸਰਕਾਰ ਦੀਆਂ ਮਨਮਾਨੀਆਂ ਖਿਲਾਫ ਉਠ ਖਲੋਣ ਲਈ ਮਜਬੂਰ ਕਰ ਦਿੱਤਾ ਹੈ। ਇਹ ਸੁਚਾਰੂ ਰੂਪ ਵਿਚ ਚਲਾਏ ਜਥੇਬੰਦਕ ਕਿਸਾਨ ਘੋਲ ਦਾ ਹੀ ਨਤੀਜਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਪੰਜਾਬ ਵਿਧਾਨ ਸਭਾ ਵਿਚ ਤਿੰਨੇ ਕੇਂਦਰੀ ਕਾਨੂੰਨ ਰੱਦ ਕਰਕੇ ਸੂਬੇ ਦੇ ਆਪਣੇ ਕਾਨੂੰਨ ਪਾਸ ਕਰਵਾਉਣੇ ਪਏ। ਇਸ ਘੋਲ ਦੀ ਇਹ ਵੀ ਖਾਸੀਅਤ ਰਹੀ ਕਿ ਇਸ ਵਿਚ ਨੌਜਵਾਨਾਂ, ਔਰਤਾਂ, ਬੱਚਿਆਂ ਅਤੇ ਪੰਜਾਬ ਦੇ ਕਰੀਬ ਹਰ ਤਬਕੇ ਨੇ ਵਿਤ ਮੂਜਬ ਯੋਗਦਾਨ ਪਾਇਆ ਹੈ। ਇਸ ਕਿਸਾਨ ਘੋਲ ਦਾ ਮੂੰਹ-ਮੱਥਾ ਬਣਾਉਣ ਵਿਚ ਕਿਸਾਨਾਂ ਦੀ ਲਗਾਤਾਰ ਸਰਗਰਮੀ ਦਾ ਸਭ ਤੋਂ ਵੱਡਾ ਰੋਲ ਰਿਹਾ ਹੈ। ਇਸ ਸਰਗਰਮੀ ਕਰਕੇ ਹੀ ਸ਼੍ਰੋਮਣੀ ਅਕਾਲੀ ਦਲ ਵਰਗੀ ਸਿਆਸੀ ਜਮਾਤ ਨੂੰ ਆਪਣੇ ਪਹਿਲੇ ਪੈਂਤੜੇ ਤੋਂ ਉਲਟ ਜਾ ਕੇ ਕਿਸਾਨਾਂ ਦੇ ਨਾਲ ਖੜ੍ਹਨਾ ਪਿਆ। ਅਕਾਲੀ ਦਲ ਪਹਿਲਾਂ ਇਸੇ ਪ੍ਰਚਾਰ 'ਤੇ ਲੱਗਾ ਰਿਹਾ ਸੀ ਕਿ ਨਵੇਂ ਕਾਨੂੰਨਾਂ ਦਾ ਪੰਜਾਬ ਦੇ ਖੇਤੀ ਢਾਂਚੇ ਉਤੇ ਕੋਈ ਫਰਕ ਨਹੀਂ ਪਵੇਗਾ। ਇਸ ਤੱਥ ਨੂੰ ਸਿੱਧ ਕਰਵਾਉਣ ਲਈ ਇਸ ਦੇ ਆਗੂ ਕੇਂਦਰੀ ਖੇਤੀ ਮੰਤਰੀ ਤੋਂ ਚਿੱਠੀ ਵੀ ਲੈ ਕੇ ਆਏ, ਪਰ ਆਖਰਕਾਰ ਅਕਾਲੀ ਦਲ ਨੂੰ ਕਿਸਾਨਾਂ ਦੇ ਘੋਲ ਅੱਗੇ ਝੁਕਣਾ ਪਿਆ। ਇਸ ਤੋਂ ਬਾਅਦ ਕੇਂਦਰੀ ਵਜ਼ਾਰਤ ਵਿਚ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਅਸਤੀਫਾ ਹੀ ਨਹੀਂ ਦਿੱਤਾ ਸਗੋਂ ਅਕਾਲੀ ਦਲ ਨੂੰ ਭਾਰਤੀ ਜਨਤਾ ਪਾਰਟੀ ਨਾਲ ਢਾਈ ਦਹਾਕੇ ਤੋਂ ਚੱਲ ਰਹੇ ਗੱਠਜੋੜ ਦਾ ਵੀ ਭੋਗ ਪਾਉਣਾ ਪਿਆ।

ਕਿਸਾਨਾਂ ਦੇ ਘੋਲ ਅੱਗੇ ਇਹੀ ਹਾਲ ਕਾਂਗਰਸ ਦਾ ਹੋਇਆ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਹਿਲਾਂ-ਪਹਿਲ ਕਰੋਨਾ ਦਾ ਬਹਾਨਾ ਲਾ ਕੇ ਕਿਸਾਨ ਘੋਲ ਨੂੰ ਰੋਕਣ ਦੇ ਪੂਰੇ ਯਤਨ ਕੀਤੇ, ਇਥੋਂ ਤਕ ਕਿ ਕਿਸਾਨਾਂ ਖਿਲਾਫ ਕੇਸ ਵੀ ਦਰਜ ਕੀਤੇ ਗਏ, ਪਰ ਜਦੋਂ ਘੋਲ ਭਖ ਗਿਆ ਤਾਂ ਸਰਕਾਰ ਨੂੰ ਕੇਸ ਰੱਦ ਕਰਨੇ ਪਏ। ਪੰਜਾਬ ਦੀ ਤੀਜੀ ਅਹਿਮ ਧਿਰ ਆਮ ਆਦਮੀ ਪਾਰਟੀ ਦਾ ਰੋਲ ਇਸ ਘੋਲ ਵਿਚ ਕੋਈ ਖਾਸ ਨਹੀਂ ਰਿਹਾ। ਵਿਧਾਨ ਸਭਾ ਵਿਚ ਮੁੱਖ ਵਿਰੋਧੀ ਧਿਰ ਹੋਣ ਦੇ ਬਾਵਜੂਦ ਇਸ ਪਾਰਟੀ ਦੇ ਆਗੂਆਂ ਨੂੰ ਅਜੇ ਇਹ ਹੀ ਪਤਾ ਨਹੀਂ ਲੱਗ ਰਿਹਾ ਕਿ ਅਗਾਂਹ ਕਰਨਾ ਕੀ ਹੈ! ਇਸ ਪਾਰਟੀ ਦੇ ਆਗੂ ਖੇਤੀ ਕਾਨੂੰਨਾਂ ਦਾ ਵਿਰੋਧ ਤਾਂ ਜ਼ਰੂਰ ਕਰ ਰਹੇ ਹਨ, ਪਰ ਪਾਰਟੀ ਦਾ ਜਥੇਬੰਦਕ ਤਾਣਾ-ਬਾਣਾ ਅਤੇ ਕਿਸਾਨ ਫਰੰਟ 'ਤੇ ਕੋਈ ਕੰਮ ਨਾ ਹੋਣ ਕਰਕੇ ਇਹ ਪਾਰਟੀ ਇਸ ਘੋਲ ਦੌਰਾਨ ਕੋਈ ਪੈੜ ਛੱਡਣ ਵਿਚ ਨਾਕਾਮ ਰਹੀ ਹੈ। ਉਂਜ, ਇਸ ਘੋਲ ਨਾਲ ਇਕ ਗੱਲ ਹੋਰ ਐਨ ਸਾਫ ਹੋ ਗਈ ਹੈ ਕਿ ਚੋਣਾਂ ਕਿਸੇ ਵੀ ਮਸਲੇ ਦਾ ਹੱਲ ਨਹੀਂ। ਵੱਖ-ਵੱਖ ਧਿਰਾਂ ਦੀਆਂ ਸਰਕਾਰਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਪਰ ਜਿੰਨਾ ਚਿਰ ਤੱਕ ਹੁਣ ਵਾਲੇ ਜਥੇਬੰਦਕ ਘੋਲ ਵਰਗੀ ਸਰਗਰਮੀ ਨਹੀਂ ਕੀਤੀ ਜਾਂਦੀ, ਕਿਤੇ ਕੋਈ ਵੱਡੀ ਤਬਦੀਲੀ ਨਹੀਂ ਆਉਂਦੀ।

ਪੰਜਾਬ ਵਿਧਾਨ ਸਭਾ ਵਿਚ ਕੇਂਦਰੀ ਕਾਨੂੰਨ ਰੱਦ ਕਰਕੇ ਨਵੇਂ ਕਾਨੂੰਨ ਤਾਂ ਬਣਾ ਲਏ ਗਏ ਹਨ, ਪਰ ਇਸ ਮਸਲੇ ਬਾਰੇ ਵੀ ਸੰਜੀਦਗੀ ਨਾਲ ਵਿਚਾਰਨ ਦੀ ਲੋੜ ਹੈ। ਨਵੇਂ ਬਣਾਏ ਕਾਨੂੰਨਾਂ ਤਹਿਤ ਘੱਟ ਰੇਟ 'ਤੇ ਕਣਕ-ਝੋਨਾ ਖਰੀਦਣ ਵਾਲੇ ਨੂੰ ਸਜ਼ਾ ਮਿਲੇਗੀ, ਪਰ ਇਸ ਅੰਦਰ ਮੱਕੀ, ਕਪਾਹ ਆਦਿ ਹੋਰ ਫਸਲਾਂ ਸ਼ਾਮਿਲ ਨਹੀਂ ਕੀਤੀਆਂ ਗਈਆਂ। ਪੰਜਾਬ ਵਿਚ ਮੱਕੀ, ਕਪਾਹ ਤੇ ਹੋਰ ਫਸਲਾਂ ਜਿਨ੍ਹਾਂ ਦਾ ਘੱਟੋ-ਘੱਟ ਸਮਰਥਨ ਮੁੱਲ ਕੇਂਦਰ ਸਰਕਾਰ ਨੇ ਐਲਾਨਿਆ ਹੋਇਆ ਹੈ, ਉਸ ਮੁਤਾਬਿਕ ਕਿਸਾਨ ਨੂੰ ਭਾਅ ਨਹੀਂ ਮਿਲ ਰਿਹਾ। ਦੂਜੇ ਕਣਕ-ਝੋਨੇ ਦੀ ਹੀ ਗੱਲ ਕਰਕੇ ਫਸਲੀ ਵੰਨ-ਸੁਵੰਨਤਾ ਨੂੰ ਦਰਕਿਨਾਰ ਕਰ ਦਿੱਤਾ ਗਿਆ ਹੈ। ਇਸੇ ਲਈ ਕਿਹਾ ਗਿਆ ਹੈ ਕਿ ਕਿਸਾਨ ਘੋਲ ਦਾ ਅਜੇ ਇਕ ਪੜਾਅ ਹੀ ਪੂਰਾ ਹੋਇਆ ਹੈ। ਕਿਸਾਨ ਜਥੇਬੰਦੀਆਂ ਨੇ ਵੀ ਇਹੀ ਟਿੱਪਣੀ ਕੀਤੀ ਹੈ ਕਿ ਵਿਧਾਨ ਸਭਾ ਵਿਚ ਬਣਾਏ ਨਵੇਂ ਕਾਨੂੰਨਾਂ ਨਾਲ ਕੋਈ ਬਹੁਤਾ ਫਰਕ ਨਹੀਂ ਪੈਣਾ, ਕਿਉਂਕਿ ਇਹ ਕਾਨੂੰਨ ਤਾਂ ਹੀ ਲਾਗੂ ਹੋ ਸਕਣਗੇ, ਜੇ ਰਾਸ਼ਟਰਪਤੀ ਇਨ੍ਹਾਂ ਨੂੰ ਮਨਜ਼ੂਰ ਕਰਦਾ ਹੈ ਅਤੇ ਕੇਂਦਰੀ ਕੈਬਨਿਟ ਦੀ ਸਲਾਹ ਤੋਂ ਬਿਨਾ ਰਾਸ਼ਟਰਪਤੀ ਕੁਝ ਵੀ ਨਹੀਂ ਕਰ ਸਕਦਾ। ਹੁਣ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਕਿਸਾਨ ਆਗੂ ਆਪਣੇ ਘੋਲ ਨੂੰ ਅਗਾਂਹ ਕਿਸ ਤਰ੍ਹਾਂ ਲੈ ਕੇ ਜਾਂਦੇ ਹਨ। ਪੰਜਾਬ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਦਾ ਆਪਸ ਵਿਚ ਤਾਲਮੇਲ ਤਾਂ ਹੈ, ਹੁਣ ਇਸ ਤਾਲਮੇਲ ਨੂੰ ਦੇਸ਼ ਪੱਧਰ 'ਤੇ ਲਿਜਾਣ ਦੀ ਲੋੜ ਹੈ, ਇਸ ਕਾਰਜ ਲਈ ਸਰਗਰਮੀ ਵੀ ਕੀਤੀ ਜਾ ਰਹੀ ਹੈ। ਹਰਿਆਣਾ, ਕਰਨਾਟਕ, ਤਾਮਿਲਨਾਡੂ ਆਦਿ ਕਈ ਸੂਬਿਆਂ ਵਿਚ ਵੀ ਇਨ੍ਹਾਂ ਕੇਂਦਰੀ ਕਾਨੂੰਨਾਂ ਖਿਲਾਫ ਘੋਲ ਚੱਲ ਰਹੇ ਹਨ। ਜੇ ਇਨ੍ਹਾਂ ਸੂਬਿਆਂ ਦੇ ਕਿਸਾਨ ਕੌਮੀ ਪੱਧਰ ਦਾ ਤਾਲਮੇਲ ਬਿਠਾ ਕੇ ਅੱਗੇ ਵਧਣ ਤਾਂ ਪਿਛਲੇ ਛੇ ਸਾਲਾਂ ਤੋਂ ਸਿਰ ਚੜ੍ਹੀ ਆ ਰਹੀ ਮੋਦੀ ਸਰਕਾਰ ਨੂੰ ਡੱਕਿਆ ਜਾ ਸਕਦਾ ਹੈ ਅਤੇ ਇਉਂ ਮੁਲਕ ਦੀ ਸਿਆਸਤ ਨੂੰ ਵੀ ਮੋੜਾ ਦਿੱਤਾ ਜਾ ਸਕਦਾ ਹੈ। ਬਹੁਤ ਸਾਰੇ ਸਿਆਸੀ ਮਾਹਿਰ ਕਿਸਾਨਾਂ ਦੇ ਇਸ ਘੋਲ ਵਿਚੋਂ ਫੈਡਰਲਿਜ਼ਮ ਦੀ ਪੈੜਚਾਲ ਦੇਖ ਰਹੇ ਹਨ। ਇਸ ਪੱਖ ਤੋਂ ਇਸ ਕਿਸਾਨ ਘੋਲ ਦੀ ਬਹੁਤ ਅਹਿਮੀਅਤ ਹੈ। ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਹੁਣ ਤਕ ਜਿੰਨੇ ਵੀ ਫੈਸਲੇ ਕੀਤੇ ਹਨ, ਉਹ ਰਾਜਾਂ ਦੀਆਂ ਤਾਕਤਾਂ ਖੋਹਣ ਵਾਲੇ ਹਨ। ਕਿਸਾਨਾਂ ਦੇ ਇਸ ਘੋਲ ਨੇ ਇਹ ਉਮੀਦ ਦਿਵਾਈ ਹੈ ਕਿ ਮੋਦੀ ਨੂੰ ਰੋਕਿਆ ਜਾ ਸਕਦਾ ਹੈ। ਆਉਣ ਵਾਲੇ ਦਿਨਾਂ ਵਿਚ ਇਹ ਕਿਸਾਨ ਘੋਲ ਆਪਣੇ ਅਗਲੇ ਪੜਾਅ ਵਲ ਕਿਸ ਤਰ੍ਹਾਂ ਵਧਦਾ ਹੈ, ਇਹ ਸਭ ਕਿਸਾਨ ਜਥੇਬੰਦੀਆਂ ਦੇ ਅਗਲੇ ਪੈਂਤੜੇ ਤੋਂ ਸਾਫ ਹੋ ਜਾਣਾ ਹੈ। ਅਸਲ ਵਿਚ ਕਿਸਾਨਾਂ ਨੇ ਮੋਦੀ ਦੇ ਕਿੰਗਰੇ ਝਾੜਨ ਲਈ ਰਾਹ ਖੋਲ੍ਹ ਦਿੱਤਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਦੁੱਲੇ ਈ ਕਰਦੇ ਸੂਤ ਦਿੱਲੀ!

ਸਿਰੜੀ ਮਿਹਨਤੀ ਕਾਮੇ ਇਹ ਜਾਣਦੇ ਨੇ, ਹੋਵੇ ਫਤਹਿ ਨਸੀਬ ਬਿਨ ਡੁੱਲਿਆਂ ਤੋਂ।
ਲੈ ਕੇ ਪ੍ਰੇਰਨਾ ਅੜ ਗਿਆ ਅੰਨ-ਦਾਤਾ, ਝੱਖੜ ਕਈ ਇਤਿਹਾਸ ਵਿਚ ਝੁੱਲਿਆਂ ਤੋਂ।
ਤਾਜੋ-ਤਖਤ ਵੀ ਆਖਰ ਨੂੰ ਝੁਕ ਜਾਂਦੇ, ਯੋਧੇ 'ਕਰੋ ਜਾਂ ਮਰੋ' 'ਤੇ ਤੁੱਲਿਆਂ ਤੋਂ।
'ਕੱਠ ਲੋਕਾਂ ਦਾ ਲੋਹੇ ਦੀ ਲੱਠ ਬਣਿਆਂ, ਹੁੰਦਾ ਸਾਂਭ ਨਾ ਹਾਕਮਾਂ ਭੁੱਲਿਆਂ ਤੋਂ।
ਦੇਖ ਰੁਮਕਦੇ ਫੇਰ ਉਹ ਯਰ੍ਹਕਦੀ ਐ, ਨਵੇਂ ਪੋਚ ਵਿਚ ਅਣਖ ਦੇ ਬੁੱਲਿਆਂ ਤੋਂ।
'ਬਾਤ ਚੀਤ' ਦੇ 'ਛੁਣਕਣੇ' ਦੇਣ ਵਾਲੀ, ਦਿੱਲੀ ਸੂਤ ਹੀ ਆਉਂਦੀ ਹੈ 'ਦੁੱਲਿਆਂ' ਤੋਂ!

# ਕੀ ਅਕਾਲੀ ਦਲ ਹੁਣ ਪੰਥਕ ਸਿਆਸਤ ਵਲ ਮੁੜ ਰਿਹੈ?

*ਆਉਣ ਵਾਲੇ ਸਮੇਂ ਵਿਚ ਪੰਜਾਬ ਦੀ ਸਿਆਸਤ ਅੰਦਰ ਨਵੇਂ ਸਿਆਸੀ ਸਮੀਕਰਨ ਅਤੇ ਤਬਦੀਲੀਆਂ ਦੇਖਣ ਨੂੰ ਮਿਲਣਗੀਆਂ। ਕਿਸਾਨ ਅੰਦੋਲਨ ਸੂਬੇ ਦੀ ਸਿਆਸਤ ਦੀ ਦਿਸ਼ਾ ਤੈਅ ਕਰੇਗਾ ਕਿਉਂਕਿ ਕਿਸਾਨ ਅੰਦੋਲਨ ਹੁਣ ਨਿਰੋਲ ਆਰਥਿਕ ਮਾਮਲਾ ਨਹੀਂ ਰਿਹਾ ਸਗੋਂ ਇਸ ਨਾਲ ਪੰਜਾਬੀਆਂ ਦਾ ਮਾਣ ਅਤੇ ਗੌਰਵ ਵੀ ਜੁੜ ਗਿਆ ਹੈ। ਹਾਲਾਤ ਦੀ ਤ੍ਰਾਸਦੀ ਦੇਖੋ, ਫੈਡਰਲ ਢਾਂਚੇ ਨੂੰ ਪੇਤਲਾ ਕਰਨ ਲਈ ਬਰਾਬਰ ਦੀ ਦੋਸ਼ੀ ਕਾਂਗਰਸ ਨੇ ਕਿਸਾਨੀ ਨੂੰ ਬਚਾਉਣ ਦੇ ਨਾਲ ਨਾਲ ਮੁਲਕ ਵਿਚ ਫੈਡਰਲ ਢਾਂਚੇ ਨੂੰ ਬਚਾਉਣ ਦਾ ਪੈਂਤੜਾ ਵੀ ਮੱਲ ਲਿਆ ਹੈ।*

ਨਰਿੰਦਰ ਮੋਦੀ ਦੀ ਸਰਕਾਰ ਦੇ ਨਵੇਂ ਬਣਾਏ ਖੇਤੀ ਕਾਨੂੰਨਾਂ ਦਾ ਹੋਰ ਕਿਸੇ ਸੂਬੇ ਦੀ ਸਿਆਸਤ ਉਤੇ ਐਨਾ ਪ੍ਰਭਾਵ ਨਹੀਂ ਪਿਆ ਹੋਣਾ ਜਿਨ੍ਹਾਂ ਇਨ੍ਹਾਂ ਨੇ ਪੰਜਾਬ ਦੀ ਸਿਆਸਤ ਨੂੰ ਪ੍ਰਭਾਵਤ ਕੀਤਾ ਹੈ। ਖੇਤੀ ਸੁਧਾਰਾਂ ਅਤੇ ਕਿਸਾਨਾਂ ਦੀ ਭਲਾਈ ਦੇ ਨਾਂ ਉਤੇ ਬਣਾਏ ਗਏ ਇਹ ਕਾਨੂੰਨ ਦਰਅਸਲ ਮੰਡੀ ਤਾਕਤਾਂ ਦੇ ਦਬਾਅ ਹੇਠ ਕਾਰਪੋਰੇਟਾਂ ਦੇ ਸੰਦ ਵਜੋਂ ਲਿਆਂਦੇ ਗਏ ਹਨ ਜਿਨ੍ਹਾਂ ਦੀਆਂ ਤੰਦਾਂ ਸੰਸਾਰ ਵਪਾਰ



ਜਗਤਾਰ ਸਿੰਘ
ਫੋਨ: +91-97797-11201

ਸੰਸਥਾ ਨਾਲ ਜਾ ਜੁੜਦੀਆਂ ਹਨ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵਲੋਂ ਇਨ੍ਹਾਂ ਕਾਨੂੰਨਾਂ ਵਿਰੁਧ ਵਿੱਢੇ ਸ਼ਾਂਤਮਈ ਪਰ ਤਿੱਖੇ ਸੰਘਰਸ਼ ਦੇ ਦਬਾਅ ਕਾਰਨ ਸ਼੍ਰੋਮਣੀ ਅਕਾਲੀ ਦਲ ਨੂੰ ਭਾਰਤੀ ਜਨਤਾ ਪਾਰਟੀ ਨਾਲੋਂ ਆਪਣਾ ਦੋ ਦਹਾਕੇ ਪੁਰਾਣਾ ਸਿਆਸੀ ਗਠਜੋੜ ਤੋੜਨ ਲਈ ਮਜਬੂਰ ਹੋਣਾ ਪਿਆ ਹੈ।

ਅਕਾਲੀ-ਭਾਜਪਾ ਗਠਜੋੜ ਟੁੱਟਣ ਪਿਛੋਂ ਸੂਬੇ ਦੀ ਸਿਆਸਤ ਵਿਚ ਭੁਚਾਲ ਅਇਆ ਹੋਇਆ ਹੈ। ਦੋਹਾਂ ਪਾਰਟੀਆਂ ਦਾ ਇਹ ਗਠਜੋੜ ਸਿੱਖ ਅਤੇ ਹਿੰਦੂ ਵੋਟਾਂ ਨੂੰ ਪ੍ਰਭਾਵਤ ਕਰਨ ਦਾ ਨਿਰੋਲ ਰਾਜਸੀ ਪ੍ਰਬੰਧ ਹੀ ਸੀ ਜਿਸ ਨੂੰ ਇਸ ਦੇ ਇੱਕ ਮੁੱਖ ਘਾੜੇ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਵਲੋਂ ਅਮਨ ਅਤੇ ਭਾਈਚਾਰਕ ਸਾਂਝ ਦਾ ਗਠਜੋੜ ਕਹਿ ਕੇ ਵਡਿਆਇਆ ਜਾਂਦਾ ਰਿਹਾ ਹੈ। ਇਸ ਸਿਆਸੀ ਗਠਜੋੜ ਬਾਰੇ ਸ਼ੁਰੂ ਤੋਂ ਹੀ ਗੰਭੀਰ ਇਤਰਾਜ਼ ਅਤੇ ਖਦਸ਼ੇ ਜਤਾਉਣ ਵਾਲੇ ਅਕਾਲੀ ਦਲ ਦੇ ਇੱਕ ਹੋਰ ਵੱਡੇ ਆਗੂ ਗੁਰਚਰਨ ਸਿੰਘ ਟੌਹੜਾ ਨੇ ਸਭ ਤੋਂ ਪਹਿਲਾਂ ਇਸ ਗਠਜੋੜ ਉਤੇ ਸਵਾਲ ਖੜ੍ਹੇ ਕਰਦਿਆਂ 7 ਸਤੰਬਰ 1998 ਨੂੰ ਹੀ ਕਹਿ ਦਿੱਤਾ ਸੀ, "ਸਿੱਖ ਅਤੇ ਪੰਜਾਬ ਦੇ ਮਾਮਲਿਆਂ ਬਾਰੇ ਭਾਜਪਾ ਕਾਂਗਰਸ ਤੋਂ ਕਿਸੇ ਤਰ੍ਹਾਂ ਵੀ ਵੱਖਰੀ ਨਹੀਂ ਹੈ।"

ਸਵਾਲ ਹੈ ਕਿ ਇਸ ਪਿਛੋਕੜ ਵਿਚ ਪੰਜਾਬ ਦੀ ਅਜੋਕੀ ਰਾਜਨੀਤੀ ਕੀ ਰੁਖ ਅਖਤਿਆਰ ਕਰਦੀ ਹੈ। ਮੋਦੀ ਸਰਕਾਰ ਵਲੋਂ ਲਿਆਂਦੇ ਨਵੇਂ ਖੇਤੀ ਕਾਨੂੰਨਾਂ ਦੇ ਦੋ ਮੁੱਖ ਪਹਿਲੂ ਹਨ। ਪਹਿਲਾ ਇਹ ਕਿ ਇਸ ਦਾ ਕਿਸਾਨੀ ਉਤੇ ਕੀ ਅਸਰ ਪੈਂਦਾ ਹੈ ਅਤੇ ਦੂਜਾ ਇਹ ਕੇਂਦਰ ਤੇ ਸੂਬਿਆਂ ਦੇ ਸਬੰਧਾਂ ਅਤੇ ਮੁਲਕ ਦੇ ਫੈਡਰਲ ਢਾਂਚੇ ਨੂੰ ਕਿਵੇਂ ਪ੍ਰਭਾਵਤ ਕਰਨਗੇ।

ਇਸ ਤੋਂ ਵੀ ਪਹਿਲਾਂ ਸੂਬੇ ਵਿਚ ਉਭਰੇ ਇਸ ਤਿੱਖੇ ਕਿਸਾਨ ਅੰਦੋਲਨ ਦੇ ਇੱਕ ਹੋਰ ਪੱਖ ਨੂੰ ਦੇਖਿਆ ਜਾਣਾ ਚਾਹੀਦਾ ਹੈ ਕਿ ਮੁਲਕ ਵਿਚ ਘੱਟ ਗਿਣਤੀ ਸਿੱਖ, ਅਕਸਰ ਹੀ ਅਸ਼ਾਂਤ ਅਤੇ ਗੜਬੜੀਆਂ ਵਿਚ ਰਹਿਣ ਵਾਲੇ ਇਸ ਸਰਹੱਦੀ ਸੂਬੇ ਅੰਦਰ ਬਹੁਗਿਣਤੀ ਵਿਚ ਹਨ। ਪੰਜਾਬ ਇੱਕ ਦਹਾਕੇ ਤੋਂ ਵੀ ਵੱਧ ਸਮੇਂ ਲਈ ਹਜ਼ਾਰਾਂ ਜਾਨਾਂ ਲੈਣ ਵਾਲੇ ਖਾੜਕੂਵਾਦ ਕਾਰਨ ਅਸ਼ਾਂਤ ਵੀ ਰਿਹਾ ਹੈ।

ਪੰਜਾਬ ਵਿਚ ਤਕਰੀਬਨ ਚਾਰ ਦਹਾਕਿਆਂ ਤੋਂ ਬਾਅਦ 2015 ਵਿਚ ਜ਼ਬਰਦਸਤ ਸ਼ਾਂਤਮਈ ਲੋਕ ਸੰਘਰਸ਼ ਉਭਰਿਆ ਸੀ ਜਦੋਂ ਲੋਕ ਬਰਗਾੜੀ ਵਿਚ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਸ ਤੋਂ ਬਾਅਦ ਪੁਲਿਸ ਵਲੋਂ ਕੋਟਕਪੂਰਾ ਤੇ ਬਹਿਬਲ ਕਲਾਂ ਵਿਚ ਚਲਾਈ ਗੋਲੀ ਕਾਰਨ ਦੋ ਸਿੱਖ ਨੌਜਵਾਨਾਂ ਦੀ ਹੋਈ ਮੌਤ ਵਿਰੁੱਧ ਸੜਕਾਂ ਉਤੇ ਉਤਰ ਆਏ ਸਨ। ਉਸ ਵੇਲੇ ਸੂਬੇ ਵਿਚ ਅਕਾਲੀ-ਭਾਜਪਾ ਸਰਕਾਰ ਸੀ ਜਿਸ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਸ ਦਾ ਪੁੱਤਰ ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਸੀ। ਸ਼ਾਇਦ ਇਸੇ ਅੰਦੋਲਨ ਦਾ ਹੀ ਸਿੱਟਾ ਸੀ ਕਿ ਸ਼੍ਰੋਮਣੀ ਅਕਾਲੀ ਦਲ 2017 ਦੀ ਵਿਧਾਨ ਸਭਾ ਚੋਣ ਵਿਚ ਤੀਜੇ ਸਥਾਨ ਉਤੇ ਲੁੜਕ ਗਿਆ ਸੀ। ਨਿਰੋਲ ਆਰਥਿਕ ਮਾਮਲਿਆਂ ਉਤੇ ਸ਼ੁਰੂ ਹੋਏ ਇਸ ਲੋਕ ਸੰਘਰਸ਼ ਨੂੰ ਪੰਜਾਬੀਆਂ ਦੇ ਇਜ਼ਤ-ਮਾਣ ਦੀ ਰਾਖੀ ਦਾ ਅੰਦੋਲਨ ਵੀ ਕਿਹਾ ਜਾ ਰਿਹਾ ਹੈ। ਇਨ੍ਹਾਂ ਕਾਨੂੰਨਾਂ ਦੇ ਲਾਗੂ ਹੋਣ ਨਾਲ ਛੋਟੇ ਕਿਸਾਨ ਕੁਝ ਸਮੇਂ ਬਾਅਦ ਖੇਤੀ ਛੱਡਣ ਲਈ ਮਜਬੂਰ ਹੋ ਕੇ ਮਜ਼ਦੂਰ ਬਣ ਕੇ ਰਹਿ ਜਾਣਗੇ। ਇਸੇ ਕਰ ਕੇ ਹੀ ਇਸ ਅੰਦੋਲਨ ਨੂੰ ਪੰਜਾਬੀਆਂ ਦੇ ਮਾਣ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਅਜੋਕੇ ਸਮਿਆਂ ਵਿਚ ਇਹ ਸੰਘਰਸ਼ ਪਹਿਲਾ ਅਜਿਹਾ ਲੋਕ ਅੰਦੋਲਨ ਹੈ ਜਿਸ ਵਿਚ ਵੱਡੀ ਗਿਣਤੀ ਵਿਚ ਨੌਜਵਾਨ ਅਤੇ ਔਰਤਾਂ ਵੀ ਸ਼ਾਮਲ ਹੋ ਰਹੀਆਂ ਹਨ। ਇਸ ਤੋਂ ਬਿਨਾ ਗਾਇਕ, ਕਲਾਕਾਰ, ਮਜ਼ਦੂਰ ਅਤੇ ਆੜ੍ਹਤੀਏ ਵੀ ਇਸ ਅੰਦੋਲਨ ਵਿਚ ਸ਼ਾਮਲ ਹੋ ਰਹੇ ਹਨ। ਇਸ ਲਈ ਹੁਣ ਇਹ ਅੰਦੋਲਨ ਸਿਰਫ ਕਿਸਾਨਾਂ ਦਾ ਅੰਦੋਲਨ ਨਹੀਂ ਰਿਹਾ ਬਲਕਿ ਜਨ ਅੰਦੋਲਨ ਬਣ ਗਿਆ ਜਾਪਦਾ ਹੈ। ਪੰਜਾਬੀ ਸਮਾਜ ਦੇ ਵੱਖ ਵੱਖ ਵਰਗਾਂ ਨੇ ਇਹ ਮਹਿਸੂਸ ਕਰ ਲਿਆ ਲਗਦਾ ਹੈ ਕਿ ਖੇਤੀ ਆਰਥਿਕਤਾ ਦੀ ਮੰਦੀ ਨੇ ਬਾਕੀ ਅਰਥਚਾਰਿਆਂ ਨੂੰ ਵੀ ਪ੍ਰਭਾਵਤ ਕਰਨਾ ਹੈ। ਖਦਸ਼ਾ ਇਹ ਹੈ ਕਿ ਨਵੇਂ ਖੇਤੀ ਕਾਨੂੰਨਾਂ ਦੇ ਲਾਗੂ ਹੋਣ ਤੋਂ ਕੁਝ ਸਮੇਂ ਬਾਅਦ ਹੀ ਮੱਕੀ ਤੇ ਹੋਰ ਫਸਲਾਂ ਦੀ ਤਰ੍ਹਾਂ ਕਣਕ-ਝੋਨੇ ਲਈ ਵੀ ਘੱਟੋ-ਘੱਟ ਸਮਰਥਨ ਮੁੱਲ ਬੇਮਾਇਨਾ ਹੋ ਕੇ ਰਹਿ ਜਾਵੇਗਾ। ਇਸ ਨਾਲ ਕਿਸਾਨਾਂ ਦੀ ਆਮਦਨ ਹੋਰ ਵੀ ਘੱਟ ਜਾਵੇਗੀ। ਇਸ ਨੇ 2022 ਵਿਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਵੀ ਪ੍ਰਭਾਵਤ ਕਰਨਾ ਹੈ ਤਾਂ ਹੀ ਸਾਰੀਆਂ ਸਿਆਸੀ ਪਾਰਟੀਆਂ ਇਸ ਮੁੱਦੇ ਨੂੰ ਲੈ ਕੇ ਸਰਗਰਮ ਹਨ।

ਖੇਤੀ ਕਾਨੂੰਨਾਂ ਦੇ ਮਾਮਲੇ ਉਤੇ ਪੰਜਾਬ ਕਿਸਾਨੀ ਸੰਘਰਸ਼ ਦੀ ਅਗਵਾਈ ਕਰ ਰਿਹਾ ਹੈ ਅਤੇ ਕਾਂਗਰਸ ਇਸ ਰਾਹੀਂ ਕੌਮੀ ਪੱਧਰ ਉਤੇ ਆਪਣੇ ਆਪ ਨੂੰ ਮੁੜ ਉਭਾਰਨ ਦਾ ਯਤਨ ਕਰ ਰਹੀ ਹੈ। ਇਸ ਪ੍ਰਸੰਗ ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਭੂਮਿਕਾ ਨਿਭਾਉਣੀ ਪੈਣੀ ਹੈ। ਬਹੁਤਾ ਸਰਗਰਮ ਨਾ ਹੋਣ ਦੇ ਸੁਭਾਅ ਦੇ ਬਾਵਜੂਦ ਕੈਪਟਨ ਅਮਰਿੰਦਰ ਸਿੰਘ ਔਖੇ ਸਮਿਆਂ ਵਿਚ ਫੈਸਲਾਕੁਨ ਲੜਾਈ ਲੜਨ ਲਈ ਵੀ ਜਾਣੇ ਜਾਂਦੇ ਹਨ। ਉਨ੍ਹਾਂ ਮੋਦੀ ਸਰਕਾਰ ਉਤੇ ਨਿਸ਼ਾਨਾ ਸੇਧਦਿਆਂ ਮੁਲਕ ਦੀ ਸੁਰੱਖਿਆ ਦਾ ਸਵਾਲ ਇਹ ਕਹਿ ਕੇ ਖੜ੍ਹਾ ਕੀਤਾ ਕਿ ਪਾਕਿਸਤਾਨ ਇਸ ਹਾਲਤ ਦਾ ਫਾਇਦਾ ਉਠਾ ਕੇ ਇਸ ਸਰਹੱਦੀ ਸੂਬੇ ਵਿਚ ਮੁੜ ਖਾੜਕੂਵਾਦ ਉਭਾਰਨ ਦੀਆਂ ਕੋਸ਼ਿਸ਼ਾਂ ਕਰ ਸਕਦਾ ਹੈ ਪਰ ਉਸ ਦਾ ਮੁੱਖ ਜ਼ੋਰ ਕਾਨੂੰਨੀ ਅਤੇ ਰਾਜਸੀ ਪੱਖਾਂ ਉਤੇ ਹੀ ਹੈ। ਸੂਬੇ ਵਿਚ ਉਭਰੀ ਇਸ ਨਵੀਂ ਹਾਲਤ ਵਿਚ ਕੈਪਟਨ ਅਮਰਿੰਦਰ ਸਿੰਘ ਉਸ ਦੀ ਸਰਕਾਰ ਖਿਲਾਫ ਉਠ ਰਹੇ ਵਿਰੋਧ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ ਵੀ ਕਰੇਗਾ।

ਸ਼੍ਰੋਮਣੀ ਅਕਾਲੀ ਦਲ ਨੂੰ ਭਾਜਪਾ ਨਾਲੋਂ ਤੋੜ ਵਿਛੋੜਾ ਕਰਨ ਤੋਂ ਬਾਅਦ ਨਵੀਂ ਰਾਜਸੀ ਹਾਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਕਾਲੀ ਦਲ ਹੁਣ ਮੁੜ ਆਪਣੇ ਰਵਾਇਤੀ ਪੰਥਕ ਸਰੂਪ ਅਤੇ ਸਿਆਸਤ ਵਲ ਮੋੜਾ ਕਟਣਾ ਚਾਹੁੰਦਾ ਹੈ ਪਰ ਪਿਛਲੇ ਤਿੰਨ ਦਹਾਕਿਆਂ ਦੌਰਾਨ ਪਾਰਟੀ ਦੇ ਪੈਂਤੜਿਆਂ ਕਾਰਨ ਇਹ ਕੋਈ ਸੌਖਾ ਕੰਮ ਨਹੀਂ ਹੈ।

ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ ਦਲ ਨੇ 1996 ਵਿਚ ਆਪਣੇ 75ਵੇਂ ਸਥਾਪਨਾ ਦਿਵਸ ਮੌਕੇ ਮੋਗਾ ਕਾਨਫਰੰਸ ਦੌਰਾਨ ਪੰਥਕ ਤੋਂ ਪੰਜਾਬੀਅਤ ਵਲ ਮੋੜਾ ਕੱਟਿਆ ਸੀ। ਇਸ ਏਜੰਡੇ ਤਹਿਤ ਆਪਣੇ ਆਪ ਨੂੰ ਪੰਥਕ ਏਜੰਡੇ ਤੋਂ ਦੂਰ ਕਰ ਕੇ ਹਿੰਦੂ ਭਾਈਚਾਰੇ ਦੇ ਵੋਟ ਹਾਸਲ ਕਰਨ ਲਈ ਨਵਾਂ ਰਾਜਸੀ ਤਜਰਬਾ ਸੀ। ਇਸ ਤਜਰਬੇ ਨੇ ਪੰਜਾਬ ਵਿਚ ਅਕਾਲੀ ਸਰਕਾਰਾਂ ਤਾਂ ਬਣ ਗਈਆਂ ਪਰ ਇਸ ਅਮਲ ਵਿਚ ਪੰਥਕ ਸੰਸਥਾਵਾਂ ਕਾਫੀ ਨੁਕਸਾਨੀਆਂ ਗਈਆਂ ਹਨ। ਬਰਗਾੜੀ ਮੋਰਚੇ ਦੇ ਸਾਰੇ ਕਥਾ ਪ੍ਰਵਾਹ ਵਿਚ ਅਕਾਲੀ ਦਲ ਦੇ ਹੋਏ ਵਿਰੋਧ ਦਾ ਕਾਰਨ ਉਸ ਦਾ ਪੰਥਕ ਸੰਸਥਾਵਾਂ ਨੂੰ ਨੁਕਸਾਨ ਕਰਨ ਵਾਲਾ ਇਹੀ ਵੋਟ ਪੈਂਤੜਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਕੇਸ ਵਿਚ ਜਿਨ੍ਹਾਂ ਵਿਅਕਤੀਆਂ ਦੇ ਨਾਂ ਪੁਲਿਸ ਜਾਂਚ ਵਿਚ ਸਾਹਮਣੇ ਆਏ, ਉਹ ਡੇਰਾ ਸੱਚਾ ਸੌਦਾ ਦੇ ਸ਼ਰਧਾਲੂ ਹਨ। ਇਹ ਦੋਸ਼ ਲੱਗ ਰਹੇ ਹਨ ਕਿ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਹੁੰਦਿਆਂ ਤਖਤਾਂ ਦੇ ਜਥੇਦਾਰਾਂ ਨੂੰ ਆਪਣੀ ਸਰਕਾਰੀ ਰਿਹਾਇਸ਼ ਵਿਖੇ ਬੁਲਾ ਕੇ ਕਿਹਾ ਸੀ ਕਿ ਇਸ ਡੇਰੇ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫੀ ਦੇ ਦਿੱਤੀ ਜਾਵੇ। ਇਥੇ ਹੀ ਬਸ ਨਹੀਂ, ਅਕਾਲੀ ਦਲ ਵਲੋਂ 2018 ਵਿਚ ਬੇਅਦਬੀ ਦੇ ਦੋਸ਼ੀਆਂ ਨੂੰ ਸਾਜ਼ਾਵਾਂ ਦੇਣ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੇ ਆਗੂਆਂ ਉਤੇ ਹੱਲਾ ਬੋਲਦਿਆਂ ਇਹ ਵੀ ਕਿਹਾ ਗਿਆ ਸੀ ਕਿ ਇਹ ਵਿਅਕਤੀ ਸ਼ਾਂਤੀ ਅਤੇ ਭਾਈਚਾਰਕ ਸਾਂਝ ਲਈ ਖਤਰਾ ਹਨ। ਅਕਾਲੀ ਦਲ ਦਾ ਇਹ ਨਵਾਂ ਵੋਟ ਪੈਂਤੜਾ ਸਰਕਾਰੀ ਰਾਜ ਪ੍ਰਬੰਧ ਵਿਚ ਵੀ ਅਸਰਅੰਦਾਜ਼ ਹੋਇਆ। ਅਕਾਲੀ ਸਰਕਾਰ ਨੇ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਕਿਸੇ ਸਿੱਖ ਅਫਸਰ ਨੂੰ ਲਾਉਣ ਦੀ ਚਲੀ ਆ ਰਹੀ ਦਹਾਕਿਆਂ ਪੁਰਾਣੀ ਰਿਵਾਇਤ ਵੀ ਖਤਮ ਕਰ ਦਿੱਤੀ ਸੀ। ਸੂਬੇ ਵਿਚ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਮੁੱਖ ਅਹੁਦਿਆਂ ਉਤੇ ਨਿਯੁਕਤ ਕੀਤਾ ਗਿਆ।

ਮੁਲਕ ਵਿਚ ਹਕੀਕੀ ਫੈਡਰਲ ਢਾਂਚਾ ਲਾਗੂ ਕਰਨ ਦੀ ਲੜਾਈ ਲੜਨ ਵਾਲੇ ਅਕਾਲੀ ਦਲ ਦੀ ਅਜੋਕੀ ਲੀਡਰਸ਼ਿਪ ਨੇ ਜੰਮੂ ਕਸ਼ਮੀਰ ਵਿਚੋਂ ਧਾਰਾ 370 ਖਤਮ ਕਰਨ ਅਤੇ ਇਸ ਦਾ ਸੂਬਾਈ ਰੁਤਬਾ ਖਤਮ ਕਰ ਕੇ ਤਿੰਨ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿਚ ਵੰਡ ਦੇਣ ਦੇ ਫੈਡਰਲ ਵਿਰੋਧੀ ਫੈਸਲੇ ਦੇ ਹੱਕ ਵਿਚ ਨਾ ਸਿਰਫ ਵੋਟ ਹੀ ਪਾਈ ਬਲਕਿ ਇਸ ਨੂੰ ਹਰ ਮੰਚ ਉਤੇ ਜਾਇਜ਼ ਠਹਿਰਾਇਆ। ਇਸੇ ਤਰ੍ਹਾਂ ਅਕਾਲੀ ਦਲ ਮੁਲਕ ਦੀਆਂ ਘੱਟ ਗਿਣਤੀਆਂ ਦੇ ਖਦਸ਼ਿਆਂ ਅਤੇ ਭਾਵਨਾਵਾਂ ਨੂੰ ਦਰਕਿਨਾਰ ਕਰ ਕੇ ਨਾਗਿਰਕਤਾ ਸੋਧ ਬਿਲ ਦੇ ਹੱਕ ਵਿਚ ਭੁਗਤਿਆ। ਇਨ੍ਹਾਂ ਫੈਸਲਿਆਂ ਅਤੇ ਸਿਆਸੀ ਪੈਂਤੜਿਆਂ ਕਾਰਨ ਅਕਾਲੀ ਦਲ ਉਤੇ ਇਹ ਦੋਸ਼ ਲੱਗ ਰਹੇ ਸਨ ਕਿ ਉਹ ਆਪਣੀ ਸਾਰੀ ਵਿਚਾਰਧਾਰਾ ਅਤੇ ਇਤਿਹਾਸ ਨੂੰ ਭੁੱਲ ਕੇ ਨਿਰੋਲ ਸੱਤਾ ਵਿਚ ਮਿਲੀ ਹਿੱਸੇਦਾਰੀ ਬਚਾਉਣ ਲਈ ਭਾਰਤੀ ਜਨਤਾ ਪਾਰਟੀ ਦਾ ਪਿਛਲੱਗ ਬਣ ਕੇ ਰਹਿ ਗਿਆ ਹੈ।

ਅਕਾਲੀ ਦਲ ਦੇ ਮੁੜ ਪੰਥਕ ਸਰੂਪ ਅਤੇ ਸਿਆਸਤ ਵਲ ਮੋੜਾ ਕੱਟਣ ਦੇ ਪੈਂਤੜੇ ਨੂੰ ਇਸ ਪਿਛੋਕੜ ਵਿਚ ਦੇਖਿਆ ਜਾਣਾ ਚਾਹੀਦਾ ਹੈ। ਖੇਤੀ ਬਿਲਾਂ ਦੀ ਨੰਗੀ ਚਿੱਟੀ ਹਿਮਾਇਤ ਕਰ ਕੇ ਅਕਾਲੀ ਆਗੂ ਕਿਸਾਨੀ ਮਾਮਲਿਆਂ ਉਤੇ ਅਲੱਗ-ਥਲੱਗ ਪੈ ਗਏ ਸਨ। ਬਾਦਲਾਂ ਨੇ ਨਾ ਸਿਰਫ ਖੇਤੀ ਬਿਲਾਂ ਦੀ ਹਿਮਾਇਤ ਕੀਤੀ ਸਗੋਂ ਉਨ੍ਹਾਂ ਨੇ ਇਹ ਪੈਂਤੜਾ ਲਿਆ ਸੀ ਕਿ ਕੈਪਟਨ ਅਮਰਿੰਦਰ ਸਿੰਘ ਕਿਸਾਨਾਂ ਨੂੰ ਗੁਮਰਾਹ ਕਰ ਰਹੇ ਹਨ। ਕਿਸਾਨ ਅੰਦੋਲਨ ਦੇ ਦਬਾਅ ਹੇਠ ਅਤੇ ਪਿੰਡਾਂ ਵਿਚ ਅਕਾਲੀ ਦਲ ਦੇ ਆਗੂਆਂ ਨੂੰ ਨਾ ਵੜਨ ਦੇਣ ਦੇ ਡਰ ਕਾਰਨ ਅਕਾਲੀ ਦਲ ਨੂੰ ਆਪਣਾ ਪੈਂਤੜਾ ਬਦਲ ਕੇ ਖੇਤੀ ਬਿਲਾਂ ਦੇ ਵਿਰੋਧ ਦਾ ਫੈਸਲਾ ਕਰਨਾ ਪਿਆ।

ਆਉਣ ਵਾਲੇ ਸਮੇਂ ਵਿਚ ਪੰਜਾਬ ਦੀ ਸਿਆਸਤ ਅੰਦਰ ਨਵੇਂ ਸਿਆਸੀ ਸਮੀਕਰਨ ਅਤੇ ਤਬਦੀਲੀਆਂ ਦੇਖਣ ਨੂੰ ਮਿਲਣਗੀਆਂ। ਕਿਸਾਨ ਅੰਦੋਲਨ ਸੂਬੇ ਦੀ ਸਿਆਸਤ ਦੀ ਦਿਸ਼ਾ ਤੈਅ ਕਰੇਗਾ ਕਿਉਂਕਿ ਕਿਸਾਨ ਅੰਦੋਲਨ ਹੁਣ ਨਿਰੋਲ ਆਰਥਿਕ ਮਾਮਲਾ ਨਹੀਂ ਰਿਹਾ ਸਗੋਂ ਇਸ ਨਾਲ ਪੰਜਾਬੀਆਂ ਦਾ ਮਾਣ ਅਤੇ ਗੌਰਵ ਵੀ ਜੁੜ ਗਿਆ ਹੈ। ਹਾਲਾਤ ਦੀ ਤ੍ਰਾਸਦੀ ਇਹ ਵੀ ਹੈ ਕਿ ਮੁਲਕ ਦੇ ਫੈਡਰਲ ਢਾਂਚੇ ਨੂੰ ਪੇਤਲਾ ਕਰਨ ਲਈ ਬਰਾਬਰ ਦੀ ਦੋਸ਼ੀ ਪਾਰਟੀ ਕਾਂਗਰਸ ਨੇ ਕਿਸਾਨੀ ਨੂੰ ਬਚਾਉਣ ਦੇ ਨਾਲ ਨਾਲ ਮੁਲਕ ਵਿਚ ਫੈਡਰਲ ਢਾਂਚੇ ਨੂੰ ਬਚਾਉਣ ਦਾ ਪੈਂਤੜਾ ਵੀ ਮੱਲ ਲਿਆ ਹੈ।

# ਗੁਰਬਤ ਦੀ ਮਾਰ ਅਤੇ ਮਾਈਕਰੋ-ਫਾਇਨਾਂਸ ਕੰਪਨੀਆਂ

ਪਰਮਜੀਤ ਕੌਰ ਲੌਂਗੋਵਾਲ
ਫੋਨ: +91-98722-70160

ਜਦੋਂ ਭਾਰਤ ਵਿਚ ਕਰੋਨਾ ਦਾ ਰੌਲਾ ਪਿਆ ਤਾਂ ਥੋੜ੍ਹੇ ਸਮੇਂ ਬਾਅਦ ਫਾਇਨਾਂਸ ਕੰਪਨੀਆਂ ਦੀਆਂ ਕਿਸ਼ਤਾਂ ਦਾ ਵਿਰੋਧ ਸ਼ੁਰੂ ਹੋ ਗਿਆ। ਪਹਿਲਾ ਵਿਰੋਧ ਮੋਗਾ ਜ਼ਿਲ੍ਹੇ ਵਿਚ ਹੋਇਆ; ਫਿਰ ਮਾਨਸਾ, ਸ਼ੇਰਪੁਰ ਤੇ ਹੋਰ ਥਾਈਂ ਵਿਰੋਧ ਸ਼ੁਰੂ ਹੋ ਗਏ। ਇਹ ਵਿਰੋਧ ਵੱਡੇ ਇਕੱਠਾਂ ਦਾ ਰੂਪ ਧਾਰ ਗਏ। ਲੋਕਾਂ ਨੇ ਤੰਗ ਕਰਨ ਵਾਲੇ ਏਜੰਟਾਂ ਨੂੰ ਬੰਨ੍ਹਣਾ ਸ਼ੁਰੂ ਕਰ ਦਿੱਤਾ। ਏਜੰਟਾਂ ਨੇ ਕਿਸ਼ਤ ਨਾ ਭਰਨ ਵਾਲਿਆਂ ਦਾ ਸਮਾਨ ਚੁੱਕਣਾ ਸ਼ੁਰੂ ਕਰ ਦਿੱਤਾ ਸੀ। ਰਿਜ਼ਰਵ ਬੈਂਕ ਨੇ ਜਿਹੜੇ 6 ਮਹੀਨੇ ਦਿੱਤੇ, ਉਸ ਤੋਂ ਬਾਅਦ ਹਾਲਾਤ ਹੋਰ ਗੁੰਝਲਦਾਰ ਬਣ ਗਏ ਅਤੇ ਮੁੱਦਾ ਸੁਪਰੀਮ ਕੋਰਟ ਚਲਿਆ ਗਿਆ। ਸਰਕਾਰ ਨੇ ਵੀ ਇਸ ਬਾਰੇ ਸਥਿਤੀ ਸਪਸ਼ਟ ਨਹੀਂ ਕੀਤੀ। ਬੈਂਕਾਂ ਦੇ ਵਕੀਲ ਲੋਕਾਂ ਨੂੰ ਰਾਹਤ ਦੇਣ ਦਾ ਵਿਰੋਧ ਕਰ ਰਹੇ ਹਨ। ਕੁਝ ਲੋਕ ਕਰਜ਼ ਮੁਆਫੀ ਦੀ ਗੱਲ ਕਰ ਰਹੇ ਹਨ। ਕੁਝ ਸਿਰਫ ਕਰੋਨਾ ਸਮੇਂ ਦੀਆਂ ਕਿਸ਼ਤਾਂ ਦੀ ਮੁਆਫੀ ਬਾਰੇ ਕਹਿ ਰਹੇ ਹਨ। ਕੁਝ ਵਿਆਜ ਮੁਆਫੀ ਤੇ ਕੁਝ ਮਿਸ਼ਰਿਤ ਵਿਆਜ਼ ਮੁਆਫੀ ਬਾਰੇ ਗੱਲ ਕਰ ਰਹੇ ਹਨ। ਇਹ ਫਾਇਨਾਂਸ ਕੰਪਨੀਆਂ ਖੁੰਭਾਂ ਵਾਂਗ ਕਿੱਥੋਂ ਉਗ ਆਈਆਂ? ਬਿਨਾ ਪ੍ਰਾਪਰਟੀ ਦੀ ਗਾਰੰਟੀ ਇਹ ਕਰਜ਼ਾ ਕਿਵੇਂ ਦਿੰਦੀਆਂ ਹਨ? ਕੀ ਇਹ ਸੱਚਮੁੱਚ ਸੈਲਫ ਹੈਲਪ ਗਰੁੱਪ ਹਨ? ਕੀ ਇਹ ਸਰਕਾਰੀ ਕੰਟਰੋਲ ਹੇਠ ਹਨ? ਇਨ੍ਹਾਂ ਕੋਲ ਐਨਾ ਪੈਸਾ ਕਿੱਥੋਂ ਆਇਆ?

ਫਾਇਨਾਂਸ ਕੰਪਨੀਆਂ ਦੁਆਰਾ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਅਸਲ ਵਿਚ ਵਿੱਤੀ ਸਰਮਾਏ ਦਾ ਹੱਲਾ ਹੈ। ਵਿੱਤੀ ਸਰਮਾਏ ਤੋਂ ਭਾਵ ਮੁਦਰਾ ਸਰਮਾਏ ਨੂੰ ਸਨਅਤੀ ਜਾਂ ਉਤਪਾਦਕ ਸਰਮਾਏ ਤੋਂ ਵੱਖ ਕਰ ਦਿੱਤਾ ਜਾਂਦਾ ਅਤੇ ਲਾਭੰਸ਼ਾਂ ਸਹਾਰੇ ਜਿਊਣ ਵਾਲੀ ਵਿੱਤੀ ਜੁੰਡਲੀ ਪੈਦਾ ਹੋ ਗਈ ਹੈ। ਸਾਮਰਾਜ ਦੀ ਆਮਦ ਨਾਲ ਇਹ ਵਿੱਤੀ ਪੂੰਜੀ ਦੁਨੀਆ ਭਰ ਵਿਚ ਪਹੁੰਚ ਗਈ। ਕੌਮਾਂਤਰੀ ਮੁਦਰਾ ਕੋਸ਼ (ਆਈ.ਐਮ.ਐਫ.) ਅਤੇ ਸੰਸਾਰ ਬੈਂਕ ਵਰਗੀਆਂ ਸੰਸਥਾਵਾਂ ਹੋਂਦ ਵਿਚ ਆਉਣ ਤੋਂ ਬਾਅਦ ਲੁੱਟ ਦਾ ਢਾਂਚਾ ਹੋਰ ਸੰਘਣਾ ਹੋ ਗਿਆ ਅਤੇ ਇਸ ਦੇ ਰਾਹ ਨੂੰ ਹੋਰ ਮੋਕਲਾ ਕਰ ਦਿੱਤਾ।

1971 ਦੀ ਭਾਰਤ-ਪਾਕਿਸਤਾਨ ਜੰਗ ਤੋਂ ਬਾਅਦ ਬੰਗਲਾਦੇਸ਼ ਹੋਂਦ ਵਿਚ ਆਇਆ। ਸੰਸਾਰ ਬੈਂਕ ਅਤੇ ਆਈ.ਐਮ.ਐਫ. ਨਵੇਂ ਜਨਮੇ ਦੇਸ਼ ਨੂੰ ਗਿਰਝਾਂ ਵਾਂਗ ਪੈ ਗਏ। ਬੰਗਲਾਦੇਸ਼ ਨੂੰ ਵਿਕਾਸ ਦੇ ਨਾਮ ਤੇ, ਪੇਂਡੂ ਖੇਤਰ ਨੂੰ ਉਚਾ ਚੁੱਕਣ, ਗਰੀਬੀ ਹਟਾਉਣ, ਪ੍ਰਾਜੈਕਟਾਂ ਦੇ ਨਾਮ ਤੇ ਉਚੀ ਵਿਆਜ ਦਰ ਵਾਲਾ ਕਰਜ਼ਾ ਦਿੱਤਾ। ਇਸ ਕਰਜ਼ੇ ਨੂੰ ਦੇਣ ਦੇ ਦਬਾਓ ਨਾਲ ਨਵੀਆਂ ਉਦਾਰਵਾਦੀ ਨੀਤੀਆਂ ਲਾਗੂ ਕੀਤੀਆਂ। ਦੇਸ਼ ਅੰਦਰ ਫੈਲੀ ਬੇਚੈਨੀ ਦਾ ਰਸਤਾ ਮੋੜਨ ਲਈ ਖੁੰਭਾਂ ਵਾਂਗ ਐਨ.ਜੀ.ਓਜ ਪੈਦਾ ਹੋ ਗਈਆਂ। ਜਿਹੜੇ ਲੋਕਾਂ ਦੀ ਪਹੁੰਚ ਤੋਂ ਬੈਂਕਾਂ ਬਾਹਰ ਸਨ, ਉਨ੍ਹਾਂ ਲੋਕਾਂ ਲਈ ਐਨ.ਜੀ.ਓਜ ਨੇ ਗ੍ਰਾਮੀਣ ਬੈਂਕਾਂ ਸ਼ੁਰੂ ਕੀਤੀਆਂ। ਬੈਂਕਾਂ ਤੋਂ ਪੈਸਾ ਲੈ ਕੇ ਆਪ ਨਵੀਆਂ ਬੈਂਕਾਂ ਬਣਾਈਆਂ। ਇਸੇ ਤਰ੍ਹਾਂ ਦੀ ਗ੍ਰਾਮੀਣ ਬੈਂਕ ਐਨ.ਜੀ.ਓ ਚਲਾਉਂਦੇ ਮੁਹੰਮਦ ਯੂਨਿਸ ਨੇ 1976 ਵਿਚ ਬਣਾਈ। ਇਹ ਅਸਲ ਵਿਚ ਮਾਈਕਰੋ-ਫਾਇਨਾਂਸ ਦਾ ਕੰਮ ਕਰਦੀ ਸੀ। ਉਸ ਦਾ ਕੰਮ ਕਾਫੀ ਫੈਲਿਆ। ਸਾਮਰਾਜੀਆਂ ਨੇ ਉਸ ਨੂੰ ਮਾਡਲ ਦੇ ਤੌਰ ਤੇ ਪ੍ਰਚਾਰਨ ਲਈ ਨੋਬੇਲ ਪੁਰਸਕਾਰ ਵੀ ਦਿੱਤਾ। ਬਾਅਦ ਵਿਚ ਉਹ ਉਚੀ ਵਿਆਜ ਦਰ ਤੇ ਧੱਕੇ ਨਾਲ ਵਸੂਲੀ ਦੇ ਦੋਸ਼ਾਂ ਵਿਚ ਵੀ ਘਿਰ ਗਈ।

ਇਸ ਦੇ ਨਾਲ ਹੀ ਸੰਸਾਰ ਬੈਂਕ ਮਾਈਕਰੋ-ਫਾਇਨਾਂਸ ਦੇ ਕੰਮ ਵਿਚ ਸਿੱਧੇ ਤੌਰ ਤੇ ਆ ਗਈ। ਉਸ ਨੇ ਇਹ ਕੰਮ 'ਇੰਟਰਨੈਸ਼ਨਲ ਫਾਇਨਾਂਸ ਕਾਰਪੋਰੇਸ਼ਨ' ਦੇ ਨਾਮ ਥੱਲੇ ਸ਼ੁਰੂ ਕੀਤਾ। ਇਹ ਮਾਡਲ ਦੁਨੀਆ ਭਰ ਵਿਚ ਲਾਗੂ ਹੋਣ ਲੱਗਿਆ, ਵਿੱਤੀ ਪੂੰਜੀ ਨੂੰ ਨਵਾਂ ਖੇਤਰ ਲੱਭ ਗਿਆ ਸੀ। ਜਿਹੜੇ ਲੋਕ ਹਾਸ਼ੀਏ ਤੋਂ ਬਾਹਰ ਸਨ, ਉਨ੍ਹਾਂ ਨੂੰ ਨਿਚੋੜਨ ਦਾ ਤਰੀਕਾ ਵੀ ਚੰਗਾ। 1989 ਵਿਚ ਆਈ ਆਰਥਿਕ ਮੰਦੀ ਤੋਂ ਬਾਅਦ 'ਸ਼ੈਡੋ ਬੈਂਕ' ਸਿਸਟਮ ਨੂੰ ਮਨਜ਼ੂਰੀ ਦਿੱਤੀ ਗਈ। 'ਗਰੀਬਾਂ ਦੀ ਸਹਾਇਤਾ ਲਈ ਸਲਾਹਕਾਰ ਗਰੁੱਪ' ਦੇ ਨਾਮ ਥੱਲੇ 1997 ਵਿਚ ਪਹਿਲਾ ਮਾਈਕਰੋ ਕਰੈਡਿਟ ਸਮਾਗਮ ਵਾਸ਼ਿੰਗਟਨ (ਅਮਰੀਕਾ) ਵਿਚ ਹੋਇਆ। ਸੰਸਾਰੀਕਰਨ ਤਹਿਤ ਇਸ ਨੂੰ ਦੁਨੀਆ ਦੇ ਕੋਨੇ ਕੋਨੇ ਵਿਚ ਲਿਜਾਇਆ ਗਿਆ। ਮਾਈਕਰੋ-ਫਾਇਨਾਂਸ ਦਾ ਇਹ ਕਾਰੋਬਾਰ 2010 ਵਿਚ 90 ਬਿਲੀਅਨ ਡਾਲਰ ਦਾ ਬਣ ਗਿਆ ਜਿਸ ਦਾ 200 ਮਿਲੀਅਨ ਡਾਲਰ ਉਧਾਰ ਸੀ। ਮਾਈਕਰੋ-ਫਾਇਨਾਂਸ ਭਾਵੇਂ ਸੰਸਾਰ ਪੱਧਰ ਤੇ ਲਾਗੂ ਹੋਈ ਪਰ ਇਸ ਦਾ ਮੁੱਖ ਨਿਸ਼ਾਨਾ ਤੀਸਰੀ ਦੁਨੀਆ ਦੇ ਉਹ ਲੋਕ ਸਨ ਜਿਹੜੇ ਵਿੱਤੀ ਪੂੰਜੀ ਦੀ ਮਾਰ ਤੋਂ ਬਾਹਰ ਸਨ।

ਮਾਈਕਰੋ-ਫਾਇਨਾਂਸ ਦਾ ਕੰਮ ਤਿੰਨ ਤਰੀਕਿਆਂ ਨਾਲ ਹੋ ਰਿਹਾ ਹੈ। ਪਹਿਲਾ, ਇਹ ਐਨ.ਜੀ.ਓਜ ਹੌਲੀ ਹੌਲੀ ਬਹੁਤ ਵੱਡੀਆਂ ਹੋ ਗਈਆਂ ਤੇ ਕੰਪਨੀਆਂ ਦਾ ਰੂਪ ਧਾਰਨ ਕਰ ਗਈਆਂ। ਇਨ੍ਹਾਂ ਵਿਚੋਂ ਬਹੁਤੀਆਂ ਨੂੰ ਵੱਡੀਆਂ ਕੰਪਨੀਆਂ ਨੇ ਖਰੀਦ ਲਿਆ ਜਾਂ ਇਨ੍ਹਾਂ ਵਿਚ ਹਿੱਸੇਦਾਰੀ ਪਾ ਲਈ। ਹੁਣ ਸਿੱਧੇ ਤੌਰ ਤੇ ਵੀ ਕੰਪਨੀਆਂ ਨੇ ਕੰਮ ਸ਼ੁਰੂ ਕਰ ਦਿੱਤਾ ਹੈ। ਦੂਸਰਾ ਤਰੀਕਾ, ਇਹ ਐਨ.ਜੀ.ਓ ਜਾਂ ਫਾਇਨਾਂਸ ਕੰਪਨੀਆਂ ਬੈਂਕਾਂ ਤੋਂ ਕਰਜ਼ਾ ਲੈਂਦੀਆਂ ਹਨ ਅਤੇ ਅੱਗੇ ਵੱਧ ਵਿਆਜ ਤੇ ਲੋਕਾਂ ਨੂੰ ਦਿੰਦੀਆਂ ਹਨ। ਹੁਣ ਕਈ ਬੈਂਕਾਂ ਨੇ ਵੀ ਆਪਣੇ ਤੌਰ ਤੇ ਇਹ ਕੰਮ ਸ਼ੁਰੂ ਕਰ ਦਿੱਤਾ ਹੈ, ਬੈਂਕਾਂ ਅੰਦਰ ਵੱਖਰੀਆਂ ਬਰਾਂਚਾਂ ਬਣਾ ਲਈਆਂ ਹਨ। ਤੀਸਰਾ ਤਰੀਕਾ, 'ਮੈਨੇਜਡ ਲੋਨ ਪੋਰਟਫੋਲੀਓ' ਦਾ ਹੈ; ਮਤਲਬ ਇਹ ਖਾਤਾ ਖੋਲ੍ਹਦੀਆਂ ਹਨ ਤੇ ਇਹ ਖਾਤੇ ਅੱਗੇ ਬੈਂਕਾਂ ਨੂੰ ਵੇਚ ਦਿੰਦੀਆਂ ਹਨ। ਪੈਸੇ ਦੀ ਜ਼ਿੰਮੇਵਾਰੀ ਤੋਂ ਵੀ ਮੁਕਤ ਹੋ ਜਾਂਦੀਆਂ ਹਨ ਤੇ ਲੋਕਾਂ ਨੂੰ ਰਿਕਵਰੀ ਤੇ ਵੱਧ ਵਿਆਜ ਵਸੂਲਦੀਆਂ ਹਨ। ਇਹ ਕੰਪਨੀਆਂ ਜਾਂ ਐਨ.ਜੀ.ਓ. ਕਰਜ਼ਾ ਸਿੱਧਾ ਵਿਅਕਤੀ ਜਾਂ ਗਰੁੱਪ ਨੂੰ ਦਿੰਦੀਆਂ ਹਨ। ਗਰੁੱਪ ਦਾ ਨਾਮ 'ਸੈਲਫ ਹੈਲਪ ਗਰੁੱਪ' ਰੱਖਿਆ ਹੋਇਆ ਹੈ। ਇਸ ਦੀ ਇੱਕ ਟੀਮ ਲੀਡਰ ਬਣਾਈ ਜਾਂਦੀ ਹੈ, ਉਹ ਸਾਰਾ ਰੁਪਈਆ ਇਕੱਠਾ ਕਰਦੀ ਹੈ। ਕਿਸ਼ਤ ਮੋੜਨ ਦੀ ਮੁੱਖ ਜ਼ਿੰਮੇਵਾਰੀ ਗਰੁੱਪ ਦੀ ਹੀ ਹੁੰਦੀ ਹੈ। ਜੇਕਰ



ਕੋਈ ਕਿਸ਼ਤ ਨਹੀਂ ਭਰਦਾ ਤਾਂ ਇਹ ਪੈਸਾ ਗਰੁੱਪ ਸਿਰ ਪੈ ਜਾਂਦਾ ਹੈ। ਇਸ ਕਰ ਕੇ ਔਰਤਾਂ ਆਪਣੀ ਨਾਲ ਦੀ ਔਰਤ ਤੋਂ ਆਪ ਹੀ ਕਿਸ਼ਤ ਵਸੂਲਦੀਆਂ ਹਨ। ਕੰਪਨੀ ਸਿਰਫ ਉਦੋਂ ਦਖਲਅੰਦਾਜ਼ੀ ਕਰਦੀ ਹੈ ਜਦੋਂ ਸਾਰਾ ਗਰੁੱਪ ਡਿਫਾਲਟਰ ਹੋ ਜਾਵੇ; ਜਾਂ ਕੋਈ ਵਿਅਕਤੀ ਗਰੁੱਪ ਦੇ ਉਪਰੋਂ ਦੀ ਹੋ ਜਾਵੇ। ਇਨ੍ਹਾਂ ਕੋਲ ਗੁੰਡੇ ਹੁੰਦੇ ਹਨ ਜੋ ਕੁੱਟਮਾਰ ਕਰਦੇ ਹਨ, ਸਮਾਨ ਵੀ ਚੁੱਕ ਕੇ ਲੈ ਜਾਂਦੇ ਹਨ। ਕਿਸ਼ਤ ਲੇਟ ਹੋਣ ਤੇ ਭਾਰੀ ਜੁਰਮਾਨਾ ਲੱਗਦਾ ਹੈ। ਵਿਆਜ ਦਰ 24 ਤੋਂ 60% ਤੱਕ ਹੈ। ਜਦੋਂ ਲੋਕਾਂ ਤੋਂ ਪੈਸੇ ਨਹੀਂ ਮੁੜਦੇ ਤਾਂ ਉਹ ਇੱਕ ਦੇ ਪੈਸੇ ਮੋੜਨ ਲਈ ਦੂਸਰੀ ਕੰਪਨੀ ਤੋਂ ਕਰਜ਼ਾ ਲੈਂਦੇ ਹਨ; ਦੂਸਰੀ ਦੇ ਮੋੜਨ ਲਈ ਤੀਸਰੀ ਤੋਂ। ਇਉਂ ਉਹ ਕੁੜਿੱਕੀ ਵਿਚ ਫਸ ਜਾਂਦੇ ਹਨ। ਕਰਜ਼ਾ ਨਾ ਮੋੜਨ ਕਾਰਨ ਦੱਖਣੀ ਭਾਰਤ ਵਿਚ ਬਹੁਤ ਖੁਦਕੁਸ਼ੀਆਂ ਹੋਈਆਂ ਜਿਨ੍ਹਾਂ ਵਿਚ ਮਾਈਕਰੋ-ਫਾਇਨਾਂਸ ਕੰਪਨੀਆਂ ਦਾ ਕਰਜ਼ਾ ਮੁੱਖ ਸੀ।

ਭਾਰਤ ਵਿਚ ਵੀ ਇਹ ਕਾਰੋਬਾਰ ਕਾਫੀ ਫੈਲਿਆ ਹੋਇਆ ਹੈ। ਪਹਿਲਾਂ ਇਹ ਦੱਖਣ ਤੇ ਪੱਛਮੀ ਬੰਗਾਲ ਵਿਚ ਸੀ, ਹੁਣ ਇਸ ਨੇ ਉਤਰੀ ਭਾਰਤ ਵਿਚ ਵੀ ਪੈਰ ਪਸਾਰ ਲਏ ਹਨ। 'ਬਿਜਨੈਸ ਮੈਪ ਇਨ ਇੰਡੀਆ' ਮੁਤਾਬਿਕ ਭਾਰਤ ਵਿਚ 3000 ਤੋਂ ਉਪਰ ਮਾਈਕਰੋ-ਫਾਇਨਾਂਸ ਕੰਪਨੀਆਂ ਹਨ। ਇਸ ਤੋਂ ਇਲਾਵਾ ਐਨ.ਜੀ.ਓ., ਬੈਂਕਾਂ ਅਤੇ ਐਨ.ਜੀ.ਓਜ ਤੇ ਐਫ.ਐਮ.ਆਈਜ਼ ਸਾਂਝੇ ਤੌਰ ਤੇ ਵੀ ਕੰਮ ਕਰਦੀਆਂ ਹਨ। ਭਾਰਤ ਵਿਚ 10 ਮੁੱਖ ਕੰਪਨੀਆਂ ਹਨ ਜਿਨ੍ਹਾਂ ਕੋਲ ਕੁੱਲ ਕਰਜ਼ ਦਾ 74% ਹੈ। 'ਇਕਨੌਮਿਕ ਟਾਈਮਜ਼' ਮੁਤਾਬਿਕ ਮਾਈਕਰੋ-ਫਾਇਨਾਂਸ ਵਿਚ ਪਿਛਲੇ 3 ਸਾਲਾਂ ਵਿਚ 2000 ਕਰੋੜ ਰੁਪਏ ਦਾ ਵਿਦੇਸ਼ੀ ਨਿਵੇਸ਼ ਹੋਇਆ ਹੈ।

ਪੰਜਾਬ ਅੰਦਰ ਇਹ ਸਮੱਸਿਆ ਕਰੋਨਾ ਮਹਾਮਾਰੀ ਦੌਰਾਨ ਉਭਰਨੀ ਸ਼ੁਰੂ ਹੋਈ। ਘਰਬੰਦੀ ਕਾਰਨ ਲੋਕਾਂ ਕੋਲ ਕੋਈ ਕੰਮ ਨਹੀਂ ਸੀ। ਬਹੁਤਿਆਂ ਨੂੰ ਰੋਟੀ ਦੇ ਲਾਲੇ ਪਏ ਹੋਏ ਸਨ। ਆਰ.ਬੀ.ਆਈ. ਨੇ ਕਿਸ਼ਤਾਂ ਦੀ ਵਸੂਲੀ ਰੱਦ ਕਰ ਦਿੱਤੀ ਪਰ ਨਾਲ ਹੀ ਇਹ ਵੀ ਕਹਿ ਦਿੱਤਾ ਕਿ ਜੇ ਕੋਈ ਭਰ ਸਕਦਾ ਤਾਂ ਭਰ ਦੇਵੇ। ਜਦੋਂ ਕਰੋਨਾ ਦਰਮਿਆਨ ਥੋੜ੍ਹੀ ਜਿਹੀ ਖੁੱਲ੍ਹ ਮਿਲੀ ਤਾਂ ਆਰ.ਬੀ.ਆਈ. ਰਾਹਤ ਦੀ ਪਰਵਾਹ ਨਾ ਕਰਦਿਆਂ ਕੰਪਨੀਆਂ ਨੇ ਧੱਕੇ ਨਾਲ ਕਿਸ਼ਤ ਵਸੂਲੀ ਸ਼ੁਰੂ ਕਰ ਦਿੱਤੀ। ਇਸ ਦਾ ਵਿਰੋਧ ਹੋਇਆ। ਪਹਿਲਾ ਵਿਰੋਧ ਮੋਗਾ, ਫਿਰ ਮਾਨਸਾ, ਸ਼ੇਰਪੁਰ ਆਦਿ ਥਾਵਾਂ ਤੇ ਹੋਣ ਲੱਗਿਆ। ਲੋਕਾਂ ਨੇ ਏਜੰਟ ਘਰਾਂ ਵਿਚ ਬੰਨ੍ਹ ਲਏ। ਇਹ ਕਿਸ਼ਤਾਂ ਮਹੀਨਾਵਾਰ ਵੀ ਹਨ ਤੇ ਹਫਤਾਵਾਰੀ ਵੀ। ਇੱਥੇ ਵੀ ਇਨ੍ਹਾਂ ਦਾ ਮੁੱਖ ਨਿਸ਼ਾਨਾ ਔਰਤਾਂ ਹਨ। ਪੰਜਾਬ ਵਿਚ ਇਹ ਜਾਲ ਵਧ ਰਿਹਾ ਹੈ।

ਪੰਜਾਬ 'ਚ ਇਹ ਕਰਜ਼ਾ 2016 ਵਿਚ 1116 ਕਰੋੜ ਸੀ, ਹੁਣ 137% ਵਧ ਚੁੱਕਿਆ ਹੈ। ਸਰਕਾਰ ਦੀਆਂ ਸਕੀਮਾਂ ਬੈਂਕਾਂ ਨਹੀਂ ਦਿੰਦੀਆਂ। ਸਹਿਕਾਰੀ ਬੈਂਕਾਂ ਵਿਚ ਦਲਿਤਾਂ ਤੇ ਬੇਜ਼ਮੀਨੇ ਲੋਕਾਂ ਨੂੰ ਮੈਂਬਰ ਤੱਕ ਨਹੀਂ ਬਣਾਇਆ ਜਾਂਦਾ। ਮਾਈਭਾਗੋ ਸਕੀਮ ਜਿਸ ਰਾਹੀਂ 25000 ਰੁਪਏ ਤੱਕ ਦਾ ਕਰਜ਼ਾ ਮਿਲਦਾ ਹੈ, ਤੇ ਇਨ੍ਹਾਂ ਨਾਲੋਂ ਵਿਆਜ ਘੱਟ ਹੈ, ਉਸ ਦੇ ਦਰਸ਼ਨ ਹੀ ਨਹੀਂ ਕਰਾਏ ਜਾਂਦੇ। ਜਿਹੜੀਆਂ ਸਰਕਾਰੀ ਸਕੀਮਾਂ ਬੈਂਕਾਂ ਤੋਂ ਪ੍ਰਾਪਤ ਵੀ ਹੁੰਦੀਆਂ ਹਨ, ਉਨ੍ਹਾਂ ਤੇ ਸ਼ਰਤਾਂ ਬਹੁਤ ਹਨ। ਇਨ੍ਹਾਂ ਲਈ ਔਰਤਾਂ ਕੋਲ ਘਰੇਲੂ ਜਾਇਦਾਦ ਦਾ 51% ਹੋਣਾ ਚਾਹੀਦਾ ਹੈ ਤੇ ਉਸ ਦੀ ਗਾਰੰਟੀ ਲਈ ਜਾਂਦੀ ਹੈ। ਬਿਊਟੀ ਪਾਰਲਰ ਆਦਿ ਲਈ ਕਰਜ਼ੇ ਵਿਚ ਸ਼ਰਤਾਂ ਹਨ ਕਿ ਉਹ ਬਰੈਂਡਿਡ ਚੀਜ਼ ਹੀ ਖਰੀਦਣਗੇ। ਪੰਜਾਬ ਵਿਚ ਜੀਵਨ, ਬੰਧਨ, ਸੱਤਿਆ, ਮਥੂਟ ਆਦਿ ਕੰਪਨੀਆਂ ਸਰਗਰਮ ਹਨ।

ਔਰਤਾਂ ਇਸ ਕਰਜ਼ੇ ਵਿਚ ਇਸ ਲਈ ਵੀ ਫਸੀਆਂ ਹਨ ਕਿਉਂਕਿ ਜਿਹੜਾ ਕਰਜ਼ਾ ਪਹਿਲਾਂ ਸੂਦਖੋਰਾਂ ਤੋਂ ਲਿਆ ਜਾਂਦਾ ਸੀ, ਉਸ ਨਾਲ ਵਗਾਰ ਜੁੜੀ ਹੁੰਦੀ ਸੀ। ਪੀੜ੍ਹੀ ਦਰ ਪੀੜ੍ਹੀ ਕਰਜ਼ਾ ਚੱਲੀ ਜਾਂਦਾ ਸੀ ਪਰ ਇਹ ਇੱਕ ਮੁਸ਼ਕਿਲ ਵਿਚੋਂ ਨਿਕਲ ਕੇ ਦੂਸਰੀ ਵਿਚ ਫਸ ਗਈਆਂ। ਇਹ ਕਰਜ਼ਾ 30 ਤੋਂ 50 ਹਜ਼ਾਰ ਤੱਕ ਹੈ। ਗਰੀਬ ਲੋਕ ਇਹ ਕਰਜ਼ਾ ਕਿਸੇ ਉਤਪਾਦਨ ਤੇ ਖਰਚ ਨਹੀਂ ਲਾਉਂਦੇ; ਥੁੜ੍ਹਾਂ ਮਾਰੇ ਲੋਕ ਮੁਢਲੀਆਂ ਲੋੜਾਂ ਤੇ ਖਰਚ ਕਰ ਦਿੰਦੇ ਹਨ। ਬਿਮਾਰੀ, ਵਿਆਹ ਅਤੇ ਘਰ ਤੇ 75% ਕਰਜ਼ਾ ਖਰਚ ਹੋ ਜਾਂਦਾ ਹੈ। ਇਸ ਦਾ ਕਾਰਨ ਨਾ ਇਨ੍ਹਾਂ ਕੋਲ ਜ਼ਮੀਨ, ਨਾ ਰੁਜ਼ਗਾਰ ਤੇ ਵਿਤਕਰੇ ਵਾਲੀ ਕਰਜ਼ਾ ਨੀਤੀ ਹੈ।

ਭਾਰਤ ਵਿਚ ਕਰੋਨਾ ਪਾਬੰਦੀਆਂ ਅਜੇ ਹਨ। ਆਰ.ਬੀ.ਆਈ. ਨੇ ਕਿਸ਼ਤ ਤੋਂ ਜਿਹੜੀ ਛੋਟ ਦਿੱਤੀ ਸੀ, ਉਹ ਇੱਕ ਵਾਰੀ 31 ਅਗਸਤ ਤੱਕ ਵਧਾਈ। ਇਸ ਤੋਂ ਪਹਿਲਾਂ ਇੱਕ ਹੋਰ ਫੈਸਲੇ ਵਿਚ ਸੁਪਰੀਮ ਕੋਰਟ ਨੇ 31 ਮਾਰਚ ਤੱਕ ਮੋਹਲਤ ਵਧਾ ਦਿੱਤੀ ਪਰ ਨਾਲ ਹੀ ਕਿਹਾ ਸੀ ਕਿ ਪਿਛਲੀ ਵਿਆਜ ਰਕਮ ਕੁੱਲ ਰਕਮ ਵਿਚ ਜੋੜੀ ਜਾਵੇਗੀ ਅਤੇ ਨਵੇਂ ਸਿਰੇ ਤੋਂ ਕਿਸ਼ਤਾਂ ਬਣਨਗੀਆਂ। ਇਸ ਲਈ ਬੈਂਕ ਵਿਚ ਅਰਜ਼ੀ ਦੇਣੀ ਪਵੇਗੀ ਅਤੇ ਇਹ ਬੈਂਕ 'ਤੇ ਨਿਰਭਰ ਹੋਵੇਗਾ ਕਿ ਉਸ ਨੂੰ ਮਨਜ਼ੂਰ ਕਰਦੀ ਹੈ ਕਿ ਨਹੀਂ। ਸਵਾਲ ਹੈ ਕਿ ਸਰਕਾਰ ਨੂੰ ਵੱਡੀਆਂ ਕੰਪਨੀਆਂ ਦੀ ਫਿਕਰ ਤਾਂ ਹੈ, ਲੋਕਾਂ ਦੀ ਨਹੀਂ। ਕੰਪਨੀਆਂ ਦੇ ਘਾਟੇ ਦੀ ਪੂਰਤੀ ਲਈ ਪੈਕੇਜ ਦੇ ਰਹੀ ਹੈ; ਐਨ.ਪੀ.ਏ. 9% ਤੋਂ 13% ਤੱਕ ਜਾਣ ਦੀ ਸੰਭਾਵਨਾ ਹੈ। ਸਰਕਾਰ ਕਰਜ਼ੇ ਤੋਂ ਮੁੱਕਰਨ ਵਾਲਿਆਂ ਦੇ ਨਾਮ ਤੱਕ ਲੈਣ ਲਈ ਤਿਆਰ ਨਹੀਂ।

ਕੁਝ ਜੱਥੇਬੰਦੀਆਂ ਨੇ ਇਸ ਨੂੰ ਧੰਦਾ ਬਣਾ ਲਿਆ ਹੈ। ਲੋਕ ਜਿੱਥੇ ਫਾਇਨਾਂਸ ਕੰਪਨੀਆਂ ਤੋਂ ਦੁਖੀ ਹਨ, ਉਥੇ ਕਰਜ਼ਾ ਮੁਕਤੀ ਦੇ ਨਾਮ ਹੇਠ ਫਾਰਮ ਭਰ ਕੇ ਕਰੋੜਾਂ ਰੁਪਏ ਇਕੱਠੇ ਕਰ ਲਏ। ਇਹ ਪਿੰਡਾਂ ਵਿਚ ਜਾ ਕੇ ਹੋਕਾ ਦਿੰਦੇ ਹਨ ਕਿ ਕਰਜ਼ਾ ਮੁਆਫੀ ਵਾਲੇ ਆਏ ਹੋਏ ਹਨ। ਲੋਕਾਂ ਨੂੰ ਕਰਜ਼ਾ ਮੁਆਫੀ ਦਾ ਫਾਰਮ ਦਿੰਦੇ ਹਨ। ਦਾਅ ਲਗਦੇ ਮੁਤਾਬਿਕ ਫਾਰਮ ਪਿੱਛੇ 220 ਰੁਪਏ ਤੋਂ 520 ਰੁਪਏ ਤੱਕ ਇਕੱਠਾ ਕਰਦੇ ਹਨ। ਇਹ ਕੰਪਨੀਆਂ ਵਾਂਗ ਨਵੇਂ ਤੋਂ ਨਵਾਂ ਇਲਾਕਾ ਭਾਲਦੇ ਹਨ। ਲੋਕ ਮੁੜ ਏਜੰਟਾਂ ਦੇ ਰਹਿਮੋ-ਕਰਮ ਤੇ ਰਹਿ ਜਾਂਦੇ ਹਨ। ਕਈ ਜੱਥੇਬੰਦੀਆਂ ਇਹ ਹੀ ਫੈਸਲਾ ਨਹੀਂ ਕਰ ਸਕੀਆਂ ਕਿ ਕਰਜ਼ਾ ਮੁਆਫੀ ਲਈ ਲੜਨਾ, ਵਿਆਜ ਮੁਆਫੀ ਲਈ ਲੜਨਾ, ਲੌਕਡਾਊਨ ਦੀਆਂ ਕਿਸ਼ਤਾਂ ਦੀ ਮੁਆਫੀ ਲਈ ਲੜਨਾ ਜਾਂ ਫਿਰ ਮਿਸ਼ਰਿਤ ਵਿਆਜ ਲਈ ਲੜਨਾ। ਇਸ ਸਵਾਲ ਨੂੰ ਹੱਲ ਕਰੇ ਬਗੈਰ ਇਹ ਮਸਲੇ ਨੂੰ ਹੱਥ ਨਹੀਂ ਪਾਇਆ ਜਾ ਸਕਦਾ। ਜੇਕਰ ਅਸੀਂ ਕਿਸਾਨਾਂ ਦੀ ਕਰਜ਼ਾ ਮੁਆਫੀ ਲਈ ਸੰਘਰਸ਼ ਕਰ ਸਕਦੇ ਹਾਂ ਤਾਂ ਫਿਰ ਇਸ ਕਰਜ਼ੇ ਦੀ ਮੁਆਫੀ ਲਈ ਕਿਉਂ ਨਹੀਂ?

# ਨੈਤਿਕਤਾ ਅਤੇ ਬਿਹਾਰ ਦੀ ਸਿਆਸਤ

ਅਭੈ ਕੁਮਾਰ ਦੂਬੇ

ਰਾਮ ਵਿਲਾਸ ਪਾਸਵਾਨ ਦਾ ਦੇਹਾਂਤ ਅਜਿਹੇ ਸਮੇਂ ਹੋਇਆ ਹੈ ਜਦੋਂ ਉਨ੍ਹਾਂ ਦੀਆਂ ਕਦਰਾਂ-ਕੀਮਤਾਂ ਅਤੇ ਰਾਜਨੀਤੀ ਦੇ ਉਨ੍ਹਾਂ ਰੂਪਾਂ 'ਤੇ ਸਵਾਲੀਆ ਨਿਸ਼ਾਨ ਲੱਗ ਚੁੱਕਾ ਹੈ ਜਿਸ ਦੀ ਉਹ ਨੁਮਾਇੰਦਗੀ ਕਰਦੇ ਸਨ। ਪਾਸਵਾਨ ਦੀ ਮੁਸਕਰਾਉਂਦੀ ਹੋਈ ਸ਼ਖਸੀਅਤ ਹਮੇਸ਼ਾ ਯਾਦ ਆਉਂਦੀ ਰਹੇਗੀ। ਟੀ.ਵੀ. 'ਤੇ ਮੇਰੇ ਵਲੋਂ ਕੀਤੀ ਸਰਕਾਰ ਦੀ ਆਲੋਚਨਾ ਨੂੰ ਉਹ ਹਮੇਸ਼ਾ ਹਾਂ-ਪੱਖੀ ਰੂਪ ਵਿਚ ਗ੍ਰਹਿਣ ਕਰਦੇ ਸਨ। ਮੈਂ ਉਨ੍ਹਾਂ ਨੂੰ ਕਦੀ ਤਲਖ ਲਹਿਜੇ 'ਚ ਗੱਲ ਕਰਦਿਆਂ ਨਹੀਂ ਸੁਣਿਆ। ਰਾਜਨੀਤੀ ਵਿਚ ਬਹੁਤ ਕਾਮਯਾਬ ਹੋਣ ਦੇ ਬਾਵਜੂਦ ਉਨ੍ਹਾਂ ਨੇ ਕਦੇ ਸ਼ੇਖੀ ਨਹੀਂ ਮਾਰੀ ਪਰ ਇਨ੍ਹਾਂ ਦੀਆਂ ਇਨ੍ਹਾਂ ਖੂਬੀਆਂ ਦੀ ਆੜ ਵਿਚ ਕੁਝ ਵਿਰੋਧਾਭਾਸਾਂ ਨੂੰ ਲੁਕਾਇਆ ਨਹੀਂ ਜਾ ਸਕਦਾ। ਇਹ ਸਮੱਸਿਆਵਾਂ ਬਿਹਾਰ ਚੋਣਾਂ ਵਿਚ ਪਾਸਵਾਨ ਦੀ ਪਾਰਟੀ ਅਤੇ ਉਨ੍ਹਾਂ ਦੇ ਨੇਤਾ ਦੇ ਰੂਪ ਵਿਚ ਉਨ੍ਹਾਂ ਦੇ ਪੁੱਤਰ ਦੀ ਰਣਨੀਤੀ ਕਾਰਨ ਹੋਰ ਕਰੂਪ ਰੂਪ ਵਿਚ ਦਿਖਾਈ ਦੇ ਰਹੀਆਂ ਹਨ।

ਭਾਰਤੀ ਰਾਜਨੀਤੀ ਦੇ ਕਈ ਮਾਹਰਾਂ ਨੇ ਪਾਸਵਾਨ ਦੇ ਪ੍ਰਸੰਗ ਵਿਚ ਹਾਲੀਆ ਇਤਿਹਾਸ ਦੇ ਕੁਝ ਤੱਥਾਂ ਨੂੰ ਯਾਦ ਕੀਤਾ ਹੈ। ਪ੍ਰਧਾਨ ਮੰਤਰੀ ਵਿਸ਼ਵ ਨਾਥ ਪ੍ਰਤਾਪ ਸਿੰਘ ਨੇ ਪਾਸਵਾਨ ਨੂੰ ਹੀ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਦਾ ਪ੍ਰਸਤਾਵ ਰੱਖਣ ਦੀ ਜ਼ਿੰਮੇਵਾਰੀ ਦਿੱਤੀ ਸੀ। ਸਾਊਥ ਬਲਾਕ ਵਿਚ ਜਦੋਂ ਪਾਸਵਾਨ ਨੇ ਦੇਸ਼ ਦੇ ਸਭ ਤੋਂ ਵੱਡੇ ਅਫਸਰਾਂ ਸਾਹਮਣੇ ਵੀ.ਪੀ. ਸਿੰਘ ਦੇ ਇਸ ਇਰਾਦੇ ਨੂੰ ਪੇਸ਼ ਕੀਤਾ ਤਾਂ ਹੈਰਾਨ ਰਹਿ ਗਏ ਅਧਿਕਾਰੀਆਂ ਨੇ ਕਈ ਸਵਾਲ ਕੀਤੇ। ਇਸ 'ਤੇ ਪਾਸਵਾਨ ਨੇ ਵਿਸਥਾਰ ਵਿਚ ਉਨ੍ਹਾਂ ਦੀਆਂ ਸ਼ੰਕਾਵਾਂ ਦਾ ਹੱਲ ਕਰਦਿਆਂ ਇਸ ਕਦਮ ਦੀ ਜ਼ਰੂਰਤ ਨੂੰ ਰੇਖਾਂਕਿਤ ਕੀਤਾ। ਇਸੇ ਤਰ੍ਹਾਂ ਜਦੋਂ ਕਾਂਗਰਸ ਦੇ ਪ੍ਰਧਾਨ ਦੇ ਰੂਪ ਵਿਚ ਸੋਨੀਆ ਗਾਂਧੀ ਨੇ ਗੱਠਜੋੜ ਵਾਲੀ ਰਾਜਨੀਤੀ ਦੀ ਸ਼ੁਰੂਆਤ ਕਰਨੀ ਚਾਹੀ ਤਾਂ ਸਭ ਤੋਂ ਪਹਿਲਾਂ ਉਹ ਆਪਣੇ ਬੰਗਲੇ ਤੋਂ ਨਿਕਲ ਕੇ ਪੈਦਲ ਚੱਲ ਕੇ ਪਾਸਵਾਨ ਦੇ ਬੰਗਲੇ ਵਿਚ ਪਹੁੰਚੀ ਅਤੇ ਉਨ੍ਹਾਂ ਨੂੰ ਆਪਣੇ ਗੱਠਜੋੜ ਵਿਚ ਆਉਣ ਦਾ ਸੱਦਾ ਦਿੱਤਾ। ਪਾਸਵਾਨ ਨੇ ਸੱਦੇ ਨੂੰ ਸਵੀਕਾਰ ਕੀਤਾ ਅਤੇ ਗੈਰ-ਭਾਜਪਾ ਗੱਠਜੋੜ ਦੀ ਨੀਂਹ ਰੱਖੀ। ਇਸੇ ਤਰ੍ਹਾਂ ਪਾਸਵਾਨ ਨੂੰ ਉਨ੍ਹਾਂ ਦੇ ਦੋ ਅਸਤੀਫਿਆਂ ਲਈ ਵੀ ਯਾਦ ਕੀਤਾ ਜਾਵੇਗਾ। ਪਹਿਲੀ ਵਾਰ ਉਨ੍ਹਾਂ ਨੇ 70 ਦੇ ਦਹਾਕੇ ਵਿਚ ਜੈ ਪ੍ਰਕਾਸ਼ ਨਾਰਾਇਣ ਦੀ ਅਪੀਲ 'ਤੇ ਬਿਹਾਰ ਵਿਧਾਨ ਸਭਾ ਦੀ ਮੈਂਬਰਸ਼ਿਪ ਤੋਂ ਅਸਤੀਫਾ ਦਿੱਤਾ ਸੀ। ਦੂਜੀ ਵਾਰ ਉਨ੍ਹਾਂ ਨੇ ਗੁਜਰਾਤ ਵਿਚ ਹੋਏ ਮੁਸਲਮਾਨ ਵਿਰੋਧੀ ਕਤਲੇਆਮ ਦਾ ਵਿਰੋਧ ਕਰਦਿਆਂ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਤੋਂ ਅਸਤੀਫਾ ਦੇ ਦਿੱਤਾ ਸੀ। ਇਥੇ ਸਮਝਣ ਦੀ ਗੱਲ ਇਹ ਹੈ ਕਿ ਪਾਸਵਾਨ ਨੇ ਉਸੇ ਨਰਿੰਦਰ ਮੋਦੀ ਦੀ ਸੱਤਾ ਦਾ ਹਿੱਸਾ ਬਣਨਾ ਸਵੀਕਾਰ ਕੀਤਾ ਜੋ ਉਸ ਸਮੇਂ ਗੁਜਰਾਤ ਦੇ ਮੁੱਖ ਮੰਤਰੀ ਸਨ। ਹਾਲਾਂਕਿ ਪਾਸਵਾਨ ਨੂੰ ਇਸ ਵਿਰੋਧਾਭਾਸ ਦਾ ਅਹਿਸਾਸ ਸੀ ਅਤੇ ਉਹ ਨਿੱਜੀ ਗੱਲਬਾਤ ਵਿਚ ਮੰਨਦੇ ਸਨ ਕਿ ਲਗਾਤਾਰ ਸੰਸਦ ਮੈਂਬਰ ਅਤੇ ਮੰਤਰੀ ਬਣੇ ਰਹਿਣ ਦੀ ਕੀਮਤ ਉਨ੍ਹਾਂ ਨੂੰ ਸਿਧਾਂਤਾਂ ਨਾਲ ਸਮਝੌਤੇ ਦੇ ਰੂਪ ਵਿਚ ਚੁਕਾਉਣੀ ਪਈ ਹੈ। ਦਰਅਸਲ ਮਸਲਾ ਸਿਰਫ ਸਿਧਾਂਤਾਂ ਨਾਲ ਸਮਝੌਤੇ ਦਾ ਹੀ ਨਹੀਂ ਹੈ। ਗੱਲ ਇਹ ਹੈ ਕਿ ਸਮਾਜਿਕ ਨਿਆਂ ਦੀ ਰਾਜਨੀਤੀ ਦੀ ਪੈਰੋਕਾਰੀ ਕਰਨ ਵਾਲੇ ਨੇਤਾ ਚੋਣ ਰਾਜਨੀਤੀ ਵਿਚ ਆਪਣੀ ਜਾਤੀ ਦੀ ਨੁਮਾਇੰਦਗੀ ਕਰਨ ਤੋਂ ਅੱਗੇ ਵਧਣ ਵਿਚ ਨਾਕਾਮ ਰਹਿ ਗਏ ਹਨ। ਪਾਸਵਾਨ ਨੂੰ ਹੀ ਦੇਖ ਲਓ। ਬਿਹਾਰ ਵਿਚ ਉਨ੍ਹਾਂ ਦੀ ਬਰਾਦਰੀ ਦੁਸਾਧ ਦੀਆਂ ਵੋਟਾਂ 5 ਫੀਸਦੀ ਦੇ ਕਰੀਬ ਹਨ। ਲੋਕ ਆਧਾਰ ਦੀ ਦ੍ਰਿਸ਼ਟੀ ਨਾਲ ਪਾਸਵਾਨ ਇਸ ਫੀਸਦੀ ਤੋਂ ਕਦੇ ਅੱਗੇ ਨਹੀਂ ਵਧ ਸਕੇ। ਨਤੀਜਾ ਇਹ ਨਿਕਲਿਆ ਕਿ ਉਹ ਬਿਹਾਰ ਵਿਚ ਮੁੱਖ ਮੰਤਰੀ ਦੇ ਅਹੁਦੇ ਦੀ ਦਾਅਵੇਦਾਰੀ ਕਰਨ ਵਿਚ ਹਮੇਸ਼ਾ ਅਸਫਲ ਰਹੇ। ਉਨ੍ਹਾਂ ਨੇ ਆਪਣੀ ਰਾਜਨੀਤੀ ਦੀਆਂ ਇਨ੍ਹਾਂ ਹੱਦਾਂ ਨੂੰ ਛੇਤੀ ਸਮਝ ਲਿਆ ਸੀ। ਇਸ ਲਈ ਉਨ੍ਹਾਂ ਦੀ ਰਣਨੀਤੀ ਕੇਂਦਰ ਦੀ ਰਾਜਨੀਤੀ ਵਿਚ ਟਿਕਣ ਦੀ ਰਹੀ। ਬਿਹਾਰ ਨੂੰ ਉਨ੍ਹਾਂ ਨੇ ਲਾਲੂ ਯਾਦਵ ਅਤੇ ਨਿਤੀਸ਼ ਕੁਮਾਰ ਲਈ ਛੱਡ ਦਿੱਤਾ ਸੀ। ਪਾਸਵਾਨ ਨੂੰ ਇਹ ਵੀ ਸਮਝ ਆ ਗਿਆ ਸੀ ਕਿ ਉਨ੍ਹਾਂ ਦੇ ਰਾਜ ਦੇ ਮੁਸਲਮਾਨ ਵੀ ਕਿਸੇ ਦਲਿਤ ਦੀ ਨੁਮਾਇੰਦਗੀ ਵਿਚ ਆਉਣ ਦੀ ਬਜਾਏ ਕਿਸੇ ਓ.ਬੀ.ਸੀ. ਦੀ ਅਗਵਾਈ ਵਿਚ ਜਾਣਾ ਪਸੰਦ ਕਰਨਗੇ। ਇਸ ਲਈ ਲਗਾਤਾਰ ਫਿਰਕਾਪ੍ਰਸਤੀ ਵਿਰੋਧੀ ਮੁਦਰਾ ਅਖਤਿਆਰ ਕਰਨ ਦੇ ਸੀਮਤ ਲਾਭ ਵੀ ਉਨ੍ਹਾਂ ਸਾਹਮਣੇ ਸਪੱਸ਼ਟ ਹੋ ਗਏ ਸਨ।

ਅੱਜ ਸਾਡੇ ਕੋਲ ਘਟਨਾਵਾਂ ਦਾ ਇਤਿਹਾਸ ਮੌਜੂਦ ਹੈ। ਲਾਲੂ ਯਾਦਵ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਕੁੱਲ ਮਿਲਾ ਕੇ ਸਿਰਫ ਯਾਦਵ ਨੇਤਾ ਰਹਿ ਗਏ ਹਨ। ਉਤਰ ਪ੍ਰਦੇਸ਼ ਵਿਚ ਮੁਲਾਇਮ ਸਿੰਘ ਯਾਦਵ ਅਤੇ ਉਨ੍ਹਾਂ ਦੇ ਪਰਿਵਾਰ ਦੀ ਵੀ ਇਹੀ ਸਥਿਤੀ ਹੈ। ਮਾਇਆਵਤੀ ਜ਼ਿਆਦਾ ਤੋਂ ਜ਼ਿਆਦਾ ਜਾਟਵ ਸਮਾਜ ਦੀ ਨੇਤਾ ਬਣ ਕੇ ਰਹਿ ਗਈ ਹੈ। ਹਾਲਾਂ ਕਿ ਨਿਤੀਸ਼ ਕੁਮਾਰ ਦੀ ਰਾਜਸੀ ਕਾਰਜਸ਼ੈਲੀ ਹੋਰਾਂ ਓ.ਬੀ.ਸੀ. ਨੇਤਾਵਾਂ ਨਾਲੋਂ ਬਿਹਤਰ ਰਹੀ ਹੈ। ਇਸੇ ਲਈ ਉਹ ਆਪਣੀ ਛੋਟੀ ਜਿਹੀ ਕੁਮਰੀ ਬਰਾਦਰੀ ਤੋਂ ਇਲਾਵਾ ਮਹਾਂਦਲਿਤ ਅਤੇ ਅਤਿ ਪਛੜੀਆਂ ਜਾਤੀਆਂ ਦੇ ਨਾਲ-ਨਾਲ ਮੁਸਲਮਾਨਾਂ ਲਈ ਵੀ ਆਪਣੀ ਹਮਦਰਦੀ ਪੈਦਾ ਕਰ ਲੈਂਦੇ ਹਨ। ਦਿੱਕਤ ਇਹ ਹੈ ਕਿ ਉਨ੍ਹਾਂ ਦੀ ਇਹ ਸਮਰੱਥਾ ਵੀ 15 ਸਾਲ ਤੱਕ ਸੱਤਾ ਵਿਚ ਰਹਿਣ ਕਾਰਨ ਘਟ ਰਹੀ ਹੈ ਜਦੋਂ ਕਿ ਸੱਤਾ ਰਾਹੀਂ ਜੇਕਰ ਉਹ ਚਾਹੁੰਦੇ ਤਾਂ ਆਪਣਾ ਲੋਕ ਆਧਾਰ ਹੋਰ ਵਿਸ਼ਾਲ ਕਰ ਸਕਦੇ ਸਨ। ਦਲਿਤ ਅਤੇ ਓ.ਬੀ.ਸੀ. ਨੇਤਾਵਾਂ ਦਾ ਪ੍ਰਭਾਵ ਸਿਮਟਣ ਦੇ ਕਈ ਕਾਰਨ ਹਨ। ਇਨ੍ਹਾਂ ਵਿਚ ਪਰਿਵਾਰਵਾਦ, ਜਾਤੀਵਾਦ, ਪ੍ਰਸ਼ਾਸਨਿਕ ਅਸਮਰੱਥਾ, ਕਿਸੇ ਵੀ ਕਿਸਮ ਦੀ ਨੈਤਿਕਤਾ ਨੂੰ ਸਵੀਕਾਰ ਨਾ ਕਰਨਾ ਅਤੇ ਮੌਕਾ ਮਿਲਦਿਆਂ ਹੀ ਜ਼ਬਰਦਸਤ ਭ੍ਰਿਸ਼ਟਾਚਾਰ ਕਰਨਾ ਆਦਿ ਸ਼ਾਮਿਲ ਹਨ।

ਜੇਕਰ ਭਾਜਪਾ ਅਤੇ ਚਿਰਾਗ ਦੀ ਮਿਲੀਜੁਲੀ ਰਾਜਨੀਤੀ ਸਫਲ ਹੁੰਦੀ ਹੈ ਤਾਂ ਸਾਨੂੰ ਦੇਰ-ਸਵੇਰ ਬਿਹਾਰ ਦੀ ਗੱਦੀ 'ਤੇ ਕਿਸੇ ਭਾਜਪਾਈ ਚਿਹਰੇ ਨੂੰ ਦੇਖਣ ਲਈ ਤਿਆਰ ਹੋ ਜਾਣਾ ਚਾਹੀਦਾ ਹੈ। ਇਹ ਇਕ ਅਜਿਹਾ ਨਜ਼ਾਰਾ ਹੋਵੇਗਾ ਜਿਸ ਨੂੰ ਸਮਾਜਿਕ ਨਿਆਂ ਦੀ ਰਾਜਨੀਤੀ ਦੇ ਤਾਬੂਤ ਵਿਚ ਆਖਰੀ ਕਿੱਲ ਦੀ ਪਰਿਭਾਸ਼ਾ ਦਿੱਤੀ ਜਾਵੇਗੀ। ਖਾਸ ਗੱਲ ਇਹ ਹੈ ਕਿ ਇਸ ਰਾਜਨੀਤੀ ਦੇ ਦੇਹਾਂਤ 'ਤੇ ਕੋਈ ਅੱਥਰੂ ਨਹੀਂ ਕੇਰੇਗਾ। ਉਂਜ ਵੀ ਇਹ ਊਰਜਾਹੀਣ, ਕ੍ਰਾਂਤੀਹੀਣ ਅਤੇ ਸੰਭਾਵਨਾਹੀਣ ਹੈ। ਇਸ ਦੇ ਨੇਤਾਵਾਂ 'ਤੇ ਉਨ੍ਹਾਂ ਦੀ ਉਮਰ ਨਾਲੋਂ ਜ਼ਿਆਦਾ ਮੁਕੱਦਮੇ ਚੱਲ ਰਹੇ ਹਨ। ਇਨ੍ਹਾਂ ਨੇ ਆਪਣੀਆਂ ਬਰਾਦਰੀਆਂ ਨੂੰ ਸੱਤਾ ਦੇ ਫਾਇਦੇ ਪਹੁੰਚਾਉਣ ਵਿਚ ਏਨਾਪੱਖਪਾਤ ਕੀਤਾ ਹੈ ਕਿ ਹੋਰ ਪਛੜੀਆਂ ਅਤੇ ਦਲਿਤ ਬਰਾਦਰੀਆਂ ਨਾਰਾਜ਼ ਹੋ ਕੇ ਭਾਜਪਾ ਨਾਲ ਚਲੇ ਗਈਆਂ। ਅਫਸੋਸ ਹੀ ਹੋ ਸਕਦਾ ਹੈ ਕਿ ਨਿਤੀਸ਼ ਕੁਮਾਰ ਲਈ ਟੋਆ ਉਨ੍ਹਾਂ ਦੇ ਸਹਿਯੋਗੀ ਦਲ ਹੀ ਪੁੱਟ ਰਹੇ ਹਨ ਅਤੇ ਉਹ ਉਸ ਵਿਚ ਡਿਗਣ ਦਾ ਜੋਖਮ ਉਠਾਉਣ ਲਈ ਮਜਬੂਰ ਹਨ।

# ਕਰੋਨਾ ਮਹਾਮਾਰੀ: ਵਿਗਿਆਨਕ, ਸਮਾਜਕ ਤੇ ਰਾਜਨੀਤਕ ਪਹਿਲੂ

***ਕਰੋਨਾ ਵਾਇਰਸ ਨੇ ਮਨੁੱਖ ਦੇ ਵਰਤਮਾਨ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। ਇਸ ਪ੍ਰਭਾਵ ਦੇ ਨਤੀਜੇ ਆਉਣ ਵਾਲੇ ਕੱਲ੍ਹ ਵਿਚੋਂ ਅਜੇ ਦਿਸਣੇ ਹਨ। ਇਉਂ ਇਸ ਨੇ ਸਾਡੇ ਭਵਿੱਖ ਨੂੰ ਇਸ ਤੋਂ ਕਿਤੇ ਜ਼ਿਆਦਾ ਪ੍ਰਭਾਵਿਤ ਕਰਨਾ ਹੈ। ਡਾ. ਸੁਖਪਾਲ ਸੰਘੇੜਾ ਨੇ ਇਸ ਮਹਾਮਾਰੀ ਦੇ ਵਿਗਿਆਨਕ, ਸਮਾਜਕ ਅਤੇ ਰਾਜਨੀਤਕ ਪਹਿਲੂਆਂ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਕਰੋਨਾ ਮਹਾਮਾਰੀ ਧਰਤੀ ਉਤੇ ਮਨੁੱਖੀ ਜੀਵਨ ਦੇ ਲਗਭਗ ਸਾਰੇ ਪਹਿਲੂਆਂ 'ਤੇ ਪ੍ਰਭਾਵ ਅਤੇ ਦਬਾਅ ਪਾ ਰਹੀ ਹੈ। ਇਹ ਤਕਰੀਬਨ ਸਾਰੇ ਪ੍ਰਭਾਵ ਤੇ ਦਬਾਅ ਇਸ ਮਹਾਮਾਰੀ ਦੇ ਸਿਰਫ ਕੁਝ ਬੁਨਿਆਦੀ ਪਹਿਲੂਆਂ ਤੇ ਲੱਛਣਾਂ ਤੋਂ ਨਿੱਕਲਦੇ ਹਨ ਜਿਨ੍ਹਾਂ ਨੂੰ ਵਿਗਿਆਨਕ, ਸਮਾਜਕ ਅਤੇ ਰਾਜਨੀਤਕ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ। ਕਰੋਨਾ ਵਾਇਰਸ ਮਹਾਮਾਰੀ ਦੇ ਪ੍ਰਭਾਵਾਂ ਤੇ ਦਬਾਵਾਂ ਦੇ ਸਿਰਫ ਆਕਾਰ ਹੀ ਨਹੀਂ, ਸਗੋਂ ਕੁਝ ਦੀ ਪੈਦਾਇਸ਼ ਵੀ ਵੱਡੇ ਪੱਧਰ 'ਤੇ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਅਸੀਂ ਮਨੁੱਖ, ਕਰੋਨਾ ਵਾਇਰਸ ਦੇ ਇਨ੍ਹਾਂ ਬੁਨਿਆਦੀ ਪਹਿਲੂਆਂ ਅਤੇ ਲੱਛਣਾਂ ਨਾਲ ਕਿਵੇਂ ਨਜਿੱਠਦੇ ਹਾਂ। ਦਰਅਸਲ, ਵਿਗਿਆਨਕ ਯੁੱਗ ਵਿਚ ਰਹਿੰਦਿਆਂ ਤਰਕ ਕੀਤਾ ਜਾ ਸਕਦਾ ਹੈ ਕਿ ਵਾਇਰਸ ਜੋ ਹੈ ਸੋ ਹੈ, ਪਰ ਉਹ ਅਸੀਂ ਹੀ ਹਾਂ ਜੋ ਇਨ੍ਹਾਂ ਬੁਨਿਆਦੀ ਪਹਿਲੂਆਂ ਤੇ ਲੱਛਣਾਂ ਬਾਰੇ ਅਗਿਆਨ, ਬੇਸਮਝੀ ਜਾਂ ਬੇਪ੍ਰਵਾਹੀ ਕਾਰਨ ਅਤੇ ਇਨ੍ਹਾਂ ਪ੍ਰਤੀ ਗਲਤ ਰਵੱਈਆ ਅਪਨਾ ਕੇ ਇਸ ਨੂੰ



**ਡਾ. ਸੁਖਪਾਲ ਸੰਘੇੜਾ**
dr.sukhpal.sanghera@gmail.com

ਮਹਾਮਾਰੀ ਬਣਾ ਦਿੰਦੇ ਹਾਂ।

## ਵਿਗਿਆਨਕ ਪਹਿਲੂ

ਕੋਵਿਡ-19 ਮੌਜੂਦਾ ਮਹਾਮਾਰੀ ਦਾ ਕਾਰਨ ਬਣ ਰਹੀ ਕਰੋਨਾ ਵਾਇਰਸ ਦੀ ਕਿਸਮ ਹੈ। ਇਹ ਸਭ ਤੋਂ ਘਾਤਕ ਵਿਸ਼ਾਣੂਆਂ (ਵਾਇਰਸਾਂ) ਵਿਚੋਂ ਇਕ ਹੈ, ਫਿਰ ਵੀ ਸਾਰੇ ਵਾਇਰਸਾਂ ਵਿਚਲੇ ਸਾਂਝੇ ਲੱਛਣ ਵੀ ਪ੍ਰਦਰਸ਼ਿਤ ਕਰਦੀ ਹੈ। ਉਦਾਹਰਣਾਂ ਵਜੋਂ ਇਹ ਆਪਣੇ ਆਪ ਵਿਚ ਜੀਵਤ ਚੀਜ਼ ਨਹੀਂ ਹੈ। ਇਹਦੀ ਹੋਂਦ ਰਸਾਇਣਕ ਅਤੇ ਜੀਵਤ ਚੀਜ਼ ਦੇ ਵਿਚ-ਵਿਚਕਾਰ ਹੈ। ਮਨੁੱਖੀ ਅੱਖ ਲਈ ਅਦਿੱਖ ਇਹ ਮਾਈਕਰੋ ਕਣ ਹੈ. ਕਰੋਨਾ ਵਾਇਰਸ ਦੇ ਕਣ ਦਾ ਆਕਾਰ ਲਗਭਗ 125 ਨੈਨੋਮੀਟਰ ਹੈ ਜੋ 0.125 ਮਾਈਕਰੋਨ ਬਣਦਾ ਹੈ; ਔਸਤਨ ਮਨੁੱਖੀ ਵਾਲ ਦੀ ਮੋਟਾਈ ਨਾਲੋਂ 720 ਗੁਣਾ ਛੋਟਾ। ਹੋਰ ਵਾਇਰਸਾਂ ਵਾਂਗ ਇਹ ਵੀ ਛੂਤਕਾਰੀ ਹੈ, ਯਾਨੀ ਇਕ ਵਿਅਕਤੀ ਤੋਂ ਦੂਸਰੇ ਵਿਅਕਤੀਆਂ ਵਿਚ ਫੈਲ ਜਾਂਦਾ ਹੈ। ਇਹ ਖੁਦ ਭਾਵੇਂ ਜਿੰਦਾ ਨਹੀਂ ਪਰ ਇੱਕ ਵਾਰ ਜੀਵਤ ਮੇਜ਼ਬਾਨ ਦੇ ਸਰੀਰ ਦੇ ਅੰਦਰ ਗਿਆ ਤਾਂ ਇਹ ਮੇਜ਼ਬਾਨ ਦੇ ਸੈੱਲ 'ਤੇ ਹਮਲਾ ਕਰ ਕੇ ਸੈੱਲ ਮਸ਼ੀਨਰੀ ਨੂੰ ਅਗਵਾ ਕਰ ਲੈਂਦਾ ਹੈ।

ਸਾਂਝੇ ਲੱਛਣ ਹੋਣ ਦੇ ਨਾਲ-ਨਾਲ ਹਰ ਵਾਇਰਸ ਦੇ ਆਮ ਤੌਰ 'ਤੇ ਸਿਰਫ ਆਪਣੇ ਵਿਸ਼ੇਸ਼ ਲੱਛਣ ਤੇ ਨਤੀਜਤਨ ਪ੍ਰਭਾਵ/ਦਬਾਅ ਵੀ ਹੁੰਦੇ ਹਨ। ਇੱਥੋਂ ਤਕ ਕਿ ਹਰ ਵਾਇਰਸ ਦੀ ਕਿਸਮ ਦੇ ਆਧਾਰ 'ਤੇ ਸਾਂਝੇ ਲੱਛਣ ਦੀ ਤਾਕਤ ਦੀ ਵਿਚ ਵੱਖੋ-ਵੱਖਰੀ ਹੋ ਸਕਦੀ ਹੈ। ਨਵਾਂ ਵਾਇਰਸ ਹੋਣ ਕਾਰਨ ਇਸ ਦੇ ਲੱਛਣ ਅਤੇ ਉਨ੍ਹਾਂ ਦੇ ਪ੍ਰਭਾਵ/ਦਬਾਅ ਅਜੇ ਵਿਗਿਆਨਕ ਜਾਂਚ ਅਧੀਨ ਹਨ. ਇਸ ਨਾਲ ਨਜਿੱਠਣ ਲਈ ਅਜੇ ਤੱਕ ਕੋਈ ਵੈਕਸੀਨ ਵਿਕਸਤ ਨਹੀਂ ਹੋਈ ਹੈ।

ਕਰੋਨਾ ਵਾਇਰਸ ਵੀ ਬੰਦਾ ਹੋਰ ਵਾਇਰਸਾਂ ਵਾਂਗ ਹੀ ਫੜਦਾ ਹੈ; ਜਿਵੇਂ ਚੀਜ਼ਾਂ ਦੀ ਸਤਹਿ ਨੂੰ ਹੱਥਾਂ ਨਾਲ ਛੂਹਣਾ ਜਿਨ੍ਹਾਂ 'ਤੇ ਕੋਈ ਵਾਇਰਸ ਗ੍ਰਸਤ ਵਿਅਕਤੀ ਛੋਹ ਜਾਂ ਖੰਘ/ਛਿੱਕ ਦੁਆਰਾ ਪਹਿਲਾਂ ਹੀ ਵਾਇਰਸ ਸੁੱਟ ਗਿਆ ਹੋਵੇ, ਫਿਰ ਉਨ੍ਹਾਂ ਹੀ ਹੱਥਾਂ ਨਾਲ ਨੱਕ ਜਾਂ ਖਾਣਾ ਪੀਣ ਵਾਲੀਆਂ ਚੀਜ਼ਾਂ ਨੂੰ ਛੂਹਣਾ, ਇੰਝ ਆਖਰਕਾਰ ਵਾਇਰਸ ਦਾ ਸਰੀਰ ਅੰਦਰ ਦਾਖਲ ਹੋ ਜਾਣਾ। ਚੀਜ਼ਾਂ ਦੀਆਂ ਵਾਇਰਸ ਭੁੱਕੀਆਂ ਸਤਹਿਆਂ ਦੇ ਸਿੱਧੇ ਸੰਪਰਕ ਵਿਚ ਆਉਣ ਬਿਨਾ ਵੀ ਬੰਦਾ ਹਵਾ ਵਿਚੋਂ ਵਾਇਰਸ ਦੀਆਂ ਛੋਟੀਆਂ-ਛੋਟੀਆਂ ਬੂੰਦਾਂ ਸਾਹਾਂ ਨਾਲ ਆਪਣੇ ਅੰਦਰ ਲੰਘਾ ਸਕਦਾ ਹੈ, ਉਹ ਬੂੰਦਾਂ ਜੋ ਨੇੜੇ ਵਾਲਾ ਵਿਅਕਤੀ ਖੰਘ, ਛਿੱਕ ਜਾਂ ਗੱਲਾਂ ਕਰਨ ਜਾਂ ਗਾਉਣ ਜਿਹੀਆਂ ਗਤੀਵਿਧੀਆਂ ਦੁਆਰਾ ਪੈਦਾ ਕਰਦਾ ਹਵਾ ਵਿਚ ਸੁੱਟ ਰਿਹਾ ਹੋਵੇ। ਕੋਵਿਡ-19 ਦਾ ਇਕ ਹੋਰ ਮਹੱਤਵਪੂਰਨ ਵਿਗਿਆਨਕ ਪਹਿਲੂ ਹੈ ਬੇ-ਲੱਛਣੇ ਮਰੀਜ਼, ਯਾਨੀ ਉਹ ਲੋਕ ਜਿਨ੍ਹਾਂ ਦੇ ਸਿਸਟਮ ਵਿਚ ਵਾਇਰਸ ਹੈ ਪਰ ਉਹ ਬਿਮਾਰ ਮਹਿਸੂਸ ਨਹੀਂ ਕਰਦੇ; ਕੋਈ ਲੱਛਣ ਨਹੀਂ ਦਿਖਾਉਂਦੇ, ਲੱਛਣ ਟਰੈਕਿੰਗ ਪ੍ਰਣਾਲੀ ਵਿਚੋਂ ਬਚ ਨਿੱਕਲਦੇ ਹਨ ਪਰ ਫਿਰ ਵੀ ਵਾਇਰਸ ਫੈਲਾਉਂਦੇ ਹਨ; ਟਰੋਜਨ ਘੋੜਿਆਂ (Trojan horses) ਵਾਂਗ।



ਮਹੱਤਵਪੂਰਨ ਤੱਥ ਇਹ ਵੀ ਹੈ ਕਿ ਕੋਵਿਡ-19 ਗ੍ਰਹਿਣ ਕਰਨ ਦਾ ਨਤੀਜਾ ਦੋ-ਟੁੱਕ (binary) ਨਹੀਂ ਹੁੰਦਾ: ਮੌਤ ਜਾਂ ਸਿਹਤ-ਬਹਾਲੀ। ਮਰੀਜ਼ ਦੇ ਅੰਕੜਿਆਂ ਦੇ ਆਧਾਰ 'ਤੇ ਖੋਜਕਾਰਾਂ ਨੂੰ ਇਹ ਸਚਾਈ ਮਿਲੀ ਹੈ ਕਿ ਕੋਵਿਡ-19 ਤੋਂ ਬਚੇ ਬਹੁਤ ਸਾਰੇ ਮਰੀਜ਼ ਕਿੰਨੇ ਹੀ ਗੰਭੀਰ ਸਰੀਰਕ ਅਤੇ ਮਾਨਸਿਕ ਦਬਾਵਾਂ ਦੇ ਸ਼ਿਕਾਰ ਹੋ ਜਾਂਦੇ ਨੇ. ਇਨ੍ਹਾਂ ਵਿਚ ਸ਼ਾਮਲ ਨੇ- ਥਕਾਵਟ, ਦਸਤ, ਸਿਰਦਰਦ, ਜੋੜਾਂ ਦਾ ਦਰਦ, ਚਿੰਤਾ ਤੇ ਉਦਾਸੀ ਤੋਂ ਲੈ ਕੇ ਸਿਰ ਦੇ ਵਾਲਾਂ ਦਾ ਖੁਸਣਾ, ਧੁੰਦਲੀ ਨਜ਼ਰ, ਯਾਦਾਸ਼ਤ ਦੀਆਂ ਸਮੱਸਿਆਵਾਂ, ਧਿਆਨ ਕੇਂਦਰਤ ਕਰਨ ਵਿਚ ਮੁਸ਼ਕਿਲ, ਛਾਤੀ ਵਿਚ ਦਰਦ, ਫੇਫੜਿਆਂ ਦਾ ਨੁਕਸਾਨ, ਦਿਲ ਦੀ ਦੌੜ, ਸਾਹ ਦੀ ਕਮੀ ਜਾਂ ਸਾਹ ਲੈਣ ਵਿਚ ਮੁਸ਼ਕਿਲ ਅਤੇ ਬਾਅਦ-ਦੁਖਾਂਤ ਤਣਾਅ (post-traumatic stress) ਦਾ ਵਿਗਾੜ।

ਇਸ ਬਿਮਾਰੀ ਲਈ ਅਜੇ ਕੋਈ ਵੈਕਸੀਨ ਵਿਕਸਤ ਨਹੀਂ ਹੋਈ ਹੈ, ਇਸ ਸਮੇਂ ਕੋਵਿਡ-19 ਦਾ ਮੁੱਖ ਇਲਾਜ ਹੈ ਰੋਕਥਾਮ, ਯਾਨਿ ਪ੍ਰਹੇਜ਼, ਭਾਵ ਵਾਇਰਸ ਲੱਗਣ ਹੀ ਨਾ ਦੇਣ ਦੇ ਉਪਾਅ ਕਰਨੇ।

## ਸਮਾਜਕ ਪਹਿਲੂ

ਕੋਵਿਡ-19 ਦੇ ਬੁਨਿਆਦੀ ਸਮਾਜਕ ਪਹਿਲੂ ਇਸ ਦੇ ਵਿਗਿਆਨਕ ਪਹਿਲੂਆਂ ਵਿਚੋਂ ਉਭਰਦੇ ਹਨ। ਉਦਾਹਰਨ ਵਜੋਂ ਅਕਸਰ ਤੇ ਸਹੀ ਤਰ੍ਹਾਂ ਹੱਥ ਧੋਣ ਦੀ ਸਿਫਾਰਸ਼ ਇਸ ਵਿਗਿਆਨਕ ਤੱਥ ਵਿਚੋਂ ਨਿੱਕਲਦੀ ਹੈ ਕਿ ਕਰੋਨਾ ਛੂਤਕਾਰੀ ਹੈ ਅਤੇ ਇਹ ਵਿਗਿਆਨਕ ਤੱਥ ਕਿ ਕੋਈ ਬੰਦਾ ਨਜ਼ਦੀਕ ਵਾਲੇ ਵਿਅਕਤੀ ਦੁਆਰਾ ਹਵਾ ਅੰਦਰ ਸੁੱਟੀਆਂ ਵਾਇਰਸ ਦੀਆਂ ਬੂੰਦਾਂ ਨੂੰ ਸਾਹ ਰਾਹੀਂ ਅੰਦਰ ਲੰਘਾ ਸਕਦਾ ਹੈ, ਨਕਾਬ (ਮਾਸਕ) ਪਹਿਨਣ ਅਤੇ 'ਸਮਾਜਕ ਦੂਰੀ' ਦੇ ਨਿਰਦੇਸ਼ਾਂ ਵੱਲ ਲੈ ਜਾਂਦਾ ਹੈ। 'ਸਮਾਜਕ ਦੂਰੀ' ਤੋਂ ਭਾਵ ਕਿ ਬੰਦਾ ਸਰੀਰਕ ਤੌਰ 'ਤੇ ਹੋਰ ਵਿਅਕਤੀਆਂ ਤੋਂ ਲਗਭਗ ਛੇ ਫੁੱਟ ਦੂਰ ਰਹੇ। ਇਹ ਬੁਨਿਆਦੀ ਸਮਾਜਕ ਪਹਿਲੂ ਕੋਵਿਡ-19 ਵਿਰੁਧ ਰੋਕਥਾਮ ਜਾਂ ਪ੍ਰਹੇਜ਼ ਦੇ ਉਪਾਅ ਹਨ। ਇਨ੍ਹਾਂ ਬੁਨਿਆਦੀ ਸਮਾਜਕ ਪਹਿਲੂਆਂ ਅਤੇ ਉਨ੍ਹਾਂ ਦੇ ਵਿਸਥਾਰਾਂ ਨੂੰ ਲਾਗੂ ਕਰਨਾ ਹੋਰ ਸਮਾਜਕ ਪਹਿਲੂਆਂ ਅਤੇ ਕਾਰੋਬਾਰੀ ਤੇ ਆਰਥਿਕ ਕਾਰਜਾਂ ਨੂੰ ਜਨਮ ਦਿੰਦਾ ਹੈ, ਜਿਵੇਂ ਕੰਮ ਵਾਲੀ ਜਗ੍ਹਾ ਨੂੰ ਬੰਦ ਕਰਨਾ (ਲੌਨਡਾਊਨ), ਰੈਸਟੋਰੈਂਟਾਂ ਤੇ ਬਾਰਾਂ ਨੂੰ ਬੰਦ ਕਰਨਾ, ਵਿਸ਼ਾਲ ਜਨਤਕ ਇਕੱਠਾਂ 'ਤੇ ਰੋਕ ਅਤੇ ਇਕਾਂਤਵਾਸ (ਕੁਆਰੰਟੀਨ), ਯਾਨੀ ਬੰਦੇ ਦੇ ਆਪਣੇ ਘੁਰਨੇ ਤੋਂ ਨਿਕਲ 'ਤੇ ਪਾਬੰਦੀ। ਇਸ ਸਭ ਕਾਸੇ ਦੇ ਪ੍ਰਭਾਵ/ਦਬਾਅ ਕਈ ਰੂਪਾਂ ਵਿਚ ਪ੍ਰਗਟ ਹੁੰਦੇ ਨੇ: ਵਿਆਪਕ ਬੇਰੁਜ਼ਗਾਰੀ, ਆਰਥਿਕਤਾ ਦਾ ਮੂੰਹ ਦੇ ਭਾਰ ਡਿਗਣਾ, ਮੰਦਵਾੜਾ, ਉਦਾਸੀ (ਡਿਪਰੈਸ਼ਨ) ਆਦਿ।

ਸਰੀਰਕ ਸਮਾਜਕ ਦੂਰੀ ਅਤੇ ਇਕਾਂਤਵਾਸ ਵਰਗੇ ਉਪਾਵਾਂ ਦੇ ਲੰਬੇ ਸਮੇਂ ਲਈ ਲਾਗੂ ਹੋਣ ਦਾ ਨਤੀਜੇ ਸਮਾਜਕ ਅਲਗਾਵ ਅਤੇ ਸਰੀਰਕ ਗਤੀਵਿਧੀਆਂ ਦੇ ਸੀਮਤ ਹੋਣ ਵਿਚ ਨਿਕਲ ਸਕਦੇ ਹੈ, ਜਿਹਦੇ ਨਾਲ ਮਨੁੱਖੀ ਮਨੋਵਿਗਿਆਨਕ ਅਤੇ ਸਮਾਜਕ ਵਿਹਾਰਾਂ ਦੇ ਹੋਰ ਪਹਿਲੂਆਂ 'ਤੇ ਗਹਿਰਾ ਪ੍ਰਭਾਵ/ਦਬਾਅ ਪੈ ਸਕਦਾ ਹੈ। ਸਮਾਜਕ ਵਿਹਾਰ 'ਤੇ ਪਏ ਇਨ੍ਹਾਂ ਪ੍ਰਭਾਵਾਂ/ਦਬਾਵਾਂ ਤੇ ਤਬਦੀਲੀਆਂ ਵਿਚੋਂ ਕੁਝ ਕਰੋਨਾ ਮਹਾਮਾਰੀ ਤੋਂ ਬਾਅਦ ਵੀ ਸਾਡੇ ਸੰਗ ਰਹਿਣਗੀਆਂ। ਉਂਝ, ਇਹ ਸੱਚ ਨਹੀਂ ਕਿ ਸਾਰੀਆਂ ਹੀ ਤਬਦੀਲੀਆਂ ਨਕਾਰਾਤਮਕ ਹੋਣਗੀਆਂ। ਮਿਸਾਲ ਵਜੋਂ, ਭਾਵੇਂ ਜ਼ਰੂਰਤ ਕਰ ਕੇ ਹੀ ਸਹੀ, ਲੋਕਾਂ ਨੇ ਵੈੱਬ/ਆਨਲਾਈਨ ਤਕਨੀਕੀ ਉਪਕਰਨਾਂ ਦੀ ਵਰਤੋਂ ਵਿਚ ਬੜੀ ਤਰੱਕੀ ਕੀਤੀ. 'ਜ਼ੂਮ' ਦੀ ਵਰਤੋਂ ਜਿਵੇਂ ਵੱਡੀ ਗਿਣਤੀ ਵਿਚ ਹੋ ਰਹੀ ਹੈ, ਆਮ ਹਾਲਾਤ ਵਿਚ ਸ਼ਾਇਦ ਇੰਨੀ ਰਫਤਾਰ ਨਾਲ ਨਾ ਹੁੰਦੀ। ਇਸੇ ਤਰ੍ਹਾਂ ਕਰੋਨਾ ਮਹਾਮਾਰੀ ਧੱਕੇ ਟੀ.ਵੀ. ਸ਼ੋਅ ਮੀਡੀਆ ਉਦਯੋਗ ਨੂੰ ਸਟੂਡੀਓ ਲਾਈਵ ਸਰੋਤਿਆਂ ਤੋਂ ਬਿਨਾ ਹੀ ਆਪਣੇ ਸ਼ੋਅ ਜਾਰੀ ਰੱਖਣ ਲਈ ਆਨਲਾਈਨ ਟੈਕਨਾਲੋਜੀ ਦੀ ਵਰਤਦਿਆਂ ਨਵੀਆਂ ਜੁਗਤਾਂ ਲਾਗੂ ਕਰਨੀਆਂ ਪਈਆਂ। ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਦੇ ਕੈਂਪਸਾਂ ਦੇ ਬੰਦ ਹੋਣ ਨਾਲ ਆਨਲਾਈਨ ਵਿਦਿਆ ਦਾ ਬੋਲਬਾਲਾ ਵਧਿਆ, ਤੇ ਇਹ ਪ੍ਰਫੁੱਲਤ ਹੋ ਰਹੀ ਹੈ।

## ਰਾਜਨੀਤਕ ਪਹਿਲੂ

ਕੋਵਿਡ-19 ਦੇ ਬੁਨਿਆਦੀ ਰਾਜਨੀਤਕ ਪਹਿਲੂ ਵੀ ਇਸ ਦੇ ਵਿਗਿਆਨਕ ਪਹਿਲੂਆਂ ਤੋਂ ਨਿਕਲਦੇ ਹਨ। ਅਸੀਂ ਵਿਗਿਆਨ ਤੋਂ ਜਾਣਦੇ ਹਾਂ ਕਿ ਕਰੋਨਾ ਵਾਇਰਸ ਛੂਤਕਾਰੀ ਹੈ ਅਤੇ ਦੇਸ਼ ਸੂਬੇ ਆਪਸ ਵਿਚ ਜੁੜੇ ਹੋਏ ਹੁੰਦੇ ਹਨ. ਇਉਂ ਇਹ ਰਾਸ਼ਟਰੀ ਸੰਕਟ ਹੈ। ਇਸ ਨੂੰ ਭਾਵੇਂ ਸੂਬਾਈ, ਸ਼ਹਿਰ/ਪਿੰਡ/ਵਿਅਕਤੀਗਤ ਪੱਧਰਾਂ 'ਤੇ ਨਜਿੱਠਣਾ ਪੈਂਦਾ ਹੈ, ਪਰ ਇਹ ਕਿਉਂਕਿ ਰਾਸ਼ਟਰੀ ਸੰਕਟ ਹੈ, ਇਸ ਲਈ ਰਾਸ਼ਟਰੀ ਸਰਕਾਰ ਉਤੇ ਸਭ ਤੋਂ ਵੱਧ ਜ਼ਿੰਮੇਵਾਰੀ ਪੈਂਦੀ ਹੈ। ਮਹਾਮਾਰੀ ਦੇ ਮੁੱਖ ਰਾਜਨੀਤਕ ਪਹਿਲੂ ਇਸ ਤੱਥ ਵਿਚ ਹੁੰਦੇ ਹਨ ਕਿ ਸਰਕਾਰ ਇਸ ਨੂੰ ਕਿਵੇਂ ਨਜਿੱਠਦੀ ਹੈ. ਸਰਕਾਰ ਵਿਗਿਆਨਕ ਪਹੁੰਚ ਨਾਲ ਕਾਰਵਾਈ ਕਰ ਰਹੀ ਹੈ ਜਾਂ ਗੈਰ-ਵਿਗਿਆਨਕ ਪਹੁੰਚ। ਇਸ ਨਾਲ ਨਜਿੱਠਣ ਲਈ ਰਾਸ਼ਟਰੀ ਯੋਜਨਾ ਬਣਾਉਣ ਦੀ ਬਜਾਏ ਇਸ ਨੂੰ ਅਣਡਿੱਠ ਕਰ ਦੇਣਾ। ਅੰਕੜਿਆਂ ਅਤੇ ਸੰਬੰਧਿਤ ਵਿਗਿਆਨਕ ਮਾਹਰਾਂ ਤੇ ਏਜੰਸੀਆਂ ਦੀ ਸਿਫਾਰਸ਼ ਦੇ ਆਧਾਰ 'ਤੇ ਜਵਾਬੀ ਕਾਰਵਾਈ ਦੇ ਬਜਾਏ ਆਪਣੀ ਹਿੱਤਾਂ ਦੀ ਪੂਰਤੀ ਲਈ ਮਹਾਮਾਰੀ ਦੀ ਵਰਤੋਂ ਕਰਨਾ, ਗੈਰ-ਵਿਗਿਆਨਕ ਪਹੁੰਚ ਹੋਵੇਗੀ। ਵਿਗਿਆਨਕ ਪਹੁੰਚ ਲਈ ਕਰੋਨਾ ਦੀ ਵਿਗਿਆਨ ਅਤੇ ਇਕੱਠੇ ਕੀਤੇ ਅੰਕੜਿਆਂ ਤੇ ਆਧਾਰਤ ਜਵਾਬ ਕਾਰਵਾਈ ਦੀ ਜ਼ਰੂਰਤ ਹੋਏਗੀ।

ਮੁੱਕਦੀ ਗੱਲ, ਕਰੋਨਾ ਮਹਾਮਾਰੀ ਦੇ ਸਾਰੇ ਸਮਾਜਕ ਅਤੇ ਰਾਜਨੀਤਕ ਪਹਿਲੂ ਅਤੇ ਪ੍ਰਭਾਵ ਇਹਦੀ ਵਿਗਿਆਨ ਨੂੰ ਮੰਨਣ ਜਾਂ ਨਾ ਮੰਨਣ ਨਾਲ ਜੁੜੇ ਹੋਏ ਨੇ ਜਾਂ ਵੱਡੇ ਪੱਧਰ 'ਤੇ ਇਸ ਮੰਨਣ ਜਾਂ ਨਾ-ਮੰਨਣ 'ਚੋਂ ਪੈਦਾ ਹੁੰਦੇ ਹਨ।

## ਕੁਦਰਤ ਦਾ ਤਜਰਬਾ

ਸੋਚੋ, ਕਰੋਨਾ ਵਾਇਰਸ ਮਹਾਮਾਰੀ ਨਾਲ ਨਜਿੱਠਣ ਲਈ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਤੇ ਸਰਕਾਰਾਂ ਦੇ ਅੰਦਰ ਤੇ ਬਾਹਰ ਦੇ ਆਗੂ ਵੱਖ-ਵੱਖ ਪ੍ਰਬਲਤਾ ਨਾਲ ਵੱਖੋ-ਵੱਖਰੇ ਤਰੀਕੇ ਅਪਣਾਉਣਗੇ। ਇਸ ਵਾਇਰਸ ਦੇ ਸੁਭਾਅ ਦੇ ਵਿਗਿਆਨਕ ਪਹਿਲੂਆਂ ਦੇ ਮੱਦੇਨਜ਼ਰ ਇਹ ਉਮੀਦ ਕਰ ਸਕਦੇ ਹਾਂ ਕਿ ਇਕ ਵਾਰ ਜਦੋਂ ਕਿਸੇ ਦੇਸ਼ ਵਿਚ ਵਾਇਰਸ ਦੀ ਨਿਸ਼ਾਨਦੇਹੀ ਤੋਂ ਬਾਅਦ ਇਹਦੇ ਫੈਲਣ ਨੂੰ ਗਿਣਨਾ ਸ਼ੁਰੂ ਹੋ ਜਾਵੇ, ਤਾਂ ਪਾਜ਼ੇਟਿਵ ਕੇਸਾਂ ਅਤੇ ਮੌਤਾਂ ਦੀ ਗਿਣਤੀ ਦੇਸ਼ ਦੀ ਸਰਕਾਰ ਦੁਆਰਾ ਅਪਣਾਏ ਗਏ ਵਾਇਰਸ ਨੂੰ ਨਜਿੱਠਣ ਦੇ ਤਰੀਕਿਆਂ ਤੇ ਇਨ੍ਹਾਂ ਦੀ ਪ੍ਰਬਲਤਾ 'ਤੇ ਸਿੱਧੀ ਨਿਰਭਰ ਹੋਵੇਗੀ। ਵਾਇਰਸ ਨਾਲ ਟੱਕਰ ਤਰਕ ਅਤੇ ਵਿਗਿਆਨ ਦੇ ਆਧਾਰ ਖੜ੍ਹ ਕੇ ਲੈਣ ਦੇ ਨਤੀਜੇ ਵਜੋਂ ਮਨੁੱਖੀ ਜਾਨਾਂ ਬਚਾਈਆਂ ਜਾਣਗੀਆਂ ਅਤੇ ਇਸ ਦਾ ਸਾਹਮਣਾ ਗੈਰ-ਵਿਗਿਆਨਕ ਪਹੁੰਚ ਨਾਲ ਕਰਨਾ ਮਨੁੱਖੀ ਪੀੜਾ ਅਤੇ ਮੌਤਾਂ ਲਿਆਏਗਾ. ਇਹ ਬਿਆਨ ਜਿੰਨਾ ਸਿੱਧਾ ਤੇ ਆਸਾਨ ਜਾਪਦਾ ਹੈ, ਉਤਨਾ ਸੱਚਾ ਵੀ ਹੈ। ਇੰਝ, ਪਾਜ਼ੇਟਿਵ ਕੇਸਾਂ ਤੇ ਮੌਤਾਂ ਦੀ ਗਿਣਤੀ ਤੇ ਹੋਰ ਅੰਕੜੇ ਵਿਸ਼ਵ ਭਰ ਵਿਚ ਇਕੱਠੇ ਕੀਤੇ ਜਾਣਗੇ। ਫਿਰ ਡੇਟਾ (ਅੰਕੜਿਆਂ ਦੇ) ਵਿਸ਼ਲੇਸ਼ਣ ਦੇ ਆਧਾਰ 'ਤੇ ਮੇਰਾ ਉਕਤ (ਤੇ ਹੋਰ ਕਿਤਨੇ ਹੀ) ਬਿਆਨ ਜਾਂ ਪਰਿ-ਸਿਧਾਂਤ (hypotheses) ਪਰਖ ਸਕਦੇ ਹਾਂ.

ਇਹ ਮਹਾਮਾਰੀ ਅਸਲ ਵਿਚ ਕੁਦਰਤ ਦਾ ਵਿਰਾਟ ਵਿਗਿਆਨਕ ਪ੍ਰਯੋਗ ਹੈ ਜਿਸ ਵਿਚ ਮਨੁੱਖ ਦੀ ਤਰਕ, ਵਿਗਿਆਨ ਤੇ ਮਾਨਵਵਾਦ ਨਾਲ ਪ੍ਰਤੀਬੱਧਤਾ ਦੀ ਪਰਖ ਹੋ ਜਾਵੇਗੀ। ਧਰਤੀ ਉਤੇ ਸਾਰੇ ਮਨੁੱਖੀ ਇਤਿਹਾਸ ਵਿਚ ਕਿਤੇ ਵੀ ਇਸ ਤਰ੍ਹਾਂ ਦੇ ਅਤੇ ਅਜਿਹੇ ਗਲੋਬਲ ਪੈਮਾਨੇ 'ਤੇ ਕੁਦਰਤੀ ਪ੍ਰਯੋਗ ਦੀ ਮਿਸਾਲ ਨਹੀਂ ਮਿਲਦੀ।

ਇਹ ਇਸ ਤਰ੍ਹਾਂ ਹੈ ਜਿਵੇਂ ਕੁਦਰਤ ਮਨੁੱਖ ਨੂੰ ਪੁੱਛ ਰਹੀ ਹੋਵੇ:

1. ਕੀ ਤੁਸੀਂ ਮੇਰੀਆਂ ਚੀਜ਼ਾਂ ਦੀ ਕਦਰ ਕਰਦੇ ਹੋ, ਭਾਵ ਉਨ੍ਹਾਂ ਨਾਲ ਮੇਰੇ ਸਿਧਾਂਤਾਂ ਅਨੁਸਾਰ ਸਲੂਕ ਕਰ ਰਹੇ ਹੋ; ਮਿਸਾਲ ਵਜੋਂ ਕਰੋਨਾ ਦੇ ਕੇਸ ਵਿਚ, ਕਰੋਨਾ ਦੇ ਵਿਗਿਆਨਕ ਸੱਚ ਨੂੰ ਮੰਨਦੇ, ਨਾ ਕਿ ਨਜ਼ਰਅੰਦਾਜ਼ ਕਰਦੇ ਜਾਂ ਮਜ਼ਾਕ ਉਡਾਉਂਦੇ ਹੋਏ, ਵਾਇਰਸ ਨੂੰ ਆਪਣਾ ਜਵਾਬ ਇਸ ਵਿਗਿਆਨਕ ਸੱਚ 'ਤੇ ਆਧਾਰਤ ਰੱਖਦੇ ਹੋ?

2. ਕੀ ਤੁਸੀਂ ਮਨੁੱਖਤਾਵਾਦ ਦੇ ਤਰੀਕਿਆਂ ਨਾਲ ਇਸ ਵਾਇਰਸ ਨਾਲ ਲੜ ਰਹੇ ਹੋ, ਅਰਥਾਤ ਸਮਾਜਕ ਤਾਲਮੇਲ ਨਾਲ? ਉਦਾਹਰਨ ਵਜੋਂ, ਮਾਸਕ ਪਹਿਨਣਾ ਤੁਹਾਡੇ ਆਸ ਪਾਸ ਦੇ ਲੋਕਾਂ ਨੂੰ ਸੁਰੱਖਿਅਤ ਰੱਖਦਾ ਹੈ; ਇਸ ਲਈ ਜੇ ਸਾਰੇ ਮਾਸਕ ਪਹਿਨਦੇ ਹੋ ਤਾਂ ਇਕ ਦੂਜੇ ਦੀ ਵਾਇਰਸ ਤੋਂ ਰੱਖਿਆ ਕਰਦੇ ਹੋ।

3. ਵਾਇਰਸ ਨਾਲ ਨਜਿੱਠਣ ਵੇਲੇ, ਕੀ ਤੁਸੀਂ ਆਮ ਵਿਗਿਆਨਕ ਸੂਝ ਤੇ ਤਰਕ ਦੀ ਵਰਤੋਂ ਕਰ ਰਹੇ ਹੋ ਨਾ ਕਿ ਸਿਰਫ ਆਪਣੇ ਧਾਰਮਿਕ ਜਾਂ ਹੋਰ ਵਿਸ਼ਵਾਸ ਦੀ?

ਜੇ ਇਨ੍ਹਾਂ ਪ੍ਰਸ਼ਨਾਂ ਦਾ ਉਤਰ 'ਹਾਂ' ਵਿਚ ਹੈ, ਤੁਸੀਂ ਠੀਕ ਹੋ; ਇਹ ਜਵਾਬ 'ਨਹੀਂ' ਵਿਚ ਹੈ ਤਾਂ ਮੇਰੇ ਟੈਸਟ ਵਿਚ ਫੇਲ੍ਹ ਹੁੰਦੇ ਹੋਏ ਤੁਸੀਂ ਵਾਇਰਸ ਤੋਂ ਮਹਾਮਾਰੀ ਦੇ ਵਿਕਾਸ ਵਿਚ ਯੋਗਦਾਨ ਪਾ ਰਹੇ ਹੋ। ਦੂਜੇ ਸ਼ਬਦਾਂ ਵਿਚ, ਇਸ ਨਵੀਂ ਕਰੋਨਾ ਵਾਇਰਸ, ਕੋਵਿਡ-19 ਨਾਲ, ਕੁਦਰਤ ਨੇ ਵਿਸ਼ਵ ਨੂੰ ਪ੍ਰਯੋਗਸ਼ਾਲਾ ਵਿਚ ਬਦਲ ਦਿੱਤਾ, ਆਧੁਨਿਕ ਯੁੱਗ ਵਿਚ ਮਨੁੱਖ ਦੀ ਤਰਕ, ਵਿਗਿਆਨ ਤੇ ਮਾਨਵਵਾਦ ਪ੍ਰਤੀ ਵਚਨਬੱਧਤਾ ਦੀ ਪਰਖ ਕਰਨ ਲਈ; ਉਹੀ ਤਰਕ, ਵਿਗਿਆਨ ਤੇ ਮਾਨਵਵਾਦ ਜਿਨ੍ਹਾਂ ਨੇ ਆਧੁਨਿਕ ਯੁੱਗ ਲਿਆਂਦਾ ਸੀ।


## ਪ੍ਰਯੋਗ ਨੂੰ ਕੈਲੀਬਰੇਟ ਕਰਨਾ

ਵਿਸ਼ਵ ਭਰ ਵਿਚ ਰਾਸ਼ਟਰਾਂ ਦੇ ਊਬੜ-ਖਾਬੜ ਵਿਕਾਸ ਕਾਰਨ ਕਰੋਨਾ ਵਾਇਰਸ ਮਹਾਮਾਰੀ ਨਾਲ ਟੱਕਰ ਲੈਣ ਵਿਚ ਵੱਖ-ਵੱਖ ਦੇਸ਼ਾਂ ਦੀ ਸਫਲਤਾ ਦੀ ਅੰਨ੍ਹੇਵਾਹ ਤੁਲਨਾ ਕਰਨਾ ਉਚਿਤ ਨਹੀਂ ਹੋਵੇਗਾ; ਖਾਸ ਕਰ ਕੇ ਵਿਗਿਆਨਕ, ਮੈਡੀਕਲ ਤੇ ਆਰਥਿਕ ਸਰੋਤਾਂ ਦੀ ਨਾ-ਬਰਾਬਰ ਉਪਲਬਧਤਾ ਦਾ ਸਾਹਮਣੇ। ਇਸ ਲਈ ਅਸੀਂ ਕੁਦਰਤ ਦੇ ਹਥਲੇ ਪ੍ਰਯੋਗ ਨੂੰ ਕੈਲੀਬਰੇਟ ਜਾਂ ਇਹਦਾ ਮਾਨਕੀਕਰਨ ਕਰ ਸਕਦੇ ਹਾਂ, 24 ਅਕਤੂਬਰ 2019 ਨੂੰ ਪ੍ਰਕਾਸ਼ਤ ਹੋਏ ਇੱਕ ਸਕੋਰ-ਕਾਰਡ ਦੁਆਰਾ, ਜਿਸ ਨੂੰ ਗਲੋਬਲ ਹੈਲਥ ਸਿਕਿਓਰਟੀ ਇੰਡੈਕਸ ਕਿਹਾ ਜਾਂਦਾ ਹੈ। ਇਸ ਸਕੋਰ-ਕਾਰਡ ਨੇ ਸੰਸਾਰ ਦੇ ਦੇਸ਼ਾਂ ਨੂੰ ਦਰਜਾ ਦਿੱਤਾ ਕਿ ਉਹ ਕੋਈ ਗੰਭੀਰ ਸਿਹਤ ਭੜਕ (outbreak) ਨਾਲ ਨਜਿੱਠਣ ਲਈ ਕਿੰਨੇ ਕੁ ਤਿਆਰ ਸਨ; ਉਦਾਹਰਨ ਲਈ ਘਾਤਕ ਜੀਵ-ਵਿਗਿਆਨਕ ਵਾਇਰਸ ਨਾਲ। ਦੇਸ਼ਾਂ ਨੂੰ ਦਰਜਾ ਕਈ ਪੈਮਾਨਿਆਂ ਦੇ ਆਧਾਰ 'ਤੇ ਦਿੱਤਾ ਗਿਆ ਜਿਵੇਂ ਕੋਈ ਦੇਸ਼ ਕਿੰਨੀ ਜਲਦੀ ਜਵਾਬ ਦੇਣ ਲਈ ਤਿਆਰ ਹੈ ਅਤੇ ਇਸ ਦੀ ਸਿਹਤ-ਸੰਭਾਲ ਪ੍ਰਣਾਲੀ ਕਿੰਨੀ ਚੰਗੀ ਤਰ੍ਹਾਂ ਬਿਮਾਰਾਂ ਦਾ ਇਲਾਜ ਤੇ ਇਸ ਪ੍ਰਕਿਰਿਆ ਵਿਚ ਸਿਹਤ ਕਰਮਚਾਰੀਆਂ ਦੀ ਰੱਖਿਆ ਕਰਨ ਦੇ ਕਾਬਲ ਹੈ। ਵਿਸ਼ਵ ਭਰ ਵਿਚ ਕੋਵਿਡ-19 ਦੇ ਪਹਿਲੇ ਸ਼ੱਕੀ ਕੇਸ ਦੇ ਐਲਾਨ ਤੋਂ 45 ਦਿਨ ਪਹਿਲਾਂ ਜਾਰੀ ਕੀਤੇ 195 ਦੇਸ਼ਾਂ ਦੇ ਇਸ ਸਕੋਰ-ਕਾਰਡ ਵਿਚ ਅਮਰੀਕਾ, ਇੰਗਲੈਂਡ ਤੇ ਨੀਦਰਲੈਂਡ ਨੂੰ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਨੰਬਰ 'ਤੇ ਦਿਖਾਇਆ ਗਿਆ।

ਇੱਥੇ ਵਿਅੰਗਾਤਮਕ ਗੱਲ ਇਹ ਹੈ ਕਿ ਉਪਰੋਕਤ ਦਰਜਾਬੰਦੀ ਅਨੁਸਾਰ ਦੋ ਦੇਸ਼ਾਂ-ਅਮਰੀਕਾ ਤੇ ਇੰਗਲੈਂਡ ਤੋਂ ਉਮੀਦ ਕੀਤੀ ਜਾਂਦੀ

***(ਬਾਕੀ ਅਗਲੇ ਸਫੇ 'ਤੇ)***

***ਮਹੱਤਵਪੂਰਨ ਤੱਥ ਇਹ ਵੀ ਹੈ ਕਿ ਕੋਵਿਡ-19 ਗ੍ਰਹਿਣ ਕਰਨ ਦਾ ਨਤੀਜਾ ਦੋ-ਟੁੱਕ (binary) ਨਹੀਂ ਹੁੰਦਾ: ਮੌਤ ਜਾਂ ਸਿਹਤ-ਬਹਾਲੀ। ਮਰੀਜ਼ ਦੇ ਅੰਕੜਿਆਂ ਦੇ ਆਧਾਰ 'ਤੇ ਖੋਜਕਾਰਾਂ ਨੂੰ ਇਹ ਸੱਚਾਈ ਮਿਲੀ ਹੈ ਕਿ ਕੋਵਿਡ-19 ਤੋਂ ਬਚੇ ਬਹੁਤ ਸਾਰੇ ਮਰੀਜ਼ ਕਿੰਨੇ ਹੀ ਗੰਭੀਰ ਸਰੀਰਕ ਅਤੇ ਮਾਨਸਿਕ ਦਬਾਵਾਂ ਦੇ ਸ਼ਿਕਾਰ ਹੋ ਜਾਂਦੇ ਨੇ। ਇਨ੍ਹਾਂ ਵਿਚ ਸ਼ਾਮਲ ਨੇ- ਥਕਾਵਟ, ਦਸਤ, ਸਿਰਦਰਦ, ਜੋੜਾਂ ਦਾ ਦਰਦ, ਚਿੰਤਾ ਤੇ ਉਦਾਸੀ ਤੋਂ ਲੈ ਕੇ ਸਿਰ ਦੇ ਵਾਲਾਂ ਦਾ ਖੁਸਣਾ, ਧੁੰਦਲੀ ਨਜ਼ਰ, ਯਾਦਾਸ਼ਤ ਦੀਆਂ ਸਮੱਸਿਆਵਾਂ, ਧਿਆਨ ਕੇਂਦਰਤ ਕਰਨ ਵਿਚ ਮੁਸ਼ਕਿਲ, ਛਾਤੀ ਵਿਚ ਦਰਦ, ਫੇਫੜਿਆਂ ਦਾ ਨੁਕਸਾਨ, ਦਿਲ ਦੀ ਦੌੜ, ਸਾਹ ਦੀ ਕਮੀ ਜਾਂ ਸਾਹ ਲੈਣ ਵਿਚ ਮੁਸ਼ਕਿਲ ਅਤੇ ਬਾਅਦ-ਦੁਖਾਂਤ ਤਣਾਅ (post-traumatic stress) ਦਾ ਵਿਗਾੜ।***



# ਕੋਵਿਡ-19 ਦੀ ਤਰਥੱਲੀ

ਅੱਜ ਕੋਵਿਡ-19 ਨੇ ਸਾਰੀ ਦੁਨੀਆਂ 'ਚ ਤਰਥੱਲੀ ਮਚਾਈ ਹੋਈ ਹੈ। ਸਭ ਕੁਝ ਉਥਲ-ਪੁਥਲ ਹੋ ਕੇ ਰਹਿ ਗਿਆ ਹੈ। ਇਹ ਇੱਕ ਨਿੱਕਾ ਜਿਹਾ ਜਰਾਸੀਮ ਹੈ, ਜੋ ਨਾ ਦਿਸਦਾ ਹੈ, ਨਾ ਹੀ ਉਸ ਨੂੰ ਹੱਥ ਲਾ ਕੇ ਮਹਿਸੂਸ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਆਮ ਖੁਰਦਬੀਨ ਨਾਲ ਦੇਖਿਆ ਜਾ ਸਕਦਾ ਹੈ। ਇਸ ਦੇ ਦਰਸ਼ਨ ਤਾਂ ਇੱਕ ਖਾਸ ਕਿਸਮ ਦੇ ਮਹਾਯੰਤਰ ਨਾਲ ਹੀ ਕੀਤੇ ਜਾ ਸਕਦੇ ਹਨ, ਜਿਸ ਨੂੰ ਇਲੈਕਟਰੌਨ ਮਾਈਕਰੋਸਕੋਪ ਕਹਿੰਦੇ ਹਨ। ਕੁਝ ਸਮਾਂ ਪਹਿਲਾਂ ਇਹ ਕਿਆਸ ਅਰਾਈ ਵੀ ਨਹੀਂ ਸੀ ਕੀਤੀ ਜਾ ਸਕਦੀ ਕਿ ਦੁਨੀਆਂ ਨੂੰ ਇਸ ਮਹਾਮਾਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਨਿੱਕੇ ਜਿਹੇ ਕਰੋਨਾ ਵਾਇਰਸ ਨੇ ਬੰਦੇ ਦੀਆਂ ਸਭ ਚਤੁਰਾਈਆਂ ਰੋਲ ਕੇ ਰੱਖ ਦਿੱਤੀਆਂ ਹਨ; ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ 'ਚ ਕੀਤੀਆਂ ਤਰੱਕੀਆਂ ਨੂੰ ਮੂਧੇ ਮੂੰਹ ਭੁਆਂਟਣੀਆਂ ਦੇ ਦਿੱਤੀਆਂ ਹਨ। ਹਾਲੇ ਤੱਕ ਇਸ ਮਹਾਮਾਰੀ ਨੂੰ ਕਾਬੂ ਕਰਨ ਦਾ ਕੋਈ ਢੁਕਵਾਂ ਉਪਾਅ ਨਹੀਂ ਉਪਲਬਧ ਹੋ ਸਕਿਆ, ਬੰਦਾ ਇੱਕ



**ਕਲਵੰਤ ਸਿੰਘ ਸਹੋਤਾ**
ਫੋਨ: 604-589-5919

ਕਿਸਮ ਦਾ ਕੈਦ ਹੋ ਕੇ ਰਹਿ ਗਿਆ ਹੈ। ਬੰਦੇ ਤੋਂ ਬੰਦੇ ਦੀ ਦੂਰੀ ਬਣਾ ਕੇ ਰੱਖਣ ਲਈ ਸੀਮਤ ਕਰ ਦਿੱਤਾ ਹੈ। ਗਲੇ ਮਿਲਣ, ਹੱਥ ਮਿਲਾਉਣ ਤੋਂ ਸਭ ਨੂੰ ਤਿਲਾਂਜਲੀ ਦੁਆ ਦਿੱਤੀ ਹੈ, ਸਮਾਜਕ ਤਾਣਾ-ਬਾਣਾ ਉਧੜ-ਪੁਧੜ ਕੇ ਰਹਿ ਗਿਆ ਹੈ; ਲੱਖਾਂ ਨੌਕਰੀਆਂ ਖਤਮ ਹੋ ਗਈਆਂ ਹਨ। ਲੱਖਾਂ ਲੋਕਾਂ ਲਈ, ਰੋਜ਼ ਦੀਆਂ ਲੋੜਾਂ ਦੀ ਪੂਰਤੀ ਕਰਨਾ ਅਹਿਮ ਸਮੱਸਿਆ ਬਣ ਗਿਆ ਹੈ। ਸਾਰੀ ਦੁਨੀਆਂ 'ਚ ਲੱਖਾਂ ਲੋਕ ਇਸ ਨਾਲ ਪੀੜਤ ਹਨ ਤੇ ਲੱਖਾਂ ਦੀ ਮੌਤ ਹੋ ਚੁਕੀ ਹੈ।

ਇੱਕ ਦੂਜੇ ਨੂੰ ਮਿਲਣ ਲਈ ਵੀ ਤਰਸਣ ਲੱਗੇ ਹਾਂ। ਵਿਆਹ-ਸ਼ਾਦੀਆਂ ਦੇ ਸਮਾਗਮ, ਘੜਮੱਸ ਮਈ ਪਾਰਟੀਆਂ, ਵੱਡੇ ਧਾਰਮਿਕ ਇਕੱਠ-ਸਭ ਨੂੰ ਲਕਵਾ ਹੋ ਗਿਆ ਹੈ। ਆਮ ਚਲਿਆ ਆ ਰਿਹਾ ਰੋਜ਼ਾਨਾ ਜੀਵਨ ਖੜੋਤ 'ਚ ਆ ਗਿਆ ਲਗਦਾ ਹੈ। ਗਰਮੀਆਂ 'ਚ ਵਿਆਹਾਂ ਦੀ ਭਰਮਾਰ ਰਹਿੰਦੀ ਸੀ, ਇਕ ਤੋਂ ਬਾਅਦ ਦੂਜੇ ਵਿਆਹ ਦਾ ਸੱਦਾ ਪੱਤਰ ਸਮੇਤ ਮਠਿਆਈ ਦੇ ਡੱਬਿਆਂ, ਆਈ ਹੀ ਜਾਂਦਾ ਸੀ। ਮੈਟਰੋ-ਵੈਨਕੂਵਰ 'ਚ ਸੰਘਣੀ ਪੰਜਾਬੀ ਵਸੋਂ ਹੋਣ ਕਰਕੇ, ਸਾਲ ਦੇ ਪੰਦਰਾਂ-ਵੀਹ ਵਿਆਹਾਂ 'ਚ ਸ਼ਿਰਕਤ ਕਰਨਾ ਮਾਮੂਲੀ ਗੱਲ ਸੀ। ਇੱਕ ਵਿਆਹ ਹਫਤਾ ਹਫਤਾ ਚਲਦਾ ਸੀ, ਹੁਣ ਕੋਵਿਡ-19 ਨੇ ਸਭ ਕਾਸੇ ਨੂੰ ਬਰੇਕਾਂ ਲਾ ਕੇ ਰੱਖ ਦਿੱਤੀਆਂ ਹਨ। ਵਿਆਹਾਂ ਦੇ ਸੀਜ਼ਨ 'ਚ ਵਿਆਹਾਂ 'ਤੇ ਜਾ ਜਾ ਅੱਕ ਜਾਈਦਾ ਸੀ। ਪਹਿਲਾਂ ਪਹਿਲ ਜਦੋਂ ਪਾਬੰਦੀਆਂ ਲੱਗੀਆਂ ਤਾਂ ਥੋੜ੍ਹੀ ਜਿਹੀ ਰਾਹਤ ਵੀ ਮਿਲੀ ਲੱਗੀ ਕਿ ਹੁਣ ਉਹੀ ਪਾਰਟੀਆਂ, ਉਹੀ ਮਾਈਆਂ ਦੀ ਰਸਮ ਦਾ ਘੜਮੱਸ, ਨਿਕਲਦੀ ਜਾਗੋ ਦੇ ਢੋਲ ਢਮੱਕੇ ਆਦਿ ਤੋਂ ਖਹਿੜਾ ਛੁੱਟਿਆ। ਪਰ ਹੁਣ ਜਦੋਂ ਮਹੀਨਿਆਂ ਬੱਧੀ ਕੋਵਿਡ-19 ਦਾ ਪ੍ਰਕੋਪ ਜਾਰੀ ਹੈ ਤੇ ਮੂਹਰੇ ਕੋਈ ਕਿਸੇ ਰਾਹਤ ਦੀ ਆਸ ਵੀ ਨਹੀਂ ਦਿਸਦੀ, ਸਗੋਂ ਸਿਆਲਾਂ 'ਚ ਤਾਂ ਇਸ ਦੀ ਮਾਰ ਵੱਧ ਪੈਣ ਦੀਆਂ ਵੀ ਪੇਸ਼ੀਨਗੋਈਆਂ ਕੀਤੀਆਂ ਜਾ ਰਹੀਆਂ ਹਨ, ਤੇ ਇੰਜ ਮਨਾਂ 'ਚ ਕੁਝ ਘਬਰਾਹਟ ਦਾ ਹੋਣਾ ਸੁਭਾਵਿਕ ਹੈ।

ਲੰਘੀਆਂ ਗਰਮੀਆਂ 'ਚ ਸਾਡੇ ਦੋ ਬਹੁਤ ਨਜ਼ਦੀਕੀ ਵਿਆਹ, ਜੋ ਖੂਬ ਧੂਮ ਧੜੱਕੇ ਨਾਲ ਹੋਣੇ ਸਨ ਅਤੇ ਉਨ੍ਹਾਂ ਦੀਆਂ ਤਰੀਕਾਂ ਵੀ ਪਿਛਲੇ ਡੇਢ ਸਾਲ ਤੋਂ ਮੁਕੱਰਰ ਹੋਈਆਂ ਹੋਈਆਂ ਸਨ: ਉਹ ਵੀ ਪਹਿਲਾਂ ਤਾਂ ਉਡੀਕ 'ਚ ਰਹੇ ਕਿ ਪਾਬੰਦੀਆਂ ਹਟੀਆਂ ਤੇ ਨਵੀਂ ਤਰੀਕ ਤੇ ਸਾਹਾ ਰੱਖ ਵਿਆਹ ਕਰ ਲਵਾਂਗੇ, ਪਰ ਜਦੋਂ ਸਾਰੀਆਂ ਗਰਮੀਆਂ ਪਾਬੰਦੀਆਂ ਹਟਣ ਦੀ ਥਾਂ ਵਧਦੀਆਂ ਹੀ ਗਈਆਂ ਤਾਂ ਉਨ੍ਹਾਂ ਚਾਲੀ ਕੁ ਬੰਦਿਆਂ ਦੇ ਨਿਰਧਾਰਤ ਸੀਮਤ ਇਕੱਠ ਨੂੰ ਸਨਮੁੱਖ ਨਵੀਆਂ ਤਰੀਕਾਂ ਮਿੱਥ ਵਿਆਹਾਂ ਦੀਆਂ ਰਸਮਾਂ ਨਿਭਾ ਲਈਆਂ ਤਾਂ ਲੱਗਣ ਲੱਗਿਆ ਕਿ ਜਿਨ੍ਹਾਂ ਵਿਆਹਾਂ 'ਤੇ ਜਾ ਜਾ ਅੱਕੇ-ਥੱਕੇ ਪਏ ਸਾਂ, ਹੁਣ ਤਾਂ ਨਜ਼ਦੀਕੀ ਵਿਆਹਾਂ 'ਚ ਚਾਲੀ ਬੰਦਿਆਂ ਦੀ ਨਫਰੀ ਵਾਲੇ ਵਿਆਹਾਂ 'ਚ ਵੀ ਵਾਰੀ ਨਹੀਂ ਆਉਂਦੀ, ਤਾਂ ਮਨ 'ਚ ਉਥਲ-ਪੁਥਲ ਜਰੂਰ ਹੋਈ। ਮਠਿਆਈ ਦੇ ਡੱਬੇ ਨੂੰ ਵੀ ਤਰਸ ਗਏ, ਜਦੋਂ ਕਿ ਅੱਗੇ ਉਸੇ ਮਠਿਆਈ ਦੇ ਡੱਬੇ ਨੂੰ ਕਿੰਨੀਆਂ ਹੀ ਨੋਕਾਂ-ਝੋਕਾਂ ਕਰੀਦੀਆਂ ਸਨ ਕਿ ਇਹ ਲੱਡੂ ਖਾਣ ਵਾਲੇ ਨਹੀਂ, ਹਮਕ ਆਉਂਦਾ ਹੈ; ਮਠਿਆਈ ਵਾਲੇ ਡੱਬੇ 'ਚੋਂ ਫਰਨੈਲ ਦਾ ਮੁਸ਼ਕ ਆਉਂਦਾ ਹੈ।

ਅਕਸਰ ਹੀ ਕਾਰਡਾਂ ਦੀ ਛਪਾਈ, ਵਿਆਹ ਦੀ ਖਰੀਦੋ-ਫਰੋਖਤ ਕਰਨ ਗਏ ਪਰਿਵਾਰ ਪੰਜਾਬ ਤੋਂ ਹੀ ਕਰਾ ਕੇ ਲਿਆਉਂਦੇ ਸਨ ਤੇ ਨਾਲ ਹੀ ਮਠਿਆਈ ਦੇ ਡੱਬਿਆਂ ਤੇ ਵਿਆਹੁੰਦੜ ਮੁੰਡੇ ਕੁੜੀ ਦਾ ਨਾਮ ਲਿਖਾ ਕੇ, ਖਾਲੀ ਡੱਬੇ ਵੀ ਉੱਥੋਂ ਹੀ ਲੈ ਆਉਂਦੇ ਸਨ। ਪਤਾ ਨਹੀਂ ਕਿਉਂ ਜਦੋਂ ਕੈਨੇਡਾ ਆ ਕੇ ਉਨ੍ਹਾਂ ਡੱਬਿਆਂ 'ਚ ਤਾਜੇ ਬਣੇ ਲੱਡੂ ਜਾਂ ਹੋਰ ਮਠਿਆਈ ਪਾ ਘਰਾਂ 'ਚ ਵੰਡਦੇ ਤਾਂ ਡੱਬਾ ਤੇ ਕਾਰਡ ਫੜਦਿਆਂ ਸਾਰ ਹੀ ਫਰਨੈਲ ਦੀ ਮਹਿਕ ਆਉਣ ਲੱਗਦੀ, ਜਿਸ ਕਾਰਨ ਮਠਿਆਈ ਖਾਣ ਤੋਂ ਜੀਅ ਉੱਕਾ ਹੀ ਕਿਰਕਿਰਾ ਹੋ ਜਾਂਦਾ। ਇਹ ਹਾਲੇ ਤਾਈਂ ਪਤਾ ਨਹੀਂ ਲੱਗਾ ਕਿ ਡੱਬੇ ਅਤੇ ਵਿਆਹ ਦੇ ਕਾਰਡ ਛਾਪਣ ਵਾਲੇ ਆਪਣੇ ਛਾਪੇਖਾਨੇ 'ਚ ਫਰਨੈਲ ਦਾ ਇਸਤੇਮਾਲ ਕਰਦੇ ਹਨ ਜਾਂ ਲੋਕੀ ਕੈਨੇਡਾ ਵਾਪਸ ਮੁੜਦੇ ਆਪਣੇ ਅਟੈਚੀਆਂ 'ਚ ਫਰਨੈਲ ਦੀਆਂ ਗੋਲੀਆਂ ਰੱਖ ਲਿਆਉਂਦੇ ਸਨ, ਮਤਾਂ ਜਹਾਜ 'ਚ ਉਨ੍ਹਾਂ ਦਾ ਨਵਾਂ ਖਰੀਦਿਆ ਕੱਪੜਾ-ਲੱਤਾ ਕਿਤੇ ਟਿੱਡੀਆਂ ਨਾ ਖਾ ਜਾਣ? ਮੈਨੂੰ ਯਾਦ ਐ, ਪੰਜਾਬ 'ਚ ਕੱਪੜਿਆਂ ਨੂੰ ਟਿੱਡੀਆਂ ਦੇ ਖਾਣ ਤੋਂ ਬਚਾਓ ਲਈ ਸੰਦੂਕਾਂ, ਪੇਟੀਆਂ ਆਦਿ 'ਚ ਕੱਪੜਿਆਂ ਦੀਆਂ ਤਹਿਆਂ 'ਚ ਫਰਨੈਲ ਦੀਆਂ ਗੋਲੀਆਂ ਰੱਖੀਆਂ ਜਾਂਦੀਆਂ ਸਨ। ਮੁੱਕਦੀ ਗੱਲ, ਹੁਣ ਤਾਂ ਫਰਨੈਲ ਵਾਲੀਆਂ ਗੋਲੀਆਂ ਦੇ ਮਹਿਕ ਵਾਲੇ ਮਠਿਆਈ ਦੇ ਡੱਬਿਆਂ ਨੂੰ ਵੀ ਤਰਸ ਗਏ।

ਹਾਂ! ਹੁਣ ਮੈਂ ਉਹ ਦੋ ਨਜ਼ਦੀਕੀ ਵਿਆਹਾਂ ਵਲ ਮੁੜ ਆਉਨਾਂ; ਵਿਆਹ 'ਤੇ ਤਾਂ ਸਾਨੂੰ ਨਾ ਸੱਦਿਆ, ਪਰ ਵਿਆਹ ਹੁੰਦਾ ਦੇਖਣ ਲਈ ਯੂ-ਟਿਊਬ ਦਾ ਲਿੰਕ ਜਰੂਰ ਭੇਜ ਦਿੱਤਾ। ਦੋਵੇਂ ਵਿਆਹ ਉਪਰੋਥਲੀ ਸਨ-ਇੱਕ ਐਤਵਾਰ ਤੇ ਦੂਜਾ ਸੋਮਵਾਰ। ਵਿਆਹ ਸ਼ੁਰੂ ਹੋਣ ਤੋਂ ਪਹਿਲਾਂ ਅਸੀਂ ਪੂਰੀ ਤਿਆਰੀ ਖਿੱਚ, ਜਿਵੇਂ ਸੱਚੀਂ ਹੀ ਵਿਆਹ ਜਾਣਾ ਹੋਵੇ ਬਣ ਠਣ ਕੇ ਸੋਫਿਆਂ 'ਤੇ ਆਪੋ ਆਪਣੀ ਥਾਂ ਟੈਲੀਵਿਜ਼ਨ ਮੂਹਰੇ ਬੈਠ ਗਏ। ਮੇਰਾ ਢਾਈ ਸਾਲ ਦਾ ਪੋਤਾ ਤੇ ਸਾਢੇ ਚਾਰ ਸਾਲ ਦੀ ਪੋਤੀ ਇੱਕ ਦਿਨ ਪਹਿਲਾਂ ਹੀ ਟੀ. ਵੀ. 'ਤੇ ਵਿਆਹ ਦੇਖਣ ਦੀ ਤਿਆਰੀ ਕਰੀ ਬੈਠੇ ਸਨ। ਸਵੇਰੇ ਹੀ ਮੇਰੇ ਪੋਤੇ ਨੇ ਗਲਾਸਗੋ ਤੋਂ ਮੇਰੇ ਵੱਡੇ ਭਰਾ ਭਰਜਾਈ ਦਾ ਭੇਜਿਆ 'ਮਾਰਕਸ ਐਂਡ ਸਪੈਂਸਰ' ਦਾ ਦੋ ਪੀਸ ਸੂਟ ਪਾ, ਗਲ 'ਚ ਬੋ ਟਾਈ ਲਾ ਤੇ ਸਿਰ 'ਤੇ ਸੂਟ ਦੇ ਰੰਗ ਦੀ ਹੀ ਦਸਤਾਰ ਸਜਾ, ਸਭ ਤੋਂ ਮੂਹਰੇ ਤਿਆਰ ਹੋ ਕੇ ਬੈਠ ਗਿਆ। ਉਹ ਅਕਸਰ ਹੀ ਆਮ ਕਹਿ ਦਿੰਦਾ ਸੀ, "ਬਾਬਾ ਜੀ, ਆਪਾਂ ਨੂੰ ਹੁਣ ਕੋਈ ਵਿਆਹ ਨਹੀਂ ਸਦਦਾ।" ਇਹੀ ਗੱਲ ਕਈ ਵਾਰੀ ਦੁਹਰਾਉਂਦਾ ਰਹਿੰਦਾ।

ਉਸ ਦੇ ਇਸ ਤਕੀਆ-ਕਲਾਮ ਬਾਰੇ ਮੈਂ





ਦੱਸਦਾਂ! ਕੋਵਿਡ ਪ੍ਰਕੋਪ ਸ਼ੁਰੂ ਹੋਣ ਤੋਂ ਪਹਿਲਾਂ ਦਸੰਬਰ ਦੇ ਸ਼ੁਰੂ 'ਚ, ਸਾਨੂੰ ਗੁਆਂਢ 'ਚ ਦੋ ਘਰ ਛੱਡ ਕੇ, ਨਵੇਂ ਹੀ ਆਏ ਗੁਆਂਢੀਆਂ ਦੇ ਵਿਆਹ 'ਚ ਸ਼ਾਮਲ ਹੋਣ ਲਈ ਲੱਡੂ ਤੇ ਕਾਰਡ ਆਏ। ਮੈਂ ਸੋਚਾਂ ਕਿ ਉਨ੍ਹਾਂ ਸਾਨੂੰ ਸੱਦਣ ਦੀ ਕਾਹਨੂੰ ਖੇਚਲ ਕਰਨੀਂ ਸੀ? ਉਨ੍ਹਾਂ ਤਾਂ ਗੁਆਂਢ 'ਚ ਨਵਾਂ ਨਵਾਂ ਵਾਸਾ ਕੀਤਾ ਹੈ। ਮੈਂ ਸੋਚਾਂ 'ਚ ਗੁਆਚਿਆ ਕਾਰਨ ਲੱਭਣ ਲੱਗਾ ਤੇ ਇੱਕ ਦਮ ਖਿਆਲ ਦੌੜਿਆ ਕਿ ਸ਼ਾਇਦ ਇਸ ਦੇ ਪਿੱਛੇ ਕਾਰਨ ਇਹ ਹੋਵੇ ਕਿ ਪਿਛਲੀਆਂ ਗਰਮੀਆਂ 'ਚ ਵੀ ਆਮ ਵਾਂਗ ਮੈਂ ਬਹੁਤਾ ਸਮਾਂ ਘਰ ਦੇ ਮੂਹਰੇ ਫਲਾਂ ਦੇ ਦਰੱਖਤਾਂ ਦੀ ਛਾਂਵੇਂ ਬੈਠਦਾ ਤੇ ਮੇਰਾ ਪੋਤਾ ਵੀ ਮੇਰੇ ਨਾਲ ਹੀ ਬੈਠ ਉੱਥੇ ਖੇਡਦਾ ਰਹਿੰਦਾ। ਉਹ ਗੁਆਂਢੀ ਬਜ਼ੁਰਗ ਸ਼ਾਮ ਨੂੰ ਜਦੋਂ ਕੰਮ ਤੋਂ ਆਉਂਦੇ ਤਾਂ ਇਹ ਮੇਰੇ ਕੋਲੋਂ ਉੱਠ ਨੱਠ ਕੇ ਜਾ ਜੱਫੀ ਪਾ ਕੇ ਮਿਲਦਾ ਤੇ ਨਾਲੇ ਮੇਰੀ ਬੁਕਲ 'ਚੋਂ ਨਿਲਦਾ ਹੀ ਉੱਚੀ ਉੱਚੀ ਕਹਿਣ ਲੱਗਦਾ, "ਬਾਬਾ ਜੀ ਸਾਸਰੀ ਕਾਲ, ਬਾਬਾ ਜੀ ਸਾਸਰੀ ਕਾਲ।" ਤੇ ਉਨ੍ਹਾਂ ਨੂੰ ਝੱਟ ਜਾ ਚੰਬੜਦਾ। ਅੱਗੋਂ ਪਿਛੋਂ ਵੀ ਜਦੋਂ ਕਦੇ ਉਹ ਉਸ ਨੂੰ ਦਿਸ ਪੈਂਦੇ ਤਾਂ ਉੱਚੀ ਅਵਾਜ਼ 'ਚ ਕਹਿੰਦਾ "ਬਾਬਾ ਜੀ, ਸਾਸਰੀ ਕਾਲ! ਤੁਸੀਂ ਕੀ ਕਰਦੇ ਆਂ?"

ਜਦੋਂ ਮੈਂ ਲੱਡੂਆਂ ਦਾ ਡੱਬਾ ਤੇ ਕਾਰਡ ਲੈ, ਅੰਦਰ ਵੜਿਆ ਤਾਂ ਮੈਨੂੰ ਇੱਕ ਦਮ ਖੁੜਕਿਆ ਕਿ ਇਸ ਵਿਆਹ ਦਾ ਸੱਦਾ ਸਾਨੂੰ ਮੇਰੇ ਪੋਤੇ ਦੀ ਸਾਂਝ ਕਰਕੇ ਮਿਲਿਆ ਹੈ; ਕਿਉਂਕਿ ਉਸ ਦਾ ਗੂੜ੍ਹਾ ਸਨੇਹ ਉਸ ਬਜ਼ੁਰਗ ਨਾਲ ਪੈ ਗਿਆ ਸੀ, ਜਿਸ ਦੇ ਲੜਕੇ ਦਾ ਵਿਆਹ ਸੀ। ਵਿਆਹ ਸ਼ੁੱਕਰਵਾਰ ਸੀ, ਸਾਡੇ ਬਾਕੀ ਜੀਅ ਕੰਮ 'ਤੇ ਸਨ, ਮੈਂ ਤੇ ਮੇਰਾ ਪੋਤਾ ਹੀ ਵਿਆਹ ਗਏ। ਵਿਆਹ 'ਤੇ ਮਿਲਣੀ ਹੋਣ ਲੱਗੀ ਤਾਂ ਮੇਰਾ ਪੋਤਾ ਜਾਂਦਾ ਹੀ 'ਬਾਬਾ ਜੀ, ਬਾਬਾ ਜੀ' ਕਰਦਾ ਗੁਆਂਢੀ ਬਾਬਾ ਜੀ ਦੀਆਂ ਲੱਤਾਂ ਨੂੰ ਜਾ ਚੰਬੜਿਆ ਤੇ ਉਨ੍ਹਾਂ ਗੋਦੀ ਚੁੱਕ ਲਿਆ। ਲਾਵਾਂ ਅਤੇ ਪੂਰਾ ਵਿਆਹ ਹੁੰਦੇ ਦੌਰਾਨ ਵੀ ਉਸੇ ਬਾਬਾ ਜੀ ਦੇ ਦੁਆਲੇ ਹੀ ਘੁੰਮਦਾ ਰਿਹਾ। ਹੁਣ ਮੇਰਾ ਵਿਸ਼ਵਾਸ ਪੱਕਾ ਹੋ ਗਿਆ ਕਿ ਇਹ ਵਿਆਹ ਸਾਨੂੰ ਮੇਰੇ ਪੋਤੇ ਕਰਕੇ ਹੀ ਆਇਆ ਹੈ।

ਕੋਵਿਡ ਮਹਾਮਾਰੀ ਦੌਰਾਨ ਅਜਿਹੇ ਵਿਆਹ ਦੇਖਣਾ ਤਾਂ ਦੂਰ ਦੀ ਗੱਲ, ਹੁਣ ਤਾਂ ਵਾਰ ਵਾਰ ਸਾਬਣ ਨਾਲ ਹੱਥ ਧੋਣ, ਸੈਨੇਟਾਈਜ਼ਰ ਵਰਤਣਾ, ਮੂੰਹ ਤੇ ਮਾਸਕ ਪਾਉਣਾ ਰੋਜਾਨਾ ਜੀਵਨ ਦਾ ਅੰਗ ਬਣ ਗਿਆ ਹੈ। ਅੱਗੇ, ਜਦੋਂ ਮਰਜੀ ਕਿਸੇ ਸਾਕ ਸਬੰਧੀ ਦੇ ਘਰ ਜਾ ਦਸਤਕ ਦਿਓ; ਅਗਲੇ ਖਿੜੇ ਮੱਥੇ ਜੀ ਆਇਆਂ ਕਹਿ, ਪੰਜਾਬੀ ਖੁੱਲੇ ਡੁੱਲੇ ਸੁਭਾਅ ਮੁਤਾਬਕ ਅੰਦਰ ਬਿਠਾ ਚਾਹ ਪਾਣੀ ਪਿਆ, ਆਪ ਵੀ ਅਨੰਦ ਮਾਣਦੇ ਸਨ ਤੇ ਜਾਣ ਵਾਲੇ ਨੂੰ ਵੀ ਇੱਕ ਅਜੀਬ ਖੁਸ਼ੀ ਦਾ ਅਨੁਭਵ ਕਰਵਾਉਂਦੇ ਸਨ। ਹੁਣ ਕੋਵਿਡ-19 ਨੇ ਇਹ ਸਭ ਕੁਝ ਲੀਹੋਂ ਲਾਹ ਮਾਰਿਆ ਹੈ। ਮੈਂ ਇਹ ਖੁਦ ਮਹਿਸੂਸ ਕਰ ਰਿਹਾ ਹਾਂ ਕਿ ਕਿਸੇ ਦੇ ਜਾਣਾ ਜਾਂ ਕਿਸੇ ਦਾ ਆਉਣਾ ਤਾਂ ਦੂਰ ਦੀ ਗੱਲ, ਲੋਕ ਇੱਕ ਦੂਸਰੇ ਨੂੰ ਫੋਨ ਕਰਨ ਤੋਂ ਵੀ ਝਿਜਕਣ ਲੱਗੇ ਹਨ ਜਿਵੇਂ ਕਿ ਫੋਨ ਦੇ ਵਿਚਦੀ ਵੀ ਕਿਤੇ ਕਰੋਨਾ ਵਾਇਰਸ ਨਾ ਆ ਚੰਬੜੇ। ਇਹ ਇੱਕ ਸੁਭਾਅ ਬਣਨ ਵਲ ਨੂੰ ਤੁਰ ਪਿਆ ਹੈ ਕਿ ਜੇ ਮਿਲਣ-ਗਿਲਣ ਤੋਂ ਰੁਕਾਵਟ ਹੈ ਤਾਂ ਫੋਨ ਕਰਨ ਤੋਂ ਵੀ ਝਿਜਕ ਹੋਣ ਲੱਗਾ ਹੈ। ਸੈਲ ਫੋਨ ਤਾਂ ਭਾਵੇਂ ਮੇਰੇ ਕੋਲ ਹੈ ਨਹੀਂ, ਪਰ ਘਰ ਦੇ ਬਾਹਰ ਮੁਹਰੇ ਜਾਂ ਪਿਛਵਾੜੇ, ਸੰਘਣੇ ਦਰੱਖਤਾਂ ਦੀ ਛਾਂਵੇਂ ਬੈਠਾ ਸਾਰਾ ਦਿਨ ਲੈਂਡ ਲਾਈਨ ਵਾਲਾ ਫੋਨ ਹੀ ਜੇਬ 'ਚ ਪਾ ਕੇ ਬੈਠਾ ਰਹਿੰਦਾ ਹਾਂ; ਪਰ ਜਦੋਂ ਚੌਥੇ ਪੰਜਵੇਂ ਦਿਨ ਇਕ ਅੱਧ ਵਾਰ ਉਸ ਦੀ ਰਿੰਗ ਵੱਜਦੀ ਹੈ, ਉਸ ਵਿਚੋਂ ਵੀ ਬਹੁਤੀ ਵਾਰੀ ਜਾਂ ਤਾਂ ਫਰਾਡ ਕਾਲ ਹੁੰਦੀ ਹੈ ਜਾਂ ਕੋਈ ਟੈਲੀਮਾਰਕਿਟਰ। ਸਾਰਾ ਦਿਨ ਜੇਬ 'ਚ ਪਾਇਆ ਫੋਨ ਵੀ ਹੁਣ ਮੈਨੂੰ ਅਕੇਵਾਂ ਮਹਿਸੂਸ ਕਰਵਾਉਣ ਲੱਗ ਪਿਆ ਹੈ ਕਿ ਕਿਉਂ ਮੈਂ ਬੋਝੇ 'ਚ ਫੋਨ ਦਾ ਭਾਰ ਚੁੱਕੀ ਬੈਠਾ ਰਹਿੰਦਾ ਹਾਂ, ਜਦੋਂ ਕਿਸੇ ਫੋਨ ਤਾਂ ਕਰਨਾ ਹੀ ਨਹੀਂ!

ਕਿਸੇ ਦੇ ਜਾਣ ਜਾਂ ਕਿਸੇ ਦੇ ਆਉਣ ਦਾ ਚਾਅ ਬਣਿਆ ਰਹਿੰਦਾ ਸੀ, ਹੁਣ ਨਾ ਕੋਈ ਕਿਸੇ ਦੇ ਆਏ ਤੇ ਨਾ ਕਿਸੇ ਦੇ ਜਾਓ। ਵਡੇਰੀ ਉਮਰ ਵਾਲਿਆਂ ਦੇ ਮਨਾਂ 'ਚ ਤਾਂ ਇਸ ਮਹਾਮਾਰੀ ਦਾ ਭੈ ਹੋਰ ਵੀ ਬਣਿਆ ਹੋਇਆ ਹੈ। ਮੇਰੇ ਮਨ 'ਚ ਇਹ ਵਿਚਾਰ ਹਾਲੇ ਘੁੰਮ ਹੀ ਰਹੇ ਸਨ ਕਿ ਮੇਰੀ ਜੇਬ 'ਚ ਪਏ ਫੋਨ ਦੀ ਘੰਟੀ ਵੱਜਣ ਲੱਗੀ, ਮੇਰਾ ਮਨ ਇੱਕ ਦਮ ਖਿੜ ਗਿਆ ਕਿ ਕੋਈ ਫੋਨ ਤਾਂ ਆਇਆ, ਐਵੇਂ ਚਹੁੰ ਦਿਨਾਂ ਦਾ ਪੈਂਟ ਦੇ ਬੋਝੇ 'ਚ ਪਾਈ ਫਿਰਦਾਂ; ਪਿਛਲੇ ਚਾਰ ਦਿਨ ਤਾਂ ਕੋਈ ਘੰਟੀ ਵੱਜੀ ਹੀ ਨਹੀਂ! ਮੈਂ ਦਬਾ ਦਬ ਫੋਨ ਕੱਢਣ ਲੱਗਾ ਤਾਂ ਮੈਂ ਜਿੰਨਾ ਜਲਦੀ ਉਸ ਨੂੰ ਕੱਢਣ ਦਾ ਯਤਨ ਕਰਾਂ, ਉਹ ਉਤਨਾ ਹੀ ਹੋਰ ਸੱਜੀ ਜੇਬ ਦੀ ਨੁੱਕਰੇ ਸਿਰ ਅੜਾਈ ਜਾਏ; ਮੇਰੇ ਕੱਢਦੇ ਕੱਢਦੇ ਦੋ ਘੰਟੀਆਂ ਜੇਬ 'ਚ ਹੀ ਵੱਜ ਗਈਆਂ ਤਾਂ ਮੈਨੂੰ ਭੈਅ ਬਣਨ ਲੱਗਾ ਕਿ ਅਗਲਾ ਫੋਨ ਰੱਖ ਹੀ ਨਾ ਦਏ! ਖਿੱਚ ਧੂਹ ਕਰਦੇ ਨੇ ਜੇਬ 'ਚੋਂ ਫੋਨ ਕੱਢ ਹੀ ਲਿਆ ਤੇ ਦਬਾ ਦਬ ਹਰਾ ਬਟਨ ਦਬਾ ਉੱਚੀ ਦੇ ਕੇ ਹੈਲੋ ਕਿਹਾ, ਜੋ ਆਲੇ-ਦੁਆਲੇ ਦੋ ਦੋ ਘਰਾਂ 'ਚ ਸੁਣਿਆ ਹੋਊ।

ਇਹ ਸਾਡੀ ਰਿਸ਼ਤੇਦਾਰੀ 'ਚੋਂ ਇੱਕ ਬੀਬੀ ਦਾ ਫੋਨ ਸੀ, ਹੁਣ ਮੈਂ ਘਰ ਦੇ ਮੂਹਰੇ ਫਲਾਂ ਦੇ ਦਰੱਖਤਾਂ ਦੀ ਛਾਂਵੇਂ ਆਰਾਮ ਕੁਰਸੀ 'ਤੇ ਬੈਠੇ, ਉਸ ਨਾਲ ਗੱਲਾਂ ਕਰਨ ਨੂੰ ਡਡਿਆਏ ਪਏ ਨੇ ਲਗਦੀ ਹੀ ਸੱਟੇ ਉਸ ਦਾ ਹਾਲ ਚਾਲ ਪੁੱਛ ਮਾਰਿਆ। ਮਹੀਨਾ ਕੁ ਪਹਿਲਾਂ ਉਸ ਦਾ ਸੱਜਾ ਗੋਡਾ ਨਵਾਂ ਪਾਇਆ ਸੀ ਤਾਂ ਉਦੋਂ ਮੈਂ ਆਪਣੀ ਬੇਟੀ ਨੂੰ ਨਾਲ ਲੈ ਉਨ੍ਹਾਂ ਦੇ ਘਰ ਦੂਰੋਂ ਹੀ ਬੈਠ ਉਸ ਦੀ ਖਬਰਸਾਰ ਲੈ ਆਏ ਸਾਂ। ਮੈਂ ਸੋਚਦਾ ਸਾਂ ਕਿ ਹੁਣ ਤਾਂ ਉਹ ਨੌ-ਬਰ-ਨੌ ਹੋ ਠੁਮਕ-ਠੁਮਕ ਤੁਰੀ ਫਿਰਦੀ ਹੋਊ, ਪਰ ਜਦੋਂ ਉਸ ਨਾਲ ਗੱਲਬਾਤ ਸ਼ੁਰੂ ਕੀਤੀ ਤਾਂ ਉਸ ਦਾ ਤਾਂ ਰੰਗ ਢੰਗ ਈ ਹੋਰ ਸੀ। ਇਸ ਮਹਾਮਾਰੀ ਦੌਰਾਨ ਉਹ ਗੋਡਾ ਤਾਂ ਨਵਾਂ ਪੁਆ ਆਈ, ਪਰ ਰੀ-ਹੈਬ ਲਈ ਉਸ ਦੀ ਵਾਰੀ ਆਉਣ 'ਚ ਦੇਰੀ ਹੋਣ ਕਰਕੇ ਘਰੇ ਹੀ ਡਾਕਟਰਾਂ ਦੇ ਦੱਸੇ ਮੁਤਾਬਕ, ਕੁਝ ਕਸਰਤ ਕਰਨ ਦਾ ਯਤਨ ਤਾਂ ਕਰਦੀ ਰਹੀ ਪਰ ਉਸ ਦਾ ਗੋਡਾ ਸਹੀ ਹੋਣ ਦੀ ਥਾਂ ਹੋਰ ਵੀ ਜਕੜਿਆ ਗਿਆ। ਹੁਣ ਉਸ ਨੂੰ ਤੁਰਨ 'ਚ ਵੀ ਤਕਲੀਫ ਅਤੇ ਬੈਠਣ ਉੱਠਣ 'ਚ ਵੀ ਔਖਿਆਈ ਡਾਢੀ ਸੀ। ਸਭ ਤੋਂ ਵੱਧ ਉਹ ਕੋਵਿਡ-19 ਕਾਰਨ ਘਰੇ ਕੈਦ ਹੋਣ ਤੋਂ ਦੁਖੀ ਸੀ। ਮਹਾਮਾਰੀ ਤੋਂ ਪਹਿਲਾਂ ਜੋ ਖੁੱਲ੍ਹਾਂ ਸਨ, ਉਨ੍ਹਾਂ ਦਾ ਝੋਰਾ ਉਸ ਨੂੰ ਵੱਧ ਖਾਈ ਜਾ ਰਿਹਾ ਸੀ। ਮੈਂ ਸੋਚਾਂ ਕਿ ਮੈਂ ਤਾਂ ਸੋਚਦਾ ਸੀ ਕਿ ਮੈਨੂੰ ਕੋਈ ਫੋਨ ਨਹੀਂ ਆਉਂਦਾ, ਇਸ ਕਰਕੇ ਝੋਰਾ ਕਰਦਾਂ, ਅੱਗੋਂ ਇਹ ਬੀਬੀ ਮੇਰੇ ਨਾਲੋਂ ਵੀ ਵੱਧ ਦੁਖੀ ਹੈ, ਸਾਰਿਆਂ ਵਾਂਗ ਇਸ ਮਹਾਮਾਰੀ ਦੌਰਾਨ ਬੰਦਿਸ਼ਾਂ ਤੋਂ ਤਾਂ ਔਖੀ ਹੈ ਹੀ, ਪਰ ਜਿਹੜਾ ਉੱਪਰੋਂ ਉਸ ਦੇ ਗੋਡੇ ਦਾ ਮੁਰੰਮਤ ਕਰਵਾਉਣ ਉਪਰੰਤ ਵੀ ਠੀਕ ਨਾ ਹੋਣਾ ਉਸ ਲਈ ਦੂਹਰੇ ਸਦਮੇ ਵਾਲੀ ਗੱਲ ਹੈ।

ਜਹਾਜਾਂ 'ਚ ਸਫਰ ਕਰਨ ਤੋਂ ਵੀ ਭੈਅ ਆਉਣ ਲੱਗਾ ਹੈ, ਜਦੋਂ ਹਜ਼ਾਰਾਂ ਹੀ ਯਾਤਰੂ, ਆਮ ਵਾਂਗ ਪੰਜਾਬ ਫੇਰੀ 'ਤੇ ਗਏ, ਉੱਥੇ ਹੀ ਫਸ ਗਏ ਤੇ ਕਿਵੇਂ ਤਰਲਿਆਂ ਨਾਲ ਤਿੱਗਣਾ-ਚੌਗਣਾ ਭਾੜਾ ਜਹਾਜਾਂ ਵਾਲਿਆਂ ਨੂੰ ਦੇ ਵਾਪਸ ਪਰਤੇ, ਖੱਜਲ-ਖੁਆਰੀ ਵਾਧੂ। ਜਿਨ੍ਹਾਂ ਇਹ ਤਜ਼ਰਬਾ ਹੱਡੀਂ ਹੰਢਾਇਆ, ਉਹ ਤਾਂ ਮੁੜ ਜਾਣ ਤੋਂ ਪਹਿਲਾਂ ਸੌ ਵਾਰੀ ਸੋਚਣਗੇ। ਸਾਡੇ ਕਈ ਨਜ਼ਦੀਕੀ ਰਿਸ਼ਤੇਦਾਰ ਜਿਵੇਂ ਜਿਵੇਂ ਮੁੜ ਕੇ ਆ ਕੇ ਆਪਣੀਆਂ ਹੱਡ ਬੀਤੀਆਂ ਸੁਣਾਉਂਦੇ ਹਨ ਤਾਂ ਸੁਣ ਕੇ ਹੈਰਾਨੀ ਤੇ ਡਾਢਾ ਦੁੱਖ ਹੁੰਦਾ ਹੈ ਕਿ ਕਿਵੇਂ ਚੰਗੇ ਭਲੇ ਜਾਣ-ਪਛਾਣ ਵਾਲੇ ਤੇ ਹੋਰ ਸਾਕ ਸਬੰਧੀ ਵੀ, ਮਿਲਣੋਂ ਗੁਰੇਜ਼ ਕਰਨ ਲੱਗ ਪਏ ਸਨ। ਜੇ ਕੋਈ ਬਾਹਰੋਂ ਗਿਆ ਪੰਜਾਬ 'ਚ ਮਰ ਗਿਆ ਤਾਂ ਉਸ ਦੀ ਅਰਥੀ ਨੂੰ ਮੋਢਾ ਦੇਣਾ ਤਾਂ ਦੂਰ ਦੀ ਗੱਲ, ਉਸ ਦੀ ਦੇਹ ਨੂੰ ਅਗਨ ਭੇਟ ਕਰਨ ਤੋਂ ਵੀ ਨੱਕ ਵੱਟਦੇ ਸਨ ਕਿ ਕਿਤੇ ਸਿਵਾ ਜਲਦੇ ਦੇ ਧੂਏਂ ਨਾਲ ਹੀ ਉਨ੍ਹਾਂ ਨੂੰ ਕਰੋਨਾ ਨਾ ਹੋ ਜਾਏ।

ਅਜਿਹੀ ਮਹਾਮਾਰੀ 'ਚ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲੇ ਅਮਲੇ-ਫੈਲੇ ਨੂੰ ਦਾਦ ਦੇਣੀ ਬਣਦੀ ਹੈ; ਜਿਨ੍ਹਾਂ ਇੰਨੀ ਸ਼ਿੱਦਤ ਨਾਲ ਅੱਗੇ ਹੋ ਕੇ ਮੋਰਚਾ ਸੰਭਾਲਿਆ ਹੋਇਆ ਹੈ; ਜਿਵੇਂ ਕਿ ਨਰਸਾਂ, ਡਾਕਟਰ ਤੇ ਹੋਰ ਕਰਮਚਾਰੀ, ਜੋ ਹਸਪਤਾਲਾਂ 'ਚ ਰੋਜ਼ ਹੀ ਮਹਾਮਾਰੀ ਪੀੜਤ ਮਰੀਜ਼ਾਂ ਦੀ ਦੇਖ-ਭਾਲ ਲਗਾਤਾਰ ਕਰਦੇ ਆ ਰਹੇ ਹਨ। ਅਸੀਂ ਤਾਂ ਘਰ ਬੈਠੇ ਹੀ ਡਰਦੇ ਹਾਂ, ਉਹ ਹਰ ਰੋਜ਼ ਖਤਰਾ ਮੁੱਲ ਲੈ ਕੇ ਕੋਵਿਡ-19 ਦੇ ਰੋਗੀਆਂ ਦੀ ਸਾਰ, ਪੱਬਾਂ ਭਾਰ ਹੋ ਕੇ ਲੈ ਰਹੇ ਹਨ।

ਇਸ ਮਹਾਮਾਰੀ ਨੇ ਕਿਸੇ ਨੂੰ ਬਖਸ਼ਿਆ ਨਹੀਂ, ਚਾਹੇ ਕੋਈ ਗਰੀਬ ਹੈ ਜਾਂ ਅਮੀਰ-ਸਾਰੀ ਦੁਨੀਆਂ ਨੂੰ ਭੁਆਂਟਣੀ ਦੇ ਦਿੱਤੀ ਹੈ। ਇੱਕ ਨਵਾਂ ਦੌਰ ਸ਼ੁਰੂ ਹੋ ਗਿਆ ਹੈ, ਜਿਸ 'ਚ ਰਹਿਣ-ਸਹਿਣ, ਮਿਲਣ-ਵਰਤਣ ਆਦਿ ਦੇ ਤੌਰ ਤਰੀਕੇ ਹੀ ਬਦਲ ਗਏ ਹਨ। ਰੈਸਟੋਰੈਂਟ, ਹਵਾਈ ਸਫਰ, ਸਮੁੰਦਰੀ ਜਹਾਜਾਂ ਦੀਆਂ ਅਨੰਦਮਈ ਯਾਤਰਾਵਾਂ, ਵੱਡੇ ਵੱਡੇ ਸੰਗੀਤ ਦੇ ਸੰਮੇਲਨ, ਸਿਆਸੀ ਤੇ ਧਾਰਮਿਕ ਇਕੱਠ, ਖੇਡ ਦਰਸ਼ਕਾਂ ਦੀਆਂ ਭੀੜਾਂ-ਸਭ ਬੀਤੇ ਦੀ ਗੱਲ ਬਣ ਕੇ ਰਹਿ ਗਈਆਂ ਹਨ। ਇਸ ਸਭ ਕਾਸੇ ਨਾਲ ਵਪਾਰ ਤੇ ਨੌਕਰੀਆਂ ਨੂੰ ਡਾਢੀ ਢਾਹ ਲੱਗੀ ਹੈ, ਲੋਕਾਂ ਦੇ ਰੁਜ਼ਗਾਰ ਖੁੱਸੇ ਹਨ, ਇਹ ਸਭ ਬੇਮਿਸਾਲ ਹੈ। ਭਾਵੇਂ ਕੁਝ ਮੁਲਕਾਂ ਦੀਆਂ ਸਰਕਾਰਾਂ ਰਾਹਤ ਕਾਰਜਾਂ 'ਚ ਲੋਕਾਂ ਦੀ ਮਦਦ ਕਰ ਰਹੀਆਂ ਹਨ, ਪਰ ਜਿਹੜੇ ਮੁਲਕ ਇਸ ਦੇ ਸਮਰੱਥ ਨਹੀਂ ਅਤੇ ਜਿਨ੍ਹਾਂ ਕੋਲ ਸਾਧਨਾਂ ਤੇ ਵਸੀਲਿਆਂ ਦੀ ਘਾਟ ਹੈ, ਉਨ੍ਹਾਂ ਦੇਸ਼ਾਂ ਦੇ ਲੋਕਾਂ ਦਾ ਕੀ ਹਾਲ ਹੈ? ਲਗਦੈ ਇਸ ਮਹਾਮਾਰੀ ਨੂੰ ਨਜਿੱਠਣ ਤੇ ਢੁਕਵੇਂ ਸਥਾਈ ਹੱਲ ਅਨੁਸਾਰ ਇਸ 'ਤੇ ਕਾਬੂ ਪਾਉਣ ਲਈ ਹਾਲੇ ਲੰਬੀ ਅਤੇ ਅਣਮੁੱਕ ਜੱਦੋ ਜਹਿਦ ਕਰਨੀ ਪੈਣੀ ਹੈ; ਨਾਲ ਹੀ ਹਰ ਪੱਖੋਂ ਇਸ ਦਾ ਸਾਹਮਣਾ ਸਿਰੜ, ਜ਼ਾਬਤੇ ਤੇ ਪਰਪੱਕ ਇਰਾਦੇ ਨਾਲ ਕਰਨ ਦੀ ਲੋੜ ਹੈ।

## ਕਰੋਨਾ ਮਹਾਮਾਰੀ: ਵਿਗਿਆਨਕ, ਸਮਾਜਕ ਤੇ ਰਾਜਨੀਤਕ ਪਹਿਲੂ

*(ਪਿਛਲੇ ਸਫੇ ਦੀ ਬਾਕੀ)*

ਸੀ ਕਿ ਉਹ ਕੋਵਿਡ-19 ਵਰਗੇ ਸਿਹਤ ਸੰਕਟ ਦਾ ਸਫਲਤਾਪੂਰਵਕ ਮੁਕਾਬਲਾ ਕਰਨ ਵਿਚ ਸੰਸਾਰ ਭਰ ਵਿਚ ਪਹਿਲੇ ਤੇ ਦੂਜੇ ਆਉਣਗੇ ਪਰ ਇਸ ਦੀ ਬਜਾਏ ਜੂਨ ਦੇ ਆਖਰੀ ਹਫਤੇ ਤੱਕ ਅਮਰੀਕਾ ਪਹਿਲੇ ਤੇ ਇੰਗਲੈਂਡ ਕੋਵਿਡ-19 ਨਾਲ ਨਜਿੱਠਣ ਵਿਚ ਅਸਫਲ ਰਹਿਣ ਵਾਲੇ ਦੇਸ਼ਾਂ ਵਿਚ ਦੂਜੇ ਸਥਾਨ 'ਤੇ ਉਭਰ ਕੇ ਸਾਹਮਣੇ ਆਏ। 1,22,000 ਤੋਂ ਵੱਧ ਲੋਕਾਂ ਦੀ ਮੌਤ ਅਮਰੀਕਾ ਅਤੇ 65,700 ਤੋਂ ਵੱਧ ਇੰਗਲੈਂਡ ਵਿਚ ਹੋਈ। ਇਸ ਦਾ ਕਾਰਨ ਕੀ ਹੋ ਸਕਦਾ ਸੀ? ਇਹ ਦੋਵੇਂ ਦੇਸ਼ ਗਲੋਬਲ ਹੈਲਥ ਸਿਕਿਓਰਟੀ ਇੰਡੈਕਸ ਦੁਆਰਾ ਨਿਰਧਾਰਤ ਉਮੀਦਾਂ ਨੂੰ ਪੂਰਾ ਕਰਨ ਵਿਚ ਬੁਰੀ ਤਰ੍ਹਾਂ ਅਸਫਲ ਰਹੇ ਹਨ, ਕਿਉਂਕਿ ਗਲੋਬਲ ਹੈਲਥ ਸਿਕਿਓਰਟੀ ਇੰਡੈਕਸ ਤਿਆਰ ਕਰਨ ਲਈ ਰਾਸ਼ਟਰੀ ਨੀਤੀ ਦੇ ਰਾਜਨੀਤਕ ਪ੍ਰਸੰਗ ਨੂੰ ਧਿਆਨ ਵਿਚ ਨਹੀਂ ਰੱਖਿਆ ਜੋ ਮਹਾਮਾਰੀ ਨਾਲ ਟੱਕਰ 'ਚ ਰੋਲ ਨਿਭਾਏਗਾ। ਇਹ ਨੁਕਤਾ ਗਾਵਿਨ ਯੇਮੀ ਤੇ ਕਲੇਰ ਵੈਨਹੈਮ ਨੇ ਵੀ 1 ਜੁਲਾਈ ਦੇ ਆਪਣੇ 'ਟਾਈਮਜ਼' ਦੇ ਲੇਖ 'ਚ ਵੀ ਉਠਾਇਆ ਸੀ।

ਇਹ ਪੁੱਛਣਾ ਬਹੁਤ ਵਾਜਬ ਬਣਦਾ ਹੈ ਕਿ 'ਕੌਮੀ ਨੀਤੀ ਦੇ ਰਾਜਨੀਤਕ ਪ੍ਰਸੰਗ' ਵਿਚ ਕੀ ਸੀ ਜਿਸ ਨੇ ਅਮਰੀਕਾ ਤੇ ਇੰਗਲੈਂਡ ਨੂੰ ਕਰੋਨਾ ਵਾਇਰਸ ਮਹਾਮਾਰੀ ਦੇ ਟਾਕਰੇ ਵਿਚ ਸਫਲ ਹੋਣ ਵਾਲਿਆਂ ਦੀ ਬਜਾਏ ਫੇਲ੍ਹ ਹੋਣ ਵਾਲਿਆਂ ਦੇ ਲੀਡਰ ਬਣਾ ਦਿੱਤਾ?

ਅਗਲੇ ਲੇਖ ਵਿਚ ਅਸੀਂ ਅੰਕੜਿਆਂ ਦੇ ਆਧਾਰ 'ਤੇ ਇਸ ਮੁੱਦੇ ਦੀ ਪੁਣ-ਛਾਣ ਕਰਾਂਗੇ।

*(ਚਲਦਾ)*

# ਪੁਲਿਸ ਬਨਾਮ ਪੁਲਿਸ

ਪਿਛਲੇ ਦਿਨੀਂ ਜੋ ਖਬਰਾਂ ਪੜ੍ਹਨ ਨੂੰ ਮਿਲੀਆਂ ਉਹ ਉਦਾਸ ਹੀ ਕਰ ਰਹੀਆਂ ਹਨ। ਕੁਝ ਚੈਨਲਾਂ ਤੋਂ ਅਤੇ ਫੇਸਬੁੱਕ 'ਤੇ ਪਾਈਆਂ ਕਲਿਪਿੰਗਜ਼ ਦੇਖ ਕੇ ਮਨ ਝੁੰਜਲਾ ਉਠਦਾ ਹੈ ਕਿ ਕੀ ਅਸੀਂ ਸਭਿਅਕ ਸਮਾਜ ਵਿਚ ਰਹਿ ਰਹੇ ਹਾਂ? ਸਭ ਤੋਂ ਜ਼ਿਆਦਾ ਖਾਕੀ ਵਰਦੀ ਦਾ ਕਹਿਰ ਸਾਹਮਣੇ ਆਉਂਦਾ ਹੈ। ਇਹ ਨਹੀਂ ਕਿ ਕਿਸੇ ਇੱਕ ਸੂਬੇ ਦੀ ਪੁਲਿਸ ਜ਼ਿਆਦਤੀ ਕਰ ਰਹੀ ਹੈ, ਹਰ ਸੂਬੇ ਵਿਚ ਹੀ ਇਹੋ ਹਾਲ ਹੈ। ਅਜੇ ਹਾਥਰਸ ਵਾਲੀ ਘਟਨਾ ਦੀ ਗਰਦ ਹਵਾ ਵਿਚ ਹੀ ਉਡ ਰਹੀ ਸੀ ਕਿ ਬੰਗਾਲ ਪੁਲਿਸ ਦੇ ਇਕ ਕਰਮਚਾਰੀ ਨੇ ਇਕ ਸਿੱਖ ਦੀ ਦਸਤਾਰ ਲਾਹ ਕੇ ਮਾਰ-ਕੁਟਾਈ ਕੀਤੀ। ਦਸਤਾਰ ਵਾਲੀਆਂ ਘਟਨਾਵਾਂ ਤਾਂ ਪੰਜਾਬ



**ਰਵਿੰਦਰ ਸਿੰਘ ਸੋਢੀ**
ਫੋਨ: 604-369-2371

ਵਿਚ ਵੀ ਨਿੱਤ ਵਾਪਰ ਜਾਂਦੀਆਂ ਹਨ, ਉਹ ਵੀ ਉਹਨਾਂ ਦੇ ਹੱਥੋਂ ਜਿਹਨਾਂ ਨੇ ਆਪ ਦਸਤਾਰ ਬੰਨ੍ਹੀ ਹੁੰਦੀ ਹੈ। ਯੂ.ਪੀ. ਤੋਂ ਲਗਾਤਾਰ ਅਜਿਹੀਆਂ ਘਿਨਾਉਣੀਆਂ ਖਬਰਾਂ ਪੜ੍ਹਨ ਨੂੰ ਮਿਲਦੀਆਂ ਹਨ। ਕੁਝ ਦਿਨ ਪਹਿਲਾਂ ਇਕ ਰੰਗਕਰਮੀ ਮਿੱਤਰ, ਉਸ ਦੀ ਕਲਾਕਾਰ ਧੀ ਅਤੇ ਕੁਝ ਹੋਰ ਕਲਾਕਾਰਾਂ ਨਾਲ ਮੋਗਾ ਵਿਖੇ ਇਕ ਸ਼ਰਾਬੀ ਪੁਲਿਸ ਕਰਮੀ ਨੇ ਦੁਰਵਿਹਾਰ ਕੀਤਾ। ਉਹ ਅਜਿਹਾ ਰੰਗਕਰਮੀ ਹੈ ਜੋ ਪੇਸ਼ੇ ਪੱਖੋਂ ਡਾਕਟਰ ਹੈ। ਰੰਗਮੰਚ ਉਸ ਦੀ ਇਬਾਦਤ ਹੈ। ਇਸ ਮੁਕੱਦਸ ਕੰਮ ਲਈ ਉਸ ਦੀ ਪਤਨੀ ਅਤੇ ਦੋਵੇਂ ਧੀਆਂ ਵੀ ਸਾਥ ਦੇ ਰਹੀਆਂ ਹਨ ਪਰ ਸੁਣਵਾਈ ਕੌਣ ਕਰੇ? ਕਲਾਕਾਰਾਂ ਨੇ ਹੀ ਨਹੀਂ ਸਗੋਂ ਆਮ ਲੋਕਾਂ ਨੇ ਵੀ ਇਸ ਘਟਨਾ ਦੀ ਪੁਰਜ਼ੋਰ ਨਿਖੇਧੀ ਕੀਤੀ ਹੈ। ਹੁਣ ਖਬਰ ਮਿਲੀ ਹੈ ਕਿ ਪੁਲਿਸ ਨੇ ਇਸ ਘਟਨਾ ਦੀ ਮੁਆਫੀ ਮੰਗ ਲਈ ਹੈ। ਗੱਲ ਮੁਆਫੀ ਨਾਲ ਖਤਮ ਨਹੀਂ ਹੁਦੀ। ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕੇ ਅਜਿਹੀਆਂ ਘਟਨਾਵਾਂ ਵਾਪਰਦੀਆਂ ਹੀ ਕਿਉਂ ਹਨ?

ਇਸ ਕਲਾਕਾਰ ਨਾਲ ਹੀ ਕਈ ਸਾਲ ਪਹਿਲਾਂ ਵੀ ਅਜਿਹੀ ਘਟਨਾ ਵਾਪਰ ਚੁੱਕੀ ਹੈ। ਉਹ ਮੰਚ 'ਤੇ ਨਾਟਕ ਪੇਸ਼ ਕਰ ਰਹੇ ਸਨ। ਉਸ ਦਾ ਇਕ ਡਾਇਲਾਗ ਸੀ ਕਿ ਪੁਲਿਸ ਵਾਲੇ ਸੇਵਾ ਬਹੁਤ ਕਰਦੇ ਹਨ। ਨਾਟਕ ਖਤਮ ਹੋਇਆ ਤਾਂ ਪੁਲਿਸ ਵਾਲੇ ਉਸ ਕੋਲ ਆ ਕੇ ਕਹਿਣ ਲਗੇ ਕਿ ਚੱਲ ਠਾਣੇ, ਉਥੇ ਜਾ ਕੇ ਦੱਸਦੇ ਹਾਂ ਕਿ ਪੁਲਿਸ ਦੀ ਸੇਵਾ ਕੀ ਹੁੰਦੀ ਹੈ? ਕਲਾਕਾਰਾਂ ਨੇ ਬੜਾ ਸਮਝਾਇਆ ਕਿ ਉਹ ਤਾਂ ਸਿਰਫ ਨਾਟਕ ਦਾ ਵਾਰਤਾਲਾਪ ਹੀ ਬੋਲ ਰਿਹਾ ਸੀ। ਜਦ ਗੱਲ ਉਪਰਲੇ ਅਫਸਰਾਂ ਤੱਕ ਪਹੁੰਚੀ, ਫੇਰ ਉਸ ਕਲਾਕਾਰ ਦਾ ਛੁਟਕਾਰਾ ਹੋਇਆ। ਕੀ ਪੁਲਿਸ ਵਾਲਿਆਂ ਨੂੰ ਇਹ ਵੀ ਨਹੀ ਪਤਾ ਕਿ ਨਾਟਕ ਜਾਂ ਰੰਗਮੰਚ ਕੀ ਹੁੰਦਾ ਹੈ? ਫਿਲਮਾਂ ਵਿਚ ਵੀ ਤਾਂ ਪੁਲਿਸ ਦੇ ਕਿਰਦਾਰ ਦੇ ਕਈ ਰੂਪ ਦਿਖਾਏ ਜਾਂਦੇ ਹਨ। ਉਹਨਾਂ 'ਤੇ ਪੁਲਿਸ ਦਾ ਡੰਡਾ ਕਿਉਂ ਨਹੀਂ ਚਲਦਾ? ਕਿਉਂਕਿ ਉਹ ਇਹਨਾਂ ਦੀ ਪਕੜ ਤੋਂ ਬਾਹਰ ਹਨ। ਉਏ ਭਲੇਮਾਣਸੋ! ਇਹ ਮੰਚ ਕਲਾਕਾਰ ਰੱਬੀ ਦਾਤ ਨਾਲ ਲਿਬਰੇਜ਼ ਹਨ। ਇਹਨਾਂ ਦੀ ਕਦਰ ਕਰਨਾ ਸਿਖੋ।

ਇਹ ਨਹੀਂ ਕਿ ਸਾਡੇ ਸਾਰੇ ਪੁਲਿਸ ਵਾਲੇ ਹੀ ਇਸ ਤਰ੍ਹਾਂ ਦੇ ਹਨ । ਲੌਕਡਾਊਨ ਦੇ ਦਿਨਾਂ ਵਿਚ ਜਿਥੇ ਪੁਲਿਸ ਵਾਲਿਆਂ ਦਾ ਨਾਜਾਇਜ਼ ਡੰਡਾ ਚਲਦਾ ਦਿਖਾਈ ਦਿਤਾ, ਉਥੇ ਕੁਝ ਪੁਲਿਸ ਕਰਮਚਾਰੀ ਜ਼ਰੂਰਤਮੰਦਾਂ ਦੀ ਸਹਾਇਤਾ ਕਰਦੇ ਵੀ ਨਜ਼ਰ ਆਏ। ਇਕ ਵਰਦੀ ਵਾਲਾ ਭਲਾ ਸਿਪਾਹੀ ਕਿਸੇ ਗਰੀਬ ਦੇ ਮੂੰਹ ਵਿਚ ਬੁਰਕੀਆਂ ਪਾ ਰਿਹਾ ਸੀ। ਪੁਲਿਸ ਦੀ ਇਕ ਟੋਲੀ ਨੇ ਗਰੀਬ ਰੇਹੜੀ ਵਾਲੇ ਤੋਂ ਸਬਜ਼ੀ ਖਰੀਦੀ ਅਤੇ ਪੈਸੇ ਦੇ ਕੇ ਤੋਰਿਆ ਪਰ ਕਿਸੇ ਹੋਰ ਕਲਿਪਿੰਗ ਵਿਚ ਦੇਖਿਆ ਕਿ ਲੇਡੀ ਪੁਲਿਸ ਅਫਸਰ ਸੜਕ ਦੇ ਕਿਨਾਰੇ ਸਬਜ਼ੀ ਵੇਚਣ ਰਹੇ ਮੁੰਡੇ ਨੂੰ ਉਥੋਂ ਭਜਾ ਰਹੀ ਹੈ ਅਤੇ ਕਿਤੇ ਹੋਰ ਪੁਲਿਸ ਦੀ ਟੋਲੀ ਸਬਜ਼ੀ ਵਾਲੀ ਰੇਹੜੀ ਹੀ ਪਲਟਾ ਰਹੀ ਹੈ। ਆਮ ਤੌਰ 'ਤੇ ਭਾਰਤ ਦੀ ਪੁਲਿਸ ਜ਼ਿਆਦਤੀਆਂ ਕਰਦੀ ਹੀ ਦਿਸਦੀ ਹੈ। ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਨੂੰ ਵੀ ਨਹੀਂ ਬਖਸ਼ਿਆ ਜਾਂਦਾ। ਬੇਰਹਿਮੀ ਨਾਲ ਥੱਪੜ, ਡੰਡੇ ਮਾਰੇ ਜਾਂਦੇ ਹਨ। ਇਹ ਦਾਸਤਾਨ ਖਤਮ ਹੋਣ ਵਾਲੀ ਨਹੀਂ। 1984 ਵਿਚ ਦਿੱਲੀ ਪੁਲਿਸ ਨੇ ਦੰਗਈਆਂ ਦੀ ਕਿਵੇਂ ਸਹਾਇਤਾ ਕੀਤੀ? ਗੁਜਰਾਤ ਵਿਚ ਸਮੇਂ ਦੀ ਸਰਕਾਰ ਦੀ ਸ਼ਹਿ 'ਤੇ ਕਿਵੇਂ ਇਕ ਤਬਕੇ ਦੇ ਲੋਕਾਂ ਦਾ ਘਾਣ ਕੀਤਾ ਗਿਆ, ਯੂ.ਪੀ. ਵਿਚ ਵੀ ਕਿਵੇਂ ਇਕ ਸ਼੍ਰੇਣੀ ਨੂੰ ਸਬਕ ਸਿਖਾਉਣ ਲਈ ਪੁਲਿਸ ਦੀ ਦੁਰਵਰਤੋਂ ਕੀਤੀ ਗਈ, ਇਹ ਕਿਸੇ ਤੋਂ ਗੁੱਝਾ ਨਹੀਂ। ਪੰਜਾਬ ਵਿਚ ਫੈਲੀ ਨਕਸਲਵਾੜੀ ਲਹਿਰ ਅਤੇ ਅਤਿਵਾਦ ਦੇ ਦੌਰ ਦੇ ਲੂ-ਕੰਡੇ ਖੜ੍ਹੇ ਕਰਨ ਵਾਲੀਆਂ ਗੱਲਾਂ ਨੂੰ ਤਾਂ ਜੇ ਨਾ ਹੀ ਦੁਹਰਾਇਆ ਜਾਵੇ ਤਾਂ ਬਿਹਤਰ ਹੈ।

ਗੱਲ ਇਹ ਨਹੀਂ ਕਿ ਬਾਹਰਲੇ ਮੁਲਕਾਂ ਦੀ ਪੁਲਿਸ ਦੁੱਧ ਧੋਤੀ ਹੈ। ਪਿੱਛੇ ਜਿਹੇ ਅਮਰੀਕਾ ਵਿਚ ਇਕ ਗੋਰੇ ਪੁਲਿਸ ਅਫਸਰ ਨੇ ਇਕ ਕਾਲੇ ਦੀ ਗਰਦਨ ਆਪਣੀਆਂ ਬਾਹਾਂ ਦੀ ਪਕੜ ਵਿਚ ਅਜਿਹੀ ਦਬਾਈ ਕਿ ਉਹ ਗਲ ਘੁਟਣ ਨਾਲ ਹੀ ਮਰ ਗਿਆ। ਸਾਰੇ ਅਮਰੀਕਾ ਵਿਚ ਪੁਲਿਸ ਦੀ ਇਸ ਜ਼ਿਆਦਤੀ ਵਿਰੁਧ ਰੋਸ ਮੁਜ਼ਾਹਰੇ ਹੋਏ ਪਰ ਅਜਿਹੀਆਂ ਘਟਨਾਵਾਂ ਘੱਟ ਹੀ ਵਾਪਰਦੀਆਂ ਹਨ। ਪੱਛਮੀ ਮੁਲਕਾਂ ਵਿਚ ਪੁਲਿਸ ਦੀ ਸਿਖਲਾਈ ਵਿਚ ਸਹਿਣਸ਼ੀਲਤਾ ਦਾ ਪਾਠ ਪੜ੍ਹਾਇਆ ਜਾਂਦਾ ਹੈ ਅਤੇ ਇਹ ਵੀ ਸਿਖਾਇਆ ਜਾਂਦਾ ਹੈ ਕਿ ਪੁਲਿਸ ਦਾ ਕੰਮ ਸਜ਼ਾ ਦੇਣਾ ਨਹੀਂ ਸਗੋਂ ਕਾਨੂੰਨ ਦੀ ਰਾਖੀ ਕਰਨਾ ਅਤੇ ਕਾਨੂੰਨ ਤੋੜਨ ਵਾਲਿਆਂ ਨੂੰ ਅਦਾਲਤ ਦੇ ਸਾਹਮਣੇ ਪੇਸ਼ ਕਰਨਾ ਹੈ। ਲੋਕਾਂ ਦੇ ਦਿਲਾਂ ਵਿਚ ਪੁਲਿਸ ਦਾ ਡਰ ਵੀ ਹੈ ਅਤੇ ਸਤਿਕਾਰ ਵੀ। ਆਮ ਜਨਤਾ ਨੂੰ ਪਤਾ ਹੈ ਕਿ ਜੇ ਕਾਨੂੰਨ ਤੋੜਨਗੇ ਤਾਂ ਪੁਲਿਸ ਨੇ ਛੱਡਣਾ ਨਹੀਂ ਅਤੇ ਜੇ ਮੁਸੀਬਤ ਵਿਚ ਹੋਏ ਤਾਂ ਪੁਲਿਸ ਨੇ ਸਹਾਇਤਾ ਕਰਨ ਤੋਂ ਵੀ ਪਿਛੇ ਨਹੀਂ ਹਟਣਾ। ਭਾਰਤ ਵਿਚ ਦੋਵੇਂ ਗੱਲਾ ਹੀ ਨਹੀਂ। ਇਸ ਵਿਚ ਪੁਲਿਸ ਕਰਮਚਾਰੀਆਂ ਦਾ ਕਸੂਰ ਘੱਟ ਹੈ ਅਤੇ ਸਰਕਾਰ ਦਾ ਜ਼ਿਆਦਾ। ਪੁਲਿਸ ਦੀ ਸਿਖਲਾਈ ਦਾ ਇੰਤਜ਼ਾਮ ਕਰਨਾ ਸਰਕਾਰ ਦਾ ਕੰਮ ਹੈ। ਮੰਤਰੀ ਤੇ ਲੈ ਕੇ ਵੱਡੇ ਅਫਸਰਾਂ ਤੱਕ ਪੁਲਿਸ ਨੂੰ ਆਪਣੇ ਨਿਜੀ ਮੁਫਾਦ ਲਈ ਵਰਤਦੇ ਹਨ। ਇਸ ਤਰ੍ਹਾਂ ਉਪਰਲਾ ਤਬਕਾ ਆਪ ਹੀ ਪੁਲਿਸ ਦੀਆਂ ਆਦਤਾਂ ਖਰਾਬ ਕਰਦਾ ਹੈ। ਹੌਲੀ-ਹੌਲੀ ਕਾਨੂੰਨ ਦੀ ਰਾਖੀ ਕਰਨ ਵਾਲਿਆਂ ਦੀ ਆਦਤ ਹੀ ਕਾਨੂੰਨ ਵਿਰੁਧ ਅਤੇ ਆਪਣੇ ਨਿਜੀ ਫਾਇਦੇ ਦਾ ਧਿਆਨ ਰੱਖਣਾ ਬਣ ਜਾਂਦਾ ਹੈ। ਜੇ ਉਪਰੋਂ ਆਉਣ ਵਾਲਾ ਪਾਣੀ ਹੀ ਗੰਦਾ ਹੋਵੇਗਾ, ਹੇਠਲੇ ਪਾਣੀ ਨੂੰ ਵੀ ਗੰਦਾ ਹੀ ਕਰੇਗਾ। ਸਰਕਾਰ ਵੱਡੇ ਪੁਲਿਸ ਅਫਸਰਾਂ ਨੂੰ ਆਪ ਹੀ ਹੇਠਲੇ ਦਰਜੇ ਦੇ ਪੁਲਿਸ ਕਰਮੀਆਂ ਨੂੰ ਘਰੇਲੂ ਅਤੇ ਵਿਅਕਤੀਗਤ ਕੰਮਾ ਲਈ ਵਰਤਣ ਦੀ ਇਜਾਜ਼ਤ ਦਿੰਦੀ ਹੈ। ਇਸ ਦਾ ਕੀ ਕਾਰਨ ਹੈ? ਕੀ ਵੱਡੇ ਅਫਸਰ ਆਪ ਘਰੇਲੂ ਨੌਕਰਾਂ ਦਾ ਖਰਚਾ ਨਹੀਂ ਝੱਲ ਸਕਦੇ? ਪੱਛਮੀ ਮੁਲਕਾਂ ਵਿਚ ਅਜਿਹਾ ਕੁਝ ਨਹੀਂ।

ਇਹਨਾਂ ਸਤਰਾਂ ਦੇ ਲੇਖਕ ਨੂੰ ਤਿੰਨ ਕੁ ਸਾਲ ਓਮਾਨ ਵਿਚ ਰਹਿਣ ਦਾ ਮੌਕਾ ਮਿਲਿਆ। ਉਥੇ ਸਿਪਾਹੀ ਨੂੰ 'ਸੁਰਤਾ' ਕਿਹਾ ਜਾਂਦਾ ਹੈ। ਸੁਰਤੇ ਨੂੰ ਦੇਖਦੇ ਹੀ ਕਾਨੂੰਨ ਤੋੜਨ ਵਾਲਿਆਂ ਨੂੰ ਕਾਂਬਾ ਛਿੜ ਜਾਂਦਾ ਹੈ। ਆਪਣੇ ਸਕੂਲ ਦੇ ਵਿਦਿਆਰਥੀਆਂ ਨੂੰ ਲੈ ਕੇ ਮੈਂ ਦਸ ਦਿਨਾਂ ਲਈ ਸਿੰਗਾਪੁਰ, ਥਾਈਲੈਂਡ ਅਤੇ ਮਲੇਸ਼ੀਆ ਗਿਆ ਸੀ। ਪੁਲਿਸ ਵਾਲੇ ਕਿਤੇ ਵੀ ਸੜਕਾਂ 'ਤੇ ਘੁੰਮਦੇ ਨਾ ਦਿਸੇ। ਮੈਂ ਹੋਟਲ ਦੇ ਮੈਨੇਜਰ ਤੋਂ ਪੁਛਿਆ- ਕੀ ਤੁਹਾਡੇ ਮੁਲਕ ਵਿਚ ਪੁਲਿਸ ਨਹੀਂ, ਤਾਂ ਉਹ ਕਹਿਣ ਲੱਗਾ ਪੁਲਿਸ ਦਾ ਸੜਕਾਂ 'ਤੇ ਚੱਕਰ ਲਾਉਣ ਦਾ ਕੀ ਮਤਲਬ? ਉਹ ਆਪਣੇ ਟਿਕਾਣੇ 'ਤੇ ਹੁੰਦੀ ਹੈ, ਜੇ ਕਿਸੇ ਨੂੰ ਲੋੜ ਹੈ ਤਾਂ ਫੋਨ ਕਰੋ। ਪੁਲਿਸ ਬਿਨਾ ਦੇਰੀ ਪਹੁੰਚ ਜਾਵੇਗੀ। ਅਮਰੀਕਾ ਅਤੇ ਕੈਨੇਡਾ ਵਿਚ ਪੁਲਿਸ ਗਸ਼ਤ ਤਾਂ ਕਰਦੀ ਹੈ ਪਰ ਬਿਨਾ ਵਜਾ ਪੁੱਛਗਿੱਛ ਨਹੀਂ ਕਰਦੀ। ਜੇ ਤੁਹਾਡੇ ਕੋਲੋਂ ਕੋਈ ਜਾਣਕਾਰੀ ਚਾਹੀਦੀ ਹੈ, ਬੜੇ ਸਭਿਅਕ ਢੰਗ ਨਾਲ ਪੇਸ਼ ਆਉਂਦੇ ਹਨ।

ਪੰਦਰਾਂ ਕੁ ਸਾਲ ਪਹਿਲਾਂ ਅਮਰੀਕਾ ਗਿਆ ਸੀ। ਆਪਣੇ ਮਿੱਤਰ ਨਾਲ ਉਹਨਾਂ ਦੇ ਗੈਸ ਸਟੇਸ਼ਨ ਦੇ ਬਾਹਰ ਖੜ੍ਹੇ ਸੀ ਕਿ ਅਚਾਨਕ ਪੁਲਿਸ ਦੀ ਕਾਰ ਆਈ। ਕਾਰ ਪਾਰਕਿੰਗ ਵਿਚ ਲਾ ਕੇ ਮਹਿਲਾ ਪੁਲਿਸ ਅਫਸਰ ਬਾਹਰ ਆਈ ਅਤੇ ਗੈਸ ਸਟੇਸ਼ਨ ਦੇ ਅੰਦਰ ਚਲੀ ਗਈ। ਅੰਦਰ ਕੰਮ ਕਰਨ ਵਾਲਾ ਗੁਜਰਾਤੀ ਮੁੰਡਾ ਵਿਹਲਾ ਹੀ ਸੀ। ਉਹ ਪੁਲਿਸ ਅਫਸਰ ਕੋਲ ਦਰਵਾਜ਼ੇ 'ਤੇ ਹੀ ਆ ਗਿਆ। ਪੁਲਿਸ ਵਾਲੀ ਬੀਬੀ ਨੇ ਆਪਣੀ ਪੈਂਟ ਦੀਆਂ ਦੋਹਾਂ ਜੇਬਾਂ ਵਿਚੋਂ ਸ਼ਰਾਬ ਦੇ ਦੋ ਅਧੀਏ ਕੱਢੇ ਅਤੇ ਉਸ ਮੁੰਡੇ ਨੂੰ ਕੁਝ ਕਹਿਣ ਲੱਗੀ। ਮੇਰਾ ਮਿੱਤਰ ਹੌਲੀ ਜਿਹੇ ਮੈਨੂੰ ਲਗਾ, "ਇਸ ਬੇਵਕੂਫ ਨੂੰ ਕਈ ਵਾਰ ਕਿਹਾ ਹੈ ਕਿ ਗੋਰੇ ਮੁੰਡੇ ਕੁੜੀਆਂ ਨੂੰ ਸ਼ਰਾਬ ਦੇਣ ਤੋਂ ਪਹਿਲਾਂ ਉਹਨਾਂ ਦੀ ਆਈ.ਡੀ. ਦੇਖਿਆ ਕਰੇ। ਹੁਣ ਆਪੇ ਭੁਗਤੂ।" (ਅਮਰੀਕਾ ਵਿਚ ਅਜਿਹੀ ਗਲਤੀ ਦਾ ਜ਼ਿੰਮੇਵਾਰ ਕੰਮ ਕਰਨ ਵਾਲਾ ਹੈ, ਮਾਲਕ ਨਹੀਂ)। ਖੈਰ, ਉਹ ਪੁਲਿਸ ਵਾਲੀ ਸ਼ਰਾਬ ਦੇ ਦੋ ਅਧੀਏ ਉਸ ਕੰਮ ਵਾਲੇ ਨੂੰ ਫੜਾ ਕੇ ਚਲੀ ਗਈ। ਬਾਅਦ ਵਿਚ ਗੁਜਰਾਤੀ ਮੁੰਡੇ ਨੇ ਦੱਸਿਆ ਕਿ ਕੁਝ ਦੇਰ ਪਹਿਲਾਂ ਦੋ ਗੋਰੇ ਨੌਜਵਾਨ ਗੈਸ ਸਟੇਸ਼ਨ 'ਤੇ ਕੁਝ ਸਮਾਨ ਲੈਣ ਆਏ ਸੀ ਪਰ ਉਹ ਅੱਖ ਬਚਾ ਕੇ ਸ਼ਰਾਬ ਵੀ ਲੈ ਗਏ। ਉਹਨਾਂ ਦੀ ਮਾੜੀ ਕਿਸਮਤ ਨੂੰ ਪੁਲਿਸ ਦੇ ਅੜਿੱਕੇ ਆ ਗਏ। ਮੁੰਡਿਆਂ ਨੇ ਸੱਚ ਦੱਸ ਦਿੱਤਾ ਕਿ ਉਹਨਾਂ ਨੇ ਸ਼ਰਾਬ ਚੋਰੀ ਕੀਤੀ ਹੈ। ਹੁਣ ਉਹ ਲੇਡੀ ਪੁਲਿਸ ਅਫਸਰ ਉਹ ਸ਼ਰਾਬ ਵਾਪਿਸ ਕਰਨ ਆਈ ਸੀ। ਕੀ ਅਸੀਂ ਅਜਿਹੇ ਵਤੀਰੇ ਦੀ ਉਮੀਦ ਆਪਣੇ ਦੇਸ਼ ਦੀ ਪੁਲਿਸ ਤੋਂ ਕਰ ਸਕਦੇ ਹਾਂ? ਇਸ ਦਾ ਉਤਰ ਪਾਠਕ ਵਾਲੇ ਆਪ ਹੀ ਦੇ ਦੇਣ।

ਅਮਰੀਕਾ ਦਾ ਹੀ ਇਕ ਹੋਰ ਕਿੱਸਾ। ਮੇਰੇ ਇਕ ਮਿੱਤਰ ਦੇ ਪੁੱਤਰ ਨੇ ਅਮਰੀਕਾ ਵਿਚ ਹੋਟਲ ਲੀਜ਼ 'ਤੇ ਲਿਆ ਹੋਇਆ ਸੀ। ਉਸ ਦੇ ਹੋਟਲ ਵਿਚ ਇਕ ਅੱਧਖੜ ਉਮਰ ਦੇ ਗੋਰੇ ਨੇ ਕਮਰਾ ਕਿਰਾਏ 'ਤੇ ਲੈ ਲਿਆ। ਉਸ ਨੇ ਕਮਰੇ ਦੇ ਦਰਵਾਜ਼ੇ ਦੇ ਬਾਹਰ ਬਹੁਤ ਵਧੀਆ ਤਸਵੀਰ ਲਾ ਦਿੱਤੀ। ਜਲਦੀ ਹੀ ਉਸ ਨੂੰ ਮਿਲਣ ਕਈ ਬੰਦੇ ਆਉਣ ਲੱਗ ਪਏ। ਪੰਦਰਾਂ-ਵੀਹ ਦਿਨਾਂ ਬਾਅਦ ਪੁਲਿਸ ਨੇ ਉਸ ਬੰਦੇ ਨੂੰ ਗ੍ਰਿਫਤਾਰ ਕਰ ਲਿਆ। ਅਸਲ ਵਿਚ ਉਹ ਨਸ਼ੇ ਵੇਚਦਾ ਸੀ। ਦਰਵਾਜ਼ੇ ਦੇ ਬਾਹਰ ਲਾਈ ਤਸਵੀਰ ਨਸ਼ਾ ਖਰੀਦਣ ਵਾਲਿਆਂ ਲਈ ਨਿਸ਼ਾਨੀ ਸੀ। ਪੁਲਿਸ ਨੇ ਹੋਟਲ ਵਾਲੇ ਦਾ ਸਿਰਫ ਰਜਿਸਟਰ ਹੀ ਚੈੱਕ ਕੀਤਾ ਕਿ ਉਸ ਬੰਦੇ ਦਾ ਵੇਰਵਾ ਨਿਯਮਾਂ ਅਨੁਸਾਰ ਦਰਜ ਹੈ ਕਿ ਨਹੀਂ। ਰਿਕਾਰਡ ਠੀਕ ਸੀ, ਇਸ ਲਈ ਹੋਟਲ ਵਾਲੇ ਤੋਂ ਹੋਰ ਕੁਝ ਨਹੀਂ ਪੁਛਿਆ ਗਿਆ। ਜੇ ਅਜਿਹੀ ਘਟਨਾ ਭਾਰਤ ਵਿਚ ਵਾਪਰੀ ਹੁੰਦੀ ਤਾਂ ਹੋਟਲ ਵਾਲੇ ਨੂੰ ਵੀ ਨਾਲ ਹੀ ਲਪੇਟ ਲੈਣਾ ਸੀ ਜਾਂ ਪਤਾ ਨਹੀਂ ਕਿੰਨਾ ਕੁ ਖੱਜਲ-ਖੁਆਰ ਕੀਤਾ ਜਾਂਦਾ।

ਪ੍ਰਸ਼ਨ ਇਹ ਉਠਦਾ ਹੈ ਕਿ ਕੀ ਭਾਰਤ ਦੀ ਪੁਲਿਸ ਦੀ ਕਾਇਆ-ਕਲਪ ਹੋ ਸਕਦੀ ਹੈ? ਉਤਰ ਬੜਾ ਸੰਖੇਪ ਹੈ- ਹਾਂ। ਦੂਜਾ ਪ੍ਰਸ਼ਨ ਹੈ- ਕਿਵੇਂ? ਉਤਰ ਫਿਰ ਸੰਖੇਪ ਹੀ ਹੈ- ਇਮਾਨਦਾਰੀ ਅਤੇ ਲਗਨ ਨਾਲ ਕੋਸ਼ਿਸ਼ ਕਰਕੇ। ਸਭ ਤੋਂ ਪਹਿਲਾਂ ਤਾਂ ਸਰਕਾਰ ਨੂੰ ਸੰਜੀਦਗੀ ਨਾਲ ਹੇਠਲੇ ਤਬਕੇ ਦੇ ਪੁਲਿਸ ਅਧਿਕਾਰੀਆਂ ਤੋਂ ਉਹਨਾਂ ਦੀਆਂ ਸਮੱਸਿਆਵਾਂ ਬਾਰੇ ਪੁਛਿਆ ਜਾਣਾ ਚਾਹੀਦਾ ਹੈ। ਇਹ ਸਚਾਈ ਹੈ ਕਿ ਛੋਟੇ ਅਫਸਰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹਨ। ਜੇ ਉਹ ਸਥਾਨਕ ਨੇਤਾਵਾਂ ਦੀ ਦਖਲਅੰਦਾਜ਼ੀ ਬਰਦਾਸ਼ਤ ਕਰਦੇ ਹਨ ਤਾਂ ਨਿਯਮਾਂ ਦੀ ਪਾਲਣਾ ਨਹੀਂ ਕਰ ਸਕਦੇ ਜਿਸ ਨਾਲ ਉਹਨਾਂ ਪ੍ਰਤੀ ਲੋਕ ਰੋਹ ਵਧਦਾ ਹੈ। ਜੇ ਰਾਜਸੀ ਨੇਤਾਵਾਂ ਦੀ ਨਹੀਂ ਮੰਨਦੇ ਤਾਂ ਰਾਜਸੀ ਰੋਹ ਦਾ ਸ਼ਿਕਾਰ ਹੁੰਦੇ ਹਨ। ਅਦਾਲਤਾਂ ਦਾ ਡੰਡਾ ਵੀ ਸਹਿਣਾ ਪੈਂਦਾ ਹੈ। ਉਪਰ ਵਾਲੇ ਅਫਸਰਾਂ ਦੀ ਖੁਸ਼ਾਮਦ ਅਲੱਗ ਕਰਨੀ ਪੈਂਦੀ ਹੈ। ਡਿਊਟੀ ਚੌਵੀ ਘੰਟੇ ਦੀ ਅਤੇ ਛੁੱਟੀ ਵੀ ਮਰਜ਼ੀ ਨਾਲ ਨਹੀਂ ਮਿਲਦੀ। ਆਖਿਰ ਉਹ ਵੀ ਤਾਂ ਇਨਸਾਨ ਹਨ, ਮਸ਼ੀਨ ਤਾਂ ਨਹੀਂ? ਉਹਨਾਂ ਨੂੰ ਵੀ ਆਰਾਮ ਦੀ ਜ਼ਰੂਰਤ ਹੈ। ਨੌਕਰੀ ਦੇ ਚੰਗੇ ਮਾਹੌਲ ਦੀ ਉਹ ਵੀ ਆਸ ਰਖਦੇ ਹਨ। ਉਹਨਾਂ ਨੂੰ ਵੀ ਪਰਿਵਾਰ ਨਾਲ ਖੁੱਲ੍ਹਾ ਸਮਾਂ ਬਤੀਤ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ। ਸਰਕਾਰ ਨੂੰ ਇਹ ਵੀ ਚਾਹੀਦਾ ਹੈ ਕੇ ਪੁਲਿਸ ਵਾਲਿਆਂ ਦੀ ਭਰਤੀ ਸਮੇਂ ਵਿਦਿਅਕ ਯੋਗਤਾ ਦਾ ਧਿਆਨ ਰੱਖਿਆ ਜਾਵੇ। ਉਚ ਵਿਦਿਅਕ ਯੋਗਤਾ ਵਾਲਿਆਂ ਦਾ ਦਿਮਾਗੀ ਪੱਧਰ ਵੀ ਉਚਾ ਹੋਵੇਗਾ ਅਤੇ ਉਹ ਹਰ ਗੱਲ ਦੀ ਤਹਿ ਤੱਕ ਜਾਣ ਦੇ ਸਮਰਥ ਹੋਣਗੇ। ਪੁਲਿਸ ਵਾਲਿਆਂ ਦੀ ਸਿਖਲਾਈ ਸਮੇਂ ਆਮ ਲੋਕਾਂ ਦੇ ਨਾਲ ਨਾਲ ਆਦਤਨ ਗੈਰ-ਕਾਨੂੰਨੀ ਕੰਮ ਕਰਨ ਵਾਲਿਆਂ ਨਾਲ ਪੇਸ਼ ਆਉਣ ਸਮੇਂ ਮਨੋਵਿਗਿਆਨਕ ਪੱਖ ਨੂੰ ਸਾਹਮਣੇ ਰੱਖਣ ਦੀ ਸਿਖਲਾਈ ਦੇਣੀ ਚਾਹੀਦੀ ਹੈ। ਵੱਡੇ ਅਫਸਰਾਂ ਨੂੰ ਵੀ ਆਪਣੇ ਮਾਤਹਤ ਕੰਮ ਕਰ ਰਹੇ ਹੇਠਲੇ ਪੱਧਰ ਦੇ ਕਰਮਚਾਰੀਆਂ ਦੇ ਮਨੋਵਿਗਿਆਨ ਨੂੰ ਜਾਣਨ ਦੀ ਸਿਖਲਾਈ ਦੇਣੀ ਚਾਹੀਦੀ ਹੈ। ਸਭ ਤੋਂ ਵੱਡੀ ਗੱਲ ਪੁਲਿਸ ਨੂੰ ਰਾਜਸੀ ਨੇਤਾਵਾ ਅਤੇ ਸਮੇਂ ਦੀ ਸਰਕਾਰ ਦੀ ਅਧੀਨਗੀ ਤੋਂ ਆਜ਼ਾਦ ਕਰਨਾ ਚਾਹੀਦਾ ਹੈ। ਆਮ ਜਨਤਾ ਨੂੰ ਵੀ ਪੁਲਿਸ ਪ੍ਰਤੀ ਆਪਣੇ ਨਜ਼ਰੀਏ ਵਿਚ ਬਦਲਾਓ ਕਰਨਾ ਪਵੇਗਾ। ਇਹ ਕੋਸ਼ਿਸ਼ਾਂ ਕੀਤੀਆਂ ਜਾਣ ਤਾਂ ਜਾ ਕੇ ਵੀਹ-ਤੀਹ ਸਾਲਾਂ ਵਿਚ ਗੱਡੀ ਲੀਹ 'ਤੇ ਆ ਸਕਦੀ ਹੈ। ਆਖਿਰ ਉਲਝੀ ਤਾਣੀ ਸੁਲਝਾਉਣ ਲਈ ਸਮਾਂ ਤਾਂ ਚਾਹੀਦਾ ਹੀ ਹੈ!

# ਸੰਯੁਕਤ ਰਾਸ਼ਟਰ 'ਚ ਸੁਧਾਰ ਅਤੇ ਸੰਸਾਰ ਦੀ ਸਿਆਸਤ

ਸੰਯੁਕਤ ਰਾਸ਼ਟਰ 'ਚ ਸੁਧਾਰਾਂ ਦਾ ਮੁੱਦਾ ਕਾਫੀ ਲੰਮੇ ਸਮੇਂ ਤੋਂ ਠੰਢੇ ਬਸਤੇ ਵਿਚ ਪਾਇਆ ਹੋਇਆ ਸੀ ਪਰ ਕੁਝ ਹਫਤੇ ਪਹਿਲਾਂ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਯੁਕਤ ਰਾਸ਼ਟਰ ਮਹਾਂਸਭਾ ਵਿਚ ਇਹ ਮੁੱਦਾ ਉਠਾਇਆ ਤਾਂ ਇਸ ਨੂੰ ਲੈ ਕੇ ਬਹਿਸ ਭਖ ਗਈ ਹੈ। ਦਰਅਸਲ, ਸੰਯੁਕਤ ਰਾਸ਼ਟਰ 'ਚ ਸੁਧਾਰ ਬਹੁਤ ਸਮਾਂ ਪਹਿਲਾਂ ਹੋ ਜਾਣੇ ਚਾਹੀਦੇ ਸਨ।

**ਕੇ. ਸੀ. ਰੈਡੀ**

ਕਿਸੇ ਵੀ ਅਦਾਰੇ 'ਚ ਕਿਸੇ ਵੀ ਤਰ੍ਹਾਂ ਦੇ ਸੁਧਾਰਾਂ ਦਾ ਮਕਸਦ ਉਸ ਦੀਆਂ ਕਮੀਆਂ ਪੇਸ਼ੀਆਂ ਦੂਰ ਕਰ ਕੇ ਉਚੇਰੀ ਕਾਰਕਰਦਗੀ ਤੇ ਕਾਰਗਰਤਾ ਨੂੰ ਸਾਕਾਰ ਕਰਨਾ ਹੁੰਦਾ ਹੈ। ਤੇਜ਼ੀ ਨਾਲ ਬਦਲ ਰਹੇ ਸਿਆਸੀ, ਆਰਥਿਕ ਅਤੇ ਸਮਾਜਿਕ ਮਾਹੌਲ ਵਿਚ ਅਦਾਰਿਆਂ ਨੂੰ ਪ੍ਰਸੰਗਕਤਾ ਅਤੇ ਕਾਰਗਰਤਾ ਬਰਕਰਾਰ ਰੱਖਣ ਲਈ ਢੁਕਵੇਂ ਸੁਧਾਰ ਕਰਨ ਦੀ ਲੋੜ ਹੁੰਦੀ ਹੈ। ਸੰਯੁਕਤ ਰਾਸ਼ਟਰ ਵੀ ਇਸ ਦਾ ਕੋਈ ਅਪਵਾਦ ਨਹੀਂ ਹੈ। ਜਦੋਂ ਅਸੀਂ ਸੰਯੁਕਤ ਰਾਸ਼ਟਰ ਸੁਧਾਰਾਂ ਦੀ ਗੱਲ ਕਰਦੇ ਹਾਂ ਤਾਂ ਇਸ ਦਾ ਸਬੰਧ ਮੁੱਖ ਤੌਰ 'ਤੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ 'ਚ ਸੁਧਾਰਾਂ ਨਾਲ ਹੈ।

ਸੰਯੁਕਤ ਰਾਸ਼ਟਰ ਸੁਧਾਰਾਂ ਦੀ ਨਿਰਖ ਪਰਖ ਕਰਦਿਆਂ ਇਹ ਵੇਖਣਾ ਜ਼ਰੂਰੀ ਹੈ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੀ ਉਤਪਤੀ ਕਿਵੇਂ ਹੋਈ ਸੀ ਤੇ ਪਿਛਲੇ ਅਰਸੇ ਦੌਰਾਨ ਇਸ ਦਾ ਉਭਾਰ ਕਿਵੇਂ ਹੋਇਆ। ਦੂਜੀ ਸੰਸਾਰ ਜੰਗ ਵਿਚ ਅਥਾਹ ਜਾਨੀ ਤੇ ਮਾਲੀ ਤਬਾਹੀ ਹੋਣ ਤੋਂ ਬਾਅਦ, ਤੀਜੀ ਸੰਸਾਰ ਜੰਗ ਟਾਲਣ ਦੇ ਇਰਾਦੇ ਨਾਲ ਪੰਜਾਹ ਦੇਸ਼ਾਂ ਨੇ ਸਾਂ ਫਰਾਂਸਿਸਕੋ (ਅਮਰੀਕਾ) ਵਿਚ ਯੂ.ਐਨ. ਚਾਰਟਰ ਤਹਿਤ ਸੁਰੱਖਿਆ ਕੌਂਸਲ ਨੂੰ ਕੌਮਾਂਤਰੀ ਅਮਨ ਅਤੇ ਸੁਰੱਖਿਆ ਦਾ ਜ਼ਿੰਮਾ ਸੌਂਪ ਦਿੱਤਾ। ਜੰਗ ਤੋਂ ਬਾਅਦ ਦੇ ਅਰਸੇ ਦੌਰਾਨ ਸੰਯੁਕਤ ਰਾਜ ਅਮਰੀਕਾ, ਬਰਤਾਨੀਆ, ਚੀਨੀ ਗਣਰਾਜ (ਤਾਇਵਾਨ) ਅਤੇ ਸੰਯੁਕਤ ਸੋਵੀਅਤ ਸਮਾਜਵਾਦੀ ਗਣਰਾਜ ਅਤੇ ਕੁਝ ਸਮੇਂ ਬਾਅਦ ਫਰਾਂਸ ਨੇ ਮਿਲ ਕੇ ਸੁਰੱਖਿਆ ਸੇਵਾਵਾਂ ਮੁਹੱਈਆ ਕਰਵਾਉਣ ਲਈ ਸੁਰੱਖਿਆ ਕੌਂਸਲ ਦਾ ਗਠਨ ਕੀਤਾ ਜਦਕਿ ਕੌਮਾਂਤਰੀ ਭਾਈਚਾਰੇ ਦੇ ਦੂਜੇ ਮੈਂਬਰ ਸੁਰੱਖਿਆ ਸੇਵਾਵਾਂ ਦੇ ਖਪਤਕਾਰ ਹੋਣਗੇ।

ਸੁਰੱਖਿਆ ਕੌਂਸਲ ਕੌਮਾਂਤਰੀ ਅਮਨ ਅਤੇ ਸੁਰੱਖਿਆ ਬਰਕਰਾਰ ਰੱਖਣ ਲਈ ਫੈਸਲੇ ਲੈਂਦੀ ਹੈ ਅਤੇ ਇਸ ਦੇ ਫੈਸਲਿਆਂ ਨੂੰ ਇਕ ਕੌਮਾਂਤਰੀ ਹਥਿਆਰਬੰਦ ਬਲ ਵਲੋਂ ਲਾਗੂ ਕਰਵਾਇਆ ਜਾਂਦਾ ਹੈ। ਕੌਂਸਲ ਪਹਿਲੇ ਕਦਮ ਵਜੋਂ ਤਣਾਅ ਘਟਾਉਣ ਲਈ ਆਰਜ਼ੀ ਉਪਰਾਲੇ ਕਰਦੀ ਹੈ। ਜੇ ਸਬੰਧਤ ਰਾਜ ਇਸ ਦੀ ਪਾਲਣਾ ਕਰਨ ਲਈ ਅੱਗੇ ਨਹੀਂ ਆਉਂਦੇ ਤਾਂ ਕੌਂਸਲ ਕਈ ਕਿਸਮ ਦੀਆਂ ਪਾਬੰਦੀਆਂ ਆਇਦ ਕਰ ਸਕਦੀ ਹੈ। ਜੇ ਪਾਬੰਦੀਆਂ ਨਾਲ ਵੀ ਕੰਮ ਨਾ ਚੱਲੇ ਤਾਂ ਆਖਰੀ ਕਦਮ ਤਾਕਤ ਦਾ ਇਸਤੇਮਾਲ ਹੁੰਦਾ ਹੈ ਪਰ ਇਹ ਪਹਿਲੀ ਚੋਣ ਨਹੀਂ ਸਗੋਂ ਅਖੀਰਲੀ ਚੋਣ ਹੁੰਦੀ ਹੈ। ਪਿਛਲੇ 70 ਸਾਲਾਂ ਦੌਰਾਨ, ਕੌਂਸਲ ਨੇ ਰਵਾਇਤੀ ਅਮਨ ਸੈਨਾ, ਵਿਸ਼ੇਸ਼ ਰਾਜਸੀ ਮਿਸ਼ਨ, ਬਹੁਪੱਖੀ ਅਮਨ ਸੈਨਾ, ਅੰਤਰਿਮ ਪ੍ਰਸ਼ਾਸਨ, ਟਕਰਾਅ ਟਾਲੂ ਕੂਟਨੀਤੀ ਅਤੇ ਇੱਛੁਕ ਗੱਠਜੋੜ ਆਦਿ ਕਈ ਔਜ਼ਾਰ ਵਿਕਸਤ ਕੀਤੇ ਹਨ।

ਇਸ ਤੋਂ ਬਿਨਾ ਕੌਂਸਲ ਨੇ ਹਥਿਆਰਬੰਦ ਟਕਰਾਅ ਦੌਰਾਨ ਨਾਗਰਿਕਾਂ ਦੀ ਸਲਾਮਤੀ, ਹਥਿਆਰਬੰਦ ਟਕਰਾਅ ਦੌਰਾਨ ਔਰਤਾਂ ਤੇ ਬੱਚਿਆਂ ਦੀ ਸੁਰੱਖਿਆ ਤੇ ਸਲਾਮਤੀ, ਮਨੁੱਖੀ ਅਧਿਕਾਰਾਂ ਦੀ ਖਿਲਾਫਵਰਜ਼ੀ ਅਤੇ ਆਲਮੀ ਦਹਿਸ਼ਤਵਾਦ ਜਿਹੇ ਕਾਟਵੇਂ ਮੁੱਦਿਆਂ 'ਤੇ ਮਤੇ ਵੀ ਪਾਸ ਕੀਤੇ ਹਨ। ਹਾਲਾਤ ਦਾ ਸਾਹਮਣਾ ਕਰਨ ਲਈ ਕੌਂਸਲ ਨੇ ਅਕਸਰ ਬਹੁਤ ਹੀ ਸ਼ਾਨਦਾਰ ਕੰਮ ਕੀਤਾ ਹੈ ਪਰ ਇਸ ਦੇ ਨਾਲ ਹੀ ਕੌਂਸਲ ਨੇ ਇਨ੍ਹਾਂ ਔਜ਼ਾਰਾਂ ਦੇ ਇਸਤੇਮਾਲ 'ਚ ਬੱਜਰ ਗਲਤੀਆਂ ਵੀ ਕੀਤੀਆਂ ਹਨ ਜਿਵੇਂ ਕਿ ਰਵਾਂਡਾ, ਸੋਮਾਲੀਆ ਤੇ ਬੋਸਨੀਆ ਕੇਸਾਂ 'ਚ ਹੋਇਆ ਸੀ।

ਸੰਯੁਕਤ ਰਾਸ਼ਟਰ ਸੁਧਾਰਾਂ ਦੇ ਸਬੰਧ ਹੁਣ ਤਕ ਹੋਏ ਅਧਿਐਨਾਂ ਨੇ ਸੰਯੁਕਤ ਰਾਸ਼ਟਰ ਨੂੰ ਵਧੇਰੇ ਕਾਰਗਰ ਬਣਾਉਣ ਲਈ ਪੰਜ ਮੂਲ ਮੁੱਦਿਆਂ ਦੀ ਨਿਸ਼ਾਨਦੇਹੀ ਕੀਤੀ ਹੈ ਜਿਨ੍ਹਾਂ ਨੂੰ ਮੁਖਾਤਬ ਹੋਣ ਦੀ ਲੋੜ ਹੈ- ਮੈਂਬਰੀ ਦਾ ਵਰਗੀਕਰਨ, ਵੀਟੋ ਸ਼ਕਤੀ ਦਾ ਸਵਾਲ, ਖੇਤਰੀ ਨੁਮਾਇੰਦਗੀ, ਸੁਰੱਖਿਆ ਕੌਂਸਲ ਦਾ ਵਡੇਰਾ ਆਕਾਰ ਅਤੇ ਇਸ ਦੇ ਕੰਮਕਾਜੀ ਤੌਰ ਤਰੀਕੇ। ਮੈਂਬਰੀ ਦੇ ਮੌਜੂਦਾ ਵਰਗ ਹਨ: ਸੁਰੱਖਿਆ ਕੌਂਸਲ ਦੇ ਪੰਜ ਸਥਾਈ ਮੈਂਬਰ (ਪੀ-5) ਤੇ ਦਸ ਗੈਰਸਥਾਈ ਮੈਂਬਰ ਅਤੇ ਮਹਾਂਸਭਾ ਦੇ 193 ਮੈਂਬਰ ਜਿਸ ਨਾਲ ਮੈਂਬਰਾਂ ਅੰਦਰ ਅਸਮਾਨਤਾ ਪੈਦਾ ਹੁੰਦੀ ਹੈ। ਜ਼ਿਆਦਾਤਰ ਤਾਕਤ ਪੰਜ ਸਥਾਈ ਦੇਸ਼ਾਂ ਦੇ ਹੱਥਾਂ ਵਿਚ ਕੇਂਦਰਤ ਹੈ ਜੋ ਆਪਣੇ ਜਾਂ ਆਪਣੇ ਸਹਿਯੋਗੀਆਂ ਦੇ ਹਿੱਤ ਵਿਚ ਕੰਮ ਕਰਦੇ ਹਨ ਅਤੇ ਸੰਯੁਕਤ ਰਾਸ਼ਟਰ ਦੇ ਬਾਕੀ ਮੈਂਬਰ ਮੁਲਕਾਂ ਦੇ ਹਿੱਤਾਂ ਨੂੰ ਅਣਡਿੱਠ ਕਰਦੇ ਹਨ।

ਵੀਟੋ ਸ਼ਕਤੀ ਸਿਰਫ ਸੁਰੱਖਿਆ ਕੌਂਸਲ ਦੇ ਪੰਜ ਸਥਾਈ ਮੈਂਬਰਾਂ ਨੂੰ ਹਾਸਲ ਹੈ। ਵੀਟੋ ਸ਼ਕਤੀ ਦਾ ਇਸਤੇਮਾਲ ਉਹ ਆਪਣੇ ਜਾਂ ਆਪਣੇ ਸਹਿਯੋਗੀਆਂ ਦੇ ਹਿੱਤਾਂ ਦੀ ਰਾਖੀ ਲਈ ਹੀ ਕਰਦੇ ਹਨ; ਭਾਵ ਜਦੋਂ ਕਦੇ ਸੰਯੁਕਤ ਰਾਸ਼ਟਰ ਨੂੰ ਕਾਰਵਾਈ ਕਰਨ ਲਈ ਬਹੁਤ ਜ਼ਿਆਦਾ ਹਮਾਇਤ ਵੀ ਹਾਸਲ ਹੁੰਦੀ ਹੈ ਤਾਂ ਕੌਂਸਲ ਦਾ ਕੋਈ ਇਕ ਵੀ ਮੈਂਬਰ ਅਜਿਹੀ ਕਾਰਵਾਈ ਦਾ ਰਾਹ ਰੋਕ ਕੇ ਖੜ੍ਹਾ ਹੋ ਜਾਂਦਾ ਹੈ। ਕੌਂਸਲ ਵਿਚ ਖੇਤਰੀ ਨੁਮਾਇੰਦਗੀ ਨਾ ਹੋਣ ਕਾਰਨ ਇਸ ਦੀ ਕਾਰਗਰਤਾ ਪ੍ਰਭਾਵਿਤ ਹੋਈ ਹੈ। ਮਿਸਾਲ ਦੇ ਤੌਰ 'ਤੇ ਕੌਂਸਲ ਦਾ 75 ਫੀਸਦ ਕੰਮਕਾਰ ਅਫਰੀਕਾ ਨਾਲ ਸਬੰਧਤ ਰਿਹਾ ਹੈ, ਪਰ ਕੌਂਸਲ ਵਿਚ ਅਫਰੀਕਾ ਤੋਂ ਇਕ ਵੀ ਮੈਂਬਰ ਨਹੀਂ ਹੈ। ਇਸ ਬਾਰੇ ਦੱਖਣੀ ਅਫਰੀਕਾ ਦੇ ਸਫੀਰ ਨੇ ਕਿਹਾ- "ਇਹ ਕਿਹੋ ਜਿਹੀ ਸਥਿਤੀ ਹੈ ਕਿ ਸਾਡੇ ਮਹਾਂਦੀਪ ਬਾਰੇ ਦੂਜੇ ਲੋਕ ਵਿਚਾਰ ਚਰਚਾ ਕਰ ਰਹੇ ਹਨ, ਪਰ ਸਾਨੂੰ ਕੋਈ ਪੁੱਛਦਾ ਹੀ ਨਹੀਂ।" ਸੁਰੱਖਿਆ ਕੌਂਸਲ ਦਾ ਵਡੇਰਾ ਆਕਾਰ ਅਤੇ ਇਸ ਦੇ ਕੰਮਕਾਜੀ ਤੌਰ ਤਰੀਕੇ ਵੀ ਸੰਯੁਕਤ ਰਾਸ਼ਟਰ ਸੁਧਾਰਾਂ ਦਾ ਇਕ ਅਹਿਮ ਮੁੱਦਾ ਹਨ। ਕੌਂਸਲ ਸਮਕਾਲੀ ਸੱਤਾ ਹਕੀਕਤਾਂ ਦੀ ਤਰਜਮਾਨੀ ਨਹੀਂ ਕਰਦੀ ਜਿਸ ਕਰ ਕੇ ਇਸ ਵਿਚ ਸੁਧਾਰ ਕਰਨ ਦੀ ਲੋੜ ਹੈ ਤਾਂ ਕਿ ਇਹ 21ਵੀਂ ਸਦੀ ਦੀਆਂ ਨਵੀਆਂ ਹਕੀਕਤਾਂ ਦੀ ਹਾਣੀ ਬਣ ਸਕੇ।

ਸੁਰੱਖਿਆ ਕੌਂਸਲ ਵਿਚ ਨਵੇਂ ਦੇਸ਼ਾਂ ਨੂੰ ਸ਼ਾਮਲ ਕਰਨ ਦਾ ਕੀ ਪੈਮਾਨਾ ਹੋਣਾ ਚਾਹੀਦਾ ਹੈ? ਕੀ ਕੌਂਸਲ ਦੀ ਮੈਂਬਰਸ਼ਿਪ ਇਸ ਆਧਾਰ 'ਤੇ ਦਿੱਤੀ ਜਾਣੀ ਚਾਹੀਦੀ ਹੈ ਕਿ ਕੋਈ ਸੰਯੁਕਤ ਰਾਸ਼ਟਰ ਦੇ ਬਜਟ ਵਿਚ ਕਿੰਨਾ ਵਿੱਤੀ ਯੋਗਦਾਨ ਦਿੰਦਾ ਹੈ- ਇਸ ਨਾਲ ਜਰਮਨੀ ਅਤੇ ਜਪਾਨ ਦੇ ਮੈਂਬਰ ਬਣਨ ਦੇ ਚੰਗੇ ਆਸਾਰ ਹਨ ਕਿਉਂਕਿ ਇਹ ਦੋਵੇਂ ਵਿੱਤੀ ਯੋਗਦਾਨ ਪੱਖੋਂ ਕ੍ਰਮਵਾਰ ਦੂਜੇ ਤੇ ਤੀਜੇ ਨੰਬਰ ਦੇ ਮਾਲਕ ਹਨ ਜਾਂ ਯੂ.ਐਨ. ਅਮਨ ਸੈਨਾ ਵਿਚ ਦਸਤਿਆਂ ਦੇ ਯੋਗਦਾਨ ਨੂੰ ਆਧਾਰ ਬਣਾਇਆ ਜਾਣਾ ਚਾਹੀਦਾ ਹੈ ਜਿਸ ਲਿਹਾਜ਼ ਤੋਂ ਭਾਰਤ, ਨਾਇਜੇਰੀਆ ਅਤੇ ਬ੍ਰਾਜ਼ੀਲ ਦੇ ਚੰਗੇ ਆਸਾਰ ਹਨ ਕਿਉਂਕਿ ਇਸ ਪੱਖ ਤੋਂ ਯੋਗਦਾਨ ਦੇਣ ਵਾਲੇ ਇਹ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਨੰਬਰ 'ਤੇ ਆਉਂਦੇ ਹਨ। ਕੌਂਸਲ ਦੇ ਮਤਿਆਂ ਨੂੰ ਲਾਗੂ ਕਰਾਉਣ ਵਿਚ 'ਵੱਡੇ ਖਿਡਾਰੀਆਂ' ਦੀ ਵੱਡੀ ਭੂਮਿਕਾ ਹੁੰਦੀ ਹੈ ਜਿਸ ਕਰ ਕੇ ਉਨ੍ਹਾਂ ਦੀ ਸ਼ਮੂਲੀਅਤ ਬਹੁਤ ਅਹਿਮ ਹੁੰਦੀ ਹੈ। ਇਸੇ ਤਰ੍ਹਾਂ ਸੈਨਾ ਅਤੇ ਪੁਲੀਸ ਦਸਤਿਆਂ ਦਾ ਯੋਗਦਾਨ ਪਾਉਣ ਵਾਲੇ ਮੁਲਕਾਂ, ਖੇਤਰੀ ਅਦਾਰਿਆਂ ਅਤੇ ਟਕਰਾਅ ਵਿਚ ਸ਼ਾਮਲ ਧਿਰਾਂ ਦਰਮਿਆਨ ਸਲਾਹ ਮਸ਼ਵਰੇ ਅਤੇ ਵਿਚਾਰ ਵਟਾਂਦਰੇ ਦੀ ਲੋੜ ਨੂੰ ਵੀ ਵਾਚਣ ਦੀ ਲੋੜ ਹੈ। ਕੌਂਸਲ ਦੀਆਂ ਮੀਟਿੰਗਾਂ ਲਈ ਗੈਰਰਸਮੀ ਵਿਵਸਥਾਵਾਂ ਵੀ ਹੋਣੀਆਂ ਚਾਹੀਦੀਆਂ ਹਨ ਅਤੇ ਨਿੱਜੀ ਵਿਅਕਤੀਆਂ, ਮਾਹਿਰਾਂ ਅਤੇ ਗੈਰਰਾਜਕੀ ਸੰਸਥਾਵਾਂ ਨੂੰ ਕਿਸੇ ਮਾਮਲੇ ਦੇ ਸਬੰਧ ਵਿਚ ਕੌਂਸਲ ਸਾਹਮਣੇ ਜਾਣਕਾਰੀ ਦੇਣ ਦਾ ਹੱਕ ਦਿੱਤਾ ਜਾਣਾ ਚਾਹੀਦਾ ਹੈ। ਪਾਬੰਦੀਆਂ ਬਾਰੇ ਕਮੇਟੀ ਵਿਚ ਕੌਂਸਲ ਤੋਂ ਬਾਹਰਲੇ ਮੈਂਬਰਾਂ ਨੂੰ ਸ਼ਾਮਲ ਕਰਨ ਨਾਲ ਪਾਬੰਦੀਆਂ ਦੀ ਪ੍ਰਣਾਲੀ ਦੇ ਅਮਲ 'ਚ ਸੁਧਾਰ ਆਵੇਗਾ। ਕੌਂਸਲ ਦੀਆਂ ਸਰਗਰਮੀਆਂ ਤੇ ਵਿਚਾਰ ਚਰਚਾਵਾਂ 'ਚ ਯੂਰਪੀ ਯੂਨੀਅਨ, ਪੱਛਮੀ ਅਫਰੀਕੀ ਰਾਜਾਂ ਦੇ ਆਰਥਿਕ ਭਾਈਚਾਰੇ, ਪੂਰਬੀ ਅਫਰੀਕੀ ਭਾਈਚਾਰੇ ਜਿਹੇ ਖੇਤਰੀ ਸਮੂਹਾਂ ਦੀ ਸ਼ਮੂਲੀਅਤ ਨੂੰ ਪ੍ਰੋਤਸਾਹਨ ਦਿੱਤਾ ਜਾਣਾ ਚਾਹੀਦਾ ਹੈ।

# ਉਡਦੀ ਧੂੜ 'ਚ ਗਵਾਚ ਰਹੀਆਂ ਪੁਰਾਣੀਆਂ ਯਾਦਾਂ

ਬਲਜੀਤ ਖਾਨ

ਪਤਾ ਨਹੀਂ ਦੁਪਹਿਰੇ ਬਾਤਾਂ ਪਾਉਣ ਨਾਲ ਰਾਹੀ ਰਾਹ ਕਿਉਂ ਭੁੱਲ ਜਾਂਦੇ ਸਨ! "ਕੰਨ ਬੋਲੇ ਹੋ ਜਾਣਗੇ," ਕਹਿ ਕੇ ਕਿੱਕਰ ਦੇ ਤੁੱਕੇ ਖਾਣ ਤੋਂ ਵਰਜਿਆ ਕਿਉਂ ਜਾਂਦਾ ਸੀ!

ਮੋਰ ਤੋਂ ਉਹਦੇ ਸੋਹਣੇ ਪੈਰ ਕਿਸੇ ਹੋਰ ਪੰਛੀ ਸ਼ਾਇਦ ਗਟਾਰ ਨੇ ਵਾਂਡੇ ਜਾਣ ਲਈ ਉਧਾਰੇ ਲਏ ਸਨ, ਪਰ ਮਗਰੋਂ ਮੋੜੇ ਨਹੀਂ ਸਨ ਤੇ ਮੋਰ ਆਪਣੇ ਕਰੂਪ ਪੈਰਾਂ ਨੂੰ ਦੇਖ-ਦੇਖ ਰੋਂਦਾ ਸੀ।

ਕਹਿੰਦੇ ਸਨ, ਬਿੱਲੀ ਸ਼ੇਰ ਦੀ ਮਾਸੀ ਏ। ਮਾਸੀ ਨੇ ਭਾਣਜੇ ਨੂੰ ਹੋਰ ਸਾਰੇ ਗੁਰ ਤਾਂ ਸਿਖਾ ਦਿੱਤੇ ਸਨ, ਪਰ ਛਾਲ ਮਾਰ ਕੇ ਦਰਖਤ 'ਤੇ ਚੜ੍ਹਨ ਦਾ ਗੁਰ ਨਹੀਂ ਸਿਖਾਇਆ ਸੀ। ਕਾਟੋ ਦੇ ਸਿਰ ਵਿਚ ਕਹਿੰਦੇ ਹੁੰਦੇ ਸੀ, ਅਠਿਆਨੀ ਹੁੰਦੀ ਏ; ਪਰ ਕਾਟੋ ਨੂੰ ਮਾਰਦਾ ਕੋਈ ਨਹੀਂ ਸੀ।

ਸਾਉਣ ਮਹੀਨੇ ਮੀਂਹ ਪੈਣੇ, ਬਿਜਲੀ ਗੜ੍ਹਕਣੀ ਤਾਂ ਬੁੜ੍ਹੀਆਂ ਨੇ ਕਾਲੇ ਕੱਪੜੇ ਪਾ ਕੇ ਬਾਹਰ ਜਾਣ ਅਤੇ ਮਾਮੇ-ਭਾਣਜੇ ਨੂੰ ਇਕੱਠੇ ਹੋਣ ਤੋਂ ਰੋਕਣਾ। ਸ੍ਰੀ ਕ੍ਰਿਸ਼ਨ ਤੇ ਰਾਜੇ ਕੰਸ ਦਾ ਹਵਾਲਾ ਦੇ ਕੇ 'ਸਮਾਨੀ ਬਿਜਲੀ ਅਤੇ ਮਾਮੇ-ਭਾਣਜੇ ਦੀ ਜੋੜੀ 'ਚ ਵੈਰ ਦੀਆਂ ਗੱਲਾਂ ਦੱਸਣੀਆਂ।

ਮਾੜੇ ਜਿਹੇ ਛਰਾਟੇ ਤੋਂ ਬਾਅਦ ਮਿੱਟੀਆਂ ਨੇ ਮਹਿਕਣਾ, ਕੁੜੀਆਂ ਨੇ ਕੱਚੇ ਰੋੜ ਲੱਭਦੀਆਂ ਫਿਰਨਾ। ਗੁਲਗਲੇ ਪੱਕਣੇ, ਜਵਾਕਾਂ ਨੇ ਮਾਲਪੂੜੇ ਬਣਾਉਣ ਲਈ ਭੱਜ-ਭੱਜ ਕੇ ਪਿੱਪਲ ਦੇ ਪੱਤੇ ਤੋੜ ਲਿਆਉਣੇ। ਸੱਤਰੰਗੀ ਪੀਂਘ ਦੇਖ ਕੇ ਜਿਸ ਨੂੰ ਬੁਢਾਪੇ 'ਚ ਵੀ ਚਾਅ ਚੜ੍ਹਦਾ ਏ, ਉਹ ਬੰਦਾ ਜ਼ਰੂਰ ਨਵਾਜ਼ਿਆ ਹੋਇਆ ਏ।

ਦੁੱਧ ਉਦੋਂ ਤੇਰ੍ਹਵਾਂ ਰਤਨ ਅਖਾਉਂਦਾ ਸੀ, ਦੁੱਧ ਤੇ ਪੁੱਤ ਵੇਚਣਾ ਇੱਕ ਸਮਾਨ ਮੰਨਿਆ ਜਾਂਦਾ ਸੀ।

ਗੁਰਦੁਆਰੇ ਜਾਂ ਡੇਰੇ 'ਚ ਗੜ੍ਹਾ ਕਰਕੇ ਲਿਆਂਦੀ ਸੱਤ ਭਾਂਤੀ ਦਾਲ-ਸਬਜ਼ੀ ਘਿਉ, ਮਖਣੀ ਨਾਲ ਚੋਚੀ ਹੋਣੀ ਤੇ ਉਸੇ ਵਿਚ ਹੀ ਕਿਸੇ ਦਾ ਪਾਇਆ ਦਹੀਂ ਵੱਖਰੇ ਸਵਾਦ ਦਾ ਸਬੱਬ ਬਣਦਾ।



ਜਦੋਂ ਤਾਂਗੇ ਦੀ ਸਵਾਰੀ ਉੱਡਣ-ਖਟੋਲੇ ਤੋਂ ਘੱਟ ਨਹੀਂ ਲੱਗਦੀ ਸੀ, ਹੈਲੀਕਾਪਟਰ ਜਾਂ ਜਹਾਜ਼ ਦੀ ਅਵਾਜ਼ ਸੁਣਨੀ ਤਾਂ ਨਿਗ੍ਹਾ ਅਸਮਾਨ ਵੱਲ ਸੇਧ ਲੈਂਦੇ ਸਾਂ। ਅਸਚਰਜ ਹੋਇਆ ਕਰਦੇ ਸਾਂ ਕੀ ਇਹ ਸੱਚੀਂ ਲੋਹੇ ਦਾ ਪੁਰਜਾ ਆਪਣੇ ਵਿਚ ਬੰਦੇ ਲੱਦ ਉੱਡ ਰਿਹਾ ਏ!

ਬੱਚੇ ਬਿਮਾਰ ਹੋ ਕੇ ਵੀ ਖੁਸ਼ ਹੁੰਦੇ ਸਨ, ਸਕੂਲੋਂ ਛੁੱਟੀ ਦੀ ਗਾਰੰਟੀ ਜੋ ਹੋ ਜਾਂਦੀ ਸੀ। ਅੰਗੂਰਾਂ ਵਾਲੀ ਖੰਡ ਖਾਣ ਲਈ ਜਵਾਕ ਬੁਖਾਰ ਨੂੰ ਵੀ ਖਿੜੇ ਮੱਥੇ ਲਿਆ ਕਰਦੇ ਸਨ, ਬੱਸ ਇੱਕ ਟੀਕੇ ਦਾ ਡਰ ਜ਼ਰੂਰ ਤ੍ਰਾਹ ਕੱਢ ਦਿੰਦਾ ਸੀ। ਬਰੈੱਡ, ਦਲੀਆ, ਖਿਚੜੀ ਬਿਮਾਰਾਂ ਦਾ ਖਾਣਾ ਸਮਝਿਆ ਜਾਂਦਾ ਸੀ।

ਲੀੜਿਆਂ 'ਚੋਂ ਵਲ ਕੱਢਣ ਲਈ ਸਿਰਹਾਣੇ ਹੇਠ ਤਹਿ ਲਾ ਕੇ ਰੱਖ ਲਏ ਜਾਂਦੇ ਸਨ।

ਸਿਆਲ ਆਉਣ 'ਤੇ ਪੇਟੀ 'ਚੋਂ ਕੱਢੀਆਂ ਰਜਾਈਆਂ ਦੀ ਮਹਿਕ ਕੌਣ ਭੁੱਲ ਸਕਦਾ ਏ?

ਗਰੁੱਪ ਫੋਟੋ ਲਈ ਸਾਰੇ ਪਾਤ੍ਹੇ ਪੱਗਾਂ ਬੰਨ੍ਹ ਸਕੂਲ ਜਾਇਆ ਕਰਦੇ ਸਨ।

ਵਿਆਹ 'ਤੇ ਦਰਜ਼ੀ ਨੇ ਵਿਆਹ ਵਾਲੇ ਘਰੇ ਹੀ ਫੱਟਾ ਡਾਹ ਲੈਣਾ ਅਤੇ ਨਿੱਕੇ ਤੋਂ ਲੈ ਕੇ ਵੱਡੇ ਤੱਕ ਦੀਆਂ ਪੁਸ਼ਾਕਾਂ ਸਿਉਂ ਦੇਣੀਆਂ। ਵਿਆਹ 'ਤੇ ਮੰਜੇ-ਬਿਸਤਰੇ ਇਕੱਠੇ ਕਰਨੇ, ਨੰਬਰ ਲਾਉਣੇ। ਵਿਆਹ ਵਾਲੀ ਕਾਰ ਉੱਤੋਂ ਸੁੱਟੀ ਭਾਨ ਚੁਗਣੀ, ਦੋਵੇਂ ਹੱਥਾਂ ਦਾ ਘੁੱਗੂ ਜਿਹਾ ਬਣਾ ਕੇ ਵਿਚ ਸਿੱਕੇ ਖੜਕਾਉਣੇ।

ਲੋਕ ਕਿੱਕਰ ਜਾਂ ਨਿੰਮ ਦੀ ਦਾਤਣ ਸੁਬ੍ਹਾ ਉੱਠ ਕੇ ਕਰ ਲੈਂਦੇ ਸਨ-ਨਾ ਹਿੰਗ ਲੱਗਦੀ ਸੀ, ਨਾ ਫਟਕੜੀ। ਹਰ ਟੁੱਥਪੇਸਟ ਕੋਲਗੇਟ ਹੋਇਆ ਕਰਦੀ ਸੀ। ਜਦੋਂ ਨਵੀਂ ਪੇਸਟ ਪੈਪਸੁਡੈਂਟ ਆਈ ਤਾਂ ਭੋਲੇ ਲੋਕ ਆਖਦੇ, ਨਵੀਂ ਕੋਲਗੇਟ ਆਈ ਏ। ਸਪੈਦੇ ਦੇ ਪੱਤੇ ਚੱਬ ਕੇ ਮੂੰਹ ਤਾਜ਼ਾ ਹੋ ਜਾਂਦਾ ਸੀ।

ਸ਼ਿਕਾਕਾਈ ਸਾਬਣ ਨਾਲ ਕੇਸੀਂ ਨਹਾਉਣ ਵਾਲੀ ਸੁਆਣੀ ਹਾਈ ਸਟੇਟਸ ਵਾਲੀ ਮੰਨੀ ਜਾਂਦੀ ਸੀ, ਨਹੀਂ ਤਾਂ ਮੇਰੇ-ਤੇਰੇ ਅਰਗੇ ਮਹਾਤੜ ਤਾਂ ਲੀੜਿਆਂ ਆਲੇ ਸਾਬਣ ਨਾਲ ਈ ਨਹਾ ਲਿਆ ਕਰਦੇ ਸੀ। ਲੱਕੜ ਦੇ ਗੀਟੇ ਵਰਗੇ ਲਾਈਫਬੁਆਏ ਸਾਬਣ ਵਿਚ ਤਰੇੜਾਂ ਆ ਜਾਂਦੀਆਂ ਸਨ, ਪਰ ਘਸਦਾ ਨਹੀਂ ਸੀ। ਨਹਾਉਣ ਲਈ ਨਵਾਂ ਸਾਬਣ ਵਰਤਣਾ ਵੀ ਸ਼ਾਹੀ ਠਾਠ ਲੱਗਿਆ ਕਰਦੀ ਸੀ।

ਸਰ੍ਹੋਂ ਦੇ ਤੇਲ ਵਿਚ ਹਲਦੀ ਰਲਾ ਕੇ ਲਾਉਣ ਨਾਲ ਮਾੜੀ-ਮੋਟੀ ਸੱਟ ਉਂਜ ਹੀ ਠੀਕ ਹੋ ਜਾਂਦੀ ਸੀ।

ਅੱਧੀ ਬਾਲਟੀ ਪਾਣੀ ਵਿਚ ਇੱਕ ਨਿੰਬੂ ਨਿਚੋੜਨਾ ਤੇ ਕੰਜੂਸੀ ਨਾਲ ਖੰਡ ਘੋਲਣੀ, ਸਾਰੇ ਟੱਬਰ ਨੇ ਆਪੋ-ਆਪਣਾ ਗਲਾਸ ਲੈ ਸ਼ਕੰਜਵੀ ਲਈ ਬੀਬੀ ਦੇ ਆਲੇ-ਦੁਆਲੇ ਗੇੜੇ ਮਾਰਨੇ।

ਸਕੂਲੋਂ ਘਰੇ ਆਉਂਦਿਆਂ ਰਾਹ ਵਿਚ ਈ ਕਿਸੇ ਇੱਕ ਦੇ ਘਰ ਇਕੱਠੇ ਬਹਿ ਕੇ ਸਕੂਲ ਦਾ ਕੰਮ ਕਰਨ ਦੀਆਂ ਵਿਉਂਤਾਂ ਹੋ ਜਾਂਦੀਆਂ ਸਨ। ਆਮ ਕਰਕੇ ਵੱਡੀ ਭੈਣ ਮਿੰਨਤਾਂ ਕਰਾ ਕੇ ਜਾਂ ਭਰਾ ਦੇ ਪਿਆਰ ਵੱਸ ਭਰਾ ਦਾ ਸਕੂਲ ਦਾ ਕੰਮ ਕਰ ਦਿਆ ਕਰਦੀ ਸੀ, ਛੋਟੀ 'ਤੇ ਤਾਂ ਡਰਾਵਾ ਵੀ ਚੱਲ ਜਾਂਦਾ ਸੀ।

ਗਾਚੀ ਨਾਲ ਪੋਚ ਕੇ ਫੱਟੀ ਸੁਕਾਉਂਦਿਆਂ ਨਿਆਣਿਆਂ ਨੇ ਗਾਉਣਾ, "ਸੂਰਜਾ, ਸੂਰਜਾ ਫੱਟੀ ਸੁਕਾ, ਨਹੀਂ ਸੁਕਾਉਣੀ ਘਰ ਨੂੰ ਜਾਹ।" ਫਿਰ ਪੈਂਸਲ (ਪੈਨਸਿਲ) ਨਾਲ ਲਕੀਰਾਂ ਲਾਉਣੀਆਂ। ਸਿਆਹੀ ਕੁੱਟ ਕੇ ਦਵਾਤ ਵਿਚ ਪਾਉਣੀ, ਕਾਨੇ ਦੀ ਕਲਮ ਘੜਨੀ, ਟੋਬਾ ਲਾ ਕੇ ਸਭ ਤੋਂ ਪਹਿਲਾਂ ਫੱਟੀ 'ਤੇ ੴ ਲਿਖਣਾ ਅਤੇ ਫਿਰ ਲਿਖਾਈ ਕਰਨੀ। ਪੇਪਰ ਵੀ 'ਸਤਿਗੁਰ ਤੇਰੀ ਓਟ, ਮੇਰਾ ਪੇਪਰ ਕਰ ਦੇ ਲੋਟ' ਲਿਖ ਕੇ ਸ਼ੁਰੂ ਕਰਨਾ।

ਪੇਪਰਾਂ ਦੇ ਦਿਨ ਚਿੰਤਾ-ਫਿਕਰ 'ਚ ਲੰਘਣੇ ਪਰ ਆਖਰੀ ਪੇਪਰ ਵਾਲੇ ਦਿਨ ਮਨ ਖੁਸ਼ੀ-ਖੁਸ਼ੀ ਜਾਣਾ ਕਿ ਪੇਪਰ ਏਨੀ ਛੇਤੀ ਕਿਉਂ ਮੁੱਕ ਗਏ।

ਕਿਸੇ ਦੇ ਵਿਆਹ ਹੋਇਆ ਹੋਣਾ, ਓਡੀਕੀ ਜਾਣਾ ਵਿਆਹ ਦੀ ਮੂਵੀ ਦੇਖਣ ਲਈ ਵੀ. ਸੀ. ਆਰ. ਕਦੋਂ ਲਿਆਉਣਗੇ ਜਾਂ ਵੀ. ਸੀ. ਆਰ. ਕਿਰਾਏ 'ਤੇ ਲਿਆਉਣਾ 'ਮਰਦ', 'ਸ਼ੋਲੇ', 'ਯਾਰੀ ਜੱਟ ਦੀ' ਫਿਲਮਾਂ ਪੱਕੀਆਂ ਈ ਹੁੰਦੀਆਂ ਸੀ ਲਿਆਉਣੀਆਂ।

ਸੂਬ੍ਹਾ ਦੀਆਂ ਪਕਾਈਆਂ ਰੋਟੀਆਂ ਦੁਪਹਿਰੇ ਲੂਣ, ਮਿਰਚ ਭੁੱਕ ਕੇ ਚਾਹ ਨਾਲ ਖਾ ਲੈਣੀਆਂ, ਕਈ ਕੋਕਲੀ ਬਣਾ ਕੇ ਚਾਹ ਦੇ ਗਲਾਸ ਵਿਚ ਡੁਬੋ-ਡੁਬੋ ਕੇ ਵੀ ਖਾਂਦੇ ਹੁੰਦੇ ਸੀ। ਕੋਕਲੀ ਨੂੰ ਨਵਾਂ ਜ਼ਮਾਨਾ ਹੁਣ 'ਰੋਲ' ਕਹਿੰਦਾ ਏ। ਗੰਢੇ ਨੂੰ ਮੰਜੇ ਦੇ ਪਾਵੇ 'ਤੇ ਰੱਖ ਕੇ ਮੁੱਕੀ ਨਾਲ ਭੰਨ ਲੈਣਾ, 'ਥੇਲੀਆਂ ਨਾਲ ਨੱਪ ਕੇ ਕੌੜਾ ਪਾਣੀ ਕੱਢ ਦੇਣਾ, ਸਲਾਦ ਬਣ ਜਾਣਾ। ਪੜ੍ਹੇ-ਲਿਖੇ ਗੰਢੇ ਨੂੰ ਪਿਆਜ਼ ਆਖਦੇ ਹਨ, ਸੂਈ ਦੇ ਨਖਾਰੇ ਨੂੰ ਨੀਡਲ-ਹੋਲ ਆਖਦੇ ਹਨ, ਰਸੋਈ ਨੂੰ ਕਿਚਨ ਤੇ ਗੁਸਲਖਾਨੇ ਨੂੰ ਬਾਥਰੂਮ ਆਖਣ ਲੱਗ ਪਏ ਹਨ। ਜਿਵੇਂ ਗੱਡੇ ਨਾਲ ਸਬੰਧਤ ਕਈ ਸ਼ਬਦ ਭੁੱਲ-ਭੁਲਾ ਗਏ ਹਨ, ਤਿਵੇਂ ਚਰਖੇ ਨਾਲ ਜੁੜੇ ਸ਼ਬਦ ਤੱਕਲਾ, ਚਰਮਖ, ਮਾਹਲ, ਮੁੰਨਾ ਵੀ ਗਵਾਚ ਗਏ ਹਨ।



ਨਿੰਮ ਦੀ ਦਾਤਣ

ਕੀ ਉਹ ਵੇਲੇ ਕਦੇ ਮੁੜ ਪਰਤਣਗੇ? ਕੀ ਵਕਤ ਨੂੰ ਕਦੇ ਪਿਛਲ-ਖੁਰੀ ਗੇੜ ਪੈਣਗੇ?

# ਜ਼ਿੰਦਗੀ ਨੂੰ ਰੁਸ਼ਨਾਉਂਦੀ ਰਹੇ ਜਾਗੋ



ਡਾ. ਪ੍ਰਿਤਪਾਲ ਸਿੰਘ ਮਹਿਰੋਕ
ਫੋਨ: 91-98885-10185

ਜ਼ਿੰਦਗੀ ਵਿਚ ਰੰਗਾਂ ਤੇ ਰੌਸ਼ਨੀਆਂ ਦਾ ਮਹੱਤਵ ਇਸ ਹੱਦ ਤੱਕ ਬਣਿਆ ਰਹਿੰਦਾ ਹੈ ਕਿ ਇਸ ਦੀ ਮਾਤਰਾ ਨੂੰ ਕਿਸੇ ਯੰਤਰ ਨਾਲ ਨਾਪਿਆ-ਤੋਲਿਆ ਨਹੀਂ ਜਾ ਸਕਦਾ। ਖੁਸ਼ੀ ਦੇ ਮੌਕਿਆਂ 'ਤੇ ਰੰਗਾਂ-ਰੌਸ਼ਨੀਆਂ ਦਾ ਮਹੱਤਵ ਹੋਰ ਵਧ ਜਾਂਦਾ ਹੈ। ਜਾਗੋ ਕੱਢਣ ਨੂੰ ਜ਼ਿੰਦਗੀ ਦੀਆਂ ਖੁਸ਼ੀਆਂ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਪਹਿਲੇ ਸਮਿਆਂ ਵਿਚ ਵਿਆਹ ਦੇ ਮੌਕੇ 'ਤੇ ਜਾਗੋ ਕੱਢਣ ਅਤੇ ਜਾਗੋ ਦਾ ਗਿੱਧਾ ਪਾਉਣ ਦਾ ਵਿਸ਼ੇਸ਼ ਮਹੱਤਵ ਹੁੰਦਾ ਸੀ। ਕੁੜੀਆਂ/ਔਰਤਾਂ ਇੱਕ ਵਿਸ਼ੇਸ਼ ਗਾਗਰ ਨੂੰ ਆਟੇ ਦੇ ਬਣਾਏ ਦੀਵਿਆਂ ਨਾਲ ਸਜਾ ਕੇ ਤਿਆਰ ਕਰਦੀਆਂ ਸਨ। ਗੁੰਨ੍ਹ ਕੇ ਤਿਆਰ ਕੀਤੇ ਆਟੇ ਦੀ ਤਹਿ ਨੂੰ ਗਾਗਰ ਦੇ ਮੂੰਹ ਉੱਤੇ ਲਾ ਕੇ, ਉਸ ਉੱਤੇ ਇੱਕ ਥਾਲੀ ਚਿਪਕਾ ਦਿੱਤੀ ਜਾਂਦੀ ਸੀ। ਥਾਲੀ ਵਿਚ ਵਿਸ਼ਵਾਸ ਅਨੁਸਾਰ ਪੰਜ, ਸੱਤ ਜਾਂ ਗਿਆਰਾਂ ਆਟੇ ਦੇ ਦੀਵੇ ਤਰਤੀਬ ਵਿਚ ਰੱਖ ਲਏ ਜਾਂਦੇ ਸਨ। ਗਾਗਰ ਦੇ ਪਾਸਿਆਂ 'ਤੇ ਵੀ ਆਟੇ ਦੇ ਬਣਾਏ ਦੀਵੇ ਅਜਿਹੀ ਜੁਗਤ ਨਾਲ ਟਿਕਾਅ ਦਿੱਤੇ ਜਾਂਦੇ ਸਨ ਕਿ ਉਹ ਦੇਰ ਤਕ ਗਾਗਰ ਨਾਲ ਚਿਪਕੇ ਰਹਿ ਸਕਣ। ਦੀਵਿਆਂ ਵਿਚ ਬੱਤੀਆਂ ਰੱਖ ਕੇ ਤੇ ਘਿਉ ਪਾ ਕੇ ਉਨ੍ਹਾਂ ਨੂੰ ਬੜੇ ਚਾਵਾਂ ਨਾਲ ਬਾਲਿਆ ਜਾਂਦਾ ਸੀ।

ਗੋਲ ਦਾਇਰਿਆਂ ਵਿਚ ਜਗਮਗ-ਜਗਮਗ ਕਰਕੇ ਬਲਦੇ ਦੀਵੇ ਬਹੁਤ ਸੁੰਦਰ ਲੱਗਦੇ ਸਨ। ਘੁੰਮ ਫਿਰ ਕੇ ਚਾਨਣ ਦੀਆਂ ਬਰਕਤਾਂ ਵੰਡਣ ਲਈ ਤਿਆਰ ਜਾਗੋ ਬਹੁਤ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਸੀ। ਜਾਗੋ ਕੱਢਣ ਲਈ ਤਿਆਰ ਕੁੜੀਆਂ/ਔਰਤਾਂ ਪਹਿਲਾਂ ਅਕਸਰ ਜਾਗੋ ਨੂੰ ਮਾਮੀ ਦੇ ਸਿਰ ਉੱਤੇ ਰੱਖਦੀਆਂ ਸਨ ਤੇ ਨਾਲ-ਨਾਲ ਗੀਤ ਗਾਉਣੇ ਸ਼ੁਰੂ ਕਰ ਦਿੰਦੀਆਂ ਸਨ। ਜਦੋਂ ਸਮਾਜ ਵਿਚ ਪਿਆਰ, ਇਤਫਾਕ ਤੇ ਭਾਈਚਾਰਕ ਸਾਂਝ ਦਾ ਤਾਣਾ-ਬਾਣਾ ਮਜ਼ਬੂਤ ਹੁੰਦਾ ਸੀ ਤਾਂ ਔਰਤਾਂ ਜਾਗੋ ਕੱਢਦੀਆਂ ਹੋਈਆਂ ਸਾਰੇ ਪਿੰਡ ਦਾ ਚੱਕਰ ਲਾ ਆਉਂਦੀਆਂ ਸਨ। ਨੱਚਦੀਆਂ, ਗਾਉਂਦੀਆਂ, ਹਾਸਾ ਮਜ਼ਾਕ ਕਰਦੀਆਂ, ਕਿਸੇ ਨੂੰ ਛੇੜਦੀਆਂ, ਕਿਸੇ ਨੂੰ ਮਸ਼ਕਰੀਆਂ ਕਰਦੀਆਂ, ਕਿਸੇ ਦਾ ਬੂਹਾ ਖੜਕਾਉਂਦੀਆਂ ਮੇਲਣਾਂ ਜਿਸ ਘਰ ਅੱਗਿਓਂ ਵੀ ਲੰਘਦੀਆਂ, ਉਸ ਘਰ ਦੇ ਪੁਰਸ਼ ਮੁਖੀ ਦਾ ਨਾਂ ਲੈ ਕੇ ਉਸ ਨੂੰ ਆਪਣੀ ਸੁੱਤੀ ਪਈ ਘਰਵਾਲੀ ਨੂੰ ਜਗਾਉਣ ਵਾਸਤੇ ਕਹਿੰਦੀਆਂ ਸਨ ਤੇ ਮਜ਼ਾਕ ਕਰ ਕਰ ਕੇ ਢਿੱਡੀਂ ਪੀੜਾਂ ਪਾ ਦਿੰਦੀਆਂ ਸਨ,

ਜੈਲਿਆ, ਜੋਰੂ ਨੂੰ ਜਗਾ ਲੈ ਵੇ,
ਜਾਗੋ ਆਈ ਆ...
ਸੁੱਤੀ ਨੂੰ ਜਗਾ ਲੈ ਵੇ,
ਜਾਗੋ ਆਈ ਆ...
ਰੁੱਸੀ ਨੂੰ ਮਨਾ ਲੈ ਵੇ,
ਜਾਗੋ ਆਈ ਆ...
ਸੋਨ ਚਿੜੀ ਗਲ ਲਾ ਵੇ,
ਜਾਗੋ ਆਈ ਆ...।

ਫਿਰ ਦੂਜੀ ਟੋਲੀ ਦੇ ਬੋਲ ਕੁਝ ਇਸ ਤਰ੍ਹਾਂ ਦੇ ਹੁੰਦੇ ਸਨ,

ਚੁੱਪ ਕਰ ਬੀਬੀ, ਮਸਾਂ ਸਵਾਈ ਆ
ਮਸਾਂ ਸਵਾਈ ਆ
ਲੋਰੀ ਦੇ ਕੇ ਪਾਈ ਆ
ਨੀ, ਹੁਣ ਜਾਗੋ ਆਈ ਆ...।
ਉੱਠ ਖੜੂਗੀ, ਅੜੀ ਕਰੂਗੀ
ਚੁੱਕਣੀ ਪਊਗੀ
ਜਾਗੋ ਆਈ ਆ...।

ਅਜਿਹੇ ਗੀਤ ਗਾਉਂਦਿਆਂ, ਨੱਚਦੀਆਂ-ਟੱਪਦੀਆਂ, ਹੱਸਦੀਆਂ-ਖੇਡਦੀਆਂ ਮੇਲਣਾਂ ਵਾਹੋ-ਦਾਹੀ ਉਸ ਘਰ ਦੇ ਅੰਦਰ ਵੜ ਜਾਂਦੀਆਂ ਸਨ। ਕੁੜੀਆਂ ਹੱਥਾਂ ਵਿਚ ਫੜੀ ਘੁੰਗਰੂਆਂ ਵਾਲੀ ਸੋਟੀ ਦੇ ਹੇਠਲੇ ਸਿਰੇ ਨੂੰ ਜ਼ੋਰ ਦੀ ਥਾਪ ਨਾਲ ਖੜਕਾ ਕੇ ਜ਼ਮੀਨ 'ਤੇ ਮਾਰਦੀਆਂ ਸਨ ਤੇ ਨੱਚਣਾ ਸ਼ੁਰੂ ਕਰ ਦਿੰਦੀਆਂ ਸਨ। ਨਾਚ ਦੀ ਗਤੀ ਨਾਲ ਆਵਾਜ਼ ਮਿਲਾ ਕੇ ਉਹ ਬੋਲੀਆਂ ਪਾਉਂਦੀਆਂ ਸਨ, ਗਾਉਂਦੀਆਂ ਸਨ ਅਤੇ ਜਾਗੋ ਦੇ ਰੰਗਾਂ ਦੀਆਂ ਰੌਸ਼ਨੀਆਂ ਵਿਚ ਹੋਰ ਗੂੜ੍ਹੇ ਰੰਗ ਭਰ ਦਿੰਦੀਆਂ ਸਨ। ਉਸ ਸਮੇਂ ਜਾਗੋ ਨੂੰ ਮਿਲਿਆ ਹੁੰਗਾਰਾ ਤੇ ਉਤਸ਼ਾਹ ਨੱਚਣ, ਸੁਣਨ ਵਾਲਿਆਂ ਦੇ ਜੋਸ਼ ਨੂੰ ਦੂਣਾ-ਚੌਗੁਣਾ ਕਰ ਦੇਣ ਵਾਲਾ ਹੁੰਦਾ ਸੀ,

ਆਉਂਦੀ ਕੁੜੀਏ, ਜਾਂਦੀ ਕੁੜੀਏ
ਚੱਕ ਲਿਆ ਬਾਜ਼ਾਰ ਵਿਚੋਂ ਮਾਲਾ
ਬਈ, ਜਾਗੋ ਵਿਚੋਂ ਤੇਲ ਮੁੱਕਿਆ
ਕੋਈ ਪਾਊਗਾ ਨਸੀਬਾਂ ਵਾਲਾ
ਬਈ ਜਾਗੋ ਵਿਚੋਂ ਤੇਲ ਮੁੱਕਿਆ...।

ਉਸ ਘਰ ਵਾਲੇ ਜਾਗੋ ਦੇ ਦੀਵਿਆਂ ਵਿਚ ਤੇਲ/ਘਿਉ ਪਾਉਂਦੇ ਸਨ ਤੇ ਉਹ ਵੀ ਜਾਗੋ ਦੀਆਂ ਰੌਣਕਾਂ ਵਿਚ ਸ਼ਾਮਲ ਹੋ ਜਾਂਦੇ ਸਨ। ਮੇਲਣਾਂ ਜਗਦੇ ਦੀਵਿਆਂ ਵਾਲੀ ਗਾਗਰ (ਜਾਗੋ) ਸਿਰ ਉੱਤੇ ਰੱਖ ਕੇ ਅਗਲੇ ਘਰਾਂ ਵੱਲ ਨੂੰ ਹੋ ਤੁਰਦੀਆਂ ਸਨ। ਅਗਲੇ ਘਰ ਦੇ ਦਰਵਾਜ਼ੇ ਨੂੰ ਉਹ ਮੁੜ ਘੁੰਗਰੂਆਂ ਵਾਲੀ ਸੋਟੀ ਨਾਲ ਮੁੜ-ਮੁੜ ਜ਼ੋਰ-ਜ਼ੋਰ ਦੀ ਮਾਰ ਕੇ ਖੜਕਾਉਂਦੀਆਂ ਸਨ ਤੇ ਹੋਰ ਵਧੇਰੇ ਉਤਸ਼ਾਹ ਨਾਲ ਨੱਚਣਾ ਗਾਉਣਾ ਜਾਰੀ ਰੱਖਦੀਆਂ ਸਨ,

ਵੇ ਗਵਾਂਢੀਓ, ਜਾਗਦੇ ਕਿ ਸੁੱਤੇ,
ਵੇ ਗਵਾਂਢੀਓ...।
ਗਵਾਂਢੀ ਸਾਡੇ ਸੌਂ ਗਏ
ਤੇ ਗਵਾਂਢਣ ਨੂੰ ਲੈ ਗਏ ਕੁੱਤੇ...।
ਵੇ ਗਵਾਂਢੀਓ, ਜਾਗਦੇ ਕਿ ਸੁੱਤੇ,
ਵੇ ਗਵਾਂਢੀਓ...।

ਇਸ ਤਰ੍ਹਾਂ ਉੱਚੀ ਉੱਚੀ ਰਲਵੀਂ ਸੁਰ ਵਿਚ ਹਾਸਾ-ਮਜ਼ਾਕ ਕਰਦੀਆਂ, ਨੱਚਦੀਆਂ, ਗਾਉਂਦੀਆਂ ਮੇਲਣਾਂ ਘਰ ਦੇ ਅੰਦਰ ਦਾਖਲ ਹੋ ਜਾਂਦੀਆਂ ਸਨ। ਨੱਚ-ਨੱਚ ਕੇ ਉਨ੍ਹਾਂ ਨੂੰ ਘੁਮੇਟਣੀਆਂ ਆਉਣ ਲੱਗ ਜਾਂਦੀਆਂ ਸਨ। ਇਸ ਤਰ੍ਹਾਂ ਘਰੋ-ਘਰੀ ਗੇੜਾ ਲਾਉਂਦੀਆਂ ਮੇਲਣਾਂ ਜਾਗੋ ਦੇ ਮਿੱਥੇ ਰਾਹ 'ਤੇ ਚੱਲਣਾ ਜਾਰੀ ਰੱਖਦੀਆਂ ਸਨ। ਜਾਗੋ ਕੱਢ ਰਹੀਆਂ ਔਰਤਾਂ ਸਾਂਝ ਵਾਲੇ ਘਰਾਂ ਵਿਚ, ਸ਼ਰੀਕੇ-ਭਾਈਚਾਰੇ ਵਾਲੇ ਘਰਾਂ ਵਿਚ ਵਿਸ਼ੇਸ਼ ਤੌਰ 'ਤੇ ਜਮ੍ਹਾਂ ਹੁੰਦੀਆਂ ਸਨ ਤੇ ਜਾਗੋ ਦੀਆਂ ਰੌਸ਼ਨੀਆਂ ਵੰਡਦੀਆਂ ਜਾਂਦੀਆਂ ਸਨ। ਜਾਗੋ ਦੀਆਂ ਰੌਸ਼ਨੀਆਂ ਬਿਖੇਰਦਿਆਂ ਜਾਂਦਿਆਂ ਉਹ ਕਈ ਕੁਝ ਕਹਿੰਦੀਆਂ-ਸੁਣਦੀਆਂ ਵੀ ਜਾਂਦੀਆਂ ਸਨ। ਗਲੀ ਵਿਚੋਂ ਆਉਂਦਿਆਂ-ਜਾਂਦਿਆਂ ਨਾਲ ਉਹ ਹਾਸਾ ਮਜ਼ਾਕ ਕਰਦੀਆਂ ਜਾਂਦੀਆਂ ਸਨ। ਕਿਸੇ ਸੁੱਤੇ ਪਏ ਦਾ ਮੰਜਾ ਉਲਟਾਅ ਜਾਂਦੀਆਂ ਸਨ, ਕਈਆਂ ਦੇ ਚੁੱਲ੍ਹੇ, ਭੜੋਲੀਆਂ, ਮੰਜੇ, ਪੀੜ੍ਹੀਆਂ ਆਦਿ ਭੰਨ ਜਾਂਦੀਆਂ ਸਨ, ਚੌਂਕੇ ਵਿਚ ਚਿਣ ਕੇ ਰੱਖੇ ਬਰਤਨ, ਬਾਲਣ ਖਿਲਾਰ ਜਾਂਦੀਆਂ ਸਨ। ਅਖੀਰ ਦੇਰ ਰਾਤ ਗਈ ਤਕ ਉਹ ਮੁੜ ਵਿਆਹ ਵਾਲੇ ਘਰ ਪਹੁੰਚਦੀਆਂ ਸਨ। ਗਾਗਰ ਨੂੰ ਸਿਰ 'ਤੇ ਚੁੱਕੀ ਮਾਮੀ ਗਿੱਧਾ ਪਾਉਣ ਲਈ ਬਣਾ ਲਏ ਗਏ ਦਾਇਰੇ ਵਿਚ ਨੱਚਣ ਲੱਗ ਜਾਂਦੀ ਸੀ, ਬਾਕੀ ਮੇਲਣਾਂ ਉਸ ਦਾ ਸਾਥ ਦਿੰਦੀਆਂ ਸਨ ਤੇ ਗਿੱਧੇ ਦਾ ਪਿੜ ਫਿਰ ਆਪਣੇ ਰੰਗ ਵਿਚ ਆ ਜਾਂਦਾ ਸੀ। ਗਿੱਧੇ ਵਿਚ ਸਭ ਵਾਰੋ-ਵਾਰੀ ਨੱਚਦੀਆਂ ਗਾਉਂਦੀਆਂ ਸਨ ਤੇ ਗਿੱਧੇ ਦਾ ਧੂਮ-ਧੜੱਕਾ ਰਹਿੰਦਾ ਸੀ।



ਸਮੇਂ ਦੇ ਬਦਲਣ ਨਾਲ ਜਾਗੋ ਦੇ ਰਵਾਇਤੀ ਰੰਗ ਰੂਪ ਵਿਚ ਬਹੁਤ ਵੱਡੀ ਤਬਦੀਲੀ ਆ ਗਈ ਹੈ। ਹੁਣ ਵੀ ਜਾਗੋ (ਸਿਰਫ ਕਹਿਣ ਨੂੰ) ਕੱਢੀ ਜਾਂਦੀ ਹੈ। ਜਾਗੋ ਦਾ ਸ਼ੋਅ ਦਿਖਾਵਟੀ ਬਣ ਕੇ ਰਹਿ ਗਿਆ ਹੈ। ਜਾਗੋ ਬਾਜ਼ਾਰਾਂ ਵਿਚ ਵੱਖ-ਵੱਖ ਆਕਾਰਾਂ, ਬਲਬਾਂ ਦੀ ਗਿਣਤੀ ਦੇ ਹਿਸਾਬ ਨਾਲ, ਬਲਬਾਂ ਨਾਲ ਜੜੀ, ਗਾਗਰ ਜਾਂ ਵਲਟੋਹੀ ਉੱਪਰ ਸਜਾਈ ਕਿਰਾਏ 'ਤੇ ਮਿਲ ਜਾਂਦੀ ਹੈ। ਜਾਗੋ ਵਿਚ ਹੁਣ ਦੀਵਿਆਂ ਦੀ ਥਾਂ ਬੈਟਰੀ/ਸੈੱਲਾਂ ਨਾਲ ਜਗਣ ਵਾਲੇ ਬਿਜਲਈ ਬਲਬਾਂ ਨੇ ਲੈ ਲਈ ਹੈ। ਹੁਣ ਜਾਗੋ ਵਿਚੋਂ ਤੇਲ ਨਹੀਂ ਮੁੱਕਦਾ, ਸੈੱਲ ਮੁੱਕ ਸਕਦੇ ਹਨ ਤੇ ਬਲਬ ਜਗਣੋਂ ਬੰਦ ਹੋ ਸਕਦੇ ਹਨ।

ਹੁਣ ਜਾਗੋ ਕੱਢਣ ਵਾਲੀਆਂ ਮੇਲਣਾਂ ਦੀ ਥਾਂ, ਨੱਚਣ/ਗਾਉਣ ਦੀ ਕਲਾ ਦੀਆਂ ਜਾਣਕਾਰ ਕਿੱਤਾਵਰ ਹੁਨਰਮੰਦ ਕਲਾਕਾਰ ਕੁੜੀਆਂ ਨੇ ਲੈ ਲਈ ਹੈ। ਉਨ੍ਹਾਂ ਨਾਲ ਜਾਗੋ ਕੱਢਣ ਦਾ ਠੇਕਾ ਕਰ ਲਿਆ ਜਾਂਦਾ ਹੈ ਤੇ ਉਨ੍ਹਾਂ ਨੂੰ ਤੈਅ ਕੀਤੀ ਗਈ ਰਕਮ ਦਾ ਭੁਗਤਾਨ ਕਰ ਦਿੱਤਾ ਜਾਂਦਾ ਹੈ। ਇਹ ਮੰਡੀ ਸੱਭਿਆਚਾਰ ਦੀ ਦੇਣ ਹੈ। ਅਸਲ ਵਿਚ ਕੱਢੀ ਜਾਂਦੀ ਰਵਾਇਤੀ ਜਾਗੋ ਦੇ ਦ੍ਰਿਸ਼ ਪ੍ਰਭਾਵਸ਼ਾਲੀ ਹੁੰਦੇ ਸਨ। ਹੁਣ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ ਵਿਚ ਪੇਸ਼ ਕਈ ਗਿੱਧਿਆਂ ਦੇ ਪ੍ਰਾਰੰਭਿਕ ਦ੍ਰਿਸ਼ ਜਾਗੋ ਦੀ ਝਲਕੀ ਨਾਲ ਸ਼ੁਰੂ ਕੀਤੇ ਜਾਂਦੇ ਹਨ। ਪਹਿਲੇ ਸਮਿਆਂ ਵਿਚ ਲੋਕ ਹਾਸੇ-ਮਜ਼ਾਕ ਵੀ ਕਰਦੇ ਸਨ, ਸਹਿੰਦੇ ਵੀ ਸਨ ਤੇ ਮਾਣਦੇ ਵੀ ਸਨ। ਉਨ੍ਹਾਂ ਕੋਲ ਠੱਠਾ-ਮਸ਼ਕਰੀਆਂ ਕਰਨ ਅਤੇ ਸਹਿਣ ਕਰਨ ਲਈ ਜਿਗਰਾ ਹੁੰਦਾ ਸੀ।

ਸਮੇਂ ਦੇ ਬਦਲ ਜਾਣ ਨਾਲ ਨਾ ਹੁਣ ਉਹ ਵੱਡੇ ਜਿਗਰੇ ਰਹੇ ਹਨ, ਨਾ ਸਮੁੰਦਰ ਵਰਗੇ ਡੂੰਘੇ ਤੇ ਵਿਸ਼ਾਲ ਦਿਲ! ਹੁਣ ਨਾ ਕੋਈ ਕਿਸੇ ਨੂੰ ਹਾਸੇ-ਮਜ਼ਾਕ ਵਾਲੀ ਕੋਈ ਗੱਲ ਕਹਿੰਦਾ ਹੈ, ਨਾ ਕਿਸੇ ਦੀ ਕਹੀ ਹੋਈ ਤਨਜ਼ ਭਰਪੂਰ ਗੱਲ ਨੂੰ ਹਜ਼ਮ ਕਰਨ ਦਾ ਕਿਸੇ ਕੋਲ ਮਾਦਾ ਹੈ। ਮੇਲ-ਜੋਲ, ਖੁੱਲ੍ਹੇ-ਡੁੱਲ੍ਹੇ ਸੁਭਾਅ ਤੇ ਹਾਸੇ ਠੱਠੇ ਕਰਨ/ਕਰਾਉਣ ਵਾਲਾ ਉਹ ਸੱਭਿਆਚਾਰ ਹੁਣ ਗੁੰਮ-ਗੁਆਚ ਗਿਆ ਹੈ। ਬੇਸ਼ੱਕ ਹੁਣ ਰਵਾਇਤੀ ਜਾਗੋ ਬਹੁਤ ਘੱਟ ਜਗਦੀ ਹੈ, ਫਿਰ ਵੀ ਆਓ, ਕਾਮਨਾ ਕਰੀਏ ਕਿ ਕਿਧਰੇ ਨਾ ਕਿਧਰੇ ਜਗਦੀ ਜਾਗੋ ਮਨੁੱਖ ਦੀ ਜ਼ਿੰਦਗੀ ਨੂੰ ਰੁਸ਼ਨਾਉਂਦੀ ਰਹੇ! ਮਨੁੱਖ ਦੀ ਜ਼ਿੰਦਗੀ ਰੰਗਾਂ, ਖੁਸ਼ੀਆਂ, ਖੇੜਿਆਂ, ਰੌਸ਼ਨੀਆਂ ਨਾਲ ਲਬਰੇਜ਼ ਰਹੇ!

# ਤ੍ਰੇਲ-ਤੁਪਕਿਆਂ ਦੀ ਤਾਸੀਰ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਜਗਿਆਸਾ ਦੀ ਜਾਗ ਲਾਉਣ ਦੀ ਨਸੀਹਤ ਕੀਤੀ ਸੀ ਕਿ ਜਗਿਆਸਾ ਜਿਉਂਦੀ ਤਾਂ ਬੰਦਾ ਜਿਉਂਦਾ। 'ਕੇਰਾਂ ਜਗਿਆਸਾ ਮਰ ਜਾਵੇ ਤਾਂ ਵਿਅਕਤੀਤਵ ਦਾ ਵਿਕਾਸ ਰੁਕ ਜਾਂਦਾ। ਜਗਿਆਸਾ ਜਦ ਵਿਅਕਤੀ ਵਿਚ ਪੈਦਾ ਹੁੰਦੀ ਤਾਂ ਵਿਅਕਤੀ ਪੂਰਨ ਰੂਪ ਵਿਚ ਬਦਲ ਜਾਂਦਾ, ਕਿਉਂਕਿ ਜਗਿਆਸਾ ਹੀ ਬਦਲਾਅ ਦਾ ਸ਼ੁਭ-ਅਰੰਭ ਹੁੰਦਾ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਤ੍ਰੇਲ ਦੇ ਤੁਪਕਿਆਂ ਦੀ ਛੋਹ ਜਿਹਾ ਅਹਿਸਾਸ ਪ੍ਰਗਟਾਇਆ ਹੈ। ਉਹ ਕਹਿੰਦੇ ਹਨ ਕਿ ਤ੍ਰੇਲ ਵਰਗੇ ਲੋਕ ਜਦ ਜ਼ਿੰਦਗੀ ਵਿਚ ਮਿਲਦੇ ਤਾਂ ਜ਼ਿੰਦਗੀ ਦੀ ਸੁੱਚਮਤਾ ਤੇ ਉਚਮਤਾ ਵਿਚ ਜ਼ਿਕਰਯੋਗ ਵਾਧਾ ਹੁੰਦਾ ਬਸ਼ਰਤੇ ਸਾਨੂੰ ਅਜਿਹੇ ਲੋਕਾਂ ਦੀ ਪਛਾਣ ਹੋਵੇ। ਉਹ ਕਹਿੰਦੇ ਹਨ, "ਜ਼ਿੰਦਗੀ ਵੀ ਤ੍ਰੇਲ-ਤੁਪਕਿਆਂ ਜਿਹੀ ਹੀ ਹੋਣੀ ਚਾਹੀਦੀ ਤਾਂ ਕਿ ਇਹ ਖੁਸ਼ੀਆਂ, ਖੇੜਿਆਂ ਤੇ ਪਾਕੀਜ਼ਗੀ ਦਾ ਸੁਨੇਹੇ ਜੀਵਨ-ਦਰਾਂ 'ਤੇ ਤ੍ਰੌਂਕਦੀ, ਜੀਵਨ ਦੇ ਉਦਾਸ ਪਲਾਂ ਨੂੰ ਹੁਲਾਸ ਨਾਲ ਭਰ, ਆਪਣੀ ਰੁਖਸਤਗੀ ਦਾ ਜਸ਼ਨ ਮਨਾਏ।" ਡਾਕਟਰੀ ਸਲਾਹ ਜਿਹੇ ਬੋਲਾਂ ਵਾਂਗ ਡਾ. ਭੰਡਾਲ ਦਾ ਕਹਿਣਾ ਹੈ ਕਿ ਕਦੇ-ਕਦਾਈਂ ਤ੍ਰੇਲੇ ਘਾਹ 'ਤੇ ਨੰਗੇ ਪੈਰੀ ਟਹਿਲਣਾ, ਦੁਨਿਆਵੀ ਜ਼ਿੰਮੇਵਾਰੀਆਂ ਤੇ ਪ੍ਰੇਸ਼ਾਨੀਆਂ ਦਰ-ਕਿਨਾਰ ਹੋਣਗੀਆਂ। ਤੁਹਾਨੂੰ ਆਪਣੇ ਆਪ ਦੇ ਰੂਬਰੂ ਹੋਣ, ਸਵੈ-ਚਿੰਤਨ ਕਰਨ ਦਾ ਮੌਕਾ ਮਿਲੇਗਾ। -ਸੰਪਾਦਕ*

ਤ੍ਰੇਲ, ਪਾਣੀ ਦਾ ਸੁੱਚਾ ਰੂਪ। ਵਾਸ਼ਪ ਕਣਾਂ ਦਾ ਮਿਲ ਬੈਠਣਾ। ਬਨਸਪਤੀ ਦੇ ਮੁਖਾਰਬਿੰਦ ਨੂੰ ਸਜਾਉਣਾ ਤੇ ਧਰਤ ਦੀ ਪਿਆਸ ਮਿਟਾਉਣਾ।

ਤ੍ਰੇਲ, ਫੁੱਲ-ਪੱਤੀਆਂ ਦੇ ਮੁੱਖੜੇ ਦੀ ਆਭਾ। ਚਿਹਰਿਆਂ 'ਤੇ ਤ੍ਰੌਂਕੀ ਜਾ ਰਹੀ ਤਾਜ਼ਗੀ। ਬਿਰਖਾਂ ਦਾ ਨਿਖਾਰਿਆ ਰੂਪ। ਧੋਤਾ-ਧੋਤਾ ਮੁਹਾਂਦਰਾ ਅਤੇ ਲਿਸ਼ਕ ਰਿਹਾ ਪਾਰਦਰਸ਼ੀ ਬਿੰਬ।

ਤ੍ਰੇਲ, ਉਤਰਦੀ ਰਾਤ ਨੂੰ ਉਡੀਕਦੀ। ਤਾਪਮਾਨ ਘਟਦਾ ਅਤੇ ਪਾਣੀ ਦੇ ਵਾਸ਼ਪ-ਕਣ ਮਿਲ ਬੈਠਣ ਦਾ ਸਬੱਬ ਬਣਾਉਂਦੇ। ਇਸ ਸਬੱਬ ਦਾ ਸੁੰਦਰ ਰੂਪ ਏ ਤ੍ਰੇਲ-ਤੁਪਕਿਆਂ ਦਾ ਮੋਤੀ ਹਾਰ। ਇਨ੍ਹਾਂ 'ਤੇ ਪੈ ਰਹੀਆਂ ਸਰਘੀ ਦੀਆਂ ਕਿਰਨਾਂ ਅਤੇ ਛਣ ਛਣ ਕੇ ਆ ਰਹੀ ਰੰਗਾਂ ਦੀ ਆਬਸ਼ਾਰ ਦੀ ਨਿਰੰਤਰਤਾ।

ਤ੍ਰੇਲ ਬਿਰਖਾਂ, ਫਸਲਾਂ, ਪੌਦਿਆਂ ਦੇ ਸਿਰਿਆਂ ਨੂੰ ਭਿਉਂਦੀ। ਪਿੰਡਿਆਂ ਤੋਂ ਸੇਕ ਨੂੰ ਚੂਸ, ਹਿਰਦਿਆਂ ਵਿਚ ਠੰਢਕ ਪਹੁੰਚਾਉਂਦੀ, ਜੜ੍ਹਾਂ ਵਿਚ ਉਤਰੇ ਸੋਕੇ ਨੂੰ ਦੂਰ ਕਰਦੀ ਅਤੇ ਵਧਣ-ਫੁਲਣ ਵਿਚ ਆਸਰਾ ਦਿੰਦੀ।

ਤ੍ਰੇਲ, ਪੱਤਿਆਂ ਤੇ ਸਜੀ ਮੋਤੀਆਂ ਦੀ ਮਾਲਾ। ਤਨ ਤੋਂ ਥਿਰਕਦੀ ਤਰਲਤਾ। ਇਸ ਵਿਚੋਂ ਹੀ ਪੈਦਾ ਹੋਈ ਜੀਵਨ ਵਿਚਲੀ ਥਿਰਕਣ, ਸੰਗੀਤਕਤਾ ਨੂੰ ਮਨ ਦੀ ਜੂਹ ਦੇ ਨਾਮ ਕਰਦੀ।

ਤ੍ਰੇਲ ਦੇ ਕਣ ਮਿਲ ਕੇ ਨਿੱਕੇ-ਵੱਡੇ ਤ੍ਰੇਲ-ਤੁਪਕਿਆਂ ਦਾ ਰੂਪ ਧਾਰਦੇ ਅਤੇ ਫਿਰ ਹੌਲੀ ਹੌਲੀ ਤਿਲਕਦੇ ਜੜ੍ਹਾਂ ਵਿਚ ਉਤਰ ਜਾਂਦੇ।

ਤ੍ਰੇਲ-ਤੁਪਕਿਆਂ ਦੀ ਕਲਾ-ਕ੍ਰਿਤ, ਕਾਦਰ ਦਾ ਕ੍ਰਿਸ਼ਮਾ। ਇਸ ਦੀ ਪਾਰਦਰਸ਼ਤਾ ਵਿਚ ਘੁੱਲਿਆ ਏ ਸੱਤਰੰਗਾ ਮਿਸ਼ਰਣ। ਜਦ ਸੂਰਜ ਦੀਆਂ ਕਿਰਨਾਂ ਇਨ੍ਹਾਂ ਵਿਚੀਂ ਆਰ-ਪਾਰ ਹੁੰਦੀਆਂ ਤਾਂ ਸੱਤਰੰਗੀ ਫਿਜ਼ਾ ਦੇ ਨਾਮ ਹੁੰਦੀ।

ਤ੍ਰੇਲ-ਤੁਪਕਿਆਂ ਨੂੰ ਨਿਹਾਰਨਾ, ਜੀਵਨ ਦੇ ਸੂਖਮ ਅਤੇ ਸੁੰਦਰ ਪਲ। ਜੀਵਨ ਦੀ ਸੁੱਚਮਤਾ ਅਤੇ ਉਚਮਤਾ ਦੇ ਦੀਦਾਰੇ। ਇਸ ਨਾਲ ਜੀਵਨ-ਰੂਪੀ ਪ੍ਰਿਜ਼ਮ ਵਿਚੋਂ ਕਈ ਪਰਤਾਂ ਫਰੋਲ ਸਕਦੇ ਹਾਂ। ਇਨ੍ਹਾਂ ਵਿਚੋਂ ਤੁਸੀਂ ਕਿਹੜੀ ਪਰਤ ਦਾ ਸਿਰਨਾਵਾਂ ਬਣਨਾ ਅਤੇ ਕਿਸ ਪਰਤ ਨੂੰ ਨਕਾਰਨਾ, ਇਹ ਮਨੁੱਖੀ ਸੋਚ ਵਿਚ ਬੈਠੀ ਸੰਵੇਦਨਾ ਦਾ ਆਧਾਰ ਹੁੰਦਾ।

ਤ੍ਰੇਲ ਜਦ ਘਾਹ ਦੀਆਂ ਪੱਤੀਆਂ 'ਤੇ ਆਪਣੀ ਸਪੱਰਸ਼ ਦਾ ਜਾਦੂ ਧੂੜਦੀ ਤਾਂ ਇਸ ਦੀ ਰੂਹ ਵਿਚ ਕੋਮਲਤਾ ਦਾ ਸਰੂਰ ਪੈਦਾ ਹੁੰਦਾ। ਉਸ ਨੂੰ ਸਕੂਨ ਤੇ ਸਬੂਰੀ ਹਾਸਲ ਹੁੰਦੀ। ਕਦੇ ਨੰਗੇ ਪੈਰੀ ਘਾਹ 'ਤੇ ਤੁਰਨਾ, ਇਕ ਵਿਸਮਾਦ ਮਨ-ਮੰਦਰ ਵਿਚ ਤਾਰੀ ਹੋਵੇਗਾ ਅਤੇ ਪੈਰਾਂ ਨੂੰ ਠੰਢਕ ਦਾ ਅਹਿਸਾਸ ਹੋਵੇਗਾ, ਜਿਸ ਨਾਲ ਮਨੁੱਖ ਨੂੰ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਤੇ ਤਾਜ਼ਗੀ ਦਾ ਅਹਿਸਾਸ ਹੁੰਦਾ। ਕਿੰਨਾ ਚੰਗਾ ਲੱਗਦਾ ਸੀ ਬਚਪਨੇ ਵਿਚ ਸਵੇਰ ਵੇਲੇ ਵੱਟਾਂ 'ਤੇ ਤੁਰਨਾ, ਪੈਰਾਂ ਨੂੰ ਤ੍ਰੇਲ ਨਾਲ ਭਿਉਣਾ ਤੇ ਇਸ ਨੂੰ ਰੂਹ-ਏ-ਰਵਾਨੀ ਬਣਾਉਣਾ। ਕੇਹੇ ਪਲ ਸਨ, ਜਿਨ੍ਹਾਂ ਨੂੰ ਮੁੜ ਜਿਉਣ ਨੂੰ ਜੀਅ ਕਰਦਾ। ਕਦੇ ਵੀ ਬੱਚੇ ਨੂੰ ਨੰਗੇ ਪੈਰੀਂ ਘਾਹ 'ਤੇ ਤੁਰਨ ਤੋਂ ਨਾ ਵਰਜਣਾ, ਕਿਉਂਕਿ ਜਿਹੜੇ ਪਲਾਂ ਦੀ ਯਾਦ ਅਸੀਂ ਸਾਂਭੀ ਬੈਠੈ ਹਾਂ, ਉਹ ਪਲ ਬੱਚਿਆਂ ਰਾਹੀਂ ਜਿਉਣਾ, ਬਹੁਤ ਵੱਡਾ ਧੰਨਭਾਗ ਹੁੰਦਾ।

ਤ੍ਰੇਲ ਜੀਵਨ ਦਾ ਅਧਾਰ। ਭਾਵੇਂ ਇਹ ਬਨਸਪਤੀ ਹੋਵੇ, ਕਾਇਨਾਤ ਹੋਵੇ ਅਤੇ ਕਾਇਨਾਤ ਦਾ ਕਿਣਕਾ ਮਾਤਰ ਇਕ ਮਨੁੱਖ ਹੋਵੇ। ਤ੍ਰੇਲੇ ਰਾਹਾਂ ਨੂੰ ਮਨ-ਮਾਰਗ ਬਣਾਉਣਾ, ਤ੍ਰੇਲ ਭਿੱਜੀਆਂ ਮੰਜ਼ਿਲਾਂ ਦਾ ਸਿਰਨਾਵਾਂ ਤੁਹਾਡੇ ਮੱਥੇ 'ਤੇ ਖੁਣਿਆ ਜਾਵੇਗਾ।

ਤ੍ਰੇਲ ਤੇਹ ਦਾ ਰੂਪ, ਪਿਆਰ ਦਾ ਮੁਜੱਸਮਾ। ਤ੍ਰੇਲ ਦਾ ਬੂਟਿਆਂ ਨਾਲ ਤੇਹ ਹੀ ਹੁੰਦਾ ਕਿ ਉਹ ਹਰ ਰੋਜ਼ ਇਨ੍ਹਾਂ ਨੂੰ ਧਾਅ ਕੇ ਮਿਲਦੀ। ਇਨ੍ਹਾਂ ਨੂੰ ਨਿਖਾਰਦੀ, ਸੰਵਾਰਦੀ, ਸ਼ਿੰਗਾਰਦੀ, ਨਿਹਾਰਦੀ ਅਤੇ ਫਿਰ ਅਗਲੇ ਦਿਨ ਦਾ ਵਾਅਦਾ ਕਰਕੇ ਅਲਵਿਦਾ ਹੁੰਦੀ।

ਤ੍ਰੇਲ-ਤੁਪਕਿਆਂ ਵਰਗੇ ਕੁਝ ਹੀ ਲੋਕ ਹੁੰਦੇ, ਜੋ ਖੁਦ ਨੂੰ ਕਿਸੇ ਲਈ ਅਰਪਿੱਤ ਕਰ, ਆਪਣੀ ਹੋਂਦ ਵਿਚੋਂ ਕਿਸੇ ਹਸਤੀ ਦੀ ਸਿਰਜਣਾ ਕਰਦੇ ਅਤੇ ਵਾਸ਼ਪ ਹੋ ਕੇ, ਨਵੇਂ ਸਫਰ ਦੀ ਤਿਆਰੀ ਵਿਚ ਰੁੱਝ ਜਾਂਦੇ।

ਤ੍ਰੇਲ ਵਰਗੇ ਲੋਕ ਜਦ ਜ਼ਿੰਦਗੀ ਵਿਚ ਮਿਲਦੇ ਤਾਂ ਜ਼ਿੰਦਗੀ ਦੀ ਸੁੱਚਮਤਾ ਤੇ ਉਚਮਤਾ ਵਿਚ ਜ਼ਿਕਰਯੋਗ ਵਾਧਾ ਹੁੰਦਾ ਬਸ਼ਰਤੇ ਸਾਨੂੰ ਅਜਿਹੇ ਲੋਕਾਂ ਦੀ ਪਛਾਣ ਹੋਵੇ। ਇਨ੍ਹਾਂ ਤ੍ਰੇਲ-ਤੁਪਕਿਆਂ ਨੂੰ ਰੂਹ ਵਿਚ ਰਮਾ, ਸੰਜੀਵਨੀ ਸਮਝ, ਖੁਦ ਨੂੰ ਉਚਾਰੂ ਤੇ ਸੁਚਾਰੂ ਰੂਪ ਵੱਲ ਸੇਧਤ ਕਰ ਸਕੀਏ।

ਤ੍ਰੇਲ ਵਰਗੇ ਕੁਝ ਰਿਸ਼ਤੇ ਵੀ ਹੁੰਦੇ, ਜੋ ਆਪਸੀ ਨੇੜਤਾ ਵਿਚਲੇ ਅਹਿਸਾਸਾਂ ਨੂੰ ਨਿਵੇਕਲਾਪਣ ਤੇ ਨਰੋਇਆਪਣ ਬਖਸ਼, ਸਬੰਧਾਂ ਨੂੰ ਨਵੀਂ ਤਸ਼ਬੀਹ ਦਿੰਦੇ। ਇਹ ਸਬੰਧ ਖੁਦ ਦੇ ਸਮਰਪਣ ਅਤੇ ਨਿਛਾਵਰਤਾ ਰਾਹੀਂ, ਕਿਸੇ ਦੀ ਜ਼ਿੰਦਗੀ ਦੇ ਅੰਬਰ ਦਾ ਸਿਰਨਾਵਾਂ ਸਿਰਜਣ ਵਿਚ ਅਹਿਮ ਹੁੰਦੇ।

ਤ੍ਰੇਲ-ਤੁਪਕਿਆਂ ਵਰਗੇ ਕੁਝ ਲੋਕ ਵੀ ਸਾਡੀ ਜ਼ਿੰਦਗੀ ਵਿਚ ਪਰਵੇਸ਼ ਕਰਦੇ, ਜਿਨ੍ਹਾਂ ਸਦਕਾ ਅਸੀਂ ਕਦਰਾਂ-ਕੀਮਤਾਂ ਨੂੰ ਸਮਝਣ, ਅਪਨਾਉਣ ਅਤੇ ਇਸ ਦੀ ਸਮੁੱਚਤਾ ਨੂੰ ਵਿਅਕਤੀਤਵ ਵਿਚ ਰਚਾਉਣ ਦੇ ਕਾਬਲ ਹੁੰਦੇ। ਸਾਡੀਆਂ ਪ੍ਰਾਪਤੀਆਂ, ਸਫਲਤਾਵਾਂ ਅਤੇ ਨਵੇਂ ਦਿਸਹੱਦਿਆਂ ਦੀ ਸਿਰਜਣਾ ਵਿਚ ਇਨ੍ਹਾਂ ਤ੍ਰੇਲ-ਤੁਪਕਿਆਂ ਵਰਗੀਆਂ ਅਜ਼ੀਮ ਸ਼ਖਸੀਅਤਾਂ ਦਾ ਅਹਿਮ ਯੋਗਦਾਨ। ਭਾਵੇਂ ਇਹ ਅਧਿਆਪਕ, ਰਹਿਨੁਮਾ, ਰਹਿਬਰ ਜਾਂ ਰਾਹ-ਦਸੇਰਾ ਹੋਵੇ। ਇਹ ਮਾਪੇ ਵੀ ਹੁੰਦੇ। ਤੁਹਾਡੀ ਪ੍ਰਾਪਤੀਆਂ ਵਿਚੋਂ ਆਪਣੇ ਨਕਸ਼ ਨਿਹਾਰਨ ਵਾਲੇ ਕੁਝ ਆਪਣੇ ਵੀ ਹੁੰਦੇ। ਆਪਣੀਆਂ ਤਰਜ਼ੀਹਾਂ ਵਿਚ ਤਕਦੀਰ ਸਿਰਜਣ ਵਾਲੇ ਅਚੇਤ ਰੂਪ ਵਿਚ ਉਹ ਸੱਜਣ ਵੀ ਹੁੰਦੇ, ਜੋ ਅਲੋਪ ਰਹਿ ਕੇ ਵੀ ਕੁਝ ਅਜਿਹੇ ਕਰ ਜਾਂਦੇ ਕਿ ਬੰਦੇ ਵਿਚ ਦੇ ਮਨ ਵਿਚ ਸ਼ੁਕਰਗੁਜ਼ਾਰੀ ਦੇ ਅਹਿਸਾਸ, ਅਦਬ ਬਣ ਜਾਂਦੇ।



ਤ੍ਰੇਲ-ਤੁਪਕਿਆਂ ਵਰਗੇ ਕੁਝ ਪਲ ਵੀ ਹੁੰਦੇ, ਜਦ ਰੱਕੜ ਵਰਗੀ ਜ਼ਿੰਦਗੀ ਵਿਚ ਤ੍ਰੇਲ-ਤੁਪਕਿਆਂ ਦੀ ਰਿਮਝਿਮ ਦਾ ਨਾਦ ਗੂੰਜਦਾ। ਜ਼ਿੰਦਗੀ ਦੀ ਬੇਲਿਹਾਜ਼ੀ ਤੋਂ ਅੱਕਿਆਂ ਦੇ ਮਨਾਂ ਵਿਚ ਫਿਰ ਤੋਂ ਜ਼ਿੰਦਗੀ ਨੂੰ ਜਿਉਣ ਦਾ ਚਾਅ ਪੈਦਾ ਹੁੰਦਾ। ਜ਼ਿੰਦਗੀ ਤੋਂ ਰੁਖਸਤਗੀ ਭਾਲਣ ਵਾਲੇ ਪੈਰ ਘਰਾਂ ਨੂੰ ਪਰਤਦੇ ਅਤੇ ਗਰਾਂ, ਦਰਾਂ ਤੇ ਘਰਾਂ ਨੂੰ ਆਪਣਿਆਂ ਦੀ ਛੋਹ ਅਤੇ ਕੋਮਲਤਾ ਭਰੀ ਗਲਵਕੜੀ ਮਿਲਦੀ।

ਤ੍ਰੇਲ-ਤੁਪਕਿਆਂ ਜਿਹੀਆਂ ਕੁਝ ਰੂਹਾਂ ਵੀ ਹੁੰਦੀਆਂ ਜਿਨ੍ਹਾਂ ਨਾਲ ਕੁਝ ਪਲਾਂ ਦਾ ਮਿਲਾਪ ਜਾਂ ਮਿਲ ਬੈਠਣੀ, ਮਨ ਦੇ ਅਵੈੜੇ ਵਿਚਾਰਾਂ ਨੂੰ ਸੇਧ ਤੇ ਸੰਭਾਵਨਾ ਬਣਾ ਦਿੰਦੀ ਜੋ ਨਵੀਆਂ ਸਫ਼ਲਤਾਵਾਂ ਦਾ ਸਿਰਨਾਵਾਂ ਹੋ ਨਿਬੜਦੀਆਂ। ਕਦੇ ਮਹਾਨ ਵਿਅਕਤੀਆਂ ਦੀ ਸੰਗਤ ਮਾਣਨਾ, ਉਨ੍ਹਾਂ ਦੇ ਜੀਵਨ ਵਿਚਲੀਆਂ ਅਹਿਮ ਘਟਨਾਵਾਂ ਦੀਆਂ ਪਰਤਾਂ ਫਰੋਲਣਾ, ਰੁੱਖੀ ਜਿਹੀ ਜ਼ਿੰਦਗੀ ਵਿਚ ਸਪਰਸ਼-ਛੋਹ ਦੀ ਅਜਿਹੀ ਤਮੰਨਾ ਪੈਦਾ ਹੋਵੇਗੀ ਕਿ ਤੁਸੀਂ ਉਨ੍ਹਾਂ ਦੇ ਸੰਗਤੀ ਸੰਦੇਸ਼ ਨਾਲ ਜੀਵਨ ਨੂੰ ਨਵੀਂ ਤਰਤੀਬ ਦੇਣ ਦੇ ਕਾਬਲ ਹੋ ਜਾਵੋਗੇ।

ਤ੍ਰੇਲ-ਤੁਪਕੇ ਪਿਆਰ ਦੇ ਸੂਚਕ। ਤੇਹ ਦੀ ਤਮੰਨਾ, ਨਰਮ ਗਲਵੱਕੜੀ, ਨਿੱਘ-ਮਿਲਣੀ ਵਰਗਾ ਵਿਸਮਾਦ। ਆਪਣਿਆਂ ਦੇ ਗਲ ਲੱਗ ਕੇ ਸੁੱਖਦ ਪਲਾਂ ਨੂੰ ਮਾਣਨਾ। ਪਾਕੀਜ਼ਗੀ ਦੀ ਪਾਹੁਲ ਤੇ ਮੁਹੱਬਤ ਦਾ ਚਸ਼ਮਾ, ਜਿਸ ਦਾ ਸੰਗੀਤ ਤੇ ਮਧੁਰਤਾ ਜੀਵਨ ਨਾਦ ਬਣਦਾ।

ਤ੍ਰੇਲ-ਤੁਪਕੇ ਵਰਗੇ ਪਲ ਹਰੇਕ ਦੀ ਜ਼ਿੰਦਗੀ ਵਿਚ ਦਸਤਕ ਦਿੰਦੇ। ਇਸ ਦੀ ਤਰਲਤਾ ਤੇ ਪਾਰਦਰਸ਼ਤਾ ਕਾਰਨ ਮਨ ਵਿਚ ਹਲੂਸ ਅਤੇ ਖਲੂਸ ਭਰਿਆ ਜਾਂਦਾ। ਇਹ ਮਨੁੱਖ ਦੇ ਨਿੱਜ 'ਤੇ ਨਿਰਭਰ ਕਿ ਉਸ ਨੇ ਇਨ੍ਹਾਂ ਪਲ ਨੂੰ ਜੀਵਨ ਭਰ ਦਾ ਸਾਥ ਬਣਾਉਣਾ ਜਾਂ ਇਨ੍ਹਾਂ ਦੀ ਅਣਦੇਖੀ ਕਰਕੇ, ਖੁਦ ਨੂੰ ਕਿਸੇ ਗੁੰਮਨਾਮੀ ਦੇ ਰਾਹ ਪਾਉਣਾ।

ਤ੍ਰੇਲ ਵਰਗੀਆਂ ਰੁੱਤਾਂ ਕਦੇ ਕਦਾਈਂ ਹੀ ਮਨ-ਵਿਹੜੇ ਵਿਚ ਦਸਤਕ ਦਿੰਦੀਆਂ। ਇਸ ਦਸਤਕ ਨੂੰ ਕਿਹੜੇ ਰੂਪ 'ਚ ਸੁਣਨਾ, ਕੀ ਹੁੰਗਾਰਾ ਭਰਨਾ ਤੇ ਕਿਵੇਂ ਖੁਸ਼ਆਮਦੀਦ ਕਹਿਣਾ-ਇਹ ਮਨੁੱਖੀ ਸੰਵੇਦਨਾ ਲਈ ਅਹਿਮ ਸਵਾਲ। ਇਸ ਦਾ ਜਵਾਬ ਵੀ ਮਨੁੱਖ ਨੂੰ ਹੀ ਲੱਭਣਾ ਪੈਣਾ।

ਤ੍ਰੇਲ-ਭਿੱਜੀਆਂ ਰੂਹਾਂ, ਪਾਕ ਪਵਿੱਤਰ। ਇਨ੍ਹਾਂ ਦੇ ਬੋਲਾਂ ਵਿਚ ਖੁਦਾਵੰਦ ਦੀ ਖੁਦਾਈ ਅਤੇ ਚੌਗਿਰਦੇ ਵਿਚ ਸਿਰਜਣਾਮਈ ਆਭਾ-ਮੰਡਲ। ਇਸ 'ਚ 'ਕੇਰਾਂ ਖੁਦ ਨੂੰ ਲਬਰੇਜ਼ ਕਰਕੇ ਦੇਖਣਾ, ਜੀਵਨ ਦੇ ਅਰਥ ਹੀ ਬਦਲ ਜਾਣਗੇ। ਜੀਵਨ ਦੇ ਮਕਸਦ ਤੇ ਇਸ ਦੀ ਪੂਰਤੀ ਦਰਮਿਆਨ ਵਿੱਥਾਂ ਖੁਦ ਹੀ ਪੂਰੀਆਂ ਜਾਣਗੀਆਂ।

ਤ੍ਰੇਲ-ਤੁਪਕੇ, ਕੁਦਰਤ ਨੂੰ ਸ਼ਿੰਗਾਰਨ ਜਾਂ ਇਸ ਦੀ ਸੁੰਦਰਤਾ ਵਿਚ ਅਸੀਮ ਵਾਧਾ ਕਰਨ ਦੇ ਨਾਲ-ਨਾਲ ਇਹ ਕੁਦਰਤ ਦਾ ਰੂਪ ਧਾਰਦੇ ਅਤੇ ਕੁਦਰਤ ਦੇ ਵਧਣ-ਫੁਲਣ ਤੇ ਵਿਗਸਣ ਵਿਚ ਵੀ ਸਹਾਈ ਹੁੰਦੇ।

ਤ੍ਰੇਲ-ਤੁਪਕੇ ਲਈ ਜਰੂਰੀ ਹੁੰਦਾ ਏ, ਸੂਰਜ ਦਾ ਡੁੱਬਣਾ, ਰਾਤ ਦਾ ਉਤਰਨਾ, ਤਾਪਮਾਨ ਦਾ ਨਿਸ਼ਚਿਤ ਤਾਪਮਾਨ ਤੋਂ ਹੇਠਾਂ ਜਾਣਾ, ਵਾਯੂਮੰਡਲ ਵਿਚ ਜਲ-ਵਾਸ਼ਪਾਂ ਦੀ ਵੱਧ ਮਾਤਰਾ। ਤਾਪਮਾਨ ਘੱਟਣ ਨਾਲ ਤ੍ਰੇਲ ਤੁਪਕੇ ਆਪਣਾ ਰੂਪ ਧਾਰਦੇ, ਵਿਸਥਾਰਦੇ ਅਤੇ ਬਨਸਪਤੀ ਨੂੰ ਆਪਣੇ ਕਲਾਵੇ ਵਿਚ ਲੈਂਦੇ। ਇਸ ਲਈ ਸਾਜ਼ਗਾਰ ਮਾਹੌਲ ਦਾ ਹੋਣਾ ਲਾਜ਼ਮੀ ਤਾਂ ਹੀ ਅਜਿਹੇ ਮੌਕੇ ਪੈਦਾ ਹੋਣ, ਜਿਨ੍ਹਾਂ ਵਿਚ ਤ੍ਰੇਲ-ਤੁਪਕਿਆਂ ਵਰਗੇ ਅਜ਼ੀਮ ਸ਼ਖਸਾਂ ਦਾ ਸਾਥ ਮਿਲੇ ਅਤੇ ਜੀਵਨੀ ਪਤਝੜ ਵਿਚ ਬਹਾਰਾਂ ਦੀ ਆਮਦ ਹੋਵੇ।

ਯਾਦ ਰੱਖਣਾ! ਤ੍ਰੇਲ-ਤੁਪਕੇ ਬਹੁਤ ਹੀ ਸੋਹਲ ਤੇ ਅਸਥਿੱਰ ਹੁੰਦੇ। ਜਰਾ ਜਿੰਨੀ ਹਰਕਤ ਜਾਂ ਸੂਰਜੀ ਤਪਸ਼ ਵਿਚ ਆਪਣਾ ਰੂਪ ਵਟਾਉਂਦਿਆਂ ਦੇਰ ਨਹੀਂ ਲਾਉਂਦੇ। ਲੋੜ ਹੈ, ਤ੍ਰੇਲ-ਤੁਪਕਿਆਂ ਦੀ ਥੋੜ੍ਹਚਿਰੀ ਅਉਧ ਵਿਚ ਵੱਧ ਤੋਂ ਵੱਧ ਲਾਹਾ ਲਿਆ ਜਾਵੇ ਤਾਂ ਕਿ ਤ੍ਰੇਲ-ਤੁਪਕਿਆਂ ਨੂੰ ਆਪਣੀ ਸਾਰਥਕਤਾ 'ਤੇ ਵੀ ਨਾਜ਼ ਹੋਵੇ। ਫਿਰ ਉਹ ਵਾਰ ਵਾਰ ਤੁਹਾਡੇ ਦਰਾਂ 'ਤੇ ਅਲਖ ਜਗਾਉਂਦੇ, ਫਕੀਰ ਵਾਂਗ ਹੋਕਰਾ ਲਾਉਂਦੇ ਅਤੇ ਦੁਆਵਾਂ ਨਾਲ ਨਵੀਆਂ ਸੰਭਾਵਨਾਵਾਂ ਦਾ ਜਾਗ ਲਾਉਂਦੇ। ਸੋਚਾਂ ਵਿਚ ਮੌਲਿਕਤਾ ਅਤੇ ਕਦਮਾਂ ਵਿਚ ਹਿੰਮਤ ਤੇ ਸਿਰੜ ਦਾ ਪੈਗਾਮ ਧਰ ਨਵੇਂ ਰਾਹਾਂ ਦਾ ਰਾਹੀ ਬਣਨ ਲਈ ਪ੍ਰੇਰਿਤ ਕਰਦੇ।

ਕਦੇ-ਕਦਾਈਂ ਤ੍ਰੇਲੇ ਘਾਹ 'ਤੇ ਨੰਗੇ ਪੈਰੀ ਟਹਿਲਣਾ, ਦੁਨਿਆਵੀ ਜ਼ਿੰਮੇਵਾਰੀਆਂ ਤੇ ਪ੍ਰੇਸ਼ਾਨੀਆਂ ਦਰ-ਕਿਨਾਰ ਹੋਣਗੀਆਂ। ਤੁਹਾਨੂੰ ਆਪਣੇ ਆਪ ਦੇ ਰੂਬਰੂ ਹੋਣ, ਸਵੈ-ਚਿੰਤਨ ਕਰਨ ਦਾ ਮੌਕਾ ਮਿਲੇਗਾ। ਇਸ ਨਾਲ ਸ਼ੁਭ ਵਿਚਾਰਾਂ ਨਾਲ ਰੰਗੀ ਚੇਤਨਾ ਉਦੈ ਹੋਵੇਗੀ, ਜੋ ਤੁਹਾਡੇ ਨਸੀਬਾਂ ਨੂੰ ਉਜਵਲ ਕਰਦੀ, ਨਵੀਆਂ ਬੁਲੰਦੀਆਂ ਦਾ ਮਾਣ ਵੀ ਬਣ ਸਕਦੀ ਏ।

ਤ੍ਰੇਲ-ਤੁਪਕਿਆਂ ਨੂੰ ਵਾਚਦੇ ਤੁਸੀਂ ਕੁਦਰਤ ਦੇ ਸਭ ਤੋਂ ਕਰੀਬ। ਸਵੇਰੇ ਸਵੇਰੇ ਪੰਛੀਆਂ ਦਾ ਚਹਿਕਣਾ, ਆਲ੍ਹਣੇ ਤੋਂ ਉਡਾਰੀਆਂ ਭਰ ਰਹੇ ਪਰਿੰਦਿਆਂ ਦੀਆਂ ਡਾਰਾਂ ਅਤੇ ਬੋਟਾਂ ਦੀ ਚੀਂ ਚੀਂ ਇਕ ਮਧੁਰ ਸੰਗੀਤ ਬਣ, ਤੁਹਾਡੇ ਮਨ ਵਿਚ ਕੁਦਰਤੀ ਇਕਸੁਰਤਾ ਪੈਦਾ ਕਰੇਗੀ। ਇਹ ਮਨੁੱਖੀ ਪ੍ਰੇਸ਼ਾਨੀਆਂ ਤੇ ਭਟਕਣਾ ਲਈ ਰਾਹਤ। ਮਨੁੱਖ ਹੌਲਾ ਹੌਲਾ ਫੁੱਲ ਹੋ, ਨਵੀਂ ਊਰਜਾ ਨਾਲ ਨਵੇਂ ਦਿਨ ਦੀ ਸ਼ੁਰੂਆਤ ਕਰਦਾ। ਲੋਕ ਅਕਸਰ ਤ੍ਰੇਲ ਧੋਤੇ ਰਾਹਾਂ 'ਤੇ ਨਵੀਆਂ ਪੈੜਾਂ ਤੇ ਪਹਿਲਕਦਮੀਆਂ ਦੀ ਸਿਰਜਣਾ ਦਾ ਸੁਪਨਾ ਲੈਂਦੇ। ਇਹ ਸੁਪਨੇ ਹੀ ਸੱਚ ਬਣ ਕੇ ਜੀਵਨ ਦੀਆਂ ਮੂਲ ਧਾਰਨਾਵਾਂ ਦੀ ਸੁੱਚਮਤਾ ਦੀ ਤਸ਼ਬੀਹ ਅਤੇ ਤਕਦੀਰ ਬਣਦੇ।

ਤ੍ਰੇਲ-ਤੁਪਕੇ ਖੁਦ ਵੀ ਬਣਨ ਦਾ ਮਨ ਵਿਚ ਵਿਚਾਰ ਜਰੂਰ ਪੈਦਾ ਕਰਨਾ, ਕਿਉਂਕਿ ਤ੍ਰੇਲ-ਤੁਪਕੇ ਬਣ ਕੇ ਜਦ ਤੁਸੀਂ ਕਿਸੇ ਦਾ ਮੁੱਖ ਧੋਵੋਗੇ, ਉਸ ਦੇ ਪਿੰਡੇ ਤੇ ਸੱਤਰੰਗੀ ਫੈਲਾਉਗੇ ਅਤੇ ਉਸ ਦੀ ਮਨ-ਜੂਹ ਵਿਚ ਸੁਹਜਤਾ, ਸਹਿਜਤਾ, ਕੋਮਲਤਾ ਅਤੇ ਮਾਸੂਮੀਅਤ ਭਰੇ ਪਲਾਂ ਨੂੰ ਉਪਜਾਓਗੇ ਤਾਂ ਕਿਸੇ ਦੇ ਮਰਨਾਊ ਪਲਾਂ ਵਿਚ ਜਿਉਣ ਦੀ ਤਮੰਨਾ ਜਰੂਰ ਪੈਦਾ ਹੋਵੇਗੀ। ਫਿਰ ਜਾਗੇ ਹੋਏ ਲਈ ਕੁਝ ਵੀ ਅਸੰਭਵ ਨਹੀਂ ਹੁੰਦਾ। ਤ੍ਰੇਲ-ਤੁਪਕਿਆਂ ਦੇ ਛਿੱਟੇ ਮਾਰ ਕੇ ਸੁੱਤਿਆਂ ਨੂੰ ਜਗਾਉਣਾ, ਮਨੁੱਖਤਾ ਸਦਾ ਰਿਣੀ ਰਹੇਗੀ।

ਤ੍ਰੇਲ, ਜ਼ਿੰਦਗੀ ਲਈ ਸਭ ਤੋਂ ਵੱਡੀ ਰਹਿਮਤ ਤੇ ਦੁਆ, ਗਨੀਮਤ ਤੇ ਗਰੀਮਾ, ਸੁਖਨ ਤੇ ਸਕੂਨ, ਸਹਿਜ ਤੇ ਸੁਹਜ, ਸੁੰਦਰ ਸਰੂਪ ਤੇ ਅਨੰਤ ਅਨੂਪ ਅਤੇ ਵਰਤ-ਵਰਤਾਰਾ ਤੇ ਜੀਵਨ-ਆਧਾਰਾ। ਇਸ ਨਿਆਮਤ ਵਿਚ ਕਦੇ ਖਿਆਨਤ ਨਾ ਕਰਨਾ। ਬਰਕਤਾਂ ਨੂੰ ਝੋਲੀ ਪਵਾਉਣਾ। ਸੰਗੀਆਂ, ਸਾਥੀਆਂ ਤੇ ਪਿਆਰਿਆਂ ਵਿਚ ਵਰਤਾਣਾ, ਜ਼ਿੰਦਗੀ ਦਾ ਹਰ ਸੁੱਖ-ਸਾਧਨ ਤੇ ਸਬਰ-ਸਬੂਰੀ ਮਨੁੱਖੀ ਹਾਸਲ ਬਣੇਗੀ।

ਤ੍ਰੇਲਿਆ ਪਹਿਰ, ਜ਼ਿੰਦਗੀ ਦੇ ਮੰਡਲ ਦੀ ਸੈਰ। ਜੀਵਨ ਨਿਰੰਤਰਤਾ ਦਾ ਘੁਮੇਰ, ਸਰਘੀ ਦੀ ਪੈੜ, ਕਿਰਨ-ਕਾਫਲੇ ਦਾ ਧਰਤੀ 'ਤੇ ਪੱਬ ਟਿਕਾਣਾ, ਬਿਰਖਾਂ ਦੀਆਂ ਸ਼ਾਖਾਵਾਂ ਵਿਚੋਂ ਛਣ ਕੇ ਆਉਂਦੀ ਰੌਸ਼ਨੀ ਅਤੇ ਤ੍ਰੇਲ ਵਿਚੋਂ ਆਰ-ਪਾਰ ਹੁੰਦੀ ਰੌਸ਼ਨੀ ਵਿਚਲੇ ਰੰਗਾਂ ਦਾ ਬਿਖਰਾਅ। ਬਹੁਤ ਕੁਝ ਧਰਦੇ ਨੇ ਤ੍ਰੇਲ-ਤੁਪਕੇ, ਜ਼ਿੰਦਗੀ ਦੀ ਮਸਤਕ-ਜੂਹੇ।

ਤ੍ਰੇਲ-ਤੁਪਕੇ ਬੱਚਿਆਂ ਵਰਗੇ। ਕੁਝ ਪਲ ਮਾਪਿਆਂ ਤੇ ਬਜੁਰਗਾਂ ਦੀਆਂ ਚਿੰਤਾਵਾਂ ਅਤੇ ਫਿਕਰਾਂ ਨੂੰ ਰਾਹਤ। ਇਸੇ ਕਰਕੇ ਬੰਦਾ ਸਾਰੀ ਉਮਰ ਆਪਣੇ ਬਚਪਨੇ ਨੂੰ ਨਹੀਂ ਭੁਲਾਉਂਦਾ। ਮੁੜ ਮੁੜ ਬਚਪਨੇ ਵਿਚ ਪਰਤਣਾ ਚਾਹੁੰਦਾ; ਤਾਂ ਹੀ ਬਜੁਰਗਾਂ ਦੀਆਂ ਆਦਤਾਂ ਬਚਪਨੇ ਵਾਲੀਆਂ ਹੁੰਦੀਆਂ।

ਤ੍ਰੇਲ ਤੀਬਰਤਾ, ਤਾਂਘ ਅਤੇ ਤਮੰਨਾਵਾਂ ਦੀ ਤੜਪ। ਗਲਵੱਕੜੀ, ਗੱਲਬਾਤ ਅਤੇ ਗੌਰਵਮਈ ਪਲਾਂ ਦੀ ਅਨਾਇਤ। ਕਾਇਨਾਤ ਦੀ ਸੁੱਚੀ ਇਬਾਰਤ ਅਤੇ ਕਾਦਰ ਦੀ ਉਚਤਮ ਇਬਾਦਤ। ਕਦੇ ਕਦੇ ਇਸ ਇਬਾਦਤ ਰੂਪੀ ਇਬਾਰਤ ਨੂੰ ਅੰਤਰੀਵ ਵਿਚ ਜਰੂਰ ਗੁਣਗੁਣਾਉਣਾ।

ਤ੍ਰੇਲ-ਤੁਪਕਿਆਂ ਦੀ ਦਾਤ ਸਭ ਲਈ ਇਕਸਾਰ। ਨਹੀਂ ਕੋਈ ਮੇਰ-ਤੇਰ। ਇਸ ਵਿਚੋਂ ਕੁਦਰਤ ਦੀ ਅਨੰਤਤਾ ਅਤੇ ਅਸੀਮਤਾ ਨੂੰ ਮਨੁੱਖੀ ਮਨ ਵਿਚ ਜੀਵਾਇਆ ਜਾ ਸਕਦਾ, ਕਿਉਂਕਿ ਮਨੁੱਖੀ ਸੰਕੀਰਨਤਾ ਅਤੇ ਸੁਹਦੇਪਣ ਨਾਲ ਤ੍ਰੇਲ ਵਰਗੀ ਦਰਿਆ-ਦਿਲੀ ਤੇ ਫਰਾਖਦਿਲੀ ਦਾ ਕਿਵੇਂ ਮੁਕਾਬਲਾ ਕਰ ਸਕੋਗੇ?

ਕਦੇ ਤ੍ਰੇਲ-ਤੁਪਕਿਆਂ ਨੂੰ ਫੁੱਲ-ਪੱਤੀਆਂ 'ਤੇ ਥਰਕਦੇ ਦੇਖਣਾ। ਫਿਰ ਮਨ ਵਿਚ ਸਮੇਂ ਦੀ ਸਰਦਲ 'ਤੇ ਜ਼ਿੰਦਗੀ ਦਾ ਨਾਚ ਨੱਚ ਕੇ, ਖੁਦ ਨੂੰ ਅਰਪਿਤ ਕਰਨ ਦਾ ਵੱਲ ਜਰੂਰ ਆ ਜਾਵੇਗਾ। ਜਿਹੜੇ ਲੋਕ ਤ੍ਰੇਲ-ਤੁਪਕੇ ਵਾਂਗ ਥਿਰਕਣਾ ਸਿੱਖ ਜਾਂਦੇ, ਉਨ੍ਹਾਂ ਦੇ ਕਦਮ ਕੰਡਿਆਂ 'ਤੇ ਵੀ ਨੱਚਣ ਦੀ ਅਦਾ ਸਿੱਖ ਜਾਦੇ।

ਤ੍ਰੇਲ-ਤੁਪਕੇ ਜਦ ਫੁੱਲ ਨੂੰ ਚੁੰਮਦੇ ਨੇ ਤਾਂ ਹਾਬੜੇ ਮਨੁੱਖ ਦੀ ਸੋਚ ਵਿਚ ਸਹਿਜਤਾ ਭਰੇ ਚੁੰਮਣ ਨਾਲ ਅਸੀਮਤ ਪ੍ਰਸੰਨਤਾ ਨੂੰ ਹਾਸਲ ਕਰਨ ਦਾ ਗੁਰ ਵੀ ਸਿਖਾਉਂਦੇ। ਭਾਵੇਂ ਇਕ ਮਾਂ ਵਲੋਂ ਬੱਚੇ ਦਾ ਮੁੱਖ ਚੁੰਮਣਾ ਹੋਵੇ, ਪ੍ਰੇਮੀ ਦਾ ਪ੍ਰੇਮਿਕਾ ਨੂੰ ਚੁੰਮਣਾ ਹੋਵੇ ਜਾਂ ਕਿਸੇ ਬਾਪ ਦਾ ਬੱਚਿਆਂ ਨੂੰ ਢੇਰ ਸਾਰੀਆਂ ਦੁਆਵਾਂ ਦਿੰਦਿਆਂ ਚੁੰਮਣਾ ਹੋਵੇ।

ਤ੍ਰੇਲ-ਤੁਪਕਿਆਂ ਦਾ ਪੱਤਿਆਂ ਸੰਗ ਮਿਲਾਪ, ਕੁਦਰਤ ਵਲੋਂ ਖੁਸ਼ੀ ਮਨਾਉਣ ਦਾ ਅੰਦਾਜ਼। ਸਰਘੀ ਦੀਆਂ ਰਾਹਾਂ ਵਿਚ ਤ੍ਰੇਲ-ਬੂੰਦਾਂ ਦਾ ਛਿੜਕਾਅ। ਧੂੜ 'ਚ ਲਿਪਟੇ ਫੁੱਲਾਂ ਦਾ ਮੁਖੜਾ ਧੋਣਾ। ਦਿਨ ਦੀ ਆਮਦ ਲਈ ਸਮੁੱਚੇ ਰੂਪ ਵਿਚ ਨਿਖਰਦੀ ਹੈ ਕੁਦਰਤ।

ਜ਼ਿੰਦਗੀ ਵੀ ਤ੍ਰੇਲ-ਤੁਪਕਿਆਂ ਵਰਗੀ ਹੀ ਹੋਣੀ ਚਾਹੀਦੀ ਤਾਂ ਕਿ ਇਹ ਖੁਸ਼ੀਆਂ, ਖੇੜਿਆਂ ਤੇ ਪਾਕੀਜ਼ਗੀ ਦਾ ਸੁਨੇਹੇ ਜੀਵਨ-ਦਰਾਂ 'ਤੇ ਤ੍ਰੌਂਕਦੀ, ਜੀਵਨ ਦੇ ਉਦਾਸ ਪਲਾਂ ਨੂੰ ਹੁਲਾਸ ਨਾਲ ਭਰ, ਆਪਣੀ ਰੁਖਸਤਗੀ ਦਾ ਜਸ਼ਨ ਮਨਾਏ।


ਜਦ ਤ੍ਰੇਲ-ਤੁਪਕਿਆਂ ਵਰਗੇ ਮਧੁਰ ਬੋਲ ਪਿਆਰੇ ਦੇ ਹੋਠਾਂ 'ਤੇ ਥਿਰਕਦੇ ਨੇ ਤਾਂ ਇਨ੍ਹਾਂ ਵਿਚਲੀ ਪਵਿੱਤਰਤਾ ਅਤੇ ਪਾਰਦਸ਼ਤਾ ਜੀਵਨ ਵਿਚਲੇ ਕੋਹਜ, ਕੂੜ ਅਤੇ ਕੁਸੱਤ ਨੂੰ ਸੁੱਚੇ ਰੰਗ ਵਿਚ ਰੰਗਦੀ, ਜੀਵਨ ਨੂੰ ਸਾਰਥਕਤਾ, ਸਿਆਣਪ, ਸੁਘੜਤਾ ਤੇ ਸਾਦਗੀ ਦਾ ਲਿਬਾਸ ਪਹਿਨਾਉਂਦੀ।

ਤ੍ਰੇਲ-ਤੁਪਕੇ, ਮੋਹਲੇਧਾਰ ਬਾਰਸ਼ ਜਿਹੇ ਨਹੀਂ ਹੁੰਦੇ, ਜੋ ਕਈ ਵਾਰ ਬਰਬਾਦੀ ਅਤੇ ਵਿਨਾਸ਼ ਦਾ ਨਾਮ ਵੀ ਹੁੰਦੀ। ਇਹ ਤਾਂ ਫੁੱਲ-ਪੱਤੀਆਂ 'ਤੇ ਪੋਲੇ ਪੋਲੇ ਪੈਰ ਧਰਦੇ, ਮਟਕਦੇ, ਮਟਕਾਉਂਦੇ, ਫੁੱਲ-ਪੱਤੀਆਂ ਨੂੰ ਨਚਾਉਂਦੇ ਅਤੇ ਦਿਲਕਸ਼ ਨਜ਼ਾਰਿਆਂ ਨੂੰ ਮਨ ਦੀ ਬਸਤੀ ਵਿਚ ਧਰ ਜਾਂਦੇ। ਤ੍ਰੇਲ-ਤੁਪਕੇ ਬਣ ਕੇ ਕਿਸੇ ਦੇ ਦਿਲ ਵਿਚ ਉਤਰ ਸਕਦੇ ਹੋ, ਪਰ ਤੇਜ ਬਾਰਸ਼ ਵਿਚ ਤੁਸੀਂ ਖੁਦ ਵੀ ਰੁੜ੍ਹੋਗੇ ਅਤੇ ਬਹੁਤ ਕੁਝ ਰੋੜ੍ਹ ਕੇ ਵੀ ਲੈ ਜਾਵੋਗੇ।

*(ਬਾਕੀ ਅਗਲੇ ਸਫੇ 'ਤੇ)*

# ਗਿਰਝਾਂ ਅਤੇ ਘੁੱਗੀਆਂ

ਅਮਰੀਕਾ ਦੇ ਵੱਖ-ਵੱਖ ਸੂਬਿਆਂ 'ਚ ਡਰਾਈਵਿੰਗ ਕਰਦਿਆਂ ਕੁਦਰਤ ਦੇ ਬਹੁਤ ਸਾਰੇ ਰੰਗ ਦੇਖਣ ਨੂੰ ਮਿਲ ਰਹੇ ਹਨ। ਇਸ ਦੌਰਾਨ ਪੰਜਾਬ 'ਚੋਂ ਗਾਇਬ ਹੋ ਗਈਆਂ ਚਿੜੀਆਂ ਵੀ ਏਧਰ ਦੇਖਣ ਨੂੰ ਮਿਲੀਆਂ ਹਨ। ਉਨ੍ਹਾਂ ਦੀ ਤਸਵੀਰਕਸ਼ੀ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਅਜੇ ਤੱਕ ਨਾਕਾਮ ਰਿਹਾ ਹਾਂ। ਇਹ ਸੋਚ ਕੇ ਚੰਗਾ ਲਗਦੈ ਕਿ ਪੰਛੀਆਂ-ਪਰਿੰਦਿਆਂ ਨੂੰ ਸਰਹੱਦ ਪਾਰ ਕਰਨ ਲਈ ਕਿਸੇ ਵੀਜ਼ੇ ਦੀ ਲੋੜ ਨਹੀਂ ਪੈਂਦੀ। ਜਿੱਥੇ ਵੀ ਦਾਣਾ-ਪਾਣੀ ਨਜ਼ਰ ਆਇਆ, ਓਧਰ



ਤੁਰ ਪਏ! ਚੰਗਾ ਲਗਦੈ ਇਨ੍ਹਾਂ ਨੂੰ ਦੇਖ ਕੇ ਤੇ ਇਨ੍ਹਾਂ 'ਤੇ ਰਸ਼ਕ ਵੀ ਆਉਂਦੈ! ਮੈਨੂੰ ਇਨ੍ਹਾਂ ਵੱਲ ਨੀਝ ਲਾ ਤੱਕਦਿਆਂ ਮੇਰਾ ਕੋ-ਡਰਾਈਵਰ ਬਹੁਤ

**ਇੰਦਰਜੀਤ ਚੁਗਾਵਾਂ**
**ਫੋਨ: 559-779-9805**

ਖੁਸ਼ ਹੁੰਦੈ! "ਭਾਅ ਜੀ ਪੰਛੀਆਂ-ਪਰਿੰਦਿਆਂ ਨਾਲ ਤੁਹਾਡਾ ਖਾਸਾ ਈ ਮੋਹ ਐ," ਜਰਨੈਲ ਸਿੰਘ ਆਖਦੈ।

"ਹਾਂ, ਮੋਹ ਤਾਂ ਹੈ! ਦਰਅਸਲ ਬੰਦਾ ਉਸ ਨਾਲ ਈ ਮੋਹ ਕਰਦੈ, ਜਿਸ 'ਚੋਂ ਉਸ ਨੂੰ ਆਪਣਾ-ਆਪ ਨਜ਼ਰ ਆਵੇ ਜਾਂ ਜਿਸ ਨੂੰ ਉਹ ਹਾਸਲ ਕਰਨਾ ਚਾਹੁੰਦਾ ਹੋਵੇ।" ਮੱਠੀ ਜਿਹੀ ਮੁਸਕਰਾਹਟ ਨਾਲ ਮੈਂ ਜੁਆਬ ਦਿੱਤਾ। ਜਰਨੈਲ ਸਿੰਘ ਮੁਸਕਰਾਇਆ। ਉਹਨੂੰ ਮੇਰੀ ਗੱਲ ਚੰਗੀ ਲੱਗੀ ਸੀ।

ਜ਼ਿਲਾ ਹੁਸ਼ਿਆਰਪੁਰ ਨਾਲ ਸਬੰਧਤ ਜਰਨੈਲ ਸਿੰਘ ਨੂੰ ਅਮਰੀਕਾ ਆਏ ਨੂੰ ਪੰਜ ਸਾਲ ਤੋਂ ਉਪਰ ਸਮਾਂ ਹੋ ਗਿਐ। ਮੇਰੇ ਵਾਂਗ ਉਹ ਵੀ ਦੋਧੀਆਂ ਦਾ ਬਾਪ ਹੈ ਤੇ ਉਸ ਨੂੰ ਵੀ ਉਸ ਦੀ ਵੱਡੀ ਧੀ ਨੇ ਹੀ ਅਮਰੀਕਾ ਸੱਦਿਆ ਹੋਇਐ। ਉਹ ਚੰਗੀ ਤਰ੍ਹਾਂ ਇੱਥੋਂ ਦੀ ਜੀਵਨ-ਸ਼ੈਲੀ ਨਾਲ ਰਚ-ਮਿਚ ਗਿਐ। ਮੇਰੇ ਵਾਂਗ ਨਹੀਂ ਹੈ, ਜਿਵੇਂ ਖਰੀਦਿਆ ਬਲਦ ਖੁਰਲੀ 'ਤੇ ਬੱਝਾ ਓਪਰਾ-ਓਪਰਾ ਝਾਕੀ ਜਾ ਰਿਹਾ ਹੋਵੇ। ਜਰਨੈਲ ਸਿੰਘ ਪੂਰਨ ਗੁਰਸਿੱਖ ਹੈ, ਮੇਰੀ ਨਜ਼ਰੇ ਸਹੀ ਮਾਅਨੇ 'ਚ ਸਿੱਖ! ਆਪਣੀ ਕੰਪਨੀ ਦੇ ਮਾਲਕਾਂ ਤੋਂ ਸੁਣਿਐ ਉਸ ਬਾਰੇ। ਪੰਜਾਬ ਤੋਂ ਨਵੇਂ ਆਏ ਕਿੰਨੇ ਬੰਦਿਆਂ ਦੀ ਉਹ ਨਿਰ-ਸੁਆਰਥ ਮਦਦ ਕਰ ਚੁੱਕੈ, ਕੋਈ ਗਿਣਤੀ ਨਹੀਂ! ਉਸ 'ਚੋਂ ਕੱਟੜਪ੍ਰਸਤੀ ਦੀ ਜ਼ਰਾ ਜਿੰਨੀ ਵੀ ਬੂਅ ਨਹੀਂ ਆਉਂਦੀ। ਉਹ ਪੂਰਾ ਆਸਤਿਕ ਤੇ ਮੈਂ ਨਾਸਤਿਕ। ਕਦੇ ਵੀ ਤਕਰਾਰ ਜਾਂ ਟਕਰਾਅ ਦਾ ਮੌਕਾ ਨਹੀਂ ਆਇਆ। ਉਹ ਜਦ ਠਰ੍ਹੰਮੇ ਨਾਲ ਆਪਣਾ ਪੱਖ ਰੱਖਦੈ ਤਾਂ ਮੈਨੂੰ ਬਹੁਤ ਚੰਗਾ ਲਗਦੈ। ਜਦ ਮੈਂ ਬਾਬੇ ਨਾਨਕ ਪ੍ਰਤੀ ਆਪਣੇ ਮੋਹ ਬਾਰੇ ਉਸ ਨੂੰ ਦੱਸਿਆ ਤੇ ਆਪਣੀ ਕਵਿਤਾ "ਇਹ ਨਹੀਂ ਨਾਨਕ" ਪੜ੍ਹਨ ਲਈ ਦਿੱਤੀ ਤਾਂ ਉਸ ਨੇ ਮੈਨੂੰ ਘੁੱਟ ਕੇ ਜੱਫੀ ਪਾਉਂਦਿਆਂ ਕਿਹਾ, "ਸਿੱਖ ਤੁਸੀਂ ਵੀ ਓ, ਇਹ ਗੱਲ ਵੱਖਰੀ ਐ ਕਿ ਤੁਸੀਂ ਬਾਣਾ ਨਹੀਂ ਪਾਇਆ।" ਜਰਨੈਲ ਸਿੰਘ ਜਦ ਗੂੜ੍ਹੀ ਗੱਲ ਕਰਕੇ ਮੁਸਕਰਾਉਂਦੈ ਤਾਂ ਮੈਨੂੰ ਆਪਣਾ ਬੇਲੀ ਚਾਨੀਆਂ ਵਾਲਾ ਦਵਿੰਦਰ ਉਸ 'ਚੋਂ ਨਜ਼ਰ ਆਉਣ ਲਗਦੈ।

ਮੈਂ ਜਦ ਚਿੜੀਆਂ ਦੇ ਪੰਜਾਬ 'ਚੋਂ ਗਾਇਬ ਹੋਣ ਤੇ ਏਧਰ ਨਜ਼ਰ ਆਉਣ ਦੀ ਗੱਲ ਉਸ ਨਾਲ ਛੇੜੀ ਤਾਂ ਉਸ ਦਾ ਜੁਆਬ ਸੀ, "ਇਹ ਸਭ ਕੁਦਰਤ ਦੀ ਮਾਇਆ ਹੈ, ਇੱਕ ਥਾਂ ਤੋਂ ਦਾਣਾ-ਪਾਣੀ ਮੁੱਕਿਆ ਤਾਂ ਦੂਜੀ ਜਗ੍ਹਾ ਪ੍ਰਬੰਧ ਵੀ ਨਾਲ ਈ ਹੋ ਜਾਂਦੈ! ਏਸ ਨੂੰ ਈ ਤਾਂ ਪਰਵਾਸ ਦਾ ਨਾਂ ਦਿੱਤਾ ਗਿਐ!"

ਮੈਂ ਹੱਸਦਿਆਂ ਕਿਹਾ, "ਜਰਨੈਲ ਸਿੰਹਾਂ, ਗਾਇਬ ਤਾਂ ਗਿਰਝਾਂ ਵੀ ਹੋਈਆਂ ਹਨ ਪੰਜਾਬ 'ਚੋਂ, ਪਰ ਉਹ ਏਧਰ ਨਜ਼ਰ ਨਹੀਂ ਆਈਆਂ!"

ਅੱਗੋਂ ਜਰਨੈਲ ਸਿੰਘ ਦੇ ਇਸ ਜੁਆਬ ਨੇ ਮੈਨੂੰ ਸੋਚਣ ਲਈ ਮਜਬੂਰ ਕਰ ਦਿੱਤਾ, "ਵੱਡੇ ਭਾਅ ਜੀ, ਗਿਰਝਾਂ ਵੀ ਆਈਆਂ ਹੋਈਆਂ ਤੇ ਘੁੱਗੀਆਂ ਵੀ। ਜੇ ਤੁਸੀਂ ਚਿੜੀਆਂ ਦੀ ਫੋਟੋ ਨਹੀਂ ਖਿੱਚ ਪਾ ਰਹੇ ਤਾਂ ਇਹ ਗਿਰਝਾਂ ਵੀ ਤੁਹਾਡੀ ਪਕੜ 'ਚ ਨਹੀਂ ਆਉਣਗੀਆਂ, ਕਿਉਂਕਿ ਇਨ੍ਹਾਂ ਨੇ ਆਪਣੇ ਪਰ ਗਾਇਬ ਕਰ ਦਿੱਤੇ ਹਨ!...ਉਹ ਗੁਰਦੁਆਰਿਆਂ-ਮੰਦਿਰਾਂ 'ਚ ਸਾਫ-ਸੁਥਰੇ ਬਾਣੇ ਪਾ ਕੇ ਜਾਂਦੀਆਂ ਹਨ, ਇੱਕ ਡਾਲਰ ਦਾ ਮੱਥਾ ਟੇਕ ਕੇ ਭਰ-ਪੇਟ ਲੰਗਰ ਪਾਣੀ ਛਕਦੀਆਂ ਹਨ ਤੇ ਫਿਰ ਸੰਗਤ 'ਚੋਂ ਨਿਆਸਰੀਆਂ-ਨਿਤਾਣੀਆਂ, ਮਾਸੂਮ ਘੁੱਗੀਆਂ ਦੀ ਭਾਲ ਕਰਨ ਲਗਦੀਆਂ ਹਨ!"

ਗੱਲ ਸਮਝ ਤਾਂ ਪੈ ਗਈ ਸੀ, ਪਰ ਚਾਹੁੰਦਾ ਸੀ ਕਿ ਗੁਰੂ ਦਾ ਸਿੱਖ ਹੀ ਆਪਣੇ ਮੂੰਹੋਂ ਪਰਦਾ ਚੁੱਕੇ। ਇਸ ਲਈ ਆਖ ਦਿੱਤਾ, "ਭੇਤ ਭਰੀਆਂ ਗੱਲਾਂ ਸਮਝਣ ਜੋਗੀ ਮੱਤ ਨਹੀਂ ਮੇਰੀ ਜਰਨੈਲ ਸਿੰਘ ਜੀ! ਜ਼ਰਾ ਖੋਲ੍ਹ ਕੇ ਵਿਖਿਆਨ ਕਰੋ!"

ਉਹ ਥੋੜ੍ਹਾ ਭਾਵੁਕ ਹੋ ਗਿਆ ਸੀ! "ਮੈਨੂੰ ਆਪਣਾ ਝੱਗਾ ਚੁੱਕਣ ਲਈ ਆਖ ਰਿਹੈ ਵੱਡਾ ਭਰਾ!...ਕੋਈ ਗੱਲ ਨਹੀਂ, ਢਿੱਡ ਮੇਰਾ ਈ ਨਹੀਂ, ਤੁਹਾਡਾ ਵੀ ਨੰਗਾ ਹੋਣੈਂ!" ਏਨਾ ਆਖ ਜਰਨੈਲ ਸਿੰਘ ਡੂੰਘਾ ਸਾਹ ਲੈ ਆਖਣ ਲੱਗਾ, "ਲੈ ਸੁਣੋ ਜ਼ਰਾ ਤਕੜਾ ਹੋ ਕੇ...!" ਤੇ ਉਹ ਸ਼ੁਰੂ ਹੋ ਗਿਆ, "ਨਿਰਵੈਰ ਸਿੰਘ ਨੂੰ ਜਾਣਦੇ ਓ ਨਾ!"

ਮੇਰੇ ਸਾਹਮਣੇ ਉਹ ਵਿਅਕਤੀ ਵੀ ਆ ਖੜੋਇਆ-ਪੂਰਨ ਗੁਰਸਿੱਖ, ਲੰਮਾ ਦਾੜ੍ਹਾ, ਸਫੈਦ ਕੁੜਤਾ-ਪਜਾਮਾ ਤੇ ਹਰ ਵੇਲੇ ਸਿਮਰਨ! ਪਤਾ ਲੱਗਾ ਸੀ ਕਿ ਉਹ ਤਾਂ ਟਰੱਕ ਚਲਾਉਂਦੇ ਸਮੇਂ ਵੀ ਸ਼ਬਦ-ਕੀਰਤਨ ਈ ਸਰਵਣ ਕਰਦੈ। ਕੋ-ਡਰਾਈਵਰ ਵੀ ਕੋਈ ਦੂਜਾ ਗੀਤ ਨਹੀਂ ਸੁਣ ਸਕਦਾ, ਉਸ ਦੇ ਨਾਲ ਬੈਠਿਆਂ! ਉਹ ਅਮਰੀਕਾ 'ਚ ਵਿਜ਼ਿਟਰ ਵੀਜ਼ੇ 'ਤੇ ਆਇਆ ਸੀ ਤੇ ਬਾਅਦ 'ਚ ਉਸੇ ਦੀ ਭਾਸ਼ਾ 'ਚ 'ਸਾਲਮ' (ਪੁਲਿਟੀਕਲ ਅਸਾਈਲਮ) ਦਾ ਕੇਸ ਲਾ ਦਿੱਤਾ। ਉਸ ਬਾਰੇ ਕਦੇ ਕੋਈ ਮਾੜੀ-ਚੰਗੀ ਸੁਣਨ ਨੂੰ ਨਹੀਂ ਮਿਲੀ ਸੀ। ਮਿਲਣੀ ਵੀ ਕਿੱਥੋਂ ਸੀ, ਬਹੁਤ ਦੂਰ ਰਹਿੰਦਾ ਸੀ ਸਾਡੇ ਕੋਲੋਂ। ਉਸ ਦਾ ਜ਼ਿਕਰ ਸੁਣਦਿਆਂ ਈ ਮੇਰੇ ਕੰਨ ਖੜ੍ਹੇ ਹੋ ਗਏ।

"ਉਹ ਮੁੰਡੇ ਦਾ ਵਿਆਹ ਕਰਨ ਗਿਆ ਹੋਇਐ ਇੰਡੀਆ!" ਜਰਨੈਲ ਸਿੰਘ ਨੇ ਗੱਲ ਅੱਗੇ ਤੋਰੀ। ਮੈਂ ਹੈਰਾਨ ਹੋ ਗਿਆ ਕਿ ਉਹ ਇੰਡੀਆ ਕਿਵੇਂ ਚਲੇ ਗਿਆ। ਉਸ ਨੇ ਤਾਂ ਅਸਾਈਲਮ ਲਈ ਕੇਸ ਕੀਤਾ ਹੋਇਐ! ਜਰਨੈਲ ਸਿੰਘ ਨੇ ਸ਼ੰਕੇ ਨਵਿਰਤ ਕਰਦਿਆਂ ਦੱਸਿਆ ਕਿ ਨਿਰਵੈਰ ਸਿੰਹੁ ਨੇ ਫਿਜ਼ੀ ਦੀ ਇੱਕ ਭਾਰਤੀ ਮੂਲ ਦੀ ਸੱਤਰ ਵਰ੍ਹਿਆਂ ਦੀ ਬੀਬੀ ਨੂੰ ਕੁੜਿੱਕੀ 'ਚ ਲੈ ਕੇ ਗਰੀਨ ਕਾਰਡ ਹਾਸਲ ਕਰਕੇ ਅਸਾਈਲਮ ਵਾਲਾ ਕੇਸ ਵਾਪਸ ਲੈ ਲਿਐ।

ਫਿਜ਼ੀ ਦੀ ਇਸ ਬੀਬੀ ਦੇ ਪਤੀ ਦੀ ਮੌਤ ਹੋ ਚੁਕੀ ਹੈ। ਉਸ ਦੀਆਂ ਤਿੰਨ ਧੀਆਂ ਹਨ, ਜਿਨ੍ਹਾਂ ਕੋਲ ਉਹ ਏਥੇ ਅਮਰੀਕਾ ਆ ਗਈ ਸੀ। ਉਸ ਨੇ ਅਮਰੀਕੀ ਨਾਗਰਿਕਤਾ ਹਾਸਲ ਕੀਤੀ ਹੋਈ ਹੈ। ਉਹ ਕਦੇ ਇੱਕ ਧੀ ਕੋਲ, ਕਦੇ ਦੂਸਰੀ ਕੋਲ ਰਹਿ ਕੇ ਦਿਨ-ਕਟੀ ਕਰ ਰਹੀ ਸੀ। ਧੀਆਂ ਦੇ ਸਹੁਰੇ ਉਸ ਨੂੰ ਆਪਣੇ ਨਾਲ ਰੱਖ ਕੇ ਖੁਸ਼ ਨਹੀਂ ਸਨ। ਧੀਆਂ ਨੇ ਸੋਚਿਆ ਕਿ ਜੇ ਮਾਂ ਨੂੰ ਕੋਈ ਸਾਥੀ ਮਿਲ ਜਾਵੇ ਤਾਂ ਉਹ ਬੁਢੇਪੇ 'ਚ ਬੇਚਾਰਗੀ ਤੋਂ ਬਚ ਜਾਵੇਗੀ। ਉਹ ਪੱਲਿਓਂ ਪੈਸਾ ਖਰਚਣ ਲਈ ਤਿਆਰ ਸਨ। ਇਸ ਗੱਲ ਦੀ ਭਿਣਕ ਨਿਰਵੈਰ ਸਿੰਘ ਨੂੰ ਲੱਗ ਗਈ। ਉਸ ਲਈ ਇਹ ਸੁਨਹਿਰੀ ਮੌਕਾ ਸੀ। ਸੌਦਾ ਤੈਅ ਕਰ ਲਿਆ ਗਿਆ! ਇੰਡੀਆ ਵਾਲੀ ਪਤਨੀ ਤੋਂ ਕਾਗਜ਼ੀ ਤਲਾਕ ਲੈ ਕੇ ਉਸ ਬੀਬੀ ਨਾਲ ਵਿਆਹ ਕਰ ਲਿਆ। ਮਿੱਥੇ ਸੌਦੇ ਮੁਤਾਬਕ ਧੀਆਂ ਨੇ ਆਪਣੀ ਮਾਂ ਦੇ ਬੈਂਕ ਖਾਤੇ 'ਚ ਪੰਜਾਹ ਹਜ਼ਾਰ ਡਾਲਰ ਜਮ੍ਹਾਂ ਕਰਵਾ ਦਿੱਤੇ ਤਾਂ ਕਿ ਉਹ ਆਪਣੇ ਲਈ ਘਰ ਖਰੀਦ ਸਕਣ!

ਜਰਨੈਲ ਸਿੰਘ ਦੁਖੀ ਮਨ ਨਾਲ ਦੱਸ ਰਿਹਾ ਸੀ, "ਗੁਰੂ ਦੇ 'ਸਿੰਘ' ਨੇ ਆਪਣੀ ਨਵੀਂ ਪਤਨੀ ਨੂੰ ਭਰਮਾ ਕੇ ਉਹ ਪੰਜਾਹ ਹਜ਼ਾਰ ਡਾਲਰ ਆਪਣੇ ਖਾਤੇ 'ਚ ਟਰਾਂਸਫਰ ਕਰਵਾ ਲਏ। ਗਰੀਨ ਕਾਰਡ ਮਿਲਦਿਆਂ ਹੀ, ਘਰ ਖਰੀਦਣ ਦੀ ਥਾਂ ਟਿਕਟ ਲੈ ਇੰਡੀਆ ਪੁੱਤ ਦਾ ਵਿਆਹ ਕਰਨ ਚਲੇ ਗਿਆ।"

ਆਪਣੀ ਗੱਲ ਜਾਰੀ ਰੱਖਦਿਆਂ ਜਰਨੈਲ ਸਿੰਘ ਆਖ ਰਿਹਾ ਸੀ, "ਕਹਾਣੀ ਏਥੇ ਖਤਮ ਹੋ ਜਾਂਦੀ ਤਾਂ ਫੇਰ ਵੀ ਹਊ ਪਰੇ ਕੀਤਾ ਜਾ ਸਕਦਾ ਸੀ। ਹੁਣ ਉਹ ਰਹਿੰਦਾ ਤਾਂ ਆਪਣੀ ਨਵੀਂ ਪਤਨੀ ਨਾਲ ਕਿਰਾਏ ਦੇ ਅਪਾਰਟਮੈਂਟ 'ਚ ਹੈ, ਪਰ ਸੌਦਾ ਉਸ ਨਾਲ ਨਹੀਂ। ਇਸ ਕੰਮ ਲਈ ਉਸ ਨੇ ਪੰਜਾਬ ਤੋਂ ਵਿਜ਼ਿਟਰ ਵੀਜ਼ੇ 'ਤੇ ਆਈ ਇੱਕ ਲੜਕੀ ਰੱਖੀ ਹੋਈ ਹੈ, ਜਿਸ ਨੂੰ ਪਨਾਹ ਦੇਣ ਵਾਲਾ ਉਸ ਦਾ ਕੋਈ ਵੀ ਰਿਸ਼ਤੇਦਾਰ ਏਥੇ ਨਹੀਂ ਹੈ। ਇਸ ਲੜਕੀ ਨੇ ਵੀ ਅਸਾਈਲਮ ਦਾ ਕੇਸ ਫਾਈਲ ਕੀਤਾ ਹੋਇਐ ਤੇ ਉਸ ਨੂੰ ਵੀ ਰਾਤ ਗੁਜ਼ਾਰਨ ਲਈ ਛੱਤ ਦੀ ਲੋੜ ਸੀ। ਇਹ ਲੜਕੀ ਉਸ ਦੀ ਆਪਣੀ ਧੀ ਦੇ ਹਾਣ ਦੀ ਹੋਵੇਗੀ। ਇਹ ਵੀ ਗੁਰਦੁਆਰੇ 'ਚੋਂ ਉਸ ਦੀ ਕੁੜਿੱਕੀ 'ਚ ਫਸੀ ਹੈ ਤੇ ਧੀ ਬਣਾ ਕੇ ਹੀ ਉਸ ਨੂੰ ਆਪਣੇ ਕੋਲ ਲਿਆਇਆ ਸੀ। ਹੁਣ ਨਾ ਤਾਂ ਫਿਜ਼ੀ ਵਾਲੀ ਬੀਬੀ ਕੁਝ ਕਹਿ ਸਕਦੀ ਹੈ ਤੇ ਨਾ ਹੀ ਉਹ ਲੜਕੀ। ਦੋਵੇਂ ਮਜਬੂਰ ਹਨ, ਦੋਹਾਂ ਦਾ ਕੋਈ ਝਾਲੂ ਨਹੀਂ ਹੈ! ਸਿਤਮ ਦੇਖੋ! ਨਾਂ ਹੈ ਨਿਰਵੈਰ ਤੇ ਕਰਤੂਤਾਂ...! ਇਹੋ ਜਿਹੇ ਲੋਕਾਂ ਦੇ ਨਾਂ ਨਾਲ ਸਿੰਘ ਲਾਉਣਾ ਮੈਨੂੰ ਗੁਨਾਹ ਜਾਪਦੈ!"

"ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਨਹੀਂ ਖਬਰ ਉਹਦੀਆਂ ਇਨ੍ਹਾਂ ਕਰਤੂਤਾਂ ਦੀ?" ਮੇਰਾ ਸੁਆਲ ਸੀ।

"ਸਭ ਜਾਣਦੇ ਹਨ, ਪਰ ਬੋਲਣ ਜੋਗਾ ਕੋਈ ਨਹੀਂ ਤੇ ਸਾਡੇ ਵਰਗਿਆਂ ਨੂੰ ਉਹ ਨੇੜੇ ਨਹੀਂ ਲੱਗਣ ਦਿੰਦੇ! ਦਾਲ ਹੀ ਕਾਲੀ ਹੈ, ਕਰੀਏ ਤਾਂ ਕੀ ਕਰੀਏ?"

ਦੁਖੀ ਮਨ ਨਾਲ ਮੈਂ ਕਿਹਾ, "ਜਰਨੈਲ ਸਿੰਘਾ, ਬਾਣਾ ਦੇਖ ਕੇ ਤਾਂ ਨਹੀਂ ਲੱਗਦਾ ਕਿ ਅਜਿਹੇ ਨੀਚ ਕਿਰਦਾਰ ਦਾ ਮਾਲਕ ਹੋਵੇਗਾ ਨਿਰਵੈਰ ਸਿੰਹੁ! ਦੇਖਣ ਨੂੰ ਕਿੰਨਾ ਸੋਹਣਾ ਗੁਰਸਿੱਖ ਜਾਪਦੈ। ਲੱਗਦਾ ਨਹੀਂ ਸੀ ਕਿ ਇਸ ਕਰਤੂਤ ਦਾ ਮਾਲਕ ਹੋਵੇਗਾ! ਬਾਣਾ ਤੁਹਾਡੇ ਵੀ ਉਹੀ ਹੈ, ਪਰ ਕਿਰਦਾਰ 'ਚ ਕਿੰਨਾ ਵੱਡਾ ਫਰਕ ਐ!"

"ਬਾਣਾ ਪਹਿਨ ਕੇ ਤੇ ਬਾਣੀ ਪੜ੍ਹ ਕੇ ਹੀ ਕੋਈ ਗੁਰਸਿੱਖ ਨਹੀਂ ਬਣ ਜਾਂਦਾ, ਗੁਰਸਿੱਖ ਹੋਣ ਲਈ ਪਹਿਲਾਂ ਆਪਾ ਕੁਰਬਾਨ ਕਰਨ ਦਾ ਤਹੱਈਆ ਕਰਨਾ ਪੈਂਦਾ ਹੈ, ਨਿਮਾਣਿਆਂ-ਨਿਤਾਣਿਆਂ ਦੀ ਰਾਖੀ ਨੂੰ ਸਭ ਤੋਂ ਉੱਪਰ ਰੱਖਣ ਦਾ ਸੰਕਲਪ ਹਰ ਵੇਲੇ ਮਨ-ਮਸਤਕ 'ਚ ਵਸਾਉਣਾ ਪੈਂਦਾ ਹੈ!...ਅਜਿਹੇ ਵਿਅਕਤੀ ਗੁਰਸਿੱਖ ਨਹੀਂ, ਇਹ ਤਾਂ ਗਿਰਝਾਂ ਹਨ! ਹੁਣ ਤੁਸੀਂ ਦੱਸੋ ਕਿ ਗਿਰਝਾਂ ਵੀ ਪਰਵਾਸ ਕਰਕੇ ਆਈਆਂ ਹੋਈਆਂ ਹਨ ਕਿ ਨਹੀਂ! ...ਇਸ ਦੇ ਪੰਜੇ 'ਚ ਆਈ ਪੰਜਾਬਣ ਕੁੜੀ 'ਘੁੱਗੀ' ਨਹੀਂ ਤਾਂ ਹੋਰ ਕੀ ਹੈ! ਤੇ ਇਹ ਇਕੱਲਾ ਨਹੀਂ, ਬਹੁਤ ਸਾਰੀਆਂ ਅਜਿਹੀਆਂ ਗਿਰਝਾਂ ਹਨ, ਪਰ ਸਾਡੇ ਭਾਈਚਾਰੇ ਨੂੰ ਪਤਾ ਨਹੀਂ ਕੀ ਹੋ ਗਿਐ ਕਿ ਇਨ੍ਹਾਂ ਖਿਲਾਫ ਜ਼ੁਬਾਨ ਈ ਨਹੀਂ ਖੋਲ੍ਹ ਰਿਹਾ! ਤੁਸੀਂ ਪਰਵਾਸ ਕਰਕੇ ਆਈਆਂ ਚਿੜੀਆਂ ਦੀ ਤਸਵੀਰ ਉਤਾਰਨ ਲਈ ਉਤਾਵਲੇ ਓ, ਇਨ੍ਹਾਂ ਗਿਰਝਾਂ ਦੀ ਸਹੀ ਤਸਵੀਰਕਸ਼ੀ ਕੌਣ ਕਰੇਗਾ, ਘੁੱਗੀਆਂ ਨੂੰ ਇਨ੍ਹਾਂ ਦੇ ਪੰਜਿਆਂ 'ਚੋਂ ਕੌਣ ਬਚਾਏਗਾ?" ਜਰਨੈਲ ਸਿੰਘ ਦੇ ਅੰਦਰਲੇ ਰੋਹ ਤੇ ਉਸ ਦੀ ਸੰਵੇਦਨਾ ਦੀਆਂ ਤਰੰਗਾਂ ਮੈਨੂੰ ਹਲੂਣ ਰਹੀਆਂ ਸਨ।

"ਇਨ੍ਹਾਂ ਗਿਰਝਾਂ ਨੂੰ ਬੇਪਰਦ ਕਰਨ ਦੀ ਸਖਤ ਲੋੜ ਹੈ ਤੇ ਇਹ ਕਾਰਜ ਵੀ ਸਿੱਖ ਭਾਈਚਾਰੇ ਦੇ ਅੰਦਰੋਂ ਹੋਵੇ ਤਾਂ ਉਸ ਦਾ ਅਸਰ ਹੋਰ ਵੀ ਜ਼ਿਆਦਾ ਤੇਜ਼ੀ ਨਾਲ ਹੋਵੇਗਾ।...ਤੇ ਇਹ ਗਿਰਝਾਂ ਕੇਵਲ ਸਿੱਖੀ ਬਾਣੇ ਵਾਲੀਆਂ ਈ ਨਹੀਂ, ਹੋਰ ਵੀ ਹਨ।" ਮੈਂ ਕਿਹਾ।

"ਠੀਕ ਐ ਤੁਹਾਡੀ ਗੱਲ। ਮੈਂ ਤਾਂ ਜਿੱਥੇ ਵੀ ਮੌਕਾ ਮਿਲੇ ਇਨ੍ਹਾਂ ਗਿਰਝਾਂ ਖਿਲਾਫ ਨਫੇ-ਨੁਕਸਾਨ ਦੀ ਪ੍ਰਵਾਹ ਕੀਤੇ ਬਿਨਾ ਖੁੱਲ੍ਹ ਕੇ ਬੋਲਦਾ ਹਾਂ, ਤੁਸੀਂ ਵੀ ਕਲਮਾਂ ਵਾਲੇ ਓ, ਤੁਹਾਡਾ ਵੀ ਕੋਈ ਫਰਜ਼ ਬਣਦਾ ਹੈ ਕਿ ਨਹੀਂ?" ਜਰਨੈਲ ਸਿੰਘ ਨੇ ਸੁਆਲ ਕਰਕੇ ਮੇਰੇ ਵੱਲ ਗਹੁ ਨਾਲ ਦੇਖਿਆ।

"ਵੱਡਾ ਭਰਾ ਹੋਵੇ ਗੁਰੂ ਦੇ ਜਰਨੈਲ ਦਾ ਤੇ ਫਰਜ਼ ਤੋਂ ਮੂੰਹ ਮੋੜ ਜਾਵੇ, ਇਹ ਕਿਵੇਂ ਹੋ ਸਕਦੈ!" ਆਪਣੇ ਜੁਆਬ ਨਾਲ ਜਰਨੈਲ ਸਿੰਘ ਦੇ ਚਿਹਰੇ ਤੋਂ ਤਸੱਲੀ ਦੇ ਭਾਵ ਮੈਂ ਸਾਫ ਪੜ੍ਹ ਰਿਹਾ ਸੀ!

ਅੱਗੇ ਬਹੁਤ ਤਿੱਖੀ ਢਲਾਣ ਸੀ। ਜਰਨੈਲ ਸਿੰਘ ਮੈਨੂੰ ਦੱਸ ਰਿਹਾ ਸੀ ਕਿ ਇੰਜਣ-ਬ੍ਰੇਕ ਦੀ ਵਰਤੋਂ ਕਿਸ ਤਰ੍ਹਾਂ ਕਰਨੀ ਹੈ, ਮੈਨੂਅਲ ਗੀਅਰਦੀ ਵਰਤੋਂ ਕਦੋਂ ਕਰਨੀ ਹੈ! ਮੈਂ ਉਸ ਦੀ ਸਲਾਹ 'ਤੇ ਅਮਲ ਕਰਦਿਆਂ ਟਰੱਕ ਚਲਾ ਰਿਹਾ ਸੀ ਤੇ ਨਾਲੋ ਨਾਲ ਸੋਚ ਰਿਹਾ ਸੀ ਕਿ ਸਾਡਾ ਭਾਈਚਾਰਾ ਢਲਾਣ ਵੱਲ ਜਾ ਰਹੇ ਆਪਣੇ ਟਰੱਕ ਦੀਆਂ ਇੰਜਣ-ਬ੍ਰੇਕਾਂ ਦੀ ਸੁਯੋਗ ਵਰਤੋਂ ਕਦੋਂ ਕਰੇਗਾ?...ਗਿਰਝਾਂ ਨੂੰ ਸ਼ਰੇਆਮ ਬੇਪਰਦ ਕਰਨ ਦੀ ਹਿੰਮਤ ਕਦ ਜੁਟਾਵੇਗਾ? ਘੁੱਗੀਆਂ ਨੂੰ ਗਿਰਝਾਂ ਦੇ ਪੰਜਿਆਂ 'ਚੋਂ ਬਚ ਨਿਕਲਣ ਦਾ ਵੱਲ ਕਦ ਆਵੇਗਾ?

# ਆਪਣੇ ਵਡੇਰਿਆਂ ਦੀਆਂ ਵਸਤਾਂ ਨਾਲ ਮੋਹ

ਇਹ ਸਵਾਲ ਆਪਣੇ ਆਪ ਨੂੰ ਪੁੱਛਦਾ ਹਾਂ ਕਿ ਆਪਣੇ ਵੱਡਿਆਂ ਦੀਆਂ ਨਿੱਕੀਆਂ-ਨਿੱਕੀਆਂ ਵਸਤਾਂ ਨਾਲ ਮੋਹ ਜਿਹਾ ਕਿਉਂ ਹੋ ਜਾਂਦਾ ਹੈ? ਇਕ ਲਗਾਓ ਜਿਹਾ ਸਦਾ ਕਿਉਂ ਬਣਿਆ ਰਹਿੰਦਾ ਹੈ। ਉਨ੍ਹਾਂ ਬਜ਼ੁਰਗਾਂ ਦੀਆਂ ਨਿੱਜੀ ਵਸਤਾਂ ਸਾਨੂੰ ਉਨ੍ਹਾਂ ਦੀ ਯਾਦ ਦਿਵਾਉਂਦੀਆਂ ਰਹਿੰਦੀਆਂ ਨੇ। ਦੇਸ਼-ਵਿਦੇਸ਼ ਗਾਹੁੰਦਿਆਂ ਮੈਂ ਕੁਝ ਗੋਰੇ ਲੋਕ ਦੇਖੇ, ਜੋ ਆਪਣੇ ਵੱਡਿਆਂ ਦੀਆਂ ਨਿੱਕੀਆਂ ਵੱਡੀਆਂ ਵਸਤਾਂ ਨੂੰ ਕਿਸੇ ਅਜਾਇਬ ਘਰ ਵਾਂਗ ਸਾਂਭ-ਸਾਂਭ ਰੱਖਦੇ ਨੇ ਅਤੇ ਇੰਜ ਕਰਦਿਆਂ ਉਹ

**ਨਿੰਦਰ ਘੁਗਿਆਣਵੀ**
**ਫੋਨ: 91-94174-21700**

ਉਨ੍ਹਾਂ ਦੇ ਨੇੜੇ-ਤੇੜੇ ਤੁਰੇ ਫਿਰਦੇ ਹੀ ਮਹਿਸੂਸ ਹੁੰਦੇ ਰਹਿੰਦੇ ਨੇ।

ਕਦੇ ਕਦੇ ਮੈਨੂੰ ਮੇਰੀ ਦਾਦੀ ਬਹੁਤ ਚੇਤੇ ਆਉਂਦੀ ਹੈ। ਮੈਂ ਉਹਦੀਆਂ ਵਸਤਾਂ ਦੇਖਣ ਲਗਦਾ ਹਾਂ। ਹੇ ਪਿਆਰੀ ਦਾਦੀ, ਮੈਂ ਤੇਰਾ ਪਿੱਤਲ ਦਾ ਕੜੇ ਵਾਲਾ ਵੱਡਾ ਗਲਾਸ ਸਾਂਭ-ਸਾਂਭ ਰਖਦਾਂ। ਘਰ ਦੇ ਜੀਅ ਇਸ ਨੂੰ 'ਫਾਲਤੂ' ਜਿਹਾ ਤੇ ਪਿੱਤਲ ਦਾ ਸਮਝ ਕੇ ਖੱਲ-ਖੂੰਜੇ ਨਾ ਦਿੰਦੇ ਨੇ ਜਾਂ ਫਿਰ ਨਕਾਰਾ ਭਾਂਡਿਆਂ ਵਿਚ ਧਰ ਦਿੰਦੇ ਨੇ, ਪਰ ਮੈਨੂੰ ਪਤੈ ਕਿ ਭਾਂਡੇ ਕਦੇ ਨਕਾਰਾ ਨਹੀਂ ਹੁੰਦੇ। ਭਾਂਡੇ ਤਾਂ ਖਾਲੀ-ਖਾਲੀ ਹੁੰਦੇ ਹੋਏ ਵੀ ਖੁਸ਼-ਖੁਸ਼ ਰਹਿੰਦੇ ਨੇ, ਬੰਦਾ ਭਰਿਆ-ਭਰਿਆ ਵੀ ਖਾਲੀ-ਖਾਲੀ ਜਾਪਦਾ ਹੈ। ਨਾਖੁਸ਼ ਹੈ ਬੰਦਾ। ਭਾਂਡਿਆਂ ਨੂੰ 'ਭੰਡਣ' ਵਾਲੇ ਬੇਅਕਲੇ ਹੁੰਦੇ ਨੇ। ਇਹ ਠੀਕ ਐ ਕਿ ਸਮੇਂ-ਸਮੇਂ 'ਤੇ ਭਾਂਡੇ ਵੀ ਰੰਗ ਵਟਾਉਂਦੇ ਰਹਿੰਦੇ ਨੇ, ਬੰਦਿਆਂ ਵਾਂਗ!

ਪਿਆਰੀ ਦਾਦੀ, ਮੈਂ ਤੇਰੇ ਇਸ ਯਾਦਗਾਰੀ ਗਲਾਸ ਨੂੰ ਏਧਰੋਂ ਉਧਰੋਂ ਮੁੜ ਲੱਭ ਲੈਂਦਾ ਹਾਂ। ਸਵੇਰੇ-ਸਵੇਰੇ ਤੇਰੇ ਹੱਥੋਂ ਮੇਰਾ ਬਾਪ ਤੇ ਤਾਇਆ ਏਸੇ ਕੜੇ ਵਾਲੇ ਗਲਾਸ ਵਿਚ ਖੇਤ ਜਾਣ ਵੇਲੇ, ਤੇਰੀ ਰਿੜਕੀ ਲੱਸੀ ਪੀਆ ਕਰਦੇ ਸਨ ਤੇ ਬੂਰੀ ਮਹਿੰ ਦਾ ਦੁੱਧ ਡਕਾਰਦੇ ਰਹੇ ਸਨ। ਇਹ ਗਲਾਸ ਵੇਖ ਪਿਤਾ, ਤਾਇਆ ਤੇ ਤੇਰੀ ਬਹੁਤ ਯਾਦ ਆਉਂਦੀ ਹੈ ਤੇ ਨਾਲ ਨਾਲ ਉਸ ਸੱਜਰੀ ਸਵੇਰ ਦੀ ਮਿੱਠੀ ਮਿੱਠੀ ਯਾਦ ਵੀ। ਉਹੋ ਜਿਹੀ ਸੱਜਰੀ ਸਵੇਰ ਹੁਣ ਕਿਉਂ ਨਹੀਂ ਲੱਭਦੀ, ਪਿਆਰੀ ਦਾਦੀਏ ਸਾਡੇ ਪਿੰਡਾਂ



ਵਿਚ? ਮਨੁੱਖਾਂ ਵਾਂਗ ਸਵੇਰਾਂ ਵੀ ਹੁਣ ਖੁਸ਼ਕ ਹੋ ਗਈਆਂ ਨੇ। ਦਾਦੀ! ਮੈਂ ਇਸ ਗਲਾਸ ਨੂੰ ਕਦੀ ਵੀ ਗੁਆਉਣਾ ਨਹੀਂ ਚਾਹੁੰਦਾ। ਨਾ ਤੇਰੀ ਪੀਹਣੀ ਗੁਆਈ ਹੈ ਤੇ ਨਾ ਤੇਰਾ ਤੈਨੂੰ ਦਾਜ ਵਿਚ ਮਿਲਿਆ ਸਵਾ ਸੌ ਸਾਲ ਪੁਰਾਣਾ ਪਲੰਘ ਹੀ ਕਿਧਰੇ ਜਾਣ ਦਿੱਤਾ ਹੈ। ਜੇ ਗੁਆਇਆ ਹੈ ਤਾਂ ਦਾਦੇ ਤੈਨੂੰ ਗੁਆਇਆ ਹੈ; ਪਿਓ ਤੇ ਦੋ ਭੂਆਂ ਵੀ ਗੁਆਚ ਗਈਆਂ ਨੇ ਅਤੇ ਤਾਇਆ ਰਾਮ ਤੇ ਚਾਚਾ ਸ਼ਾਮ ਵੀ ਚਲੇ ਗਏ ਨੇ। ਕਿੱਡਾ ਵੱਡਾ ਟੱਬਰ ਸੀ ਆਪਣਾ ਭਰਿਆ-ਭਰਿਆ। ਹੌਕਾ ਨਿਕਲਦਾ ਹੈ! ਹਰੇ-ਭਰੇ ਟੱਬਰ ਵੀ ਸਮੇਂ-ਸਮੇਂ ਸੁੱਕ ਜਾਂਦੇ ਨੇ। ਘਰ ਖਾਲੀ ਹੋ ਜਾਂਦੇ ਨੇ। ਪਸ਼ੂ ਡੰਗਰ ਵੀ ਮੂੰਹ ਫੇਰਨ ਲਗਦੇ ਨੇ, ਬੰਦਿਆਂ ਨੇ ਤਾਂ ਮੂੰਹ ਭੁਆਉਣੇ ਹੀ ਹੋਏ!

(ਗਲਾਸ ਦੀ ਕੰਨੀ ਉਤੇ ਉਰਦੂ ਵਿਚ ਕੁਛ ਲਿਖਿਆ ਹੋਇਆ ਹੈ, ਉਰਦੂ ਉਠਾਉਣ ਵਾਲਾ ਦਸਦਾ ਹੈ ਕਿ ਅਮਰਤ ਲਾਲ ਲਿਖਿਆ ਹੈ, ਮੇਰੇ ਦਾਦੇ ਦਾ ਨਾਂ)

**ਭੂਆ ਦੀ ਚਿੱਠੀ:** ਭੂਆ ਦੀ ਚਿੱਠੀ ਅਚਾਨਕ ਹੱਥ ਲੱਗ ਗਈ। ਅੱਖਾਂ ਭਰ ਆਈਆਂ। 26 ਅਪਰੈਲ 1996 ਦਾ ਲਿਖਿਆ ਹੋਇਆ ਪੀਲਾ ਪੋਸਟ ਕਾਰਡ। ਉਦੋਂ ਮੈਂ ਪਟਿਆਲੇ ਭਾਸ਼ਾ ਵਿਭਾਗ ਵਿਚ ਕੱਚੀ ਨੌਕਰੀ ਕਰਦਾ ਸਾਂ, ਭੂਆ ਨੇ ਉਥੋਂ ਦੇ ਪਤੇ ਉਤੇ ਇਹ ਕਾਰਡ ਲਿਖਿਆ ਸੀ। ਸੋਚਦਾ ਹਾਂ ਕਿ ਹੁਣ ਕੋਈ ਐਸੀ ਭੂਆ ਹੋਊ, ਭਤੀਜੇ ਨੂੰ ਖਤ ਲਿਖਣ ਵਾਲੀ? "ਨਹੀਂ!" ਆਪਣੇ ਆਪ ਜੁਆਬ ਮਿਲਦਾ ਹੈ। ਹੁਣ ਭੂਆ ਵੀ ਨਹੀਂ। ਫੁੱਫੜ ਵੀ ਨਹੀਂ, ਪਰ ਭੂਆ ਦਾ ਪਿੰਡ ਕੋਟਭਾਈ ਕਦੀ ਨਹੀਂ ਵਿੱਸਰਦਾ ਤੇ ਨਾ ਦੁੱਗਲ ਪਰਿਵਾਰ। ਸਭ ਚੇਤੇ ਵਿਚ ਵੱਸੇ ਹੋਏ ਹਨ। ਨਿੱਕਾ ਹੁੰਦਾ ਭੂਆ ਕੋਲ ਕਈ ਕਈ ਮਹੀਨਾ ਰਹਿੰਦਾ ਹੁੰਦਾ ਸਾਂ। ਪਿੰਡ ਆਉਣਾ, ਫਿਰ ਜੀਅ ਨਾ ਲੱਗਣਾ ਤੇ ਝੋਲਾ ਚੁੱਕ ਕੇ ਮੁਕਤਸਰ ਵਾਲੀ ਬਸ ਚੜ੍ਹ ਜਾਣਾ, ਉਥੋਂ ਕੋਟਭਾਈ ਵਾਲੀ ਬਸ ਲੈ ਲੈਣੀ। ਕਿੰਨਾ ਚਾਅ ਤੇ ਉਤਸ਼ਾਹ ਹੁੰਦਾ ਸੀ, ਕੋਈ ਲੇਖਾ ਨਹੀਂ।

ਸੰਧਿਆ ਵੇਲਾ! ਸ਼ਾਮ ਉਤਰ ਆਈ ਹੈ। ਰਹਿਰਾਸ ਦਾ ਪਾਠ ਹੋਣ ਲੱਗਿਆ ਹੈ। ਪੰਛੀ ਟਿਕਣ ਲੱਗੇ ਨੇ। ਆਲਣਾ ਟੋਂਹਦੀ ਹੈ ਚਿੜੀ। ਰੁੱਖ ਸੌਣ ਦੀ ਤਿਆਰੀ 'ਚ ਨੇ। ਸੁਖਚੈਨ ਦਾ ਰੁੱਖ ਚੈਨ ਲੋਚਦਾ ਹੈ। ਚੁੱਲੇ ਦਾਲ ਰਿੱਝ ਰਹੀ ਹੈ। ਭਾਂਡੇ ਖੜਕਣ ਲੱਗੇ ਹਨ। ਕੋਠੇ ਉਤੇ ਬਿੱਲਾ ਭੁੜਕਿਆ, ਖਵਰੇ ਅੱਜ ਫਿਰ ਮੀਂਹ ਬਣੇਗਾ! ਵਿਹੜੇ 'ਚ ਮੱਛਰ ਦੀ ਭਿਣਭਿਣਾਹਟ ਹੈ।

ਗਲੀ 'ਚ ਕਰੋਨਾ ਦਾ ਭੈਅ ਭੱਜਿਆ ਫਿਰ ਰਿਹੈ। ਪਾਠ ਮੁਕਾ ਕੇ ਬਾਬਾ ਅਰਦਾਸ ਕਰੇਗਾ ਤੇ ਸਰਬੱਤ ਦਾ ਭਲਾ ਮੰਗੇਗਾ। ਵਾਕ ਲਵੇਗਾ, ਧਿਆਨ ਲਾ ਕੇ ਸੁਣਾਂਗਾ। ਮਨ ਹੀ ਮਨ ਬੁਣਤਾਂ ਬੁਣਾਂਗਾ। ਆਪਣੀ ਡਾਇਰੀ ਦੇ ਪੰਨੇ ਲਿਖ ਰਿਹਾ ਹਾਂ। ਰੱਬ ਖੈਰ ਕਰੇ!!

# ਤ੍ਰੇਲ-ਤੁਪਕਿਆਂ ਦੀ ਤਾਸੀਰ

**(ਪਿਛਲੇ ਸਫੇ ਦੀ ਬਾਕੀ)**

ਕਈ ਵਾਰ ਤਾਂ ਫੁੱਲ ਵਿਚਾਰਾ ਵੀ ਪੱਤੀ ਪੱਤੀ ਹੋ, ਪੀੜ-ਰੱਤਿਆ ਨਾਸੂਰ ਹੀ ਬਣ ਜਾਂਦਾ।

ਤ੍ਰੇਲ-ਤੁਪਕੇ ਫੁੱਲਾਂ ਤੇ ਕੰਡਿਆਂ 'ਤੇ ਰੈਣ ਬਸੇਰਾ ਬਣਾਉਂਦੇ, ਥੋਹਰ ਤੇ ਗੁਲਾਬ 'ਤੇ ਵੀ, ਰੋਹੀਆਂ ਵਿਚ ਵੀ ਤੇ ਰੱਕੜਾਂ ਵਿਚ ਵੀ। ਨਹੀਂ ਕੋਈ ਵਖਰੇਵਾਂ। ਮਨੁੱਖ ਤਾਂ ਐਵੇਂ ਹੀ ਵੱਖਰਤਾਵਾਂ ਵਣਜਦਾ ਰਹਿੰਦਾ।

ਕਦੇ ਕਦੇ ਸੋਚਦਾਂ ਕਿ ਜੋ ਜੀਵਨ ਦੀ ਪਤਝੜ ਵਿਚ ਬਹਾਰ ਬਣਦੇ ਨੇ, ਉਹੀ ਲੋਕ ਰੂਹ ਭਿਉਣ ਲਈ ਤ੍ਰੇਲ-ਤੁਪਕਿਆਂ ਦੇ ਯਾਰ ਬਣਦੇ ਨੇ। ਗਰਮ ਰਾਤ 'ਚ ਜੋ ਠੰਢਕ ਮਹਿਸੂਸ ਹੁੰਦੀ ਆ। ਇਉਂ ਲੱਗਦਾ ਏ, ਜਿਵੇਂ ਤ੍ਰੇਲ ਤੁਪਕਿਆਂ 'ਤੇ ਸੌਂਦਾ ਹਾਂ।

ਕਦੇ ਕਦਾਈਂ ਤਾਂ ਇਉਂ ਲੱਗਦਾ ਜਿਵੇਂ ਇਹ ਤ੍ਰੇਲ-ਤੁਪਕੇ ਲੂਆਂ ਦੇ ਦਰਦ ਵਿਚ ਪੱਤਿਆਂ ਦੇ ਉਮੜੇ ਅੱਥਰੂ ਨੇ, ਜੋ ਪੱਤਿਆਂ ਵਿਚੋਂ ਨਿਕਲ ਕੇ ਫਿਰ ਪੱਤੀਆਂ ਦੇ ਗਲ ਲੱਗ ਕੇ ਆਪਣੀ ਹੋਂਦ ਮਿਟਾਉਣ ਲਈ ਬਜ਼ਿਦ ਨੇ। ਪੱਤੀਆਂ ਤੋਂ ਪੱਤੀਆਂ ਦਾ ਸਫਰਨਾਮਾ ਜਦ ਤ੍ਰੇਲ-ਤੁਪਕੇ ਬਣਦੇ ਤਾਂ ਮਨੁੱਖੀ ਮਨ ਵਿਚਲੇ ਸੈਲਾਬ ਨੂੰ ਕਿਵੇਂ ਠੱਲ੍ਹਿਆ ਜਾ ਸਕਦੈ?

ਆਬੋ ਹਵਾ ਦਾ ਕੇਹਾ ਅਸਰ ਕਿ ਕੁਝ ਜਲਵਾਸ਼ਪ ਤ੍ਰੇਲ-ਤੁਪਕੇ ਬਣ ਕੇ ਪੱਤਿਆਂ ਦਾ ਸਾਥ ਮਾਣਦੇ। ਕੁਝ ਵਾਸ਼ਪ ਬੱਦਲ ਬਣ ਕੇ ਲੰਮੀ ਉਡਾਣ ਭਰਦੇ। ਸਫਰ ਕਿਹੋ ਜਿਹਾ ਹੋਣਾ, ਤਰਬੀਅਤ, ਤਾਸੀਰ ਅਤੇ ਖਾਸੀਅਤ ਕੀ ਹੋਣੀ-ਇਹ ਤਾਂ ਵਾਤਾਵਰਣ ਤੇ ਵਾਯੂਮੰਡਲ 'ਤੇ ਨਿਰਭਰ, ਜਿਸ ਦੇ ਵਿਗਾੜ ਲਈ ਮਨੁੱਖ ਜ਼ਿੰਮੇਵਾਰ।

ਕਦੇ ਕਦੇ ਦੋ ਤ੍ਰੇਲ-ਤੁਪਕੇ ਮਿਲ ਕੇ ਜਦ ਇਕ ਬਣ ਜਾਂਦੇ ਤਾਂ ਮਨੁੱਖੀ ਮਨ ਵਿਚ ਉਸਰ ਰਹੇ ਸਬੰਧਾਂ ਅਤੇ ਪਿਆਰ ਪੁੰਗਾਰਿਆਂ ਦੀ ਨਵੀਂ ਪੇਸ਼ੀਨਗੋਈ ਹੁੰਦੀ। ਦੋ ਤ੍ਰੇਲ-ਤੁਪਕਿਆਂ ਦੇ ਮਿਲਾਪ ਵਿਚੋਂ ਪੈਦਾ ਹੋਏ ਇਕ ਤ੍ਰੇਲ-ਤੁਪਕੇ ਦੀ ਤਾਸੀਰ ਵੀ ਇਕਸਾਰ ਹੀ ਹੋ ਜਾਂਦੀ। ਜੀਵਨ ਵਿਚ ਦੋ ਤੋਂ ਇਕ ਹੋਣ ਦਾ ਧਿਆਨ ਜ਼ਰੂਰ ਧਰਨਾ, ਪਰ ਕਦੇ ਵੀ ਇਕ ਤੋਂ ਦੋ ਹੋਣ ਦਾ ਖਿਆਲ ਮਨ ਵਿਚ ਪੈਦਾ ਨਾ ਕਰਨਾ। ਇਹ ਹੀ ਜੀਵਨ ਦਾ ਗੁਰਮੰਤਰ ਏ, ਜੋ ਤ੍ਰੇਲ-ਤੁਪਕੇ ਅਚੇਤ ਹੀ ਮਨ ਵਿਚ ਧਰ ਜਾਂਦੇ ਨੇ।

# ਪਿੰਡ ਤੋਂ ਸ਼ਹਿਰ ਅਤੇ ਦੇਸ ਤੋਂ ਪਰਦੇਸ ਵਾਲਾ ਸਫਰ

## ਅਵਤਾਰ ਸਿੰਘ ਬਿਲਿੰਗ ਦੇ ਨਾਵਲ ਦੀ ਤਫਸੀਲ

ਕਲਾ ਪਰਿਕਰਮਾ

ਅਵਤਾਰ ਸਿੰਘ ਬਿਲਿੰਗ ਕਿਸੇ ਰਸਮੀ ਜਾਣ ਪਛਾਣ ਦਾ ਮੁਥਾਜ ਨਹੀਂ। ਉਹ ਅਜੋਕੇ ਸਮੇਂ ਦਾ ਚੇਤੰਨ ਗਲਪਕਾਰ ਹੈ। ਉਸ ਨੇ ਹੁਣ ਤੱਕ ਰਚੀਆਂ ਕਹਾਣੀਆਂ ਅਤੇ ਨਾਵਲਾਂ ਵਿਚ ਪਿਛਲੇ 100 ਵਰ੍ਹਿਆਂ ਦੌਰਾਨ ਬਦਲਦੀ ਪੇਂਡੂ ਜੀਵਨ ਚਾਲ ਅਤੇ ਸਭਿਆਚਾਰ ਨੂੰ ਬਖੂਬੀ ਪੇਸ਼ ਕੀਤਾ ਹੈ। ਉਸ ਤੋਂ ਪਹਿਲਾਂ ਵੀ ਇਸ ਯਥਾਰਥ ਨੂੰ ਚਿਤਰਨ ਵਾਲੇ ਸਮਰੱਥ ਗਲਪਕਾਰ ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਰਾਮ ਸਰੂਪ ਅਣਖੀ, ਕਰਮਜੀਤ ਕੁੱਸਾ, ਆਦਿ ਹੋਏ ਹਨ; ਐਪਰ ਬਿਲਿੰਗ ਦੀ ਵਿਲੱਖਣਤਾ ਸਤਲੁਜ ਦੇ ਢਾਹਾ ਆਂਚਲ ਦੇ ਜੀਵਨ, ਸਭਿਆਚਾਰ ਅਤੇ ਬੋਲੀ ਸ਼ੈਲੀ ਨੂੰ ਪਹਿਲੀ ਵਾਰ ਚਿਤਰਨ ਅਤੇ ਸੰਭਾਲਣ ਵਿਚ ਹੈ।

ਕਿਸੇ ਵੀ ਸਾਹਿਤਕਾਰ ਲਈ ਪਹਿਲੀ ਸ਼ਰਤ ਉਸ ਦਾ ਮੌਲਿਕ ਹੋਣਾ ਜ਼ਰੂਰੀ ਹੁੰਦਾ

**ਪਰਗਟ ਸਿੰਘ ਬਰਾੜ**
ਫੋਨ: +91-98037-04201

ਹੈ, ਸੋ ਅਵਤਾਰ ਸਿੰਘ ਬਿਲਿੰਗ ਨੇ ਹੁਣ ਤੱਕ ਛਪੇ ਆਪਣੇ ਅੱਠ ਨਾਵਲਾਂ ਵਿਚ ਸਤਲੁਜ ਦੇ ਪੂਰਬੀ ਕੰਢੇ ਮੀਲਾਂ ਤੱਕ ਵਿਛੇ ਉਪਜਾਊ ਖੇਤਰ 'ਢਾਹਾ' ਨਾਲ ਜੁੜੇ ਲੋਕਾਂ ਦੀ ਰਹਿਤਲ, ਖੁਸ਼ੀਆਂ ਗਮੀਆਂ, ਰਿਸ਼ਤੇ ਨਾਤਿਆਂ ਦੇ ਤਾਣੇ ਬਾਣੇ, ਜਿਸਮਾਨੀ ਭੁੱਖ, ਮਾਨਸਿਕ ਉਲਾਰ ਆਦਿ ਨੂੰ ਕੇਵਲ ਚਿਤਰਿਆ ਹੀ ਨਹੀਂ, ਸਗੋਂ ਇਨ੍ਹਾਂ ਸਮੱਸਿਆਵਾਂ ਅਤੇ ਗੁੰਝਲਾਂ ਲਈ ਵਧੇਰੇ ਜ਼ਿੰਮੇਵਾਰ ਪਰਿਵਾਰਕ, ਸਮਾਜਕ, ਆਰਥਕ ਅਤੇ ਭ੍ਰਿਸ਼ਟ ਸਿਆਸੀ ਵਰਤਾਰੇ ਨੂੰ ਢਾਹੇ ਦੇ ਮੌਲਿਕ ਮੁਹਾਵਰੇ ਤੇ ਠੁੱਕ ਰਾਹੀਂ ਇੰਜ ਬਿਆਨ ਕੀਤਾ ਹੈ ਕਿ ਉਹ ਪੰਜਾਬ ਦੀ ਸਮੁੱਚੀ ਧਰਤ ਨਾਲ ਜੁੜੇ ਲੋਕਾਂ ਦੀ ਇਕ ਲੜੀ ਵਿਚ ਪਰੋਈ ਵਿਥਿਆ ਹੋ ਨਿਬੜੀ ਹੈ।


ਇਨ੍ਹਾਂ ਨਾਵਲੀ ਘਟਨਾਵਾਂ/ਹਾਲਾਤ ਦੀ ਝਲਕ ਪੰਜਾਬ ਦੇ ਹਰ ਪਿੰਡ/ਕਸਬੇ ਵਿਚ ਦੇਖੀ ਜਾ ਸਕਦੀ ਅਤੇ ਪਿਛਲੀ ਸਦੀ ਤੋਂ ਅੱਜ ਤੱਕ ਪੰਜਾਬੀ ਕਦਰਾਂ ਕੀਮਤਾਂ ਵਿਚ ਆਈ ਤਬਦੀਲੀ ਅਤੇ ਰਿਸ਼ਤੇ ਨਾਤਿਆਂ ਵਿਚ ਆਏ ਪਰਿਵਰਤਨ ਦੀ ਸਹਿਜੇ ਪਛਾਣ ਹੋ ਜਾਂਦੀ ਹੈ। ਨਾਵਲਕਾਰ ਕਿਸੇ ਵਿਸ਼ੇਸ਼ ਵਿਚਾਰਧਾਰਾ ਦਾ ਪ੍ਰਚਾਰਕ ਬਣ ਕੇ ਬੇਲੋੜਾ ਢੰਡੋਰਾ ਨਹੀਂ ਪਿੱਟਦਾ ਪਰ ਇਸ ਦੇ ਨਾਲ ਹੀ ਉਹ ਆਪਣੇ ਮਾਨਵਵਾਦੀ ਨਜ਼ਰੀਏ ਦਾ ਪੱਲਾ ਵੀ ਕਦੇ ਹੱਥੋਂ ਨਹੀਂ ਖਿਸਕਣ ਦਿੰਦਾ। ਇੰਜ ਉਸ ਦੇ ਨਾਵਲਾਂ ਦੇ ਥੀਮਕ ਪਾਸਾਰ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਹ ਪਿਛਲੇ ਦਸ ਦਹਾਕਿਆਂ ਦੇ ਇਤਿਹਾਸਕ/ਸਭਿਆਚਾਰਕ ਦਸਤਾਵੇਜ਼ ਹਨ। ਪੰਜਾਬ ਦੀ ਇਸ ਹੋਣੀ ਦਾ ਅਜਿਹਾ ਇਤਿਹਾਸ ਸ਼ਾਇਦ ਹੀ ਕਿਸੇ ਹੋਰ ਪੁਸਤਕ ਵਿਚ ਮਿਲਦਾ ਹੋਵੇ।

'ਖੇੜੇ ਸੁੱਖ ਵਿਹੜੇ ਸੁੱਖ' ਵੱਸਦੇ ਪੰਜਾਬ ਦੇ 'ਇਹਨਾਂ ਰਾਹਾਂ ਉਤੇ' ਤੁਰਦਿਆਂ 'ਪੱਤ ਕੁਮਲਾ ਗਏ' ਤਾਂ ਨਾਵਲਕਾਰ ਨੂੰ 'ਖਾਲੀ ਖੂਹਾਂ ਦੀ ਕਥਾ' ਕਰਨੀ ਪਈ। ਇਸ ਉਮੀਦ ਅਤੇ ਯਕੀਨ ਨਾਲ ਕਿ 'ਦੀਵੇ ਜਗਦੇ ਰਹਿਣਗੇ' ਪਰ 'ਗੁਲਾਬੀ ਨਗ ਵਾਲੀ ਮੁੰਦਰੀ' ਦੀ ਜਾਤ-ਪਾਤ ਰਹਿਤ ਨਰੋਈ ਸੋਚ ਨੂੰ ਅਪਨਾਉਣ ਲਈ ਕਲਪਦੇ ਨੌਜਵਾਨ ਆਪਣੀ ਮਾਂ ਭੋਇੰ ਨੂੰ ਅਲਵਿਦਾ ਕਹਿ ਗਏ। ਇਉਂ ਉਨ੍ਹਾਂ ਬੇਰੁਜ਼ਗਾਰ ਨੌਜਵਾਨਾਂ ਨੇ 'ਰਿਜ਼ਕ' ਖਾਤਰ ਪਲਾਇਨ ਕਰ ਕੇ ਵਿਦੇਸ਼ਾਂ ਵਿਚ ਆਸਰਾ ਲੱਭਣ ਲਈ ਵਹੀਰਾਂ ਘੱਤ ਦਿੱਤੀਆਂ ਹਨ ਕਿਉਂਕਿ ਪੇਂਡੂ ਅਰਥਚਾਰੇ ਵਿਚ ਸੁਧਾਰ ਲਿਆਉਣ ਤੋਂ ਅੱਖਾਂ ਮੀਟਣ ਵਾਲੇ ਭ੍ਰਿਸ਼ਟ ਸਿਆਸੀ ਵਰਤਾਰੇ ਨੇ ਇਸ ਪੰਜਾਬ ਨੂੰ ਨਰਕ ਬਣਾ ਦਿੱਤਾ ਹੈ। ਹੁਣ ਉਹ ਗੱਭਰੂ ਇਥੇ ਰਹਿਣ ਦੀ ਥਾਂ ਪਰਵਾਸ ਦੀਆਂ ਔਕੜਾਂ ਝੱਲਦੇ, ਕਿਸੇ ਪੱਧਰ ਉਤੇ ਸ਼ੋਸ਼ਣ ਦਾ ਸ਼ਿਕਾਰ ਹੋਣੋਂ ਵੀ ਨਹੀਂ ਡਰਦੇ ਝਿਜਕਦੇ।

ਅਵਤਾਰ ਸਿੰਘ ਬਿਲਿੰਗ ਦਾ ਪਿੰਡ ਸੇਹ ਮਸ਼ਹੂਰ ਖੰਨਾ ਮੰਡੀ ਤੋਂ 8 ਕਿਲੋਮੀਟਰ ਦੂਰ



ਅਵਤਾਰ ਸਿੰਘ ਬਿਲਿੰਗ ਦੇ ਹੁਣ ਤੱਕ ਛਪੇ ਨਾਵਲਾਂ 'ਤੇ ਇਕ ਝਾਤ।




ਅਵਤਾਰ ਬਿਲਿੰਗ ਦੇ ਪਹਿਲੇ ਨਾਵਲ 'ਨਰੰਜਣ ਮਸ਼ਾਲਚੀ' ਦਾ ਮੁਖੜਾ।



ਅਵਤਾਰ ਸਿੰਘ ਬਿਲਿੰਗ

ਹੈ। ਉਹ ਸਾਧਾਰਨ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਘੱਟ ਜ਼ਮੀਨ ਵਾਲੇ ਕਿਸਾਨ ਜੋ ਦੁੱਖ ਤਕਲੀਫਾਂ ਭੋਗਦੇ ਹਨ, ਉਹ ਸਾਰਾ ਕੁਝ ਉਸ ਨੇ ਆਪਣੇ ਪਿੰਡੇ ਉਪਰ ਹੰਢਾਇਆ ਹੈ। ਦਰਅਸਲ ਕਿਸੇ ਵੀ ਲੇਖਕ ਲਈ ਪਰਿਵਾਰਕ, ਸਮਾਜਕ ਅਤੇ ਆਰਥਕ ਹਾਲਾਤ ਬੜੀ ਫੈਸਲਾਕੁਨ ਭੂਮਿਕਾ ਨਿਭਾਉਂਦੀਆਂ ਹਨ। ਉਸ ਦੇ ਸ਼ਬਦਾਂ ਵਿਚ, "ਜਦੋਂ ਤੋਂ ਮੈਂ ਸੁਰਤ ਸੰਭਾਲੀ, ਘਰ ਵਿਚ ਜਾਂ ਤਾਂ ਨਿਹਾਲ ਹੋਏ ਬਾਪੂ ਦੀ ਕਵਿਤਾ ਸੁਣਦਾ ਜਾਂ ਕੰਮੀਂ ਧੰਦੀਂ ਲੱਗੀ ਆਪ-ਮੁਹਾਰੇ ਗਾਉਂਦੀ ਬੀਬੀ ਦੇ ਗੀਤ। ਕਦੇ ਕਦਾਈਂ ਖਫਾ ਹੋਏ ਬੀਬੀ ਬਾਪੂ ਦੇ ਤਾਹਨੇ ਮਿਹਣੇ, ਗਾਲਾਂ ਦੁੱਪੜਾਂ ਅਤੇ ਬੋਲ ਕਬੋਲ ਨੇ ਹੀ ਮੇਰੇ ਅੰਦਰ ਕਹਾਣੀ ਦਾ ਬੀਜ ਬੋਅ ਦਿੱਤਾ। ਨਾਨਕੀਂ ਜਾਂਦਾ ਤਾਂ ਨਾਨੇ ਪਾਸੋਂ ਮੈਂ ਰੱਜ ਕੇ ਬਾਤਾਂ ਸੁਣਦਾ। ਇਸ ਤਰ੍ਹਾਂ ਮੇਰੇ ਅੰਦਰ ਰਸ ਪੈਦਾ ਹੋਇਆ ਜੋ ਬਾਅਦ ਵਿਚ ਕਹਾਣੀਕਾਰ ਵਜੋਂ ਸਾਹਮਣੇ ਆਇਆ।"

ਉਸ ਦਾ ਪਹਿਲਾ ਕਹਾਣੀ ਸੰਗ੍ਰਹਿ 'ਮੌਤ ਦੇ ਸਾਏ ਹੇਠ' 1991 ਦੇ ਦਹਿਸ਼ਤੀ ਦਿਨਾਂ ਵਿਚ ਡਾਕਟਰ ਕਰਤਾਰ ਸਿੰਘ ਸੂਰੀ ਨੇ ਛਾਪਿਆ। ਉਪਰੰਤ 'ਆਪਣਾ ਖੂਨ', 'ਨਿਆਜ਼', 'ਪੱਛੋਂ ਦੀ ਹਵਾ' ਪ੍ਰਕਾਸ਼ਤ ਹੋਏ। ਡਾਕਟਰ ਰਘਬੀਰ ਸਿੰਘ (ਸਿਰਜਣਾ) ਦੀ ਪ੍ਰੇਰਨਾ ਸਦਕਾ ਉਸ ਨੇ 1997 ਵਿਚ 'ਨਰੰਜਣ ਮਸ਼ਾਲਚੀ' ਦੀ ਪ੍ਰਕਾਸ਼ਨਾ ਨਾਲ ਨਾਵਲ ਦੇ ਪਿੜ ਵਿਚ ਅਜਿਹਾ ਮਜ਼ਬੂਤ ਪੈਰ ਰੱਖਿਆ। ਇਸ ਆਤਮ-ਕਥਾਈ ਰਚਨਾ ਵਿਚ ਉਸ ਨੇ ਕਿਸਾਨੀ ਦੀ ਟੁੱਟ ਭੱਜ, ਰਿਸ਼ਤਿਆਂ ਵਿਚਲੇ ਪਿਆਰ ਤਕਰਾਰ, ਤਣਾਅ, ਸ਼ੱਕ ਤੋਂ ਇਲਾਵਾ ਸਭਿਆਚਾਰਕ ਜੀਵਨ ਦਾ ਖੂਬਸੂਰਤ ਚਿੱਤਰ ਪੇਸ਼ ਕੀਤਾ ਹੈ। ਵੱਡ ਆਕਾਰੀ ਨਾਵਲ 'ਖੇੜੇ ਸੁੱਖ ਵਿਹੜੇ ਸੁੱਖ' ਵਿਚ ਵੀਹਵੀਂ ਸਦੀ ਦੇ ਪਹਿਲੇ ਪੰਜ ਦਹਾਕਿਆਂ ਦੌਰਾਨ ਸਾਂਝੇ ਪੰਜਾਬ ਦੇ ਹਰ ਪੱਖ ਤੋਂ ਸਵੈ ਨਿਰਭਰ, ਭਾਈਚਾਰਕ ਏਕਤਾ ਦਰਸਾਉਂਦੇ, ਬੇਸ਼ੱਕ ਪਲੇਗ, ਗਰੀਬੀ, ਊਚ ਨੀਚ, ਧੌਂਸ, ਜਗੀਰੂ ਸਭਿਆਚਾਰ ਦੇ ਚੰਗੇ ਮੰਦੇ ਪੱਖਾਂ ਨੂੰ ਹੰਢਾਉਂਦੇ ਪਿੰਡ ਨੂੰ ਚਿਤਰਿਆ ਹੈ।

'ਇਨ੍ਹਾਂ ਰਾਹਾਂ ਉਤੇ' ਜਗੀਰੂ ਕਦਰਾਂ ਕੀਮਤਾਂ ਨੂੰ ਪਰਨਾਈ ਪਹਿਲੀ, ਦੂਜੀ ਤੇ ਤੀਜੀ ਪੀੜ੍ਹੀ ਦੀ ਪੰਜਾਬੀ ਔਰਤ ਦਾ ਦੁਖਾਂਤ ਹੈ। 'ਪੱਤ ਕੁਮਲਾ ਗਏ' ਨੌਜਵਾਨ ਪੀੜ੍ਹੀ ਦੇ ਮਾਨਸਿਕ ਦਵੰਦ, ਬੇਰੁਜ਼ਗਾਰੀ ਅਤੇ ਤਰੁੱਟੀ ਭਰਪੂਰ ਆਰਥਿਕ ਸਮਾਜਕ ਸਿਸਟਮ ਨੂੰ ਮੁਖਾਤਬ ਹੈ। 'ਦੀਵੇ ਜਗਦੇ ਰਹਿਣਗੇ' ਹਰੇ ਇਨਕਲਾਬ ਮਗਰੋਂ ਕਿਸਾਨੀ ਦੇ ਉਭਾਰ ਤੇ ਨਿਘਾਰ, ਜਾਤੀ ਟਕਰਾਅ, ਗਰਮ ਖਿਆਲੀਆ ਲਹਿਰ ਦੌਰਾਨ ਸਟੇਟ ਤੇ ਮੂਲਵਾਦੀ ਖੂਨੀ ਭੇੜ ਵਿਚਕਾਰ ਪਿਸਦੀ ਆਮ ਲੋਕਾਈ ਦੀ ਦਾਸਤਾਨ ਹੈ। ਧਨੀ ਕਿਸਾਨੀ ਵਿਚ ਕਿਰਤ ਕਲਚਰ ਦੀ ਘਾਟ, ਇਖਲਾਕੀ ਗਿਰਾਵਟ ਅਤੇ 'ਅਸੀਂ' ਤੋਂ 'ਮੈਂ' ਵਾਦੀ ਸੋਚ ਵੱਲ ਤੁਰਦੇ ਪੰਜਾਬੀ ਜਨ ਜੀਵਨ ਨੂੰ ਚਿੰਤਾਤਮਕ ਰੂਪ ਵਿਚ ਉਜਾਗਰ ਕਰਦਾ ਹੈ -'ਖਾਲੀ ਖੂਹਾਂ ਦੀ ਕਥਾ' ਜਿਸ ਉਤੇ ਬਿਲਿੰਗ ਨੂੰ ਵਕਾਰੀ ਪਹਿਲਾ 'ਢਾਹਾਂ ਸਾਹਿਤ ਇਨਾਮ' ਮਿਲਿਆ। 'ਗੁਲਾਬੀ ਨਗ ਵਾਲੀ ਮੁੰਦਰੀ' ਅੰਤਰਜਾਤੀ ਪਿਆਰ, ਵਿਆਹ ਅਤੇ ਦੋ ਪੀੜ੍ਹੀਆਂ ਦੇ ਦੁਖਾਂਤਕ ਟਕਰਾਅ ਦੀ ਪੇਸ਼ਕਾਰੀ ਹੈ। ਮਹਾਂ ਕਾਵਿਕ ਨਾਵਲ 'ਰਿਜ਼ਕ' ਵਿਚ ਤਤਕਾਲੀ ਜਨਜੀਵਨ ਅਤੇ ਪਰਵਾਸ ਦੀਆਂ ਦੁਸ਼ਵਾਰੀਆਂ ਹਨ। ਪੂੰਜੀਵਾਦੀ ਬਾਜ਼ਾਰਵਾਦ ਅਤੇ ਸੰਸਾਰੀਕਰਨ ਦੇ ਸਮੁੱਚੀ ਜਵਾਨੀ ਉਪਰ ਪੈਂਦੇ ਮਾਰੂ ਪ੍ਰਭਾਵਾਂ ਨੂੰ ਨਿੱਜੀ ਅਨੁਭਵ ਵਿਚ ਰੰਗ ਕੇ ਪੇਸ਼ ਕੀਤਾ ਗਿਆ ਹੈ।

ਨਾਵਲਕਾਰ ਅਵਤਾਰ ਸਿੰਘ ਬਿਲਿੰਗ ਨੇ ਲੋੜ ਮੁਤਾਬਕ ਢੁਕਵੇਂ ਬਿੰਬਾਂ, ਟੋਟਕਿਆਂ, ਕਾਵਿ ਟੂਕਾਂ ਕਹਾਣੀਆਂ ਅਖਾਉਤਾਂ ਨਾਲ ਆਪਣੇ ਸਮੁੱਚੇ ਗਲਪ ਨੂੰ ਸ਼ਿੰਗਾਰਿਆ ਹੈ। ਹਾਲਤ ਨੂੰ ਰੌਚਕ ਬਣਾ ਕੇ ਕਈ ਕੋਣਾਂ ਤੋਂ ਸੁਝਾਉਣਾ ਬਿਲਿੰਗ ਦੀ ਵਿਸ਼ੇਸ਼ਤਾ ਹੈ। ਉਸ ਦੀਆਂ ਗਲਪੀ ਰਚਨਾਵਾਂ ਪਾਠਕ ਨੂੰ ਚੇਤੰਨ ਬਣਾਉਂਦੀਆਂ, ਤੁਲਨਾਤਮਿਕ ਚਿੰਤਨ ਲਈ ਝੰਜੋੜਦੀਆਂ ਹਨ। ਸਾਹਿਤਕਾਰ ਉਹੀ ਹੁੰਦਾ ਜੋ ਸਮਕਾਲ ਦੀਆਂ ਲੋੜਾਂ ਅਤੇ ਸਮੱਸਿਆਵਾਂ ਨੂੰ ਮੁਖਾਤਬ ਹੋਵੇ, ਪਾਠਕ ਅੰਦਰ ਵਿਵੇਕ ਬੁੱਧੀ ਵਿਕਸਤ ਕਰੇ; ਅਵਤਾਰ ਬਿਲਿੰਗ ਦਾ 1997 ਤੋਂ 'ਨਰੰਜਣ ਮਸ਼ਾਲਚੀ' ਨਾਲ ਸ਼ੁਰੂ ਹੋਇਆ ਨਾਵਲੀ ਸਫਰ ਲਗਾਤਾਰ ਗਤੀਸ਼ੀਲ ਬਣਿਆ, 2020 ਵਿਚ ਆਪਣੇ ਸਮੇਂ ਨੂੰ ਸੰਬੋਧਿਤ ਨਵੇਂ ਨਾਵਲ 'ਰਿਜ਼ਕ' ਦੀ ਪ੍ਰਕਾਸ਼ਨਾ ਨਾਲ ਪਿੰਡ ਤੋਂ ਸ਼ਹਿਰ ਅਤੇ ਦੇਸ ਤੋਂ ਪਰਦੇਸ ਤੱਕ ਦੀ ਹਿਜਰਤ ਦਾ ਬਿਆਨ ਕਰਦਾ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 31 ਅਕਤੂਬਰ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-453



*ਦਿਲ ਆਪਣਾ ਰਹੋ ਅੱਪਡੇਟ ਕਰਦੇ, ਦਕਿਆਨੂਸੀ ਵਿਚਾਰਾਂ ਨੂੰ ਕੱਢ ਦੇਵੋ।*
*ਯੁੱਗ ਆ ਗਿਆ ਨਵੇਂ ਸਵੇਰਿਆਂ ਦਾ, ਧੀਆਂ-ਪੁੱਤਾਂ ਦੇ ਫਰਕ ਨੂੰ ਛੱਡ ਦੇਵੋ!*

## ਕੈਪਸ਼ਨ ਮੁਕਾਬਲਾ-451



ਨਾਦਰਸ਼ਾਹੀ ਹੁਕਮਾਂ ਅੱਗੇ
ਸਿੱਖੇ ਨਹੀਂ ਅਸੀਂ ਸਿਰ ਝੁਕਾਉਣੇ।
ਭਾਗੋ ਮਾਈ ਦੀਆਂ ਅਸੀਂ ਜਾਈਆਂ
ਹਠ ਸਾਡੇ ਨੂੰ ਕੁੱਲ ਦੁਨੀਆਂ ਜਾਣੇ।
ਖੇਤੀ-ਪੱਤੀ ਸਭ ਸਾਂਭਾਂਗੀਆਂ
ਹੁਕਮਰਾਨਾਂ ਨੂੰ ਪਾ ਦੇਣਾ ਵਾਹਣੇ।
***-ਦਵਿੰਦਰ ਕੌਰ***

---

ਘਰ ਦੇ ਮੋਹਰੀ ਦੋਨੋਂ ਤੁਰ ਗਏ
ਪੈਣ ਦੁੱਖਾਂ ਵਿਚ ਧੱਕੇ।
ਸੱਸ-ਬਹੁ ਲੱਕ ਬੰਨ੍ਹ ਤੁਰੀਆਂ
ਮੋੜਨ ਖੇਤਾਂ 'ਚ ਨੱਕੇ।
ਕਰਕੇ ਹੌਸਲਾ ਜ਼ਿੰਦਗੀ ਜਿੱਤਣ
ਮਤਾਂ ਹਾਰਾਂ ਹੱਥੋਂ ਥੱਕੇ।
***-ਸੇਵਾ ਸਿੰਘ ਨੂਰਪੁਰੀ***

---

ਘਰ ਤਾਂ ਅਸੀਂ ਹਮੇਸ਼ਾ ਸੰਭਾਲੇ
ਹੁਣ ਖੇਤਾਂ ਦੀ ਹੈ ਵਾਰੀ।
ਜਬਰ, ਜ਼ੁਲਮ, ਨਾਇਨਸਾਫੀ ਵਿਰੁਧ
ਸੰਘਰਸ਼ ਖੇਤ ਬਚਾਉਣ ਦੀ ਖਾਤਰ
ਕਰਾਂਗੇ ਪੂਰੀ ਪਹਿਰੇਦਾਰੀ।
***-ਇੰਦਰਜੀਤ ਮੰਗਾ, ਪਿਟਸਬਰਗ***

---

ਮਾੜੇ ਸਿਸਟਮ ਸਰਕਾਰਾਂ ਦੇ
ਜੱਟ ਬੈਠੇ ਨੇ ਧਰਨੇ ਲਾਈ।
ਆਪਣੀ ਹੋਂਦ ਬਚਾਵਣ ਖਾਤਰ
ਡਾਂਗ 'ਤੇ ਡੇਰੇ ਬੈਠੇ ਲਾਈ।
ਖੇਤ ਮੋਰਚਾ ਬੀਬੀਆਂ ਸਾਂਭਿਆ
ਪਾਣੀ ਝੋਨੇ ਨੂੰ ਜਾਣ ਲਗਾਈ।
***-ਕੇਵਲ ਸਿੰਘ ਪੰਧੇਰ***

---

ਭਾਂਬੜ ਬਣਿਆ ਗੁੱਸਾ ਕਿਸਾਨਾਂ ਦਾ
ਸੜਕਾਂ-ਰੇਲਾਂ ਕਰ ਦਿੱਤੀਆਂ ਜਾਮ।
ਸੁਆਣੀਆਂ ਨੇ ਹੁਣ ਖੇਤ ਸਾਂਭ ਲਏ,
ਲੁਟੇਰਿਆਂ ਦਾ ਕਰਨਾ 'ਕੰਮ ਤਮਾਮ।'
***-ਗੁਰਦੇਵ ਸਿੰਘ ਢਪਾਲੀ, ਬਠਿੰਡਾ***

---

ਬਿਪਤਾ ਵਿਚ ਪੰਜਾਬਣਾਂ ਸਾਥ ਦੇਣ ਪੂਰਾ
ਸੰਭਾਲਣ ਸਾਰੇ ਕੰਮ ਹੂਲ ਕੇ ਜਾਨਾਂ ਦੇ।
ਬੇਇਨਸਾਫੀ ਦੇ ਸੰਘਰਸ਼ 'ਚ ਕੁੱਦੇ
ਪਾਇਆ ਵਕਤ ਸਰਕਾਰਾਂ ਨੂੰ ਕਿਸਾਨਾਂ ਨੇ
***-ਅਮਰਜੀਤ ਸਿੰਘ ਤੂਰ***

---

ਸੱਤਾਧਾਰੀ ਲਾ ਜੰਦਰੇ ਖੇਤਾਂ ਨੂੰ
ਕੁੰਜੀ ਕਾਰਪੋਰੇਟਾਂ ਨੂੰ ਫੜਾਉਣ ਲੱਗੇ।
ਅੱਗੇ ਵੀ ਹੈ ਹਰਾਵਲ ਦਸਤਾ
ਜਿਨ੍ਹਾਂ ਇਤਿਹਾਸ 'ਚ ਕਦੇ ਈਨ ਨਾ ਮੰਨੀ।
ਜ਼ਮੀਰ ਝੰਜੋੜਦੀ ਹੈ
ਮਰਦ-ਔਰਤਾਂ ਸਾਂਝੇ ਮੁਹਾਜ 'ਤੇ,
ਨਿਭਾਉਣ ਆਪੋ ਆਪਣੇ ਫਰਜ਼।
***-ਦਰਸ਼ਨਪਾਲ ਦੋਸਾਂਝ***

---

ਆਦਮੀ ਗਏ ਮੋਰਚੇ ਉਪਰ
ਅਸੀਂ ਹੁਣ ਮੋੜਾਂਗੇ ਨੱਕੇ।
ਲੱਖ ਮੁਸੀਬਤਾਂ ਅੱਗੇ ਆਈਆਂ
ਅਸੀਂ ਤਾਂ ਵੀ ਨਹੀਂ ਅੱਕੇ।
ਲੁਕਣਾ ਨਹੀਂ ਜਾਣਦੇ, ਮਰਨਾ ਹੈ ਕਬੂਲ।
ਗੁਰੂਆਂ ਦੱਸਿਆ ਹੱਕ-ਸੱਚ ਦਾ ਅਸੂਲ।
***-ਗੋਰਾ ਪ੍ਰਜਾਪਤ, ਨਿਊ ਯਾਰਕ***

---

## ਕੈਪਸ਼ਨ ਮੁਕਾਬਲਾ-450

ਆਧੁਨਿਕਤਾ ਦੇ ਦੌਰ ਵਿਚ
ਰੁਲਿਆ ਕਿਸਾਨ ਤੇ ਉਸ ਦੇ ਔਜ਼ਾਰ।
ਬੱਚਿਆਂ ਦੀਆਂ ਖੇਡਾਂ ਬਣੇ ਮਿਨੀ ਗੱਡੇ
ਨੁਮਾਇਸ਼ਾਂ ਵਿਚ ਲੱਗਣ ਲਈ ਤਿਆਰ।
***-ਅਮਰਜੀਤ ਸਿੰਘ ਤੂਰ***

# ਕਾਵਿ-ਜਗਤ

## ਰਾਜ ਜਰੂਰੀ ਹੈ

ਸਿੱਖੋ ਰਾਜ ਜਰੂਰੀ ਹੈ,
ਤਖਤੋ ਤਾਜ ਜਰੂਰੀ ਹੈ।
ਬੁੱਧੀਜੀਵੀਓ ਨੀਂਦੋਂ ਜਾਗੋ,
ਇਹ ਇੱਕ ਕਾਜ ਜਰੂਰੀ ਹੈ।

ਸੰਨ ਸੰਤਾਲੀ ਮੌਕਾ ਖੁੰਝੇ,
ਹੁਣ ਉਹ ਉਪਰ, ਆਪਾਂ ਭੁੰਜੇ।
ਦੁਸ਼ਮਣ ਦੀ ਜੋ ਹਿੱਕ ਚੀਰਨੀ,
ਅਕਲ ਦਾ ਸਾਜ ਜਰੂਰੀ ਹੈ।

ਤੀਰ ਕਮਾਨ ਤੇ ਤੀਰ ਜਰੂਰੀ,
ਅਣਖੀ ਯੋਧੇ ਵੀਰ ਜਰੂਰੀ।
ਰਹਿਣਾ, ਬਹਿਣਾ, ਕਹਿਣਾ, ਸੁਣਨਾ,
ਵਿਚ ਸਮਾਜ ਜਰੂਰੀ ਹੈ।

ਦੇਸ਼ ਹੋਏਗਾ ਕੌਮ ਬਚੇਗੀ,
ਸੱਚਾ ਸੱਚ ਇਤਿਹਾਸ ਰਚੇਗੀ।
ਅਸਲ ਮੁੜੇ ਬੱਸ ਬਹੁਤ ਹੈ ਸਾਨੂੰ,
ਨਾ ਵਿਆਜ਼ ਜਰੂਰੀ ਹੈ।

ਅਕਾਲ ਤਖਤ ਗੁਰੂ ਹਰਿਗੋਬਿੰਦ ਦਾ,
ਨਹੀਂ ਗੁਲਾਮ ਇਹ ਕਿਸੇ ਵੀ ਹਿੰਦ ਦਾ।
ਸੋਚਾਂ 'ਤੇ ਪਿਆ ਘੱਟਾ ਝਾੜੋ,
ਹਸਤੀ ਤੇ ਲਾਜ ਜਰੂਰੀ ਹੈ।

ਆਗੂ ਅੱਜ ਦੇ ਵਿਕੇ ਹੋਏ ਨੇ,
ਕਿਸੇ ਦੇ ਪੈਰੀਂ ਟਿਕੇ ਹੋਏ ਨੇ।
ਨਵੇਂ ਖੂਨ ਤੋਂ ਜੋਤ ਜਗਾਵੋ,
ਇਹੋ ਇਲਾਜ ਜਰੂਰੀ ਹੈ।

ਸਾਡੇ ਗੁਰੂਆਂ ਸੀਸ ਕਟਾਏ,
ਦੂਜੇ ਧਰਮ ਅਜ਼ਾਦ ਕਰਵਾਏ।
ਕਰਨ ਚਲਾਕੀਆਂ, ਬਾਜ ਨਾ ਆਏ,
ਹੱਕ ਅਵਾਜ਼ ਜਰੂਰੀ ਹੈ।

ਏਕਤਾ ਦੀ ਕਰਾਮਾਤ ਜਰੂਰੀ,
ਮਿਹਰ ਗੁਰੂ ਦਾ ਸਾਥ ਜਰੂਰੀ
ਸਿੰਘਾ ਛੱਡ ਰੀਤ ਬਿਪਰਨ ਦੀ,
ਗੁਰਾਂ ਦਾ ਬਾਜ ਜਰੂਰੀ ਹੈ।

ਸਿੱਖੋ ਰਾਜ ਜਰੂਰੀ ਹੈ,
ਤਖਤੋ ਤਾਜ ਜਰੂਰੀ ਹੈ।
ਬੁੱਧੀਜੀਵੀਓ ਨੀਂਦੋਂ ਜਾਗੋ,
'ਸੁਖਵਿੰਦਰਾ' ਇਹੋ ਕਾਜ ਜਰੂਰੀ ਹੈ।

*-ਸੁਖਵਿੰਦਰ ਸਿੰਘ ਬੋਦਲਾਂਵਾਲਾ*
*sukhvinderbodal@yahoo.com*

---

## ਮਾਸਕ

ਬੀਬੀਆਂ ਭੈਣਾਂ ਤੋਂ ਕੋਈ ਸਿੱਖੇ,
ਦੁੱਖ, ਸੁੱਖ ਕਿਵੇਂ ਹੈ ਜਰਨਾ।
ਵੇਰੀ ਢਾਹ ਕੇ ਬੈਠਣ ਨਾਲੋਂ,
ਚੰਗਾ ਹੈ ਕੁਝ ਕਰਨਾ।

ਚੁੱਲ੍ਹਾ ਬਲਦਾ ਰੱਖਣਾ ਪੈਣਾ,
ਕਰਨ ਲੱਗੀਆਂ ਕਮਾਈ।
ਰੰਗ, ਬਰੰਗੇ ਟੁਕੜਿਆਂ ਤੋਂ,
ਮਾਸਕ ਜਾਣ ਬਣਾਈ।

ਦੇਖ, ਦੇਖ ਕੇ ਇਹ ਸਭ ਕੁਝ,
ਮੇਰਾ ਮਨ ਤਾਂ ਡਰਦਾ।
ਲਾਹੁਣਾ ਬੰਦਾ ਭੁੱਲ ਨਾ ਜਾਵੇ,
ਕੰਮ ਇਵੇਂ ਵੀ ਸਰਦਾ।

*-ਦਵਿੰਦਰ ਕੌਰ*

---

## ਝੂਠ ਬੋਲ ਕੇ

ਬਿਜਲੀ ਬੰਦ ਦਾ ਡਰ ਦਿਖਾ ਕੇ
ਘੋਲ ਨੂੰ ਫੇਲ੍ਹ ਕਰਾ ਨਹੀਂ ਹੋਣਾ।
ਬਹੁਤ ਬਣਾਇਆ ਮੂਰਖ ਹੁਣ ਤੱਕ
ਐਦੂੰ ਵੱਧ ਬਣਾ ਨਹੀਂ ਹੋਣਾ।
ਸਾਰੇ ਦੇਸ਼ ਦੀ ਕਾਰਪੋਰੇਸ਼ਨ
ਇੱਕ ਹੋਣ ਦਾ ਕੀ ਮਤਲਬ ਹੈ,
ਸਰਕਾਰਾਂ ਹੁੰਦੀਆਂ ਸਾਥ ਦੇਣ ਲਈ
ਏਦਾਂ ਵੈਰ ਕਮਾ ਨਹੀਂ ਹੋਣਾ।

*-ਮੂਲ ਚੰਦ ਸ਼ਰਮਾ*
*ਪ੍ਰਧਾਨ, ਪੰਜਾਬੀ ਸਾਹਿਤ ਸਭਾ,*
*ਧੂਰੀ (ਸੰਗਰੂਰ)*

---

## ਰਿਸ਼ਤੇ

ਇਹ ਰਿਸ਼ਤੇ ਬੇਕਾਰ ਨੇ ਰਿਸ਼ਤੇ
ਦੋ-ਧਾਰੀ ਤਲਵਾਰ ਨੇ ਰਿਸ਼ਤੇ।

ਅੰਦਰੋਂ ਅੰਦਰੀ ਜੜ੍ਹਾਂ ਨੇ ਵੱਢਦੇ
ਬਾਹਰੋਂ ਕਰਦੇ ਪਿਆਰ ਨੇ ਰਿਸ਼ਤੇ।

ਹੱਥ ਜੋੜ ਸਿਰ ਨੀਵਾਂ ਕਰ ਕੇ
ਕਰਦੇ ਮਿੱਤਰ ਮਾਰ ਨੇ ਰਿਸ਼ਤੇ।

ਘਰ ਦੇ ਅੰਦਰ ਆ ਵੜਦੇ ਜਦ
ਤੋੜ ਦਿੰਦੇ ਪਰਿਵਾਰ ਨੇ ਰਿਸ਼ਤੇ।

ਲੁੱਟ ਪੁੱਟ ਕੇ ਵੀ ਭੰਡੀਆਂ ਕਰਦੇ
ਬੇ-ਈਮਾਨ, ਗੱਦਾਰ ਨੇ ਰਿਸ਼ਤੇ।

ਬੇੜੀਆਂ ਦੇ ਵਿਚ ਵੱਟੇ ਪਾ ਕੇ
ਸੁੱਟਦੇ ਵਿਚ ਮੰਝਧਾਰ ਨੇ ਰਿਸ਼ਤੇ।

ਗੁਰੂ, ਪੀਰ, ਅਵਤਾਰਾਂ ਨੂੰ ਵੀ
ਕੱਢਦੇ ਘਰ ਤੋਂ ਬਾਹਰ ਨੇ ਰਿਸ਼ਤੇ।

ਜ਼ਿੰਦਗੀ ਨਰਕ ਬਣਾ ਦਿੰਦੇ ਨੇ
ਇਹ 'ਸੁਰਜੀਤ' ਮੱਕਾਰ ਨੇ ਰਿਸ਼ਤੇ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

---

# ਏਕਲਵਿਆ ਇਨਕਾਰੀ ਹੈ...

ਅੱਜ ਦਾ 'ਏਕਲਵਿਆ' ਇਨਕਾਰੀ ਹੈ
ਅੱਜ ਦੇ ਯੁੱਗ ਦੇ ਦਰੋਣਾਚਾਰੀਆ ਨੂੰ
ਦੀਕਸ਼ਾ ਵਿਚ ਆਪਣੇ ਸੱਜੇ ਹੱਥ ਦਾ
ਅੰਗੂਠਾ ਕੱਟ ਕੇ ਦੇਣ ਤੋਂ...।

ਕਿ ਬਚਪਨ ਵਿਚ
ਬਾਪੂ ਨੇ ਸਿਖਾਇਆ ਸੀ,
ਮੁੱਕਾ ਵੱਟ ਕੇ ਤਾਕਤ ਦਰਸਾਉਣ ਦਾ,
ਗੁੱਸਾ ਵਿਖਾਉਣ ਦਾ ਢੰਗ...।

ਮੁੱਕਾ, ਜਿਸ ਵਿਚ ਚਾਰੇ ਉਂਗਲਾਂ,
ਹਥੇਲੀ ਦੇ ਅੰਦਰ ਵੱਲ ਇਕੱਠੀਆਂ ਕਰਕੇ,
ਉਪਰੋਂ ਦੀ ਅੰਗੂਠਾ ਵਲਾ ਕੇ,
ਬਣਿਆ ਮੁੱਕਾ ਦਰਸਾਉਂਦਾ ਹੈ,
ਏਕਤਾ! ਜਿਸ ਵਿਚ ਬਲ ਹੈ, ਤਾਕਤ ਹੈ।

ਜੋ ਪੈਦਾ ਕਰਦਾ ਹੈ,
ਦੁਸ਼ਮਣ ਦੀਆਂ ਅੱਖਾਂ ਵਿਚ ਡਰ
ਅਤੇ ਮਜ਼ਦੂਰ ਦੀ ਮਜ਼ਦੂਰੀ ਦੇਣ ਦੀ
ਨਾ ਚਾਹੁੰਦੇ ਹੋਏ ਵੀ
ਇਕ ਅਣਚਾਹੀ ਇੱਛਾ...।

ਉਦੋਂ ਬਾਪੂ ਮੁੱਛ ਫੁੱਟ ਗੱਭਰੂ ਜਵਾਨ ਸੀ
ਅਤੇ ਲੰਬੜਾਂ ਦਾ ਸੀਰੀ ਨਹੀਂ ਰਲਿਆ ਸੀ
ਲੰਬੜ, ਜਿਹੜੇ ਸੀਰੀਆਂ ਦੇ ਟੱਬਰਾਂ,
ਔਰਤਾਂ, ਬੱਚਿਆਂ, ਧੀਆਂ, ਭੈਣਾਂ

ਸਭ ਨੂੰ ਆਪਣੀ ਜ਼ਰ-ਖਰੀਦ
ਜਾਇਦਾਦ ਮੰਨਦੇ ਹਨ
ਤੇ ਮੰਨਦੇ ਹਨ ਆਪਣੇ ਆਪ ਨੂੰ।

ਅੱਜ ਦਾ ਦਰੋਣਾਚਾਰੀਆ
ਜਿਹੜੇ ਮਿਲਦੇ ਜ਼ਰੂਰ ਹਨ,
ਜ਼ਿੰਦਗੀ ਵਿਚ ਹਰ ਮਜ਼ਦੂਰ ਨੂੰ,
ਕਦੇ ਨਾ ਕਦੇ, ਕਿਸੇ ਨਾ ਕਿਸੇ ਰੂਪ ਵਿਚ,
ਜ਼ਿੰਦਗੀ ਦੇ ਕਿਸੇ ਨਾ ਕਿਸੇ ਮੋੜ 'ਤੇ...।



ਤੇ ਵਰ੍ਹਿਆਂ ਦੇ ਵਰ੍ਹੇ ਬੀਤਣ 'ਤੇ ਵੀ,
'ਅੱਜ ਦੇ ਯੁੱਗ ਦਾ ਦਰੋਣਾਚਾਰੀਆ'
ਮੰਗ ਲੈਂਦਾ ਹੈ 'ਅੱਜ ਦੇ ਏਕਲਵਿਆ' ਤੋਂ
ਆਪਣੀ ਵਰ੍ਹਿਆਂ ਦੀ ਸੀਰੀ ਰਲਾਉਣ ਦੀ,
ਦੀਕਸ਼ਾ ਵਿਚ ਉਸ ਦਾ
ਸੱਜੇ ਹੱਥ ਦਾ ਅੰਗੂਠਾ।

ਪਰ 'ਅੱਜ ਦਾ ਏਕਲਵਿਆ'
ਇਨਕਾਰੀ ਹੈ,
ਦੀਕਸ਼ਾ ਦੇਣ ਤੋਂ,
ਅੰਗੂਠਾ ਕਟਵਾਉਣ ਤੋਂ।
ਕਿ ਅਜੇ ਤੇ ਉਸ ਨੇ
ਬੜੇ ਕੰਮ ਲੈਣੇ ਹਨ,
ਆਪਣੇ ਇਸ ਅੰਗੂਠੇ ਤੋਂ।

ਕਿ ਚਾਰੇ ਉਂਗਲਾਂ ਇਕੱਠੀਆਂ ਹੋ ਕੇ ਵੀ,
ਖਿੰਡ ਜਾਣਗੀਆਂ,
ਅੰਗੂਠੇ ਦੀ ਗੈਰਹਾਜ਼ਰੀ ਵਿਚ।
ਤੇ ਤਿੜਕ ਜਾਵੇਗਾ ਬੰਦ ਮੁੱਠੀ ਦੀ
ਤਾਕਤ ਦਾ ਅਹਿਸਾਸ,
ਮੁੱਕੇ ਬਨਾਮ ਤਾਕਤ ਦਾ ਜ਼ੋਰ...।
ਕਿ ਅੱਜ ਦਾ ਏਕਲਵਿਆ ਇਨਕਾਰੀ ਹੈ
ਅੰਗੂਠਾ ਕਟਵਾਉਣ ਤੋਂ...।

*-ਡਾ. ਪ੍ਰਿਤਪਾਲ ਕੌਰ ਚਾਹਲ*
*ਵਿਨੀਪੈਗ, ਕੈਨੇਡਾ*
*ਫੋਨ: +1 204-999-9240*

---

## ਬਾਬਾ ਬਖਤੌਰਾ

ਇੱਕ ਪਿੰਡ ਵਿਚ ਇੱਕ ਬੰਦਾ ਅੱਤ ਸੀ,
ਉਂਜ ਸਫੈਦਪੋਸ਼ ਸੀ, ਪਰ ਪੁੱਠੀ ਮੱਤ ਸੀ।
ਹਰਫਨ ਮੌਲਾ ਉਹ ਚੁਸਤ ਚਲਾਕ ਸੀ,
ਲੁੱਚਾ ਲੰਡਾ ਪੂਰਾ ਖਾੜਕੂ ਖੜਾਕ ਸੀ।

ਦੋ ਚਾਰ ਚੇਲੇ ਪਾਲੇ ਨਿਰੇ ਅੜਿੰਗ ਸੀ,
ਲੋਕਾਂ 'ਚ ਫਸਾਈ ਰੱਖੇ ਸਦਾ ਝਿੰਗ ਸੀ।
ਗੱਲਾਂ ਦਾ ਗਲਾਧੜ ਤੇ ਕਲਾਧਾਰ ਸੀ,
ਹੇਠੀ ਜੇਠੀ ਸਾਂਭਣ ਦਾ ਵੀ ਮਾਹਰ ਸੀ।

ਗ਼ਮ ਨਹੀਂ ਸੀ ਕਦੇ ਖੁਦ ਦੇ ਵੱਕਾਰ ਦਾ,
ਬਹੁਤੀ ਵਾਰੀ ਝੂਠ ਨਾਲ ਕੰਮ ਸਾਰਦਾ।
ਖੁਦ ਅਨਪੜ੍ਹ ਪਰ ਨੇਤਾ ਦਾ ਖਾਸ ਸੀ,
ਜਿੱਥੇ ਪੜ੍ਹੇ-ਲਿਖੇ ਫੇਲ੍ਹ ਤਾਂ ਉੱਥੇ ਪਾਸ ਸੀ।

ਅਫਸਰਸ਼ਾਹੀ 'ਚ ਵੀ ਪੂਰੀ ਟੌਹਰ ਸੀ,
ਅਤੇ ਥੁੜ੍ਹੇ ਕੰਮਾਂ ਦਾ ਰੱਖਦਾ ਗੌਰ ਸੀ।
ਝੱਟ ਦੇਣੀ ਰੁਕੇ ਕੰਮ ਨੂੰ ਸੀ ਕਢਾਂਵਦਾ,
ਲੈਣ ਦੇਣ ਕਰਕੇ ਗੱਲ ਸੀ ਮੁਕਾਂਵਦਾ।

ਕਚਹਿਰੀ, ਠਾਣੇ ਵਿਚ ਪੈਂਦੇ ਸਲੂਟ ਸੀ,
ਬਾਬਾ ਬਖਤੌਰਾ ਪਾਉਂਦਾ ਸੂਟ ਬੂਟ ਸੀ।
ਜ਼ਿੰਦਗੀ ਨੂੰ ਇੰਜ ਉਹ ਰਿਹਾ ਠੇਲ੍ਹਦਾ,
ਸਿਆਸਤ 'ਚ ਰਿਹਾ ਵੱਧ ਚੜ੍ਹ ਖੇਲ੍ਹਦਾ।

ਪਿੰਡ ਦਿਆਂ ਮੋਹਤਬਰਾਂ ਵਿਚੋਂ ਇੱਕ ਸੀ,
ਪੰਚਾਂ-ਸਰਪੰਚਾਂ ਲਈ ਲਾਉਂਦਾ ਜਿੱਕ ਸੀ।
ਇੰਦਾਂ ਦੇ ਹੀ ਬਾਹਲੇ ਨੇਤਾ ਅੱਜ ਮਿਲਦੇ,
ਤਾਂਹੀਉਂ ਚਾਰੇ ਪਾਸੇ ਹੀ ਨੇ ਗੁੱਲ ਖਿਲਦੇ।

*-ਸੇਵਾ ਸਿੰਘ ਨੂਰਪੁਰੀ*

---

## ਸਮਾਂ

ਪਹਿਲਾਂ ਗੱਡਿਆਂ 'ਤੇ ਜਾਣਾ
ਤਾਂ ਵੀ ਲੇਟ ਨਹੀਂ ਸੀ ਹੁੰਦੇ,
ਅੱਜ ਗੱਡੀਆਂ 'ਤੇ ਹੁੰਦੇ
ਤਾਂ ਵੀ ਸਮਾਂ ਕੋਈ ਨਾ।
ਪਹਿਲੇ ਇੱਕ ਸੀ ਰੁਪਈਆ
ਤਾਂ ਵੀ ਧੇਲੀ ਦੇ ਦੇਣੀ,
ਅੱਜ ਲੱਖਾਂ ਜੇਬ ਵਿਚ
ਤਾਂ ਵੀ ਰਹਿਮ ਕੋਈ ਨਾ।

*-ਪ੍ਰਭਜੋਤ ਸਿੰਘ ਪੰਨੂ*
*ਫੋਨ: 916-280-6075*

---

# ਪੱਗੜੀ ਸੰਭਾਲ ਜੱਟਾ

*(ਨੋਟ: ਉਪਰਲੇ ਗੀਤ ਵਿਚਲੀ ਕਹੌਤ 'ਪੱਗੜੀ ਸੰਭਾਲ ਜੱਟਾ' ਲਾਲਾ ਬਾਂਕੇ ਦਿਆਲ ਦੀ ਕਵਿਤਾ ਵਿਚੋਂ ਲਈ ਗਈ ਹੈ, ਜੋ 1907 ਵਿਚ ਸ਼ੁਰੂ ਹੋਈ ਕਿਸਾਨ ਲਹਿਰ ਵਿਚ ਇੰਨੀ ਮਸ਼ਹੂਰ ਹੋਈ ਕਿ ਲਹਿਰ ਦਾ ਨਾਮ ਹੀ 'ਪੱਗੜੀ ਸੰਭਾਲ ਜੱਟਾ' ਪੈ ਗਿਆ।)*

*-ਡਾ. ਸੁਖਪਾਲ ਸੰਘੇੜਾ, Dr.sukhpal.sanghera@gmail.com*

ਅੱਜ ਤੇਰੀ ਜ਼ਿੰਦਗੀ ਤੇ ਮੌਤ ਦਾ ਸੁਆਲ ਓਏ
ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਓਏ।

ਨੌਕਦਾਰ ਬੰਨ੍ਹੀ ਜਾਂ ਮੰਦੇਰ ਦੇ ਸਮਾਨ ਹੋਵੇ
ਖੇਤੀ ਵਿਚ ਪੱਗ ਹੱਕ ਸੱਚ ਦਾ ਨਿਸ਼ਾਨ ਹੋਵੇ।
ਹੱਕ ਇਨਸਾਫ ਜਦੋਂ ਕਿਰਤਾਂ ਦਾ ਭੰਗ ਹੋਵੇ
ਜਾਂ ਇਨਸਾਨੀਅਤ ਸੂਲੀ ਉਤੇ ਟੰਗ ਹੋਵੇ।
ਹਵਾ ਆਸਮਾਨ ਆਖੇ ਧਰਤ ਪਾਤਾਲ ਓਏ
ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਓਏ।

ਹਾੜੀਆਂ ਦੇ ਸੇਕ 'ਚ ਤੂੰ ਬੂੰਦ ਬੂੰਦ ਘੁਲਦਾ
ਸਾਉਣੀਆਂ ਦੇ ਪੈਰਾਂ ਵਿਚ ਮਿੱਟੀ ਬਣ ਰੁਲਦਾ।
ਚਿੱਟੀਆਂ ਦਿਹਾੜੀਆਂ ਸਿਆੜਾਂ 'ਚ ਦਬਾਈਆਂ ਤੂੰ
ਖੇਤਾਂ ਵਿਚ ਕਿੰਨੀਆਂ ਹੀ ਉਮਰਾਂ ਖਪਾਈਆਂ ਤੂੰ।
ਅਰਮਾਨਾਂ ਦੀਆਂ ਕਬਰਾਂ ਬਣੇ ਆੜਾਂ ਖਾਲ ਓਏ
ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਓਏ।

ਤਿਪ ਤਿਪ ਜ਼ਿੰਦਗੀ ਨੂੰ ਖੇਤਾਂ ਵਿਚ ਬੋਇਆ ਤੂੰ
ਫਿਰ ਵੀ ਨਾ ਪੈਲੀਆਂ ਦੇ ਹਾਣ ਦਾ ਵੇ ਹੋਇਆ ਤੂੰ।
ਮਿੱਟੀ ਵਿਚੋਂ ਹੀਰਿਆ ਵੇ ਸੋਨਾ ਜੋ ਉਗਾਇਆ ਤੂੰ
ਪਿੜੋਂ ਚੱਲ ਮੰਡੀ ਤੱਕ ਸਾਰਾ ਹੀ ਲੁਟਾਇਆ ਤੂੰ।
ਘੁਣ ਵਾਂਗੂੰ ਲੱਗੇ ਤੈਨੂੰ ਫਿਕਰ ਸੁਆਲ ਓਏ
ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਓਏ।

ਫੁੱਟੀਆਂ ਬਿਆਈਆਂ 'ਚੋਂ ਅੱਗਣ ਖਿਆਲ ਦੇ
ਦੱਬੇ ਹੋਏ ਹਉਕੇ ਨੂੰ ਸੁਆਲ ਬਣ ਜਾਣ ਦੇ।
ਕੌਣ ਸੱਤਾਂ ਚੁੱਲ੍ਹਿਆਂ ਦੀ ਰਾਖ ਝੋਲੀ ਪਾ ਗਿਆ
ਕੱਚਿਆਂ ਭੜੋਲਿਆਂ ਦਾ ਨ੍ਹੇਰਾ ਤੈਨੂੰ ਖਾ ਗਿਆ।
ਸੂਰਜਾ ਤੂੰ ਆਪਣੀਆਂ ਧੁੱਪਾਂ ਰੱਖ ਬਾਲ ਓਏ
ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਓਏ।

ਅੰਨਦਾਤੇ ਤੈਨੂੰ ਭਗਵਾਨ ਜਾਂਦਾ ਬੋਲਿਆ
ਲੋਟੂਆਂ, ਸੈਤਾਨਾਂ ਤੈਨੂੰ ਪੈਰਾਂ ਥੱਲੇ ਰੋਲਿਆ।
ਚਾਅ ਤੇਰੇ ਸੀਨੇ ਵਾਲੇ ਸੀਨੇ ਵਿਚ ਜੰਮ ਗਏ
ਭੰਗੜੇ ਨੂੰ ਉਠੇ ਪੈਰ ਚਿੰਤਾ 'ਚ ਥੰਮ੍ਹ ਗਏ।
ਹੁਣ ਇਨ੍ਹਾਂ ਪੈਰਾਂ ਦਾ ਤੂਫਾਨ ਹੀ ਹੈ ਤਾਲ ਓਏ
ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਓਏ।

ਪੂੰਜੀਪਤੀ, ਸਰਕਾਰ-ਦੋਵੇਂ ਜੋਟੀ ਪਾ ਕੇ
ਖੇਤੋਂ ਵਿਚ ਮੰਡੀ ਤੱਕ ਤੈਨੂੰ ਹੀ ਖਪਾ ਕੇ।
ਖਰੀਦ ਅਤੇ ਵੇਚ ਵਾਲੇ ਆਪੂੰ ਭਾਅ ਲਾ ਕੇ
ਇੰਜ ਫਾਹਾ ਕਰਜ਼ੇ ਦੇ ਗਲ ਤੇਰੇ ਪਾ ਕੇ
ਲੁੱਟਦੇ ਰਹੇ ਜਿੰਦ ਤੇਰੀ, ਲੁੱਟਦੇ ਰਹੇ ਮਾਲ ਓ
ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਓਏ।

ਜਿਹਨੇ ਸੰਤਾਲੀ ਵਿਚ ਵੰਡਿਆ ਪੰਜਾਬ ਨੂੰ
ਲਹੂ ਵਿਚ ਡੋਬਿਆ ਸੀ ਇਹਦੇ ਹਰ ਆਬ ਨੂੰ,
ਉਹੀਓ ਰੂਹ ਦਿੱਲੀ ਰਾਜ ਤਖਤੇ 'ਤੇ ਛਾਈ ਏ
ਦਿਨ ਦੀਵੀਂ ਡਾਕੇ ਵਾਲੀ ਯੋਜਨਾ ਬਣਾਈ ਏ।
ਢਾਹੁਣਗੇ ਅਕਾਸ਼ ਤੇਰਾ ਖੋਹਣਗੇ ਪਾਤਾਲ ਓਏ
ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਓਏ।

ਲੁੱਟ ਦਾ ਕਾਨੂੰਨ ਤੇਰੀ ਸਰਕਾਰ ਘੜ ਕੇ
ਪੂੰਜੀਪਤੀ ਦੇਸੀ ਤੇ ਵਿਦੇਸ਼ੀ ਨਾਲ ਰਲਕੇ,
ਬਾਬਰ ਇਹ ਆਉਣ ਚੜ੍ਹੇ ਤੇਰਾ ਭੋਗ ਪਾਉਣ ਨੂੰ
ਫਸਲਾਂ ਨਹੀਂ ਹੁਣ ਤਾਂ ਜ਼ਮੀਨਾਂ ਹਥਿਆਉਣ ਨੂੰ।
ਉਠ ਖੜ੍ਹ ਹੱਕ ਵਾਲੀ ਸਿਰੀਂ ਜੋਤ ਬਾਲ ਓਏ,
ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਓਏ।

ਫਸਲਾਂ ਜੋ ਤੇਰੀਆਂ ਨੂੰ ਸਦੀਆਂ ਤੋਂ ਲੁੱਟਦੇ
ਹੁਣ ਉਸ ਲੁੱਟ ਵਾਲੇ ਸਭ ਕੜ੍ਹ ਟੁੱਟ ਗਏ।
ਲੋਟੂਆਂ ਦੇ ਵਰ੍ਹ ਰਹੇ ਲੁੱਟ ਵਾਲੇ ਕਹਿਰ ਵਿਚ
ਲੁੱਟ ਦੇ ਵਿਰੁਧ ਉਠ ਹੱਕ ਵਾਲੀ ਰਹੀ ਲਹਿਰ ਵਿਚ।
ਸਿਰ ਉਤੋਂ ਢਾਹ ਦੇ ਸਾਰੇ ਲੁੱਟ ਦੇ ਪਹਾੜ ਓਏ
ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਓਏ।

# ਜਾਗ ਓ ਕਿਸਾਨਾ

ਉਠ ਜਾਗ ਓ ਕਿਸਾਨਾ,
ਨਹੀਉਂ ਸੌਣ ਦਾ ਜ਼ਮਾਨਾ।
ਘੜੀ ਪਰਖ ਦੀ ਏ ਆਈ
ਡੋਲ ਜਾਵੀਂ ਨਾ ਨਦਾਨਾ।
ਬੇਸ਼ੱਕ ਘੇਰਾ ਤੈਨੂੰ ਪਾਇਆ
ਚੋਰਾਂ, ਠੱਗਾਂ, ਬੇਈਮਾਨਾਂ।
ਮੁੱਠਾ ਬਣ ਕੇ ਡਟਿਆ ਰਹੋ
ਹੋ ਨਾ ਜਾਵੀਂ ਕਾਨਾ ਕਾਨਾ
ਉਠ ਜਾਗ ਓ ਕਿਸਾਨਾ।

ਧਰਤੀ ਕਿਸਾਨ ਦੀ ਏ ਮਾਂ
ਗੁਜ਼ਾਰਾ ਇਹਦੇ ਬਿਨਾ ਨਾ।
ਜੇ ਇਹ ਵੀ ਰਹੀ ਨਾ ਕੋਲ
ਪੱਲੇ ਰਹਿ ਜਾਏਗਾ ਕੀ ਹੋਰ?
ਖੁਦਗਰਜ਼ਾਂ ਦੀ ਇਹ ਚਾਲ
ਚਾਹੁੰਦੇ ਕਰਨਾ ਤੈਨੂੰ ਕੰਗਾਲ।
ਸਿਰ ਧੜ ਦੀ ਇਹ ਬਾਜ਼ੀ
ਲਾਉਣ ਲਈ ਹੋ ਜਾ ਰਾਜ਼ੀ।
ਪਿਛਾਂਹ ਹਟੀਂ ਨਾ ਜਵਾਨਾ
ਉਠ ਜਾਗ ਓ ਕਿਸਾਨਾ।

ਤੇਰਾ ਕੋਈ ਨਹੀਉਂ ਸਾਥੀ
ਆਸੇ-ਪਾਸੇ ਚਿੱਟੇ ਹਾਥੀ।
ਮੌਕਾਪ੍ਰਸਤ ਕਈ ਬਥੇਰੇ
ਵਿਹੜੇ ਆਣ ਵੜੇ ਨੇ ਤੇਰੇ।
ਕਈ ਸਰਕਾਰ ਦੇ ਬਟੇਰੇ
ਆਉਣੇ ਪਾਣ ਲਈ ਦੁਫੇੜੇ।
ਇੱਜਤ ਹੋਂਦ ਦਾ 'ਤੇ ਲੱਗੀ
ਕੋਈ ਮਾਰ ਨਾ ਜਾਵੇ ਠੱਗੀ।
ਤੂੰ ਏਂ ਇਨ੍ਹਾਂ ਦਾ ਨਿਸ਼ਾਨਾ
ਉਠ ਜਾਗ ਓ ਕਿਸਾਨਾ।

ਫੜ ਲੈ ਏਕਤਾ ਦਾ ਪੱਲਾ
ਮਾਰ ਖਾ ਨਾ ਬੈਠੀਂ 'ਕੱਲਾ।
ਬਹਿ ਕੇ ਸੋਚ ਜ਼ਰਾ ਵਿਚਾਰ
ਤੇਰੀ ਹੁੰਦੀ ਕਿਉਂ ਏ ਹਾਰ?
ਐਨਾ ਵੱਡਾ ਤੇਰਾ ਪਰਿਵਾਰ
ਬਣਾ ਆਪਣੀ ਤੂੰ ਸਰਕਾਰ।
ਠੱਗਾਂ ਚੋਰਾਂ ਤਾਈਂ ਧ੍ਰਿਕਾਰ
ਕਿਤੇ ਕਰ ਨਾ ਜਾਵਣ ਵਾਰ।
ਏਕਤਾ ਰੱਖ ਬਣਾ ਕੇ ਪੱਕੀ
ਹਕੂਮਤ ਆਵੇ ਭੱਜੀ ਭੱਜੀ
ਮੰਨਣ ਲਈ ਤੇਰਾ ਪ੍ਰਵਾਨਾ
ਉਠ ਜਾਗ ਓ ਕਿਸਾਨਾ।

*-ਚੰਨ*
*ਫੋਨ: 908-788-8427*

ਗੁਰਬਾਣੀ ਵਿਆਖਿਆ

# ਕਰਮ ਖੰਡ ਕੀ ਬਾਣੀ ਜੋਰੁ

*ਗੁਰੂ ਸਾਹਿਬ ਦੀ ਧਾਰਨਾ ਹੈ ਕਿ ਅੰਤਰਮੁਖੀ ਸਾਧਨਾ ਵਾਲੇ ਜੋਰ ਦਾ ਕੋਈ ਅਸਤਿਤਵ ਨਹੀਂ ਹੈ, ਪਰ ਅਧਿਆਤਮਿਕ ਰਾਹ ਪਏ ਲੋਕ ਇਸ ਨੂੰ ਤਪਸਿਆ ਤੇ ਮੰਤਰ-ਜਾਪਾਂ ਰਾਹੀਂ ਪ੍ਰਾਪਤ ਕਰਨ ਦਾ ਭਰਮ ਪਾਲਦੇ ਹਨ। ਦੂਜੇ ਪਾਸੇ ਬੁੱਧੀ ਤੇ ਸਰੀਰ ਵਾਲਾ ਬਲ ਅਸਲੀ ਜੋਰ ਹੈ, ਜਿਸ ਨਾਲ ਸੰਸਾਰਕ ਕੰਮ ਹੋ ਸਕਦੇ ਹਨ, ਪਰ ਇਸ ਨੂੰ ਪੈਦਾ ਕਰਨ ਦਾ ਸਮਾਜ ਵਿਚ ਕੋਈ ਰੁਝਾਨ ਨਹੀਂ, ਭਾਵ ਅਸਲ ਬਲ ਨੂੰ ਪੈਦਾ ਕਰਨ ਵਲ ਕਿਸੇ ਦਾ ਧਿਆਨ ਨਹੀਂ। ਗੁਰੂ ਸਾਹਿਬ ਦੀ ਵਿਡੰਬਨਾ ਜਾਇਜ਼ ਸੀ, ਕਿਉਂਕਿ ਅਧਿਆਤਮਵਾਦੀਆਂ ਨੇ ਬਲ ਨੂੰ ਸਮਝਣ ਵਿਚ ਗਲਤੀ ਖਾਈ ਹੋਈ ਸੀ। ਜੇ ਮਨੁੱਖ ਕੁਦਰਤ 'ਤੇ ਕਾਬੂ ਪਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਕੁਦਰਤੀ ਸ਼ਕਤੀਆਂ ਬਾਰੇ ਜਾਣਨਾ ਪਵੇਗਾ।*

ਪਿਛਲੀ ਇਕ ਪਉੜੀ ਵਿਚ ਗੁਰੂ ਸਾਹਿਬ ਨੇ 'ਆਖਣਿ ਜੋਰੁ' ਲਿਖ ਕੇ ਰਿੱਧੀਆਂ ਸਿੱਧੀਆਂ ਰਾਹੀਂ ਕੁਦਰਤੀ ਸ਼ਕਤੀਆਂ 'ਤੇ ਕਾਬੂ ਪਾਉਣ ਵਾਲਿਆਂ 'ਤੇ ਵਿਅੰਗ ਕੱਸਿਆ ਸੀ। ਫਿਰ 'ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨਾ ਕੋਇ॥' ਲਿਖ ਕੇ ਉਨ੍ਹਾਂ ਨੇ ਇਨ੍ਹਾਂ ਅਧਿਆਤਮਵਾਦੀ ਅੰਤਰ-ਧਿਆਨੀਆਂ ਨੂੰ ਸਾਹਮਣੇ ਆ ਕੇ ਆਪਣੇ ਦਾਅਵਿਆਂ ਦੇ ਪ੍ਰਮਾਣ ਦੇਣ ਲਈ ਵੰਗਾਰਿਆ ਸੀ। ਹੁਣ 37ਵੀਂ ਪਉੜੀ ਵਿਚ ਇਕ ਵਾਰ ਫਿਰ ਉਹ ਜੋਰ ਦੀ ਗੱਲ ਕਰਦਿਆਂ ਕਹਿੰਦੇ ਹਨ, 'ਕਰਮ ਖੰਡ ਕੀ ਬਾਣੀ ਜੋਰ॥' ਆਖਿਰ ਇਹ ਜੋਰ ਤੇ ਕਰਮ ਕੀ ਹਨ? ਇਨ੍ਹਾਂ ਦੀ ਐਸੀ ਕੀ ਮਹਤੱਤਾ ਹੈ, ਜੋ ਗੁਰੂ ਸਾਹਿਬ ਨੇ ਕਈ ਪਉੜੀਆਂ ਵਿਚ ਇਨ੍ਹਾਂ ਦਾ ਜ਼ਿਕਰ ਕੀਤਾ ਹੈ?

ਗੁਰੂ ਸਾਹਿਬ ਨੇ ਜੋਰ ਨੂੰ ਦੋ ਅਰਥਾਂ ਵਿਚ ਵਰਤਿਆ ਹੈ। 'ਆਖਣਿ ਜੋਰੁ' ਵਾਲੀ 33ਵੀਂ ਪਉੜੀ ਵਿਚ ਇਹ ਵਸ (Control) ਕਰਨ ਭਾਵ ਕੁਦਰਤੀ ਵਰਤਾਰਿਆਂ ਨੂੰ ਮਨੁੱਖੀ ਪ੍ਰਭਾਵ ਹੇਠ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਕਰਨ ਵਜੋਂ ਆਇਆ ਹੈ। ਸਿੱਧ ਪੁਰਖਾਂ, ਨਾਥ ਜੋਗੀਆਂ ਤੇ ਹੋਰ ਅਧਿਆਤਮਵਾਦੀਆਂ ਨੂੰ ਭਰਮ ਸੀ ਕਿ ਉਹ ਪੂਜਾ ਪਾਠ, ਤਪੱਸਿਆ ਤੇ ਮੰਤਰਜਾਪ ਰਾਹੀਂ ਗੁਪਤ ਤਾਕਤਾਂ ਪ੍ਰਾਪਤ ਕਰ ਕੇ ਕੁਦਰਤ ਨੂੰ ਉਂਗਲਾਂ 'ਤੇ ਨਚਾ ਸਕਦੇ ਸਨ। ਗੁਰੂ ਸਾਹਿਬ ਨੇ ਉਨ੍ਹਾਂ ਦੀਆਂ ਅੰਤਰਮੁਖੀ ਪ੍ਰਾਪਤੀਆਂ ਦੀ ਗੱਲ ਰੱਦ ਕਰਦਿਆਂ ਉਨ੍ਹਾਂ ਨੂੰ ਪ੍ਰਦਰਸ਼ਨ ਕਰਨ ਲਈ ਵੰਗਾਰਿਆ। ਇੱਥੇ ਜੋਰ ਦਾ ਅਰਥ ਇਕ ਅਦਿੱਖ ਅੰਦਰੂਨੀ ਸਮਰੱਥਾ (Capability) ਅਰਥਾਤ ਸ਼ਕਤੀ, ਕਰਾਮਾਤ ਜਾਂ ਆਤਮ-ਬਲ ਹੈ, ਜਿਸ ਨੂੰ ਅਧਿਆਤਮਕ ਸਾਧਨਾ ਰਾਹੀਂ ਉਤਪੰਨ ਕਰਕੇ ਕੁਦਰਤ ਨੂੰ ਮਨੁੱਖੀ ਇੱਛਾ ਅਧੀਨ ਲਿਆਇਆ ਜਾ ਸਕੇ।

ਦੂਜੇ ਪਾਸੇ 37ਵੀਂ ਪਉੜੀ ਵਿਚ ਜੋਰ ਨੂੰ ਸਰੀਰਕ ਸ਼ਕਤੀ (Physical Power) ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਇਹ ਜੋਰ ਤਨ ਦੀ ਸ਼ਕਤੀ ਹੈ, ਜੋ ਮਨੁੱਖੀ ਕੰਮਾਂ (Actions) ਵਿਚ ਬਾਹੂਬਲ ਰਾਹੀਂ ਵਰਤੀ ਜਾਂਦੀ ਹੈ। ਇਸ ਤਰ੍ਹਾਂ ਦਾ ਜੋਰ ਸਿਰੜੀ ਹੱਡ-ਕਰਮੀਆਂ, ਪ੍ਰਕਿਰਤੀ ਨਾਲ ਜੂਝਦੇ ਮਿਹਨਤਕਸ਼ਾਂ, ਵਿਵੇਕ-ਕਲਾ ਵਾਲੇ ਬੁੱਧੀਜੀਵੀਆਂ ਜਾਂ ਸੂਰਬੀਰ ਯੋਧਿਆਂ ਕੋਲ ਹੁੰਦਾ ਹੈ ਤੇ ਉਹ ਇਸ ਦਾ ਪ੍ਰਗਟਾਵਾ ਵੀ ਕਰ ਸਕਦੇ ਹਨ। ਇਸੇ ਜੋਰ ਦੀ ਦੂਜੀ ਕਿਸਮ ਮਕਾਨਕੀ ਬਲ, ਜੋ ਮਸ਼ੀਨ ਕਲਾ, ਬਿਜਲਈ ਜੰਤਰਾਂ ਤੇ ਹੋਰ ਭੌਤਿਕ ਸਾਧਨਾਂ ਰਾਹੀਂ ਪੈਦਾ ਕੀਤਾ ਹੁੰਦਾ ਹੈ। ਇਹ ਜੀਵ-ਰਹਿਤ ਜੋਰ ਹੈ, ਜੋ ਮਸ਼ੀਨੀ ਸਾਧਨਾਂ ਨੂੰ ਮਨੁੱਖੀ ਅਕਲ ਨਾਲ ਵਰਤ ਕੇ ਬਣਾਇਆ ਗਿਆ ਹੈ। ਇਹ ਇਕ ਤਰ੍ਹਾਂ ਨਾਲ ਮਨੁੱਖੀ ਬਲ ਦਾ ਹੀ ਵਧਿਆ ਭਾਗ (Extension) ਹੈ।

ਗੁਰੂ ਸਾਹਿਬ ਦੀ ਧਾਰਨਾ ਹੈ ਕਿ ਅੰਤਰਮੁਖੀ ਸਾਧਨਾ ਵਾਲੇ ਜੋਰ ਦਾ ਕੋਈ ਅਸਤਿਤਵ ਨਹੀਂ ਹੈ, ਪਰ ਅਧਿਆਤਮਿਕ ਰਾਹ ਪਏ ਲੋਕ ਇਸ ਨੂੰ ਤਪਸਿਆ ਤੇ ਮੰਤਰ-ਜਾਪਾਂ ਰਾਹੀਂ ਪ੍ਰਾਪਤ ਕਰਨ ਦਾ ਭਰਮ ਪਾਲਦੇ ਹਨ। ਦੂਜੇ ਪਾਸੇ ਬੁੱਧੀ ਤੇ ਸਰੀਰ ਵਾਲਾ ਬਲ ਅਸਲੀ ਜੋਰ ਹੈ, ਜਿਸ ਨਾਲ ਸੰਸਾਰਕ ਕੰਮ ਹੋ ਸਕਦੇ ਹਨ, ਪਰ ਇਸ ਨੂੰ ਪੈਦਾ ਕਰਨ ਦਾ ਸਮਾਜ ਵਿਚ ਕੋਈ ਰੁਝਾਨ ਨਹੀਂ, ਭਾਵ ਅਸਲ ਬਲ ਨੂੰ ਪੈਦਾ ਕਰਨ ਵਲ ਕਿਸੇ ਦਾ ਧਿਆਨ ਨਹੀਂ। ਗੁਰੂ ਸਾਹਿਬ ਦੀ ਵਿਡੰਬਨਾ ਜਾਇਜ਼ ਸੀ, ਕਿਉਂਕਿ ਅਧਿਆਤਮਵਾਦੀਆਂ ਨੇ ਬਲ ਨੂੰ ਸਮਝਣ ਵਿਚ ਗਲਤੀ ਖਾਈ ਹੋਈ ਸੀ। ਜੇ ਮਨੁੱਖ ਕੁਦਰਤ 'ਤੇ ਕਾਬੂ ਪਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਕੁਦਰਤੀ ਸ਼ਕਤੀਆਂ ਬਾਰੇ ਜਾਣਨਾ ਪਵੇਗਾ। ਕੁਦਰਤੀ ਸ਼ਕਤੀਆਂ ਵੀ ਇਕ ਤਰ੍ਹਾਂ ਦਾ ਭੌਤਿਕ ਜਾਂ ਯੰਤ੍ਰਿਕ ਬਲ ਹਨ, ਜੋ ਹਰ ਇਕ ਕੁਦਰਤੀ ਵਰਤਾਰੇ ਪਿੱਛੇ ਕੰਮ ਕਰਦਾ ਹੈ। ਜੇ ਇਸ ਬਲ ਨੂੰ ਰੋਕਣ ਲਈ ਮਨੁੱਖ ਆਪਣਾ ਬਲ ਲਾਵੇ ਤਾਂ ਇਸ ਦੀ ਮਾਤਰਾ ਕੁਦਰਤੀ ਬਲ ਦੇ ਬਰਾਬਰ ਤੇ ਉਲਟ ਦਿਸ਼ਾ ਵਿਚ ਹੋਣੀ ਚਾਹੀਦੀ ਹੈ। ਅਰਥਾਤ ਸੌ ਕਿਲੋਗਰਾਮ ਭਾਰ ਨੂੰ ਚੁੱਕਣ ਲਈ ਸੌ ਕਿਲੋਗਰਾਮ ਤੋਂ ਥੋੜ੍ਹੀ ਵੱਧ ਤਾਕਤ ਵਾਲਾ ਪਹਿਲਵਾਨ ਚਾਹੀਦਾ ਹੈ, ਜੋ ਉਸ ਭਾਰ ਨੂੰ ਉਲਟ ਦਿਸ਼ਾ ਵਿਚ ਜੋਰ ਲਾ ਕੇ ਉਪਰ ਚੁੱਕ ਸਕੇ।

ਪਰ ਉਕਤ ਸਮੀਕਰਣ ਵਿਚ ਜੋ ਗੱਲ ਸਮਝਣ ਵਾਲੀ ਹੈ ਤੇ ਜੋ ਅਧਿਆਤਮਵਾਦੀਆਂ ਦੇ ਧਿਆਨ ਵਿਚ ਨਹੀਂ ਆਈ, ਉਹ ਇਹ ਹੈ ਕਿ ਕੁਦਰਤੀ ਬਲ ਤੇ ਮੋੜਵੇਂ ਮਨੁੱਖੀ ਬਲ ਦੀ ਕਿਸਮ ਇਕੋ ਜਿਹੀ ਹੋਣੀ ਚਾਹੀਦੀ ਹੈ। ਭਾਵ ਕੁਦਰਤ ਦੇ ਭੌਤਿਕ ਬਲ ਨੂੰ ਜਿੱਤਣ ਲਈ ਮਨੁੱਖ ਨੂੰ ਵੀ ਭੌਤਿਕ ਬਲ ਹੀ ਵਰਤਣਾ ਪਵੇਗਾ। ਇਸ ਦਾ ਅਰਥ ਇਹ ਹੋਇਆ ਕਿ ਦੂਜੇ ਤਰ੍ਹਾਂ ਦੇ ਬਲ ਜਿਵੇਂ ਰਸਾਇਣਕ, ਤਾਪ, ਪ੍ਰਕਾਸ਼ ਤੇ ਬਿਜਲਈ ਬਲ ਇਸ ਵਿਰੁਧ ਉਦੋਂ ਤੀਕ ਨਹੀਂ ਵਰਤੇ ਜਾ ਸਕਦੇ, ਜਦੋਂ ਤੀਕ ਇਨ੍ਹਾਂ ਬਲਾਂ ਨੂੰ ਕਿਸੇ ਉਪਕਰਣ ਰਾਹੀਂ ਭੌਤਿਕ ਬਲ ਵਿਚ ਨਹੀਂ ਬਦਲਿਆ ਜਾਂਦਾ। ਅਰਥਾਤ ਮੋਟਰ ਬਿਨਾ ਬਿਜਲਈ ਸ਼ਕਤੀ, ਰੇਲ ਦੇ ਇੰਜਣ ਬਿਨਾ ਤਾਪ-ਸ਼ਕਤੀ ਤੇ ਆਟੋ-ਇੰਜਣ ਬਿਨਾ ਪੈਟਰੋਲ ਸ਼ਕਤੀ ਕੋਈ ਕੰਮ ਨਹੀਂ ਕਰ ਸਕਦੀ। ਬਿਨਾ ਢੁਕਵੇਂ ਉਪਕਰਣ ਮਨੁੱਖ ਇਨ੍ਹਾਂ ਨੂੰ ਕੁਦਰਤ ਵਿਰੁਧ ਨਹੀਂ ਵਰਤ ਸਕਦਾ, ਕਿਉਂਕਿ ਕੁਦਰਤ ਵਿਚ ਕੁਝ ਵੀ ਬਦਲਣ ਲਈ ਭੌਤਿਕ ਬਲ ਦੀ ਲੋੜ ਹੈ। ਮਾਦੇ ਦੀ ਇਕ ਕੁਦਰਤੀ ਅਵਸਥਾ ਨੂੰ ਭੰਗ ਕਰਕੇ ਸ਼ਕਤੀਆਂ ਦਾ ਨਵਾਂ ਸਮੀਕਰਣ ਸਿਰਜਣ ਲਈ ਮਨੁੱਖ ਨੂੰ ਭੌਤਿਕ ਕਿਸਮ ਦੇ ਬਲ ਨਾਲ ਹੀ ਬਰਾਬਰ ਦਾ ਭੁਗਤਾਨ ਕਰਨਾ ਪਵੇਗਾ, ਕਿਸੇ ਹੋਰ ਤਰ੍ਹਾਂ ਦੇ ਬਲ ਨਾਲ ਨਹੀਂ। ਇਹ ਇਵੇਂ ਹੀ ਹੈ, ਜਿਵੇਂ ਦੂਜੇ ਦੇਸ਼ ਵਿਚ ਉਥੋਂ ਦੀ ਮੁਦਰਾ ਵਿਚ ਹੀ ਬਰਾਬਰ ਦਾ ਭੁਗਤਾਨ ਕਰਨਾ ਪੈਂਦਾ ਹੈ, ਕਿਸੇ ਹੋਰ ਮੁਦਰਾ ਵਿਚ ਨਹੀਂ। ਇਸ ਲਈ ਇਹ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਸਾਧ, ਸੰਤ ਤੇ ਸਿੱਧ ਜੋਗੀ ਆਪਣੀ ਅਖੌਤੀ ਅਧਿਆਤਮਕ ਸ਼ਕਤੀ ਨਾਲ ਕੁਦਰਤ ਦੇ ਭੌਤਿਕ ਸ਼ਕਤੀ ਨਾਲ ਹੋਣ ਵਾਲੇ ਕੰਮ ਕਰ ਸਕਣ।

ਇਹ ਠੀਕ ਹੈ ਕਿ ਕੁਦਰਤ ਦੇ ਭੌਤਿਕ ਬਲ ਤੋਂ ਸੁਤੰਤਰਤਾ ਹਾਸਲ ਕਰਨ ਲਈ ਮੋੜਵਾਂ ਭੌਤਿਕ ਬਲ ਲਾਉਣਾ ਪੈਂਦਾ ਹੈ, ਪਰ ਇਹ ਜਰੂਰੀ ਨਹੀਂ ਕਿ ਮਨੁੱਖ ਇਸ ਬਲ ਨੂੰ ਇਕ ਵਾਰ ਵਿਚ ਹੀ ਪੂਰਾ ਕਰੇ। ਆਪਣੀ ਸਮਰੱਥਾ ਅਤੇ ਜੰਤਰਾਂ ਦੀ ਉਪਲੱਭਦੀ ਅਨੁਸਾਰ ਉਹ ਇਸ ਦੀ ਪੂਰਤੀ ਸਹਿਜ ਨਾਲ ਕਈ ਉਪਰਾਲਿਆਂ ਵਿਚ ਵੀ ਕਰ ਸਕਦਾ ਹੈ। ਉਹ ਕਿਸੇ ਦਰਖਤ ਨੂੰ ਕੱਟਣ ਦਾ ਕੰਮ, ਖੂਹ ਪੁੱਟਣ ਦਾ ਕੰਮ ਜਾਂ ਲੰਮਾ ਪੈਂਡਾ ਤੈਅ ਕਰਨ ਦਾ ਕੰਮ ਇਕ ਵਾਰ ਵਿਚ ਵੀ ਕਰ ਸਕਦਾ ਹੈ ਤੇ ਹੌਲੀ ਹੌਲੀ ਵੀ, ਪਰ ਸ਼ਕਤੀ ਹਰ ਹਾਲਤ ਵਿਚ ਉਨੀ ਹੀ ਅਦਾ ਕਰਨੀ ਪਵੇਗੀ। ਗੁਰੂ ਸਾਹਿਬ ਇਹ ਗੱਲ ਭਲੀਭਾਂਤ ਜਾਣਦੇ ਸਨ। ਇਸੇ ਲਈ ਉਨ੍ਹਾਂ ਨੇ ਕਰਮ ਖੇਤਰ ਵਿਚ ਕੋਈ ਪ੍ਰਾਪਤੀ ਨਾ ਹੋਣ ਤੇ ਅਸਚਰਜ ਪ੍ਰਗਟ ਕੀਤਾ ਹੈ।

ਉਨ੍ਹਾਂ ਦਾ ਇਹ ਅਸਚਰਜ ਇਸ ਗੱਲ 'ਤੇ ਸੀ ਕਿ ਭਾਵੇਂ ਕਰਮ ਖੰਡ ਦੀ ਬਾਣੀ ਜੋਰ ਹੈ, ਪਰ ਇੱਥੇ ਕੋਈ ਜੋਰ ਪੈਦਾ ਕਰਨ ਵਲ ਨਹੀਂ ਵਧਦਾ। ਸਰੀਰਕ ਤੇ ਬਾਹੂਬਲੀ ਜੋਰ ਨਾਲ ਯੋਧੇ ਪੈਦਾ ਹੋਣੇ ਸਨ, ਪਰ ਸਮਕਾਲੀ ਇਤਿਹਾਸ ਵਿਚ ਇਕ ਵੀ ਸਿਰਕੱਢ ਸੂਰਮਾ ਦਿਖਾਈ ਨਹੀਂ ਸੀ ਦਿੰਦਾ। ਬਾਹਰਲੇ ਧਾੜਵੀ ਆ ਕੇ ਹਮਲੇ ਕਰਦੇ ਸਨ ਤੇ ਉਹ ਜਨਤਾ ਨੂੰ ਜਾਨਵਰਾਂ ਵਾਂਗ ਲੁਟਦੇ ਮਾਰਦੇ ਸਨ। ਹਮਲਾਵਰ ਉਨ੍ਹਾਂ ਦੀ ਸੰਪਤੀ ਲੁੱਟਦੇ, ਧਰਮ-ਅਸਥਾਨ ਢਾਹੁੰਦੇ, ਤ੍ਰੀਮਤਾਂ ਨੂੰ ਗੁਲਾਮ ਬਣਾ ਕੇ ਲੈ ਜਾਂਦੇ, ਪਰ ਉਹ ਲਾਚਾਰ ਬਣੇ ਸਭ ਕੁਝ ਦੇਖਦੇ ਰਹਿੰਦੇ। ਜੇ ਲੋਕਾਂ ਨੂੰ ਸੂਰਬੀਰਤਾ ਦੀ ਕਦਰ ਹੁੰਦੀ ਤਾਂ ਉਹ ਇਸ ਪਾਸੇ ਧਿਆਨ ਦਿੰਦੇ ਤੇ ਆਪਣੀ ਰਾਖੀ ਕਰਦੇ, ਪਰ ਉਨ੍ਹਾਂ ਦੇ ਅੰਦਰ ਗੈਰਤ ਤੇ ਬਹਾਦਰੀ ਦੀ ਚਿਣਗ ਨਹੀਂ ਸੀ। ਸਾਧੂ, ਸੰਤ, ਮਹਾਤਮਾ ਤੇ ਨਜੂਮੀ ਉਂਜ ਆਪਣੀ ਸ਼ਕਤੀ ਤੇ ਕਲਾ ਦੀਆਂ ਡੀਂਗਾਂ ਮਾਰਦੇ, ਪਰ ਮੌਕੇ 'ਤੇ ਆ ਕੇ ਉਨ੍ਹਾਂ ਦੀ ਕੋਈ ਸ਼ਕਤੀ ਕੰਮ ਨਾ ਕਰਦੀ। ਜੇ ਉਨ੍ਹਾਂ ਨੇ ਜੋਰ ਬਣਾਇਆ ਹੁੰਦਾ, ਭਾਵ ਸਿਹਤ ਬਣਾਈ ਹੁੰਦੀ; ਤਲਵਾਰ, ਭਾਲਾ, ਤੀਰ ਕਮਾਨ ਚਲਾਉਣੇ ਸਿੱਖੇ ਹੁੰਦੇ ਅਤੇ ਘੋੜ-ਸਵਾਰੀ ਤੇ ਜੰਗੀ ਪੈਂਤੜਿਆਂ ਵਿਚ ਮੁਹਾਰਤ ਹਾਸਲ ਕੀਤੀ ਹੁੰਦੀ, ਤਾਂ ਉਹ ਸਵੈਮਾਣ ਨਾਲ ਵਿਚਰਦੇ। ਉਨ੍ਹਾਂ ਨੇ ਕੁਦਰਤ 'ਤੇ ਕਾਬੂ ਤਾਂ ਕੀ ਪਾਉਣਾ, ਆਪਣੇ ਆਪ ਨੂੰ ਸੁਤੰਤਰ ਰੱਖਣ ਜਿੰਨਾ ਜੋਰ ਵੀ ਪੈਦਾ ਨਾ ਕਰ ਸਕੇ। ਇਹੀ ਹਾਲ ਮਕਾਨਕੀ ਜੋਰ ਦਾ ਸੀ। ਭਾਵੇਂ ਇਸ ਜੋਰ ਦੀ ਦੁਨਿਆਵੀ ਕੰਮਾਂ ਵਿਚ ਅਤਿਅੰਤ ਲੋੜ ਸੀ, ਪਰ ਇਸ ਨੂੰ ਪੈਦਾ ਕਰਨ ਤੇ ਨਵਿਆਉਣ ਦਾ ਕੰਮ ਠੱਪ ਸੀ। ਲੋਕ ਬਸ ਪਸ਼ੂਆਂ ਦੀ ਸਵਾਰੀ ਕਰਦੇ ਤੇ ਇਨ੍ਹਾਂ 'ਤੇ ਬੈਠ ਕੇ ਲੜਦੇ। ਸਾਧਾਰਨ ਬੈਲ ਗੱਡੇ, ਤੇ ਤੀਰ ਕਮਾਨ ਤੋਂ ਵਧ ਕੋਈ ਜੰਤਰ ਨਹੀਂ ਸੀ। ਸਮੇਂ ਦੇ ਬੁੱਧੀਜੀਵੀ ਭੌਤਿਕ ਸ਼ਕਤੀਆਂ ਨੂੰ ਦੈਵੀ ਸ਼ਕਤੀਆਂ ਨਾਲ ਸਾਧਣ ਦਾ ਉਲਟ-ਪੰਗਾ ਲੈਂਦੇ ਰਹੇ ਤੇ ਪੂਜਾ-ਪਾਠ ਵਲ ਝੁਕੇ ਰਹੇ।

ਜੋਰ ਬਾਰੇ ਗੁਰੂ ਸਾਹਿਬ ਦੀ ਸਮਝ ਇਤਿਹਾਸਕ ਤੇ ਵਿਗਿਆਨਕ ਸੀ। ਅੱਜ ਕੱਲ ਵੀ ਪੱਛੜੇ ਹੋਏ ਤੇ ਉੱਨਤ ਦੇਸ਼ਾਂ ਦੇ ਫਰਕ ਦਾ ਆਧਾਰ ਸ਼ਕਤੀ ਦਾ ਇਸਤੇਮਾਲ ਹੀ ਮੰਨਿਆ ਜਾਂਦਾ ਹੈ। ਜਿਨ੍ਹਾਂ ਦੇਸ਼ਾਂ ਵਿਚ ਸਰੀਰਕ ਜੋਰ ਜਾਂ ਪਸ਼ੂ ਬਲ ਦਾ ਵਧੇਰੇ ਇਸਤੇਮਾਲ ਹੁੰਦਾ ਹੈ, ਉਹ ਪੱਛੜੇ ਹੋਏ ਹਨ ਤੇ ਜੋ ਦੇਸ਼ ਗੈਰ-ਸਰੀਰਕ ਜਾ ਪੈਦਾ ਕੀਤਾ ਗਿਆ ਮਸ਼ੀਨੀ ਜੋਰ ਵਧੇਰੇ ਵਰਤਦੇ ਹਨ, ਉਹ ਉਨਤ ਹਨ। ਭਾਵ ਜਿੰਨੇ ਵਧ ਕਿਸੇ ਮੁਲਕ ਨੇ ਮਸ਼ੀਨੀ ਜੋਰ ਦੇ ਸਾਧਨ ਪੈਦਾ ਕੀਤੇ ਹੋਏ ਹਨ, ਉਨਾ ਹੀ ਉਹ ਦੂਜਿਆਂ ਤੋਂ ਵੱਧ ਵਿਕਸਿਤ ਤੇ ਖੁਸ਼ਹਾਲ ਹੈ।

ਕਈ ਵਿਦਵਾਨ ਸਮਝਣਗੇ ਕਿ ਇਹ ਵਿਆਖਿਆ ਤਰਕ-ਸੰਗਤ ਨਹੀਂ ਹੈ। ਉਹ ਕਹਿਣਗੇ ਕਿ ਅੱਜ ਦੇ ਮਸ਼ੀਨੀ ਯੁਗ ਦੀਆਂ ਗੱਲਾਂ ਗੁਰੂ ਸਾਹਿਬ ਕਿਵੇਂ ਸੋਚ ਸਕਦੇ ਸਨ! ਪਰ ਉਨ੍ਹਾਂ ਨੂੰ ਇਹ ਦੋਸ਼ਪੂਰਣ ਇਸ ਕਰਕੇ ਲਗਦੀ ਹੈ, ਕਿਉਂਕਿ ਉਨ੍ਹਾਂ ਨੇ ਜਪੁਜੀ ਦੀ ਕਿਸੇ ਪਉੜੀ ਦੀ ਸਹੀ ਵਿਆਖਿਆ ਕੀਤੀ ਹੀ ਨਹੀਂ। ਉਨ੍ਹਾਂ ਨੇ ਕਦੇ 'ਕਰਮ' ਦਾ ਅਰਥ 'ਕੰਮ' ਨਹੀਂ ਕੀਤਾ, ਸਗੋਂ ਪੂਜਾ-ਪਾਠ ਜਾਂ ਅਧਿਆਤਮਕ ਲਾਹੇ ਵਾਲਾ ਕਾਰਜ ਕੀਤਾ ਹੈ। ਅਰਥਾਤ ਉਨ੍ਹਾਂ ਨੇ ਕਰਮ ਨੂੰ ਕਦੇ ਇਸ ਦੁਨੀਆਂ ਦੇ ਸੰਧਰਵ ਵਿਚ ਨਹੀਂ ਲਿਆ, ਸਗੋਂ ਹਮੇਸ਼ਾ 'ਮਿਰਤੂਪ੍ਰਾਂਤ ਜੀਵਨ' ਦੇ ਸੰਦਰਭ ਵਿਚ ਲਿਆ ਹੈ। ਉਨ੍ਹਾਂ ਨੇ ਜੋਰ ਦਾ ਅਰਥ ਕਦੇ ਬਲ ਜਾਂ ਸ਼ਕਤੀ ਨਹੀਂ ਕੀਤਾ, ਸਗੋਂ ਕਰਾਮਾਤ ਤੇ ਦੈਵੀ ਤਾਕਤ ਕੀਤਾ ਹੈ। ਉਨ੍ਹਾਂ ਦੇ ਅਰਸ਼ਮੁਖੀ ਦ੍ਰਿਸ਼ਟੀਕੋਣ ਤੋਂ ਜੋਰ ਕੋਈ ਵਿਗਿਆਨਕ ਸ਼ਬਦ (Term) ਨਹੀਂ ਹੈ। ਜੇ ਉਹ ਇਸ ਸੰਸਾਰ ਵੱਲ ਮੂੰਹ ਕਰ ਕੇ ਦੇਖਣ ਤੇ ਕਰਮ ਨੂੰ ਕੋਈ ਅਜਿਹਾ ਕੰਮ ਸਮਝਣ, ਜਿਸ ਦਾ ਸਿੱਟਾ 'ਜੋਰ' ਹੋਵੇ ਭਾਵ ਜੋ ਸ਼ਕਤੀ ਪੈਦਾ ਕਰਦਾ ਹੋਵੇ ਜਾਂ ਇਸ ਨੂੰ ਗੁਣਾਤਮਕ ਢੰਗ ਨਾਲ ਕਈ ਗੁਣਾ ਵਧਾ ਦਿੰਦਾ ਹੋਵੇ, ਤਾਂ ਉਹ ਸਮਝ ਸਕਦੇ ਹਨ ਕਿ ਕਰਮ ਖੰਡ ਤੇ ਜੋਰ ਅਸਲ ਵਿਚ ਇਸ ਦੁਨੀਆਂ ਨਾਲ ਹੀ ਸਬੰਧਿਤ ਭੌਤਿਕ ਸੰਕਲਪ ਹਨ, ਕੋਈ ਗੈਬੀ ਗੱਲਾਂ ਨਹੀਂ। ਗੁਰੂ ਸਾਹਿਬ ਨੇ ਜਿੰਨਾ ਲਿਖਿਆ ਹੈ ਤੇ ਜਿਵੇਂ ਲਿਖਿਆ ਹੈ, ਉਸੇ ਮੁਤਾਬਿਕ ਕਹਿਣਾ ਬਣਦਾ ਹੈ ਤੇ ਇਹ ਉਸੇ ਮੁਤਾਬਿਕ ਹੈ।

ਫਿਰ ਵੀ ਅਧਿਆਤਮਵਾਦ ਦੀ ਲਪੇਟ ਵਿਚ ਆਏ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਗੁਰੂ ਸਾਹਿਬ ਦੇ ਸਪਸ਼ਟ ਤੇ ਯੋਗਕਾਰੀ ਸੁਨੇਹੇ ਨੂੰ ਭਗਤੀ ਭਾਵ ਵਾਲੀ ਵਿਆਖਿਆ ਨਾਲ ਹੀ ਆਇਆ ਗਿਆ ਕਰ ਦਿੰਦੇ ਹਨ। ਮਿਸਾਲ ਵਜੋਂ ਉਨ੍ਹਾਂ ਦਾ 37ਵੀਂ ਪੌੜੀ ਦਾ ਉਲੱਥਾ ਹੇਠਾਂ ਪੇਸ਼ ਹੈ, ਪਰ ਪਹਿਲਾਂ ਇਸ ਪਉੜੀ ਦੀਆਂ ਤੁਕਾਂ ਤੇ ਉਨ੍ਹਾਂ ਦੇ ਬਣਦੇ ਅਰਥ ਦਿੱਤੇ ਗਏ ਹਨ,

ਕਰਮ ਖੰਡ ਕੀ ਬਾਣੀ ਜੋਰੁ॥
ਤਿਥੈ ਹੋਰੁ ਨ ਕੋਈ ਹੋਰੁ॥
ਤਿਥੈ ਜੋਧ ਮਹਾਬਲ ਸੂਰ॥
ਤਿਨ ਮਹਿ ਰਾਮੁ ਰਹਿਆ ਭਰਪੂਰ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ॥
ਤਾ ਕੇ ਰੂਪ ਨ ਕਥਨੇ ਜਾਹਿ॥
ਨਾ ਓਹਿ ਮਰਹਿ ਨ ਠਾਗੇ ਜਾਹਿ॥
ਜਿਨ ਕੈ ਰਾਮੁ ਵਸੈ ਮਨ ਮਾਹਿ॥
ਤਿਥੈ ਭਗਤ ਵਸਹਿ ਕੇ ਲੋਅ॥
ਕਰਹਿ ਅਨੰਦੁ ਸਚਾ ਮਨਿ ਸੋਇ॥

ਇਸ ਪੂਰੀ ਪਉੜੀ ਵਿਚ ਦੋ ਖੰਡਾਂ ਦਾ ਜ਼ਿਕਰ ਹੈ, ਇਸ ਲਈ ਵਿਆਖਿਆ ਦੀ ਦ੍ਰਿਸ਼ਟੀ ਤੋਂ ਇਸ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ। ਉਪਰ ਦਿੱਤੀਆਂ ਤੁਕਾਂ ਇਸ ਵੰਡ ਦਾ ਪਹਿਲਾ ਹਿੱਸਾ ਹੈ, ਜਿਸ ਵਿਚ ਗੁਰੂ ਸਾਹਿਬ ਨੇ ਕਰਮ ਖੰਡ ਬਾਰੇ ਲਿਖਿਆ ਹੈ। ਉਹ ਕਹਿੰਦੇ ਹਨ ਕਿ ਕਰਮ ਖੰਡ ਦੀ ਬਾਣੀ ਜੋਰ ਹੈ, ਭਾਵ ਇਸ ਸੰਸਾਰ ਦਾ ਕਰਮ ਖੇਤਰ ਬਲ-ਪ੍ਰਧਾਨ ਹੈ। ਇਸ ਖੰਡ ਵਿਚ ਹਰ ਕਾਰਜ ਜੋਰ, ਬਲ ਜਾਂ ਸ਼ਕਤੀ ਨਾਲ ਹੁੰਦਾ ਹੈ; ਪਰ ਇੱਥੇ ਤਾਂ ਸੂਰਬੀਰ ਯੋਧਿਆਂ ਦੀ ਪ੍ਰਸ਼ੰਸਾ ਤੇ ਭਗਤੀ ਤੋਂ ਬਿਨਾ ਕਿਸੇ ਹੋਰ ਗੱਲ ਵਲ ਧਿਆਨ ਹੀ ਨਹੀਂ ਦਿੱਤਾ ਜਾਂਦਾ। ਅਰਥਾਤ ਬਲ ਦੀਆਂ ਕਈ ਕਿਸਮਾਂ ਜਾਂ ਬੋਲੀਆਂ (Expressions) ਹਨ, ਜੋ ਕੰਮ ਕਰਨ ਵਿਚ ਸਹਾਈ ਹੋ ਸਕਦੀਆਂ ਹਨ, ਪਰ ਉਨ੍ਹਾਂ ਬਾਰੇ ਕਦੇ ਨਹੀਂ ਸੋਚਿਆ ਗਿਆ। ਜੋਰ ਦੇ ਵਿਕਾਸ ਦੇ ਨਾਂ 'ਤੇ ਸੂਰਮਿਆਂ ਦੀਆਂ ਗਾਥਾਵਾਂ ਗਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਸਭ ਤੋਂ ਭਰਪੂਰ ਭਾਵ ਸਭ ਤੋਂ ਮਸ਼ਹੂਰ ਰਾਮ ਚੰਦਰ ਹੈ। ਅਰਥਾਤ ਪੂਜਨੀਕ ਯੋਧਿਆਂ ਦੀ ਸੂਚੀ ਵਿਚ ਸਭ ਤੋਂ ਉਪਰ ਰਾਮ ਚੰਦਰ ਦਾ ਨਾਂ ਆਉਂਦਾ ਹੈ। ਬਹੁਤੇ ਲੋਕ ਉਸੇ ਦਾ ਨਾਮ ਜਪਦੇ ਹਨ ਤੇ ਹਰ ਸਾਲ ਰਾਮਲੀਲਾ ਦੇ ਨਾਟਕ ਖੇਡਦੇ ਹਨ। ਇਸ ਖੇਤਰ ਵਿਚ ਸੀਤਾ ਹੀ ਸੀਤਾ (ਸੀਤਾ-ਓ-ਸੀਤਾ) ਹੈ, ਭਾਵ ਚਾਰੇ ਪਾਸੇ ਇੱਕਲੀ ਸੀਤਾ ਦੀ ਮਹਿਮਾ ਹੁੰਦੀ ਹੈ, ਜੋ ਰਾਮ ਚੰਦਰ ਦੀ ਪਤਨੀ ਸੀ। ਦੋਹਾਂ ਦੀ ਕਹਾਣੀ ਭਾਵ ਚਿਹਰਿਆਂ ਨੂੰ ਇੰਨੇ ਰੂਪਾਂ (Costumes) ਵਿਚ ਪੇਸ਼ ਕੀਤਾ ਜਾਂਦਾ ਹੈ ਕਿ ਬਿਆਨ ਕਰਨਾ ਮੁਸ਼ਕਿਲ ਹੈ। ਸਾਰੀ ਦੁਨੀਆਂ ਹੀ ਇਨ੍ਹਾਂ ਦੀ ਦਿਵਾਨੀ ਹੈ। ਜਿਨ੍ਹਾਂ ਦੇ ਮਨ ਵਿਚ ਰਾਮ ਵਸਦਾ ਹੈ, ਭਾਵ ਜੋ ਰਾਮ ਦੇ ਭਗਤ ਹਨ, ਉਨ੍ਹਾਂ ਦੀ ਗਿਣਤੀ ਕਦੇ ਘਟੀ ਨਹੀਂ। ਨਾ ਉਹ ਮਰ ਕੇ ਘਟੇ ਤੇ ਨਾ ਹੀ ਉਨ੍ਹਾਂ ਦਾ ਧਿਆਨ ਕਿਸੇ ਹੋਰ ਪਾਸੇ ਵਟਿਆ। ਭਾਵ ਉਨ੍ਹਾਂ ਨੇ ਕਦੇ ਰਾਮ ਭਗਤੀ ਤੋਂ ਹਟ ਕੇ ਕਿਸੇ ਹੋਰ ਪਾਸੇ ਨਹੀਂ ਦੇਖਿਆ। ਇਸ ਸੰਸਾਰ ਵਿਚ ਕਈ ਹੋਰ ਬਾਹੂ-ਬਲੀਆਂ ਦੇ ਭਗਤ ਵੀ ਵਸਦੇ ਹਨ, ਜੋ ਉਨ੍ਹਾਂ ਦੇ ਚਰਨਾਂ ਵਿਚ ਸੀਸ ਨਿਵਾਉਣ ਨੂੰ ਹੀ ਸੱਚਾ ਮਾਨਸਿਕ ਅਨੰਦ ਸਮਝਦੇ ਹਨ। ਅਰਥਾਤ ਹਿੰਦੂ ਮਿਥਿਹਾਸ ਵਿਚ ਹੀ ਲਛਮਣ, ਹਨੂਮਾਨ, ਰਾਵਣ, ਕ੍ਰਿਸ਼ਨ ਤੇ ਰਾਧਾ ਜਿਹੇ ਕਈ ਹੋਰ ਪੂਜਾ-ਪਾਤਰ ਵੀ ਹਨ, ਜਿਨ੍ਹਾਂ ਦੇ ਨਾਂ ਦੀ ਮਾਲਾ ਵੀ ਕਈ ਲੋਕ ਸ਼ਰਧਾ ਨਾਲ ਫੇਰਦੇ ਹਨ। ਉਹ ਉਨ੍ਹਾਂ ਦੀ ਬੰਦਗੀ ਨਾਲ ਹੀ ਆਪਣਾ ਪੂਜਾ-ਧਰਮ ਪੂਰਾ ਕਰ ਲੈਂਦੇ ਹਨ।

ਇਸ ਤਰ੍ਹਾਂ ਗੁਰੂ ਸਾਹਿਬ ਕਹਿੰਦੇ ਹਨ ਕਿ ਕਰਮ ਖੰਡ ਵਿਚ ਮਨੁੱਖੀ ਪ੍ਰਾਪਤੀ ਨਾਂਹ ਦੇ ਬਰਾਬਰ ਹੈ। ਉਹ ਕਹਿੰਦੇ ਜਾਪਦੇ ਹਨ, "ਇੱਥੇ ਲੋਕਾਂ ਨੇ ਜੋਰ ਨੂੰ ਬਹਾਦਰੀ ਸਮਝਿਆ ਹੋਇਆ ਹੈ, ਪਰ ਆਪ ਬਹਾਦਰ ਬਣਨ ਦੀ ਥਾਂ ਪੁਰਾਣੇ ਬਹਾਦਰਾਂ ਤੇ ਲੋਕ-ਨਾਇਕਾਂ ਦੀ ਪੂਜਾ ਵਿਚ ਲੱਗੇ ਹੋਏ ਹਨ। ਆਪਣੇ ਸਮਾਜ ਨੂੰ ਧਾੜਵੀਆਂ ਕੋਲੋਂ ਬਚਾਉਂਦੇ ਨਹੀਂ, ਮਿਥਿਹਾਸਕ ਯੋਧਿਆਂ ਅੱਗੇ ਅਰਦਾਸ ਕਰਨ ਲਈ ਮੰਦਿਰਾਂ ਵਿਚ ਚਲੇ ਜਾਂਦੇ ਹਨ। ਦੂਜਿਆਂ ਦੇ ਜੰਗੀ ਕਾਰਨਾਮਿਆਂ ਨੂੰ ਸੁਣ ਕੇ ਮਧੁਰਤਾ ਵਿਚ ਲੀਨ ਹੋ ਜਾਂਦੇ ਹਨ, ਪਰ ਆਪ ਆਲਸੀ ਤੇ ਨਿਕੰਮੇ ਹਨ। ਸਮਾਜ ਵਿਚ ਵਿਅਕਤੀਗਤ ਤੇ ਸਮੂਹਿਕ ਅਨਿਆਂ ਫੈਲਿਆ ਹੋਇਆ ਹੈ, ਇਸ ਵਿਰੁਧ ਕੋਈ ਨਿੱਡਰ ਹੋ ਕੇ ਨਿਤਰਦਾ ਨਹੀਂ। ਜੋਰ ਨੂੰ ਪ੍ਰਸਿੱਧ ਸੂਰਮਿਆਂ ਦੇ ਕਰਤਵਾਂ ਨਾਲ ਜੋੜਦੇ ਹਨ, ਪਰ ਇਸ ਨੂੰ ਸਮਾਜ ਦੇ ਏਕੇ, ਸਿਰੜ ਤੇ ਜੁਗਤ ਨਾਲੋਂ ਦੂਰ ਰੱਖਿਆ ਹੋਇਆ ਹੈ। ਬੈਲਾਂ ਨਾਲ ਹਲ ਚਲਾਉਂਦੇ ਹਨ, ਪਰ ਜ਼ਮੀਨ ਪੁੱਟਣ ਦੀ ਕੋਈ ਵਧੀਆ ਤਰਕੀਬ ਨਹੀਂ ਸੋਚਦੇ। ਮੀਂਹ ਨਾਲ ਖੇਤੀ ਕਰਦੇ ਹਨ, ਪਰ ਸਿੰਚਾਈ ਦਾ ਕੋਈ ਰਾਹ ਨਹੀਂ ਕੱਢਦੇ। ਪਾਰਸੀਆਂ ਨੇ ਪਸ਼ੂਆਂ ਨਾਲ ਚੱਲਣ ਵਾਲੇ ਟਿੰਡਾਂ ਵਾਲੇ ਖੂਹ ਦੀ ਕਾਢ ਕੱਢ ਲਈ ਹੈ, ਪਰ ਇਹ ਪੁਜਾਰੀ ਜਲ ਦੇਵਤੇ ਦੀ ਪੂਜਾ ਵਿਚ ਲੀਨ ਹਨ। ਖੂਹੀਆਂ ਪੁੱਟ ਕੇ ਹੱਥਾਂ ਨਾਲ ਘੜੇ ਖਿੱਚਦੇ ਹਨ, ਪਰ ਕਿਸੇ ਨੇ ਪੁਲੀ ਦੇ ਜੁਗਾੜ ਬਾਰੇ ਨਹੀਂ ਸੋਚਿਆ। ਹੱਥ 'ਤੇ ਹੱਥ ਧਰ ਕੇ ਬੈਠੇ ਰਹਿੰਦੇ ਹਨ, ਪਰ ਇਹ ਨਹੀਂ ਕਿ ਕੋਈ ਨਹਿਰ, ਤਲਾਅ ਜਾਂ ਨਿਕਾਸੀ ਨਾਲੇ ਪੁੱਟ ਲੈਣ। ਢੱਕੀ ਦੇ ਪੱਤਿਆਂ 'ਤੇ ਲਿਖਦੇ ਰਹੇ, ਪਰ ਕਾਗਜ਼ ਤਿਆਰ ਨਾ ਕਰ ਸਕੇ। ਹੱਥਾਂ ਨਾਲ ਗ੍ਰੰਥਾਂ ਦੀਆਂ ਕਾਪੀਆਂ ਲਿਖਦੇ ਰਹੇ, ਪਰ ਕਿਸੇ ਛਪਾਈ ਜੰਤਰ ਦੀ ਖੋਜ ਵਲ ਨਾ ਗਏ। ਹੱਥਾਂ ਨਾਲ ਕਪਾਹ ਕੱਤਦੇ ਤੇ ਵੇਲਦੇ ਰਹੇ, ਪਰ ਇਨ੍ਹਾਂ ਕੰਮਾਂ ਨੂੰ ਤੇਜ ਤੇ ਸੁਖਹਾਲਾ ਕਰਨ ਲਈ ਕੋਈ ਜੰਤਰ ਨਾ ਘੜ੍ਹ ਸਕੇ। ਪਰੰਪਰਾਗਤ ਖੱਡੀਆਂ ਨਾਲ ਮੋਟੇ ਕੱਪੜੇ ਬੁਣਦੇ ਰਹੇ, ਪਰ ਬੁਣਨ ਕ੍ਰਿਆ ਵਿਚ ਕੋਈ ਸੁਧਾਰ ਨਾ ਲਿਆ ਸਕੇ। ਕਹਿਣ ਨੂੰ ਕਰਮ ਖੰਡ ਹੈ, ਪਰ ਇਹ ਅਸਲ ਜੋਰ ਤੋਂ ਸੱਖਣਾ ਹੈ।"

ਕਰਮ ਕਰਨ ਦੇ ਰਾਹ ਵਿਚ ਹਮੇਸ਼ਾ ਰੁਕਾਵਟਾਂ ਰਹੀਆਂ ਹਨ, ਜਿਨ੍ਹਾਂ ਨੂੰ ਅਭਿਆਸ ਦੇ ਜੋਰ ਨਾਲ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕਦੀ ਸੀ, ਪਰ ਅਧਿਆਤਮਵਾਦ ਦੇ ਪ੍ਰਭਾਵ ਹੇਠ ਅਜਿਹਾ ਕੁਝ ਨਾ ਕੀਤਾ ਗਿਆ। ਜੇ ਕੋਈ ਸ਼ਰਧਾਲੂ ਬੁਣਕਰ ਹੋਇਆ, ਉਹ ਦੱਸਦੇ ਉਸ ਦੀ ਲੋਈ ਰੱਬ ਬੁਣ ਗਿਆ। ਜੇ ਕੋਈ ਭਗਤ ਕਿਸਾਨ ਹੋਇਆ ਤਾਂ ਕਹਿੰਦੇ ਉਸ ਦੇ ਪੈਲੀ ਪਰਮੇਸਰ ਵਾਹ ਗਿਆ। ਅਧਿਆਤਮਵਾਦੀਆਂ ਨੇ ਨਾ ਕੁਝ ਕੀਤਾ ਤੇ ਨਾ ਕਿਸੇ ਨੂੰ ਕਰਨ ਦਿੱਤਾ। ਦੋ ਹਜਾਰ ਸਾਲਾਂ ਤੋਂ ਸਮਾਜ ਉਥੇ ਦਾ ਉਥੇ ਖੜ੍ਹਾ ਰਿਹਾ। ਇਤਿਹਾਸਕਾਰ ਕਹਿੰਦੇ ਹਨ ਕਿ ਉਨ੍ਹਾਂ ਦੋ ਹਜਾਰ ਸਾਲਾਂ ਵਿਚ ਭਾਰਤ ਦਾ ਕੋਈ ਇਤਿਹਾਸ ਹੀ ਨਹੀਂ ਸੀ। ਹਲ ਨਾਲ ਬੀਜੀ, ਹੱਥ ਨਾਲ ਕੱਟੀ, ਚੱਕੀ ਨਾਲ ਪੀਸੀ, ਮਿੱਟੀ ਦੇ ਭੜੋਲਿਆਂ ਵਿਚ ਸਾਂਭੀ ਤੇ ਮਿੱਟੀ ਦੇ ਭਾਂਡਿਆਂ ਵਿਚ ਮਿੱਟੀ ਦੇ ਚੁੱਲ੍ਹਿਆਂ ਤੇ ਰਿੱਧੀ, ਅਤੇ ਮਿੱਟੀ ਦੇ ਤਵਿਆਂ 'ਤੇ ਪਕਾਈ ਦਾਲ ਰੋਟੀ ਉਹ ਦੋ ਹਜਾਰ ਸਾਲ ਤੋਂ ਉਵੇਂ ਹੀ ਖਾਂਦੇ ਆ ਰਹੇ ਸਨ। ਦੋ ਹਜ਼ਾਰ ਸਾਲ ਤੋਂ ਸਿਰਫ ਉਨ੍ਹਾਂ ਦੇ ਰਾਜੇ-ਮਹਾਰਾਜੇ ਹੀ ਬਦਲਦੇ ਰਹੇ ਸਨ ਅਤੇ ਆਦਰਸ਼ਵਾਦੀ ਸਮਝ ਦੇ ਮਾਲਕ ਇਸੇ ਨੂੰ ਹੀ ਇਤਿਹਾਸ ਮੰਨਦੇ ਆ ਰਹੇ ਸਨ। ਮਨੁੱਖ ਸੂਰਮਿਆਂ ਦੀ ਪੂਜਾ ਕਰਦਾ ਸੀ, ਪਰ ਸੂਰਮਗਤੀ ਨਾਲ ਕਿਰਤ ਅਤੇ ਕਿਰਤ ਦੇ ਸਾਧਨਾਂ ਵਲ ਧਿਆਨ ਨਹੀਂ ਸੀ ਦੇ ਰਿਹਾ।

ਕਿਸੇ ਵੀ ਸਮਾਜ ਵਿਚ ਉਤਪਾਦਨ ਲਈ ਤਿੰਨ ਚੀਜ਼ਾਂ ਦੀ ਲੋੜ ਹੁੰਦੀ ਹੈ। ਕੱਚਾ ਮਾਲ, ਜਿਸ ਤੋਂ ਲੋੜੀਂਦਾ ਸਾਮਾਨ ਤਿਆਰ ਕਰਨਾ ਹੈ ਜਿਵੇਂ ਫਰਨੀਚਰ ਲਈ ਲੱਕੜ; ਔਜਾਰ ਜਿਵੇਂ ਖੇਤੀ ਬਾੜੀ ਲਈ ਹਲ ਤੇ ਰੰਬਾ; ਅਤੇ ਜੋਰ ਭਾਵ ਮਿਹਨਤ ਜਿਵੇਂ ਰੰਬਾ ਚਲਾਉਣ ਲਈ ਮਨੁੱਖ ਤੇ ਹਰਟ ਚਲਾਉਣ ਲਈ ਪਸ਼ੂ। ਇਨ੍ਹਾਂ ਤਿੰਨਾਂ ਨੂੰ ਮਿਲਾ ਕੇ ਪੈਦਾਵਾਰੀ ਢਾਂਚੇ ਦੀਆਂ ਉਤਪਾਦਨ ਸਕਤੀਆਂ ਕਹਿੰਦੇ ਹਨ। ਇਨ੍ਹਾਂ ਵਿਚ ਜੋਰ (ੋਰਚੲ) ਭਾਵ ਮਿਹਨਤ (ਅਬੋਰ) ਸਭ ਤੋਂ ਕ੍ਰਿਆਸ਼ੀਲ ਹੈ ਕਿਉਂਕਿ ਇਸ ਨੇ ਉਤਪਾਦਨ ਕ੍ਰਿਆ ਵਿਚ ਸਿੱਧਾ ਯੋਗਦਾਨ ਪਾਉਣ ਦੇ ਨਾਲ ਨਾਲ ਬਾਕੀ ਦੇ ਦੋਵੇਂ ਸਾਧਨ ਵੀ ਜੁਟਾਉਣੇ ਹੁੰਦੇ ਹਨ। ਇਹ ਇਸ ਲਈ ਵੀ ਮਹਤੱਵਪੂਰਣ ਹੈ ਕਿਉਂਕਿ ਇਸ ਵਿਚ ਮਨੁੱਖ ਦੇ ਹੱਥਾਂ ਦੀ ਮਿਹਨਤ ਦੇ ਨਾਲ ਨਾਲ ਉਸ ਦੀ ਬੁੱਧ, ਕਾਰਜ-ਕੁਸ਼ਲਤਾ ਅਤੇ ਤਕਨਾਲੋਜੀ (Intellect, Skill and Technology) ਵੀ ਸ਼ਾਮਲ ਹਨ। ਗੁਰੂ ਸਾਹਿਬ ਲਿਖਦੇ ਹਨ ਕਿ ਸਰਮ ਖੰਡ ਵਿਚ ਹੀ ਮਨੁੱਖੀ ਬੁੱਧ ਤੇ ਸੁਧ ਦਾ ਵਿਕਾਸ ਹੁੰਦਾ ਹੈ। ਬੁੱਧੀ ਦੇ ਜੋਰ ਨਾਲ ਮਨੁੱਖ ਕੰਮ ਕਰਨ ਦੇ ਨਵੇਂ ਢੰਗ ਸੋਚਦਾ ਹੈ। ਨਵੀਆਂ ਕਾਢਾਂ ਨਿਕਲਦੀਆਂ ਹਨ ਤੇ ਨਵੀਨ ਤਕਨਾਲੋਜੀ ਪੈਦਾ ਹੁੰਦੀ ਹੈ। ਉਤਪਾਦਨ ਸ਼ਕਤੀਆਂ ਪਿੱਛੇ ਮਨੁੱਖ ਦੀ ਲਗਾਤਾਰ ਮਿਹਨਤ ਕਰਨ ਦੀ ਪ੍ਰਵਿਰਤੀ ਛਿਪੀ ਹੁੰਦੀ ਹੈ, ਜਿਸ ਦੇ ਜੋਰ ਨਾਲ ਗਤੀਸ਼ੀਲ ਹੋ ਕੇ ਇਹ ਹਮੇਸ਼ਾ ਵਧਦੀਆਂ ਫੁਲਦੀਆਂ ਰਹਿੰਦੀਆਂ ਹਨ। ਇਨ੍ਹਾਂ ਦਾ ਲਗਾਤਾਰ ਉਨਤ ਹੋਣਾ ਇਕ ਕੁਦਰਤੀ ਨਿਯਮ (Law of Nature) ਹੈ, ਜਿਸ ਨੂੰ ਕੋਈ ਮਾਈ ਦਾ ਲਾਲ ਨਹੀਂ ਰੋਕ ਸਕਦਾ। ਇਹ ਜੋਰ ਮਨੁੱਖੀ ਹੋਂਦ ਦੀ ਰੀੜ੍ਹ ਦੀ ਹੱਡੀ ਹੈ। ਬਾਕੀ ਦਾ ਸਮਾਜਕ, ਰਾਜਸੀ ਤੇ ਸਭਿਆਚਾਰਕ ਤਾਣਾ-ਬਾਣਾ, ਜਿਸ ਨੂੰ ਉਤਪਾਦਨੀ ਸਬੰਧ (Relations of Production) ਕਹਿੰਦੇ ਹਨ, ਇਸੇ 'ਤੇ ਨਿਰਭਰ ਕਰਦਾ ਹੈ। ਸਪਸ਼ਟ ਹੈ ਕਿ ਉਤਪਾਦਨ ਸ਼ਕਤੀਆਂ, ਜੋ ਸਦਾ ਵਿਕਾਸ ਕਰਦੀਆਂ ਰਹਿੰਦੀਆਂ ਹਨ, ਦੇ ਵਧਣ ਨਾਲ ਬਾਹਰੀ ਢਾਂਚਾ ਤੇ ਇਸ ਵਿਚਲੇ ਮਨੁੱਖੀ ਸਬੰਧ ਤੇ ਮਨੁੱਖੀ ਸੋਚ ਵਿਚਾਰ ਵੀ ਬਦਲਦੇ ਰਹਿੰਦੇ ਹਨ।

ਇਹ ਇਕ ਯਥਾਰਥਕ ਸਥਿਤੀ ਹੈ, ਜਿਸ ਵਿਚ ਮਨੁੱਖ ਦੇ ਸਰੀਰਕ ਤੇ ਮਾਨਸਿਕ ਜੋਰ ਦਾ ਅਹਿਮ ਸਥਾਨ ਹੈ। ਇਸ ਦ੍ਰਿਸ਼ਟੀ ਤੋਂ ਮਿਹਨਤ, ਸਰਮ, ਕਿਰਤ ਜਾਂ ਕਰਮ ਮਨੁੱਖ ਦੀ ਇੱਛਤ ਕ੍ਰਿਆ (Optional Activity) ਨਹੀਂ, ਸਗੋਂ ਕੁਦਰਤੀ ਤੌਰ 'ਤੇ ਨਿਰਧਾਰਤ ਫਰਜ਼ ਹੈ, ਜੋ ਉਸ ਨੇ ਸਮਾਜ ਭਲਾਈ ਲਈ ਕਰਨਾ ਹੀ ਹੈ। ਗੁਰੂ ਸਾਹਿਬ ਇਸ ਗੱਲ ਬਾਰੇ ਬੜੇ ਸੁਚੇਤ ਸਨ ਤੇ

*(ਬਾਕੀ ਅਗਲੇ ਸਫੇ 'ਤੇ)*

## ਪ੍ਰਤੀਕਰਮ

# ਹੱਥ ਕੰਗਣ ਨੂੰ ਆਰਸੀ ਕੀ...!

‘ਪੰਜਾਬ ਟਾਈਮਜ਼’ ਦੇ 3 ਅਕਤੂਬਰ ਵਾਲੇ ਅੰਕ ਵਿਚ ਸਿੱਖ ਵਿਦਵਾਨ ਡਾ. ਗੁਰਨਾਮ ਕੌਰ ਨੇ ਆਪਣੇ ਲੇਖ ‘ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ’ ਵਿਚ ਲਿਖਿਆ ਹੈ, ਗੁਰੂ ਅਮਰਦਾਸ ਸਾਹਿਬ ਨੇ ਫਰਮਾਇਆ ਹੈ ਕਿ ਜੋ ਚੰਗੀ ਔਲਾਦ ਹੁੰਦੀ ਹੈ, ਉਹ ਆਪਣੇ ਵਡੇਰਿਆਂ ਦੀਆਂ ਰਵਾਇਤਾਂ, ਆਪਣੇ ਬਜੁਰਗਾਂ ਦੀਆਂ ਸਾਖੀਆਂ, ਜੋ ਗੁਰੂ ਆਸ਼ੇ ਦੀਆਂ ਅਨੁਸਾਰੀ ਹੁੰਦੀਆਂ ਹਨ, ਨੂੰ ਦੁਹਰਾਉਂਦੇ ਰਹਿੰਦੇ ਹਨ। ਇੱਥੇ ਗੌਰ ਕਰਨ ਵਾਲੀ ਗੱਲ ਹੈ ਕਿ ਗੁਰੂ ਨਾਨਕ ਸਾਹਿਬ ਦੇ ਮਾਪੇ ਵੀ ਗੁਰੂ ਨਾਨਕ ਸਾਹਿਬ ਲਈ ਪੂਜਨੀਕ ਹਨ। ਕਾਲੂ ਜੀ ਨੂੰ ਵੀ ਹੋਰਨਾਂ ਮਾਪਿਆਂ ਵਾਂਗ ਬਾਲਕ ਨਾਨਕ ਤੋਂ ਆਸ ਸੀ ਕਿ ਉਹ ਵੀ ਉਨ੍ਹਾਂ (ਕਾਲੂ ਜੀ) ਦੀ ਹਿੰਦੂ ਖਾਨਦਾਨੀ ਵਿਰਾਸਤ ਨੂੰ ਅੱਗੇ

**ਅਮਰਜੀਤ ਸਿੰਘ ਮੁਲਤਾਨੀ**
multaniny@gmail.com

ਵਧਾਉਣਗੇ। ਗੁਰੂ ਨਾਨਕ ਸਾਹਿਬ ਦੇ ਪਿਤਾ ਹਿੰਦੂ ਧਰਮ ਨੂੰ ਮੰਨਣ ਵਾਲੇ ਸਨ ਅਤੇ ਉਨ੍ਹਾਂ ਨੇ ਗੁਰੂ ਨਾਨਕ ਨੂੰ ਹਿੰਦੂ ਧਰਮ ਅਤੇ ਇਸ ਦੀਆਂ ਮਾਨਤਾਵਾਂ ਮੰਨਣ ਤੇ ਉਨ੍ਹਾਂ 'ਤੇ ਸਪੂਤ ਵਾਂਗ ਚੱਲਣ ਲਈ ਹਰ ਸੰਭਵ ਯਤਨ ਕੀਤੇ, ਪਰ ਗੁਰੂ ਨਾਨਕ ਜਿਹੇ ਰੌਸ਼ਨ ਦਿਮਾਗ ਬਾਲਕ ਨੇ ਦੁਨਿਆਵੀ ਪਿਤਾ-ਪੁਰਖੀ ਵੇਲ ਨੂੰ ਅੱਗੇ ਵਧਾਉਣ ਨੂੰ ਪਹਿਲ ਨਹੀਂ ਦਿੱਤੀ। ਗੁਰੂ ਨਾਨਕ ਨੇ ਬਚਪਨ ਵਿਚ ਸਿਰਫ ਜਨੇਊ ਪਾਉਣ ਤੋਂ ਇਨਕਾਰ ਹੀ ਨਹੀਂ ਕੀਤਾ, ਸਗੋਂ ਪੜ੍ਹਾਉਣ ਵਾਲੇ ਪਾਂਧੇ ਨੂੰ ਵੀ ਮੁਢਲੀ ਸਿਖਿਆ ਦਾ ਅਧਿਆਤਮਕ ਗਿਆਨ ਦਿੱਤਾ। ਸੁਰਤ ਸੰਭਾਲਣ 'ਤੇ ਗੁਰੂ ਨਾਨਕ ਨੇ ਆਪਣੇ ਪਿਤਰੀ ਹਿੰਦੂ ਧਰਮ ਨੂੰ ਖਾਰਜ ਕੀਤਾ ਅਤੇ ਇਸ ਦੇ ਬਦਲ ਵਜੋਂ ਇਕ ਅਜਿਹਾ ਅਲੋਕਾਰੀ ਅਤੇ ਸਮਰੱਥ ਵਿਕਲਪ ਦਿੱਤਾ, ਜੋ ਅੱਜ ਸੰਸਾਰ ਵਿਚ ‘ਸਿੱਖ ਧਰਮ’ ਵਜੋਂ ਜਾਣਿਆ ਤੇ ਪਛਾਣਿਆ ਜਾਂਦਾ ਹੈ।

ਹਰ ਧਰਮ ਵਿਚ ਮਾਪਿਆਂ ਨੂੰ ਬਹੁਤ ਸਤਿਕਾਰ ਦਿੱਤਾ ਜਾਂਦਾ ਹੈ। ਇਸ ਤੋਂ ਅੱਗੇ ਗਾਡੀ ਰਾਹ 'ਤੇ ਚੱਲਦਿਆਂ ਬਹੁਤ ਸਾਰੇ ਪੁਤ-ਸਪੂਤ ਮਾਪਿਆਂ ਨੂੰ ਪ੍ਰਤੱਖ ਗੁਰੂ ਦਾ ਦਰਜਾ ਵੀ ਦਿੰਦੇ ਹਨ। ਮਾਪੇ ਆਸ ਕਰਦੇ ਹਨ ਕਿ ਉਨ੍ਹਾਂ ਦੀ ਔਲਾਦ ਉਨ੍ਹਾਂ ਦੇ ਪਾਏ ਗਾਡੀ ਰਾਹ 'ਤੇ ਹੀ ਚੱਲੇਗੀ। ਬਹੁਤੇ ਲੋਕ ਉਸੇ ਗਾਡੀ ਰਾਹ 'ਤੇ ਚੰਗੀ ਔਲਾਦ ਬਣ ਕੇ ਚੁੱਪ ਚਪੀਤੇ ਚੱਲਦਿਆਂ ਇਸ ਜਹਾਨ ਤੋਂ ਰੁਖਸਤ ਹੋ ਜਾਂਦੇ ਹਨ; ਪਰ ਗੁਰੂ ਨਾਨਕ ਨੇ ਇਸ ਗਾਡੀ ਰਾਹ 'ਤੇ ਚੱਲਣ ਤੋਂ ਇਨਕਾਰ ਕੀਤਾ ਅਤੇ ‘ਕਰਤੇ’ ਵੱਲੋਂ ਦਿੱਤੇ ਜ਼ਰਖੇਜ਼ ਦਿਮਾਗ ਦੀ ਰੌਸ਼ਨ ਦ੍ਰਿਸ਼ਟੀ ਨਾਲ ਇਕ ਅਜਿਹਾ ਇਲਹਾਮ ਇਜਾਦ ਕੀਤਾ, ਜਿਸ ਨੇ ਉਸ ਸਦੀ ਦੇ ਤ੍ਰਿਸਕਾਰੇ, ਠੁਕਰਾਏ ਤੇ ਹਾਸ਼ੀਏ 'ਤੇ ਬੈਠੀ ਲੋਕਾਈ ਨੂੰ, ਭਾਵੇਂ ਉਹ ਕਿਸੇ ਵੀ ਧਰਮ ਦੀ ਧਾਰਨੀ ਹੋਏ, ਨੂੰ ਸੰਪੂਰਨਤਾ ਨਾਲ ਅਨੰਦ-ਮੰਗਲ ਭਰਪੂਰ ਜੀਵਨ ਜਿਉਣ ਦਾ ਮਾਰਗ ਵਿਖਾਇਆ।

ਗੁਰੂ ਨਾਨਕ ਸਾਹਿਬ ਇਕ ਅਜਿਹੇ ਯੁਗੰਤਰੀ ਮਾਨਵ ਹੋਏ ਹਨ, ਜਿਸ ਨੇ ਆਪਣੇ ਕਾਰਜਾਂ ਰਾਹੀਂ ਆਪਣੇ ਆਪ ਨੂੰ ਬ੍ਰਹਿਮੰਡ ਵਿਚ ਇਕ ਤਾਰੇ ਵਾਂਗ ਸਥਾਪਿਤ ਕਰ ਲਿਆ ਹੈ। ਗੁਰੂ ਨਾਨਕ ਵੱਲੋਂ 15ਵੀਂ ਸਦੀ ਦੌਰਾਨ ਉਚਰੀ ਬਾਣੀ ਵਿਚੋਂ ਅੱਜ 21ਵੀਂ ਸਦੀ ਦੇ ਤਰੱਕੀ ਯਾਫਤਾ ਲੋਕ ਮਾਰਗ ਦਰਸ਼ਨ ਖੋਜਦੇ ਹਨ। ਅੱਜ ਅਸੀਂ ਖੁਦ ਆਪਣੇ ਅੱਖੀਂ ਵੇਖ ਅਤੇ ਸੁਣ ਰਹੇ ਹਾਂ, ਕਿਵੇਂ ਦੁਨੀਆਂ ਦੇ ਵੱਡੇ ਤੇ ਪ੍ਰਤਿਸ਼ਠਤ ਧਰਮਾਂ ਦੇ ਅਵਤਾਰੀ ਪੁਰਸ਼ ਮਜ਼ਾਕਾਂ ਦਾ ਵਿਸ਼ਾ ਬਣ ਰਹੇ ਹਨ। ਕਿਵੇਂ ਉਨ੍ਹਾਂ ਦੇ ਅਲੌਕਿਕ ਕਾਰਨਾਮਿਆਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ, ਪਰ ਗੁਰੂ ਨਾਨਕ ਦੇ ਸੱਚ ਨੂੰ ਕੌਣ ਕੱਟੇਗਾ? ਗੁਰੂ ਨਾਨਕ ਦੀ ਬਾਣੀ ਜੀਵਨ ਜਾਚ 'ਤੇ ਆਧਾਰਤ ਦੁਨੀਆਵੀ ਸੱਚ ਨੂੰ ਦੱਸਦੀ ਹੋਈ ਸੰਪੂਰਨਤਾ ਨਾਲ ਭਰਪੂਰ ਜੀਵਨ ਜਿਉਣ ਦੀ ਰਾਹ ਦਸੇਰੀ ਹੈ। ਗੁਰੂ ਨਾਨਕ ਸਾਹਿਬ ਨੇ ਧਰਮਾਂ ਦੇ ਨਾਮ 'ਤੇ ਫੈਲਾਏ ਝੂਠ ਅਤੇ ਅਡੰਬਰ ਦੀ ਧੁੰਦ ਨੂੰ ਹਟਾਇਆ ਤੇ ਸੱਚ ਦੇ ਪ੍ਰਕਾਸ਼ ਨਾਲ ਖਲਕਤ ਨੂੰ ਰੁਸ਼ਨਾਇਆ, ਜਿਸ ਨੂੰ ਅਸੀਂ ਨਾਨਕ ਬਾਣੀ ਕਹਿੰਦੇ ਹਾਂ, ਇਸ ਵਿਚ ਸਿਰਫ ਸੱਚ ਅਤੇ ਸੱਚ ਹੀ ਸਮਾਇਆ ਹੈ। ਗੁਰੂ ਨਾਨਕ ਸਾਹਿਬ ਕਹਿ ਗਏ ਹਨ, “ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥” ਸੱਚ ਦੀ ਕੋਈ ਕਾਟ ਨਹੀਂ।

ਇਹ ਗੁਰੂ ਨਾਨਕ ਅੰਦਰਲੇ ਸੱਚ ਦੀ ਸ਼ਕਤੀ ਸੀ, ਜਿਸ ਨੇ ਬਾਬਰ ਜਿਹੇ ਜਾਬਰ ਨੂੰ ਲਲਕਾਰਨ ਲੱਗਿਆਂ ਕੋਈ ਗਿਣਤੀ ਮਿਣਤੀ ਨਹੀਂ ਕੀਤੀ। ਉਨ੍ਹਾਂ ਲੋਕਾਂ ਨੂੰ ਸੱਚ ਦੇ ਮਾਰਗ 'ਤੇ ਚੱਲਣ ਦਾ ਹੋਕਾ ਦਿੱਤਾ ਅਤੇ ਕਿਹਾ, “ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥” ਗੁਰੂ ਨਾਨਕ ਦਾ ਮਾਰਗ ਸੱਚ ਦਾ ਮਾਰਗ, ਜਿਸ 'ਤੇ ਚੱਲਣ ਲਈ ਹਮੇਸ਼ਾ ਆਪਣਾ ਸਿਰ ਤਲੀ 'ਤੇ ਟਿਕਾਉਣਾ ਪੈਂਦਾ ਹੈ। ਸੱਚ ਤੋਂ ਇਲਾਵਾ ਬਾਕੀ ਸਾਰੇ ਕਾਰਜਾਂ ਲਈ ਸਿਰ ਦੀ ਬਾਜ਼ੀ ਲਾਉਣ ਦੀ ਨੌਬਤ ਆਉਂਦੀ ਹੀ ਨਹੀਂ। ਜਦੋਂ ਮਨੁੱਖ ਸੱਚ 'ਤੇ ਚੱਲਣ ਦਾ ਨਿਸ਼ਚਾ ਕਰ ਲੈਂਦਾ ਹੈ ਤਾਂ ਉਸ ਮਨੁੱਖ ਅੰਦਰ ਕਰਤੇ ਵੱਲੋਂ ਸਮਾਹਿਤ ਸੱਚ ਦੀ ਤਾਕਤ ਉਸ ਨੂੰ ਇੰਨਾ ਬਲਵਾਨ ਬਣਾ ਦਿੰਦੀ ਹੈ ਕਿ ਉਸ ਦੇ ਸਾਹਮਣੇ ਖੜ੍ਹੇ ਮਹਾ-ਬਲਵਾਨ ਵਿਅਕਤੀ ਨੂੰ ਵੀ ਆਪਣੀ ਸ਼ਕਤੀ 'ਤੇ ਸ਼ੱਕ ਹੋਣ ਲੱਗ ਪੈਂਦਾ ਹੈ, ਜੋ ਉਸ ਨੂੰ ਦੁਚਿੱਤੀ ਦਾ ਸ਼ਿਕਾਰ ਬਣਾ ਦਿੰਦੀ ਹੈ, ਪਰ ਸੱਚੇ ਅੰਦਰ ਕਰਤੇ ਦੀ ਬਖਸ਼ੀ ਸੱਚ ਦੀ ਤਾਕਤ ਉਸ ਨੂੰ ਅਡਿੱਗ ਤੇ ਅਡੋਲ ਬਣਾਈ ਰੱਖਦੀ ਹੈ। ਇਸੇ ਸੱਚ ਦੀ ਸ਼ਕਤੀ ਦੀ ਬਦੌਲਤ ਗੁਰੂ ਨਾਨਕ ਨੇ ਜੱਗ ਤਾਰਿਆ ਸੀ।

ਇਹ ਗੱਲ ਬਹੁਤ ਹੀ ਅਫਸੋਸਨਾਕ ਹੈ ਕਿ ਗੁਰੂ ਨਾਨਕ ਦੇ ਸਿੱਖਾਂ ਨੂੰ ਵੀ ਉਸ ਦੇ “ਜਿਨ ਸੱਚ ਪਲੈ ਹੋਇ” 'ਤੇ ਭਰੋਸਾ ਨਹੀਂ ਜਾਪਦਾ। ਇਸੇ ਲਈ ਸਿੱਖ ਵਿਦਵਾਨ ਗੁਰੂ ਨਾਨਕ ਦੀ ਸੱਚ ਵਾਲੀ ਸ਼ਕਤੀ ਨੂੰ ‘ਭਗਤੀ ਵਾਲੀ ਸ਼ਕਤੀ’ ਸਾਬਤ ਕਰਨ ਵਿਚ ਰੁੱਝੇ ਹੋਏ ਹਨ। ਡਾ. ਗੁਰਨਾਮ ਕੌਰ ਨੇ ਆਪਣੇ ਲੇਖ ਵਿਚ ਗੁਰੂ ਨਾਨਕ ਨੂੰ ਅਵਤਾਰੀ ਪੁਰਖ ਵਾਂਗ ਦੱਸਿਆ ਹੈ, ਜੋ ਕਰਤਾਰਪੁਰ ਵਿਖੇ ਨਾਮ ਬਾਣੀ ਦਾ ਪ੍ਰਵਾਹ ਚਲਾਉਂਦੇ ਹੋਏ ਖੇਤੀਬਾੜੀ ਦੀ ਕਿਰਤ ਕਰਦੇ ਹਨ। ਵਿਚਾਰਨ ਵਾਲੀ ਗੱਲ ਇਹ ਹੈ ਕਿ ਖੇਤੀਬਾੜੀ ਦਾ ਕੰਮ ਪੁਰਾਤਨ ਸਮਿਆਂ ਦੌਰਾਨ ਕਾਫੀ ਕਠਿਨ ਸੀ। ਸਾਰਾ ਦਿਨ ਖੇਤਾਂ ਵਿਚ ਕੰਮ ਕਰਕੇ ਸ਼ਾਮ ਤੱਕ ਕਿਸਾਨ ਇੰਨਾ ਥੱਕ ਜਾਂਦਾ ਕਿ ਉਹ ਰਾਤ ਦੀ ਰੋਟੀ ਖਾ ਕੇ ਫਿਰ ਮੰਜਾ ਭਾਲਦਾ ਸੀ ਕਿ ਉਹ ਆਰਾਮ ਨਾਲ ਦੋ ਪਹਿਰ ਸੌਂ ਸਕੇ, ਕਿਉਂਕਿ ਸਵੱਖਤੇ ਉਠ ਕੇ ਫਿਰ ਹਲ ਵਾਹੁਣਾ ਹੁੰਦਾ ਸੀ। ਡਾ. ਗੁਰਨਾਮ ਕੌਰ ਅਨੁਸਾਰ ਗੁਰੂ ਨਾਨਕ ਸਾਰਾ ਦਿਨ ਖੇਤਾਂ ਵਿਚ ਕੰਮ ਕਰਨ ਤੋਂ ਬਾਅਦ ਸ਼ਾਮ ਨੂੰ ਘਰ ਆ ਕੇ ਸੰਗਤਾਂ ਨਾਲ ਨਾਮ ਬਾਣੀ ਜਪਣ ਦਾ ਪਰਵਾਹ ਚਲਾਇਆ ਕਰਦੇ ਸਨ। ਨਾਮ ਜਪਦਿਆਂ ਅੰਦਰ ਵੱਸ ਰਹੀ ਜੋਤ ਨਾਲ ਇੱਕਸੁਰ ਹੋਣ ਦਾ ਵੀ ਉਪਦੇਸ਼ ਦਿੰਦੇ ਸਨ। ਡਾ. ਸਾਹਿਬ ਦਾ ਇਹ ਸਭ ਦੱਸਣ ਦਾ ਭਾਵ ਲੱਗਦਾ ਹੈ ਕਿ ਗੁਰੂ ਨਾਨਕ ਸਾਹਿਬ ਕਰਾਮਾਤੀ ਸਨ!

ਗੁਰੂ ਨਾਨਕ ਦੀ ਸ਼ਖਸੀਅਤ ਦਾ ਨਿਵੇਕਲਾਪਨ ਇਹ ਸੀ ਕਿ ਉਨ੍ਹਾਂ ਨੇ ਸਾਰੇ ਕਾਰਜ, ਭਾਵੇਂ ਉਹ ਵਿਚਾਰ ਗੋਸ਼ਟੀਆਂ ਹੋਣ ਜਾਂ ਖੇਤੀ ਦਾ ਕੰਮ, ਉਨ੍ਹਾਂ ਨੇ ਆਪਣੇ ਸਾਰੇ ਕਾਰਜ ਖੁਦ ਆਪਣੇ ਹੱਥੀਂ ਸਵਾਰੇ। ਉਨ੍ਹਾਂ ਦੇ ਇਸੇ ਸਿਧਾਂਤ ਦੇ ਕਾਰਨ ਹੀ ਅੱਜ ਦੇ ਮਹਾ-ਪਦਾਰਥਵਾਦੀ ਅਤੇ ਅਨਿਸ਼ਚਿਤਤਾ ਦੇ ਦੌਰ ਵਿਚ ਵੀ ਗੁਰੂ ਨਾਨਕ ਦੀ ਸ਼ਖਸੀਅਤ ਸੰਸਾਰ ਵਿਚ ਚਾਨਣ ਮੁਨਾਰੇ ਵਾਂਗ ਟਿਮਟਿਮਾ ਰਹੀ ਹੈ। ਅੱਜ ਵੀ ਸਾਰੇ ਸੰਸਾਰ ਦੇ ਧਰਮਾਂ ਅਤੇ ਉਨ੍ਹਾਂ ਦੇ ਰਹਿਬਰਾਂ ਦੀ ਰਹਿਬਰੀ 'ਤੇ ਕਿੰਤੂ-ਪ੍ਰੰਤੂ ਹੁੰਦੇ ਹਨ, ਪਰ ਗੁਰੂ ਨਾਨਕ 'ਤੇ ਨਹੀਂ? ਗੁਰੂ ਨਾਨਕ ਨੂੰ ਉਸ ਵੇਲੇ ਦੇ ਧਰਮਾਂ ਅਤੇ ਉਨ੍ਹਾਂ ਦੇ ਰਹਿਬਰਾਂ ਦੀਆਂ ਅਸੰਭਵ ਪਰ ਕਾਲਪਨਿਕ ਕਰਾਮਾਤਾਂ ਦੇ ਸੱਚ ਦਾ ਗਿਆਨ ਸੀ। ਇਸੇ ਕਰਕੇ ਗੁਰੂ ਨਾਨਕ ਨੇ ਭਗਤੀ ਤੇ ਸ਼ਕਤੀ ਨੂੰ ਨਕਾਰਿਆ ਅਤੇ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ, ਦਾ ਮਾਰਗ ਅਪਨਾਇਆ। ਗੁਰੂ ਨਾਨਕ ਦੀ ਇਸ ਪਾਰਦਰਸ਼ੀ ਵਿਧੀ ਨੇ ਲੋਕਾਂ ਅੰਦਰ ਇਕ ਆਤਮ ਸਨਮਾਨ ਦੀ ਲੋਅ ਜਗਾਈ ਅਤੇ ਮਨੁੱਖ ਨੂੰ ਕਰਤੇ ਵੱਲੋਂ ਉਸ ਨੂੰ ਦਿੱਤੀਆਂ ਅਸੀਮ ਸ਼ਕਤੀਆਂ ਦਾ ਅਹਿਸਾਸ ਕਰਾਇਆ। ਉਨ੍ਹਾਂ ਨੇ ਦੁਨੀਆਵੀ ਬਿਗਾਨੇ ਹੱਕ ਦੀਆਂ ਲੜਾਈਆਂ ਖੁਦ ਲੜੀਆਂ ਤੇ ਜਿੱਤਾਂ ਵੀ ਪ੍ਰਾਪਤ ਕੀਤੀਆਂ। ਇਹ ਸਭ ਉਨ੍ਹਾਂ ਦੇ ਸੰਗੀ ਸਾਥੀਆਂ ਲਈ ਪ੍ਰੇਰਨਾ ਦਾ ਸ੍ਰੋਤ ਬਣੀਆਂ ਅਤੇ ‘ਸਿੱਖ ਧਰਮ’ ਦੀ ਬੁਨਿਆਦ ਪਈ। ਮਨੁੱਖੀ ਆਤਮਕ ਸ਼ਕਤੀ ਨਾਲ ਲਬਰੇਜ਼ ਕਰਤੇ ਦੀ ਕੁਦਰਤ ਦੀ ਬੁਨਿਆਦ ਨੇ ਸਿੱਖ ਧਰਮ ਨੂੰ ਇੰਨੀ ਮਜ਼ਬੂਤੀ ਦਿੱਤੀ ਕਿ ਸਦੀਆਂ ਤੋਂ ਅਨਗਿਣਤ ਹਮਲਿਆਂ ਦੇ ਬਾਵਜੂਦ ਸਿੱਖ ਧਰਮ ਆਪਣੀ ਪਛਾਣ ਬਣਾਈ ਰੱਖਣ ਵਿਚ ਕਾਮਯਾਬ ਰਿਹਾ ਹੈ। ਨੋਟ ਕਰਨ ਵਾਲੀ ਗੱਲ ਤਾਂ ਇਹ ਹੈ ਕਿ ਅੱਜ ਦੇ ਸਿੱਖ ਕਦੋਂ ਸੱਚ ਦੇ ਰੂਬਰੂ ਹੁੰਦੇ ਹਨ ਤੇ ਆਪਣੀਆਂ ਗਲਤੀਆਂ ਦੀ ਨਿਸ਼ਾਨਦੇਹੀ ਕਰਦੇ ਹਨ?

ਸਿੱਖਾਂ ਨੂੰ ਕਦੋਂ ਅਹਿਸਾਸ ਹੋਵੇਗਾ ਕਿ ਉਨ੍ਹਾਂ ਦੇ ਰਹਿਬਰ ਗੁਰੂ ਨਾਨਕ ਦਾ ਸੁਪਨਾ ਸ਼ਾਇਦ ਸਿੱਖ ਧਰਮ ਨੂੰ ਵਿਸ਼ਵ ਧਰਮ ਬਣਾਉਣਾ ਸੀ! ਉਨ੍ਹਾਂ ਨੇ ਕਿਉਂ ਉਦਾਸੀਆਂ ਕੀਤੀਆਂ? ਕਿਸੇ ਸਿੱਖ ਨੇ ਕਦੇ ਇਸ ਬਾਰੇ ਵੀ ਸੋਚਿਆ ਹੈ? ਕੀ ਕਦੇ ਕਿਸੇ ਸਿੱਖ ਨੇ ਇਸ ਬਾਰੇ ਜ਼ਰਾ ਵੀ ਹਿਚਕ ਮਹਿਸੂਸ ਕੀਤੀ ਹੈ ਕਿ ਅੱਜ ਸਿੱਖ ਧਰਮ ਕਿੱਥੇ ਖੜ੍ਹਾ ਹੈ? ਅੱਜ ਆਮ ਸਿੱਖ ਕਿੱਥੇ ਅਤੇ ਕਿਸ ਹਾਲ ਵਿਚ ਹੈ? ਸਿੱਖਾਂ ਵਿਚ ਜਾਤ-ਪਾਤ ਤੇ ਫਿਰਕੇਵਾਰਾਨਾ ਸੋਚ ਕਿਵੇਂ ਦਿਨੋਂ ਦਿਨ ਵੱਧਦੀ ਤੇ ਹਾਵੀ ਹੁੰਦੀ ਜਾ ਰਹੀ ਹੈ? ਕਿਵੇਂ ਸਿੱਖ ਧਰਮ ਦਾ ਪ੍ਰਬੰਧਨ ਹੋ ਰਿਹਾ ਹੈ? ਕਿਵੇਂ ਧਰਮ ਵਿਚ ਆ ਰਹੇ ਨਿਘਾਰ ਨੂੰ ਠੱਲ ਪਾਈ ਜਾ ਸਕਦੀ ਹੈ? ਸਿੱਖਾਂ ਵਿਚ ਆਪਸੀ ਭਾਈਚਾਰਾ ਤੇ ਭਾਈਚਾਰੇ ਦੀ ਭਾਵਨਾ ਕਿਵੇਂ ਲੁਪਤ ਹੁੰਦੀ ਜਾ ਰਹੀ ਹੈ? ਸਿੱਖ ਕਿਉਂ ਤੇ ਕਿਵੇਂ ਇੰਨੇ ਡਰਪੋਕ ਬਣ ਗਏ, ਜੋ ਸਮਾਜ ਤੇ ਧਰਮ ਵਿਚ ਆ ਰਹੀਆਂ ਉਣਤਾਈਆਂ ਵਿਰੁੱਧ ਮੂੰਹ ਖੋਲਣਾ ਆਪਣੇ ਗੁਰੂਆਂ ਦੇ ਖਿਲਾਫ ਜਾਣ ਵਾਲੀ ਸੋਚ ਤੋਂ ਡਰੇ ਬੈਠੇ ਹਨ? ਇਨ੍ਹਾਂ ਸਿੱਖਾਂ ਨੂੰ ਇਹ ਸਿੱਧੀ ਤੇ ਆਮ ਜਿਹੀ ਗੱਲ ਕਿਉਂ ਨਹੀਂ ਸਮਝ ਆ ਰਹੀ ਕਿ ਉਨ੍ਹਾਂ ਦੇ ਰਹਿਬਰ ਗੁਰੂ ਨਾਨਕ ਨੇ ਆਪਣੇ ਵੇਲੇ ਹਿੰਦੁਸਤਾਨ ਵਿਚ ਪੂਜੇ ਜਾਂਦੇ ਕਰੋੜਾਂ ਦੇਵੀਆਂ ਤੇ ਦੇਵਤਿਆਂ ਦੀਆਂ ਗਲਤ ਮਨੌਤਾਂ ਅਤੇ ਸਿੱਖਿਆਵਾਂ ਦੇ ਵਿਰੁੱਧ ਅਵਾਜ਼ ਬੁਲੰਦ ਕੀਤੀ ਸੀ। ਉਨ੍ਹਾਂ ਨੇ ਤਾਂ ਕਰੋੜਾਂ ਦੇਵੀਆਂ ਤੇ ਦੇਵਤਿਆਂ ਦੇ ਸਰਾਪਾਂ ਦੀ ਪ੍ਰਵਾਹ ਨਹੀਂ ਕੀਤੀ ਸੀ।

ਹੋ ਸਕਦਾ ਹੈ ਕਿ ਸਿੱਖ ਵਿਦਵਾਨ ਮੇਰੀ ਗੱਲ ਨਾਲ ਸਹਿਮਤ ਨਾ ਹੋਣ, ਪਰ ਮੇਰਾ ਇਹ ਨਿੱਜੀ ਮਤ ਹੈ ਕਿ ਗੁਰੂ ਨਾਨਕ ਤੋਂ ਵੱਧ ਰੌਸ਼ਨ ਦਿਮਾਗ ਮਾਨਵ ਇਸ ਪ੍ਰਿਥਵੀ 'ਤੇ ਅੱਜ ਤੱਕ ਜਨਮਿਆ ਹੀ ਨਹੀਂ, ਜਿਨ੍ਹਾਂ ਨੇ ਆਪਣੇ ਤੋਂ ਹਜ਼ਾਰਾਂ ਸਾਲ ਪਹਿਲਾਂ ਪੱਕੇ ਪੈਰੀਂ ਸਥਾਪਤ ਧਰਮਾਂ ਦੀਆਂ ਖਾਮੀਆਂ ਨੂੰ ਉਜਾਗਰ ਕੀਤਾ ਤੇ ਸਹੀ ਮਾਰਗ ਵੀ ਦੱਸਿਆ। ਸਿੱਖ ਇਹ ਸਮਝਣ ਵਿਚ ਵੀ ਅਸਮਰੱਥ ਰਹੇ ਹਨ ਕਿ ਪਿਛਲੀ ਇਕ ਸਦੀ ਦੇ ਸਮੇਂ ਵਿਚ ਦਰਬਾਰ ਸਾਹਿਬ, ਅੰਮ੍ਰਿਤਸਰ ਅੰਦਰ ਨਾਮ ਸਿਮਰਨ ਤੇ ਧਰਮ ਦੀਆਂ ਹੀ ਗੱਲਾਂ ਕਰਨ ਵਾਲੇ ਲੱਖਾਂ ਲੋਕਾਂ ਵਿਚੋਂ ਕਿੰਨਿਆਂ ਨੂੰ ਅਮਰਤਾ ਪ੍ਰਾਪਤ ਹੋਈ ਹੈ? ਮੈਨੂੰ ਤਾਂ ਕੋਈ ਯਾਦ ਨਹੀਂ। ਹਾਂ, ਦਰਬਾਰ ਸਾਹਿਬ ਸਮੂਹ ਦੀ ਬਾਹਰੀ ਫਿਰਨੀ ਵਿਚ ਸੰਗਤਾਂ ਦੇ ਆਗਮਨ ਵਾਲੇ ਸਥਾਨ 'ਤੇ ਬੈਠਣ ਵਾਲਾ ਅਤਿ ਸਧਾਰਨ ਜਿਹੀ ਦਿੱਖ ਵਾਲਾ, ਸਾਰਾ ਦਿਨ ਲੋਕ ਹਿੱਤ ਦੇ ਪਰਚੇ ਵੰਡਣ ਵਾਲਾ, ਮਨੁੱਖਤਾ ਦਾ ਦਰਦੀ ਤੇ ਮਨੁੱਖਤਾ ਦੀ ਸੇਵਾ ਕਰਨ ਵਾਲੇ ਇਕ ਪਿੰਗਲਵਾੜੇ ਦਾ ਸੰਸਥਾਪਕ ਭਗਤ ਪੂਰਨ ਸਿੰਘ ਦਾ ਨਾਮ ਜ਼ਰੂਰ ਰਹਿੰਦੀ ਦੁਨੀਆਂ ਤੱਕ ਅਮਰ ਹੋ ਗਿਆ ਹੈ।

ਅਸੀਂ ਸਿੱਖ ਪਤਾ ਨਹੀਂ ਕਿਉਂ ਗੁਰੂ ਨਾਨਕ ਅਤੇ ਸਿੱਖ ਧਰਮ ਨੂੰ ਅਵਤਾਰੀ ਸਾਬਤ ਕਰਨ ਵਿਚ ਹੀ ਸਾਰਾ ਜ਼ੋਰ ਲਾਈ ਜਾ ਰਹੇ ਹਾਂ। ਸ਼ਾਇਦ ਸਾਨੂੰ ਗੁਰੂ ਨਾਨਕ ਵੱਲੋਂ ਪਿਆਰਿਆ ਭਾਈ ਲਾਲੋ ਅਤੇ ਉਸ ਦੀਆਂ ਸਰਲ ਤੇ ਸੌਖੀਆਂ ਸਿੱਖਿਆਵਾਂ ਕੋਈ ਖਾਸ ਨਹੀਂ, ਐਵੇਂ ਹੀ ਆਮ ਜਿਹੀਆਂ ਲੱਗਦੀਆਂ ਹਨ? ਪਰ ਦੁਤਕਾਰਿਆ ਮਲਿਕ ਭਾਗੋ, ਉਸ ਦੀ ਠਾਠ-ਬਾਠ ਤੇ ਟੌਹਰ ਟੱਪਾ ਕੁਝ ਵਧੇਰੇ ਹੀ ਆਕਰਸ਼ਿਤ ਕਰਦਾ ਜਾਪਦਾ ਹੈ! ਗੁਰੂ ਨਾਨਕ ਨੇ ਸਿੱਖ ਨੂੰ ਗਿਆਨੀ ਬਣਾਇਆ ਸੀ, ਪਰ ਅੱਜ ਦਾ ਸਿੱਖ ਤਾਂ ਆਮ ਗਿਆਨ ਤੋਂ ਵੀ ਵਿਹੂਣਾ ਜਾਪਦਾ ਹੈ ਅਤੇ ਉਹ ਡੇਰਿਆਂ ਤੇ ਹੋਰ ਧਾਰਮਿਕ ਸਥਾਨਾਂ 'ਤੇ ਗੁਰੂ ਨਾਨਕ ਅਤੇ ਦਸਾਂ ਗੁਰੂਆਂ ਦੇ ਪ੍ਰਤੀਨਿਧ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਉਨ੍ਹਾਂ ਦੇ ਬਰਾਬਰ ਖੜੋ ਕੇ ਸਿਰੋਪੇ ਗ੍ਰਹਿਣ ਕਰਦਾ ਹੈ? ਸਿੱਖ ਨੂੰ ਪੁਜਾਰੀਆਂ ਅਤੇ ਬਾਬਿਆਂ, ਉਨ੍ਹਾਂ ਦੇ ਡੇਰਿਆਂ ਅਤੇ ਡੇਰੇਦਾਰੀਆਂ ਨੇ ਅਜਿਹੀ ਗ੍ਰਿਫਤ ਵਿਚ ਲਿਆ ਹੈ ਕਿ ਸ਼ਾਇਦ ਹੀ ਨਿਕਲ ਪਾਵੇ। ਮੇਰੀ ਕਿਸੇ ਵੀ ਪੱਖੋਂ ਕੋਈ ਔਕਾਤ ਨਹੀਂ, ਪਰ ਸਿੱਖ ਵਿੱਦਵਾਨਾਂ ਨੂੰ ਮੇਰੀ ਜੋਦੜੀ ਹੈ ਕਿ ਅੱਜ ਸਿੱਖ ਧਰਮ ਵਿਚ ਪਸਰੇ ਹੋਏ ਕਰਮ ਕਾਂਡਾਂ ਵਿਚੋਂ ਸਿੱਖ ਕਿਵੇਂ ਨਿਕਲਣ ਅਤੇ ਸਿੱਖ ਧਰਮ ਦੀ ਆਨ ਤੇ ਸ਼ਾਨ ਇਕ ਵਾਰ ਫਿਰ ਤੋਂ ਗੁਰੂ ਨਾਨਕ ਵੱਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਬਹਾਲ ਹੋ ਸਕੇ? ਕਿਵੇਂ ਹਰ ਆਮ ਸਿੱਖ ਨੂੰ ਵੰਡ ਛਕਣ ਦੀ ਉਸ ਦੇ ਆਪਣੇ ਅੰਦਰੋਂ ਜਾਗ ਲੱਗੇ?

# ਕਰਮ ਖੰਡ ਕੀ ਬਾਣੀ ਜੋਰ

*(ਪਿਛਲੇ ਸਫੇ ਦੀ ਬਾਕੀ)*

ਉਨ੍ਹਾਂ ਨੇ ਇਸ ਨੂੰ ਕਈ ਥਾਂਵਾਂ 'ਤੇ ਚਿਤਾਰਿਆ ਹੈ। ਇਸੇ ਲਈ ਸਮਾਜ ਵਿਚ ਕੰਮ ਭਾਵ ਸਰੀਰਕ ਤੇ ਬੌਧਿਕ ਜੋਰ ਦਾ ਅਭਾਵ ਅਤੇ ਨਾਇਕ-ਭਗਤੀ ਦਾ ਰੁਝਾਨ ਦੇਖ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇਸ ਧਰਤੀ 'ਤੇ ਕਰਮ ਖੰਡ ਵੀ ਖੜੋਤ ਵਿਚ ਹੈ।

ਪਰ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਇਸ ਦੀ ਵਿਆਖਿਆ ਉਨ੍ਹਾਂ ਦੀ ਸਿਖਿਆ ਤੋਂ ਉਲਟ ਕਰਦੇ ਹਨ। ਉਘਾ ਵਿਦਵਾਨ ਤੇ ਟੀਕਾਕਾਰ ਭਾਈ ਵੀਰ ਸਿੰਘ ਇਸ ਪਉੜੀ ਦੀ ਵਿਆਖਿਆ ਕਰਦਿਆਂ ਲਿਖਦੇ ਹਨ, “(ਕਰਮ ਖੰਡ) ਫਜ਼ਲ ਦੇ ਖੰਡ ਦੀ ਰਚਨਾ ਜੋਰ ਹੈ। ਉਥੇ ਦੂਸਰਾ ਹੋਰ ਕੋਈ ਨਹੀਂ ਹੈ (ਬਿਨਾ ਬਖਸ਼ੇ ਹੋਇਆਂ ਦੇ) ਉਥੇ ਹਨ ਜੋਧੇ, ਮਹਾਂਬਲੀ ਤੇ ਸੂਰਮੇ। ਉਨ੍ਹਾਂ ਵਿਚ (ਵਿਆਪਕ) ਰਾਮ ਭਰਪੂਰ ਹੋ ਰਿਹਾ ਹੈ। ਉਥੇ ਹਨ (ਭਰਪੂਰ ਤੇ ਵਿਆਪਕ ਰਾਮ ਦੀ ਮਹਿਮਾ ਵਿਚ ਮਗਨ ਹੋ ਰਹੇ ਅਨੇਕਾਂ) ਰਾਮ ਤੇ ਸੀਤਾ। ਉਨ੍ਹਾਂ ਦੇ ਰੂਪ ਕਹੇ ਨਹੀਂ ਜਾ ਸਕਦੇ। ਉਹ ਮਰਦੇ (ਬੀ) ਨਹੀਂ ਤੇ ਨਾ ਹੀ ਠੱਗੇ ਜਾਂਦੇ ਹਨ। ਜਿਨ੍ਹਾਂ ਦੇ ਮਨ ਵਿਚ ਅਕਾਲ ਪੁਰਖ ਵਸਦਾ ਹੈ। ਉਥੇ ਕਈ ਲੋਕਾਂ ਦੇ ਭਗਤ ਵਸਦੇ ਹਨ, ਜੋ ਅਨੰਦ ਮਾਣਦੇ ਹਨ (ਕਿਉਂਕਿ) ਉਹ ਸਚਾ (ਪਰਮੇਸੁਰ ਉਨ੍ਹਾਂ ਦੇ) ਮਨ ਵਿਚ ਵਸਦਾ ਹੈ।”

ਇਸ ਟੀਕਾਕਾਰ ਅਨੁਸਾਰ ਕਰਮ ਖੰਡ ਰੱਬ ਦੀ ਕਿਰਪਾ ਦਾ ਖੰਡ ਹੈ। ਇਸ ਵਿਚ ਉਹੀ ਲੋਕ ਸ਼ਾਮਲ ਹਨ, ਜਿਨ੍ਹਾਂ 'ਤੇ ਬਖਸ਼ਿਸ਼ ਹੋਈ ਹੁੰਦੀ ਹੈ। ਇੱਥੇ ਸੂਰਬੀਰ ਰਾਮ ਚੰਦਰ ਤੇ ਸੁੰਦਰ ਸੀਤਾ ਜਿਹੇ ਪ੍ਰਭੂ ਦੇ ਨਿਵਾਜੇ ਹੋਏ ਮਹਾ-ਨਾਇਕ ਤੇ ਭਗਤਜਨ ਹੀ ਜਾ ਸਕਦੇ ਹਨ, ਕੋਈ ਦੂਜਾ ਨਹੀਂ ਵੜ ਸਕਦਾ। ਇਸ ਖੰਡ ਦੇ ਲੋਕ ਨਾ ਮਰਦੇ ਹਨ ਤੇ ਨਾ ਠੱਗੇ ਜਾਂਦੇ ਹਨ, ਕਿਉਂਕਿ ਉਨ੍ਹਾਂ ਦੇ ਹਿਰਦੇ ਵਿਚ ਅਕਾਲ ਪੁਰਖ ਆਪ ਵਸਦਾ ਹੈ। ਇੱਥੇ ਕਈ ਦੇਸ਼ਾਂ ਦੇ ਭਗਤ ਵੀ ਰਹਿੰਦੇ ਹਨ, ਜੋ ਪ੍ਰਭੂ-ਕਿਰਪਾ ਨਾਲ ਅਨੰਦ ਮਾਣਦੇ ਹਨ। ਭਾਵ, ਗੈਰ ਭਗਤ ਤਾਂ ਇਸ ਖੰਡ ਵਲ ਮੂੰਹ ਵੀ ਨਹੀਂ ਕਰ ਸਕਦੇ!

ਇਸ ਵਿਦਵਾਨ ਨੇ ਹੀ ਨਹੀਂ, ਸਭ ਸਿੱਖ ਟੀਕਾਕਾਰਾਂ ਨੇ ਇਸ ਪਉੜੀ ਦੀ ਇਸੇ ਭਾਵ ਦੀ ਵਿਆਖਿਆ ਕੀਤੀ ਹੈ। ਇਨ੍ਹਾਂ ਵਿਆਖਿਆਵਾਂ ਵਿਚ ਸੂਰਬੀਰ ਨਾਇਕਾਂ ਉਤੇ ਰੱਬ ਦੇ ਰਹਿਮੋ ਕਰਮ ਦੀ ਚਰਚਾ ਤੇ ਉਨ੍ਹਾਂ ਦੀ ਪ੍ਰਸ਼ੰਸਾ ਤੋਂ ਇਲਾਵਾ ਹੋਰ ਕੁਝ ਨਹੀਂ। ਇਹ ਟੀਕੇ ਤਾਂ ਇਸ ਪਉੜੀ ਦੇ ਸ਼ਬਦ-ਅਰਥ ਵੀ ਨਹੀਂ ਕਰਦੇ, ਕਿਉਂਕਿ ਸ਼ਬਦ-ਅਰਥ ਵੀ ਸਮਝ ਕੇ ਕੀਤੇ ਜਾਂਦੇ ਹਨ ਤੇ ਪੜ੍ਹਨ ਵਾਲਿਆਂ ਦੀ ਸਮਝ ਵਿਚ ਆਉਂਦੇ ਹਨ। ਇਨ੍ਹਾਂ ਬਾਰੇ ਤਾਂ ਜੇ ਗੁਰੂ ਸਾਹਿਬ ਆਪ ਆ ਜਾਣ, ਉਹ ਵੀ ਇਹੀ ਕਹਿਣ, ‘ਮੈਂ ਉਹ ਨਾਨਕ ਨਹੀਂ ਜਿਸ ਨੇ ਇੱਦਾਂ ਦੀ ਕੋਈ ਗੱਲ ਕਹੀ ਹੋਵੇ।’

# ‘ਪੰਜਾਬ ਟਾਈਮਜ਼’ ਨਾਲ ਜੁੜੀ ਸਾਂਝ ਦੀ ਤੰਦ

## ਸੰਪਾਦਕ ਦੀ ਡਾਕ

**ਸੰਪਾਦਕ ਜੀ,**

ਮੇਰੇ ਸਹੁਰਾ ਸਾਹਿਬ ਮਾਸਟਰ ਗੁਰਬਚਨ ਸਿੰਘ ਲੰਘੀ 6 ਅਕਤੂਬਰ ਨੂੰ ਸਵਰਗਵਾਸ ਹੋ ਗਏ ਹਨ। ਉਹ ‘ਪੰਜਾਬ ਟਾਈਮਜ਼’ ਦੇ ਨਿਯਮਿਤ ਪਾਠਕ ਸਨ। ਭਾਪਾ ਜੀ ਕਾਫੀ ਸਾਲ ਅਖਬਾਰ ਪੜ੍ਹਦੇ ਰਹੇ। ਹਰ ਸ਼ੁੱਕਰਵਾਰ ਅਸੀਂ ਉਨ੍ਹਾਂ ਲਈ ਅਖਬਾਰ ਲਿਆਉਂਦੇ ਸਾਂ। ਕਰੋਨਾ ਵਾਇਰਸ ਕਾਰਨ ਜਦੋਂ ‘ਪੰਜਾਬ ਟਾਈਮਜ਼’ ਛਪਣਾ ਬੰਦ ਹੋਇਆ ਤਾਂ ਅਖਬਾਰ ਦੀ ਵੈਬਸਾਈਟ ਤੋਂ ਅਖਬਾਰ ਪੜ੍ਹਨ ਦੀ ਸਹੂਲਤ ਲਈ ਅਸੀਂ ਭਾਪਾ ਜੀ ਨੂੰ ਲੈਪਟਾਪ ਲੈ ਕੇ ਦਿੱਤਾ, ਉਨ੍ਹਾਂ ਲਈ ਹੋਰ ਆਸਾਨੀ ਹੋ ਗਈ। ਅਖਬਾਰ ਵਿਚ ਛਪਦੇ ਲੇਖਾਂ 'ਤੇ ਸਾਡਾ ਕਾਫੀ ਵਿਚਾਰ-ਵਟਾਂਦਰਾ ਹੁੰਦਾ। ਉਨ੍ਹਾਂ ਦਾ ਸਭ ਤੋਂ ਪਸੰਦੀਦਾ ਕਾਲਮ ‘ਸ਼ਬਦ ਜੋਤ’ ਸੀ, ਜੋ ਡਾ. ਗੁਰਬਖਸ਼ ਸਿੰਘ ਭੰਡਾਲ ਲਿਖਦੇ ਹਨ।

ਭਾਪਾ ਜੀ ਦੀ ਜ਼ਿੰਦਗੀ ਦੇ ਆਖਰੀ ਮਹੀਨਿਆਂ ਦੌਰਾਨ ਉਹ ਪੜ੍ਹਨ ਤੋਂ ਅਸਮਰਥ ਹੋ ਗਏ ਸਨ, ਪਰ ਸੁਣਨ ਸ਼ਕਤੀ ਬਰਕਰਾਰ ਸੀ। ਫਿਰ ਉਨ੍ਹਾਂ ਨੂੰ ਬੋਲਣ ਲਈ ਵੀ ਬਹੁਤ ਸੰਘਰਸ਼ ਕਰਨਾ ਪੈਂਦਾ ਸੀ। ਇਸ ਸਮੇਂ ਦੌਰਾਨ ਜਦੋਂ ਉਨ੍ਹਾਂ ਨਾਲ ‘ਸ਼ਬਦ ਜੋਤ’ ਬਾਰੇ ਗੱਲ ਹੁੰਦੀ ਤਾਂ ਅੱਖਾਂ ਨਾਲ ਜਵਾਬ ਦਿੰਦੇ। ਮੈਂ ਉਨ੍ਹਾਂ ਨੂੰ ਉਹ ਲੇਖ ਸੁਣਾਉਣਾ ਸ਼ੁਰੂ ਕਰ ਦਿੱਤਾ ਅਤੇ ਇਹ ਸਿਲਸਿਲਾ ਅਕਤੂਬਰ ਦੇ ਪਹਿਲੇ ਅੰਕ ਤੱਕ ਚੱਲਦਾ ਰਿਹਾ। ਇਕ ਵਾਰ ਤਾਂ ਭਾਪਾ ਜੀ ਸੁੱਤੇ ਪਏ ਸਨ, ਜਗਾਉਣ ਦੀ ਕੋਸ਼ਿਸ਼ ਕੀਤੀ, ਪਰ ਉਠੇ ਨਾ; ਮੈਂ ਲੇਖ ਪੜ੍ਹਨਾ ਸ਼ੁਰੂ ਕੀਤਾ, ਲੇਖ ਦੇ ਅੱਧ ਵਿਚ ਜਾਗ ਪਏ ਤੇ ਲੇਖ ਪੂਰਾ ਹੋਣ ਤੱਕ ਜਾਗਦੇ ਰਹੇ। ਬਾਅਦ ਵਿਚ ਅੱਖਾਂ ਉਤਾਂਹ ਚੁੱਕ ਕੇ ਸਹਿਮਤੀ ਦਿੱਤੀ। ਸਾਰੇ ਪਰਿਵਾਰ ਨੇ ਯਥਾਯੋਗ ਸੇਵਾ ਕੀਤੀ। ਭਾਪਾ ਜੀ 6 ਅਕਤੂਬਰ ਨੂੰ ਸਾਨੂੰ ਵਿਛੋੜਾ ਦੇ ਗਏ।

ਅਸੀਂ ਸ. ਅਮੋਲਕ ਸਿੰਘ ਦੇ ਸ਼ੁਕਰਗੁਜ਼ਾਰ ਹਾਂ, ਜੋ ਆਪਣੀ ਅਣਥੱਕ ਮਿਹਨਤ ਨਾਲ ਅਤੇ ਹਰ ਹਾਲਾਤ ਵਿਚ ‘ਪੰਜਾਬ ਟਾਈਮਜ਼’ ਰਾਹੀਂ ਸਾਨੂੰ ਮਿਆਰੀ ਅਤੇ ਸੰਪੂਰਨ ਅਖਬਾਰ ਦੇ ਰਹੇ ਹਨ। ਅਸੀਂ ਉਨ੍ਹਾਂ ਦੀ ਸਿਹਤਯਾਬੀ ਤੇ ਚੜ੍ਹਦੀ ਕਲਾ ਲਈ ਹਰ ਵੇਲੇ ਅਰਦਾਸ ਕਰਦੇ ਰਹਾਂਗੇ। ਧੰਨਵਾਦ।

*-ਇੰਦਰਜੀਤ ਮੰਗਾ*
*ਪਿਟਸਬਰਗ, ਕੈਲੀਫੋਰਨੀਆ।*

## ਵੰਡ ਪਾਊ ਤਾਕਤਾਂ ਤੋਂ ਸੁਚੇਤ ਰਹਿਣ ਦੀ ਲੋੜ

**ਸੰਪਾਦਕ ਜੀ,**


ਇਹ ਖੁਸ਼ੀ ਦੀ ਗੱਲ ਹੈ ਕਿ ‘ਪੰਜਾਬ ਟਾਈਮਜ਼’ ਵਿਚ ਹਰ ਹਫਤੇ ਵੰਨ ਸੁਵੰਨੀ ਝਲਕ ਦਿਖਾਉਂਦੀਆਂ ਰਚਨਾਵਾਂ ਨਾਲ ਰੂਬਰੂ ਹੋਣ ਦਾ ਮੌਕਾ ਮਿਲਦਾ ਹੈ। ਅਖਬਾਰ ਇੱਕ ਅਜਿਹਾ ‘ਪਲੈਟਫਾਰਮ’ ਹੈ, ਜਿੱਥੇ ਹਰ ਸੋਚ ਅਤੇ ਵਿਚਾਰ ਨੂੰ ਬਣਦੀ ਥਾਂ ਮੁਹੱਈਆ ਕਰਵਾਈ ਜਾਂਦੀ ਹੈ। ਬੇਸ਼ੱਕ ਅਖਬਾਰ ਦੀ ਆਪਣੀ ਕੋਈ ਵੀ ਰਾਇ ਹੋਵੇ, ਪਰ ਇਸ ਵਿਚ ਹਰ ਪੱਖ ਨੂੰ ਆਪਣੀ ਗੱਲ ਰੱਖਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ ਅਤੇ ‘ਪੰਜਾਬ ਟਾਈਮਜ਼’ ਇਹ ਫਰਜ਼ ਬਾਖੂਬੀ ਨਿਭਾ ਵੀ ਰਿਹਾ ਹੈ, ਪਰ ਇਸ ਦੇ ਨਾਲ ਹੀ ਇੱਕ ਐਸੇ ਸੰਤੁਲਿਤ ਜ਼ਾਬਤੇ ਦੀ ਆਸ ਵੀ ਕੀਤੀ ਜਾਂਦੀ ਹੈ, ਜਿਸ ਨਾਲ ਭਾਈਚਾਰਿਆਂ ਦੀ ਸਾਂਝ ਨੂੰ ਖੋਰਾ ਲੱਗਣ ਤੋਂ ਬਚਾਇਆ ਜਾ ਸਕੇ।

‘ਪੰਜਾਬ ਟਾਈਮਜ਼’ ਦੇ 17 ਅਕਤੂਬਰ ਦੇ ਅੰਕ ਵਿਚ ਛਪੀ ਕਰਮਜੀਤ ਕੌਰ ਸਮਾਓ ਦੀ ਕਵਿਤਾ ‘ਮੈਂ ਪੰਜਾਬ ਪੱਗਾਂ ਵਾਲਿਆਂ ਦਾ, ਤੂੰ ਦਿੱਲੀਏ ਟੋਪੀ ਵਾਲਿਆਂ ਦੀ’ ਦੇਖ ਨਿਰਾਸ਼ਾ ਹੋਈ, ਕਿਉਂਕਿ ਇਹ ਸ਼ਬਦਾਵਲੀ ਹਿੰਦੂ-ਸਿੱਖ ਸਦਭਾਵਨਾ ਨੂੰ ਖੋਰਾ ਲਾਉਣ ਵਾਲੀ ਹੈ। ਪੰਜਾਬ ਪੰਜਾਬੀਆਂ ਦਾ ਹੈ, ਪੱਗਾਂ ਅਤੇ ਟੋਪੀ ਵਾਲਿਆਂ-ਦੋਹਾਂ ਦਾ। ਪੰਜਾਬ ਤੋਂ ਬਾਹਰ ਸਾਰੇ ਭਾਰਤ ਵਿਚ ਕੋਈ ਪੰਜ ਛੇ ਮਿਲਿਅਨ ਸਿੱਖ ਪਰਿਵਾਰ ਵੱਸ ਰਹੇ ਹਨ, ਜੋ ਨੌਕਰੀ, ਬਿਜ਼ਨਸ ਅਤੇ ਖੇਤੀਬਾੜੀ ਦੇ ਕਿੱਤਿਆਂ ਰਾਹੀਂ ਵਧੀਆ ਜੀਵਨ ਬਸਰ ਕਰ ਰਹੇ ਹਨ।

ਪੰਜਾਬ ਵਿਖੇ ਪੱਗ ਅਤੇ ਟੋਪੀ ਦੇ ਵਿਤਕਰੇ ਦਾ ਖਮਿਆਜ਼ਾ ਅਸੀਂ ਭੁਗਤ ਚੁਕੇ ਹਾਂ। 1947 ਦੀ ਵੰਡ ਦਾ ਦਰਦ ਸਿਰਫ ਭੁਗਤਣ ਵਾਲਿਆਂ ਹੀ ਜਾਣਿਆ ਹੋਵੇਗਾ। ਸਰਕਾਰਾਂ ਦੀਆਂ ਨੀਤੀਆਂ ਨਾਲ ਅਸਹਿਮਤੀ ਰੱਖਣਾ ਸਾਡਾ ਹੱਕ ਹੈ ਅਤੇ ਬੇਸ਼ੱਕ ਇਨ੍ਹਾਂ ਦਾ ਵਿਰੋਧ ਵੀ ਸੰਵਿਧਾਨਕ ਦਾਇਰੇ ਵਿਚ ਰਹਿੰਦਿਆਂ ਜਾਇਜ਼ ਕਰਾਰ ਦਿੱਤਾ ਜਾਵੇਗਾ, ਪਰ ਇਸ ਦੀ ਆੜ ਹੇਠ ਸੰਪਰਦਾਇਕ ਏਕਤਾ ਨੂੰ ਢਾਹ ਲਾਉਣਾ ਹਰਗਿਜ਼ ਉਚਿਤ ਨਹੀਂ ਕਿਹਾ ਜਾ ਸਕਦਾ। ਫਿਰਕੂ ਕੱਟੜਤਾ ਹਮੇਸ਼ਾ ਹੀ ਇਨਸਾਨੀਅਤ ਦਾ ਘਾਣ ਕਰਦੀ ਰਹੀ ਹੈ। ਸਾਨੂੰ ਵੰਡ ਪਾਊ ਤਾਕਤਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਇਸੇ ਵਿਚ ਹੀ ਸਭ ਦੀ ਭਲਾਈ ਹੈ। ਧੰਨਵਾਦ।

*-ਹਰਜੀਤ ਦਿਓਲ, ਬਰੈਂਪਟਨ*

# ਸਭੈ ਸਾਝੀਵਾਲ ਸਦਾਇਨ



ਡਾ. ਗੁਰਨਾਮ ਕੌਰ, ਕੈਨੇਡਾ

ਗੁਰੂ ਨਾਨਕ ਦੇਵ ਨਿਤਾਣੇ, ਲਤਾੜੇ, ਦੱਬੇ-ਕੁਚਲੇ ਮਨੁੱਖ ਨਾਲ ਖੜ੍ਹਦਿਆਂ ਇਹੀ ਅਰਦਾਸ ਕਰਦੇ ਹਨ ਕਿ ਉਨ੍ਹਾਂ ਦਾ ਸਾਥ ਅਜਿਹੇ ਲੋਕਾਂ ਨਾਲ ਬਣੇ, ਜੋ ਨੀਵੀਂ ਤੋਂ ਵੀ ਨੀਵੀਂ ਜਾਤਿ ਦੇ ਅਖਵਾਉਂਦੇ ਹਨ; ਅਰਥਾਤ ਵਰਣ-ਵੰਡ ਨੇ ਜਿਨ੍ਹਾਂ ਨੂੰ ਉਸ ਥਾਂ 'ਤੇ ਲਿਆ ਕੇ ਖੜ੍ਹੇ ਕਰ ਦਿੱਤਾ ਹੈ, ਜਿਸ ਨੂੰ ਸਮਾਜ ਵਿਚ ਸਭ ਤੋਂ ਹੇਠਲਾ ਦਰਜਾ ਦਿੱਤਾ ਗਿਆ। ਗੁਰੂ ਨਾਨਕ ਸਾਹਿਬ ਅਨੁਸਾਰ ਅਕਾਲ ਪੁਰਖ ਦੀ ਮਿਹਰ ਦੀ ਨਜ਼ਰ ਉਥੇ ਹੁੰਦੀ ਹੈ, ਜਿੱਥੇ ਗਰੀਬਾਂ ਦੀ ਸਾਰ ਲਈ ਜਾਂਦੀ ਹੈ। ਗੁਰੂ ਨਾਨਕ ਨੇ ਮਨੁੱਖਤਾ ਦੀ ਬਰਾਬਰੀ ਦਾ ਸਿਧਾਂਤ ੧ਓ ਨੂੰ ਕਰਤਾ ਪੁਰਖ ਮੰਨ ਕੇ, ਜਿਸ ਨੇ ਸਾਰੇ ਬ੍ਰਹਿਮੰਡ ਦੀ ਰਚਨਾ ਆਪਣੇ ਆਪ ਵਿਚੋਂ ਕੀਤੀ ਹੈ, ਦਿੱਤਾ ਹੈ। ਇਸੇ ਨੂੰ ਗੁਰੂ ਅਰਜਨ ਦੇਵ ਪੰਜਵੀਂ ਨਾਨਕ ਜੋਤਿ ਨੇ 'ਤੂੰ ਸਾਝਾ ਸਾਹਿਬੁ ਬਾਪੁ ਹਮਾਰਾ' ਕਹਿ ਕੇ ਮਨੁੱਖੀ ਏਕਤਾ, ਬਰਾਬਰੀ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਅਤੇ ਆਪਣੇ ਪੂਰਵਜ ਗੁਰੂਆਂ ਦੇ ਦਿੱਤੇ ਜੀਵਨ ਦਰਸ਼ਨ ਨੂੰ ਅੱਗੇ ਵਧਾਉਂਦਿਆਂ ਅਜਿਹੇ ਸਮਾਜ ਦੀ ਸਿਰਜਣਾ ਨੂੰ ਦ੍ਰਿੜ ਕਰਾਇਆ, ਜਿਸ ਵਿਚ 'ਸਭੇ ਸਾਝੀਵਾਲ ਸਦਾਇਨ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ' ਅਨੁਸਾਰ ਸਾਰੇ ਜੀਵਾਂ ਨੂੰ ਸਿਰਫ ਤੇ ਸਿਰਫ ਉਸ ਇੱਕ ਦੀ ਆਸ ਬੰਨ੍ਹਾਈ ਹੈ, ਜੋ ਸਾਰਿਆਂ ਦੇ ਅੰਦਰ ਵੱਸ ਰਿਹਾ ਹੈ; ਕੋਈ ਵੀ ਉਸ ਤੋਂ ਬਾਹਰ ਨਹੀਂ ਹੈ। ਇਸੇ ਨੂੰ ਪੰਚਮ ਗੁਰੂ ਨੇ 'ਹਲੇਮੀ ਰਾਜੁ' ਕਿਹਾ ਹੈ। ਇੱਥੇ ਨਿਮਰਤਾ ਦਾ ਵਾਰਾ-ਪਹਿਰਾ ਹੈ, ਜਿਸ ਵਿਚ ਪਰਮਾਤਮਾ ਦੀ ਮਿਹਰ ਸਦਕਾ ਲੋਕ ਖੁਸ਼ੀ ਖੁਸ਼ੀ ਵੱਸਦੇ ਹਨ ਅਤੇ ਕੋਈ ਕਿਸੇ ਨਾਲ ਧੱਕਾ ਨਹੀਂ ਕਰ ਸਕਦਾ। ਅਜਿਹੀ ਪ੍ਰਾਪਤੀ ਲਈ ਮਨੁੱਖ ਨੂੰ ਕਾਮ, ਕਰੋਧ, ਲੋਭ, ਮੋਹ ਅਤੇ ਹਉਮੈ ਵਰਗੇ ਵਿਕਾਰਾਂ ਨੂੰ ਆਪਣੇ ਵੱਸ ਵਿਚ ਕਰਨਾ ਪੈਂਦਾ ਹੈ। ਇਨ੍ਹਾਂ ਨੂੰ ਬਾਣੀ ਵਿਚ 'ਪੰਚ ਚੋਰ' ਕਿਹਾ ਹੈ, ਕਿਉਂਕਿ ਅਸਲ ਵਿਚ ਇਹ ਵਿਕਾਰ ਜੇ ਸਤਿ, ਸੰਤੋਖ, ਦਇਆ ਅਤੇ ਗਿਆਨ ਆਦਿ ਗੁਣਾਂ ਰਾਹੀਂ ਕਾਬੂ ਵਿਚ ਨਾ ਰੱਖੇ ਜਾਣ ਤਾਂ ਹਰ ਤਰ੍ਹਾਂ ਦੀ ਬੁਰਾਈ ਨੂੰ ਜਨਮ ਦਿੰਦੇ ਹਨ; ਮਨੁੱਖ ਨੂੰ ਬੁਰੇ ਕਰਮ ਕਰਨ ਲਈ ਉਕਸਾਉਂਦੇ ਹਨ। ਇਨ੍ਹਾਂ ਵਿਕਾਰਾਂ ਨੂੰ ਕਾਬੂ ਕਰ ਲੈਣ ਨੂੰ ਹੀ ਪੰਜਵੇਂ ਗੁਰੂ ਨੇ 'ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ' ਕਿਹਾ ਹੈ।

ਅਜਿਹੇ ਸਥਾਨ ਦੀ ਵਿਆਖਿਆ ਕਰਦਿਆਂ, ਭਗਤ ਰਵਿਦਾਸ ਇਸ ਨੂੰ 'ਬੇਗਮ ਪੁਰਾ' ਕਹਿੰਦੇ ਹਨ, ਜਿਸ ਵਿਚ ਕਿਸੇ ਗ਼ਮ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਇਸ ਸਥਾਨ 'ਤੇ ਕੋਈ ਦੁੱਖ ਅਤੇ ਕਿਸੇ ਕਿਸਮ ਦੀ ਚਿੰਤਾ ਜਾਂ ਫਿਕਰ ਨਹੀਂ ਹੈ। ਇਥੇ ਕੋਈ ਘਬਰਾਹਟ ਨਹੀਂ, ਨਾ ਕੋਈ ਦੁਨਿਆਵੀ ਜਾਇਦਾਦ ਹੈ ਅਤੇ ਨਾ ਹੀ ਉਸ ਜਾਇਦਾਦ 'ਤੇ ਲੱਗਣ ਵਾਲਾ ਕੋਈ ਕਰ ਜਾਂ ਮਸੂਲ ਹੈ। ਇਥੇ ਕਿਸੇ ਕਿਸਮ ਦਾ ਕੋਈ ਖੌਫ ਨਹੀਂ ਅਤੇ ਨਾ ਹੀ ਕੋਈ ਬੁਰਾ ਕਰਮ ਕਰਨ ਦਾ ਖਤਰਾ ਹੈ। ਕੋਈ ਗਿਰਾਵਟ ਨਹੀਂ, ਕਿਸੇ ਘਾਟੇ ਦਾ ਡਰ ਨਹੀਂ। ਭਗਤ ਰਵਿਦਾਸ ਜੀ ਕਹਿੰਦੇ ਹਨ, ਮੇਰੇ ਭਾਈ! ਮੈਂ ਰਹਿਣ ਲਈ ਅਜਿਹੀ ਸੁਹਣੀ ਥਾਂ ਲੱਭ ਲਈ ਹੈ, ਜਿੱਥੇ ਸਦੀਵੀ ਸੁਖ ਹੀ ਸੁਖ ਹੈ। ਉਹ ਅਜਿਹੀ ਪਾਤਿਸ਼ਾਹੀ ਹੈ, ਜੋ ਸਦਾ ਟਿਕੀ ਰਹਿਣ ਵਾਲੀ ਹੈ। ਉਥੇ ਕੋਈ ਦਰਜਾਬੰਦੀ ਨਹੀਂ, ਕੋਈ ਪਹਿਲੇ ਦਰਜੇ ਜਾਂ ਦੂਜੇ, ਤੀਜੇ ਦਰਜੇ ਦਾ ਸ਼ਹਿਰੀ ਨਹੀਂ, ਸਭ ਬਰਾਬਰ ਹਨ। ਉਹ ਸ਼ਹਿਰ ਸਦਾ ਮਸ਼ਹੂਰ ਹੈ, ਜਿੱਥੇ ਸਾਰੇ ਧਨੀ ਅਤੇ ਰੱਜੇ ਹੋਏ ਬੰਦੇ ਵੱਸਦੇ ਹਨ ਅਰਥਾਤ ਕੋਈ ਥੁੜ੍ਹਾਂ ਦਾ ਮਾਰਿਆ ਹੋਇਆ ਨਹੀਂ ਹੈ। ਇੱਥੇ ਲੋਕ ਬੇਫਿਕਰ ਹੋ ਕੇ ਅਨੰਦ ਨਾਲ ਫਿਰਦੇ ਹਨ, ਕਿਉਂਕਿ ਉਹ ਸਾਰੇ ਉਸ ਮਹਿਲ ਦੇ ਭੇਤੀ ਹਨ। ਇਸ ਲਈ ਕੋਈ ਕਿਸੇ ਨੂੰ ਰੁਕਾਵਟ ਨਹੀਂ ਪਾ ਸਕਦਾ। ਭਗਤ ਰਵਿਦਾਸ, ਜਿਨ੍ਹਾਂ ਨੇ ਹਰ ਤਰ੍ਹਾਂ ਦੇ ਦੁੱਖਾਂ ਤਕਲੀਫਾਂ ਤੋਂ ਆਜ਼ਾਦੀ ਪਾ ਲਈ ਹੈ, ਕਹਿੰਦੇ ਹਨ ਕਿ ਜੋ ਸਾਡਾ ਮਿੱਤਰ ਹੈ, ਉਹ ਸਾਡਾ ਸਤਿਸੰਗੀ ਹੈ,

ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੋ ਮੀਤੁ ਹਮਾਰਾ॥

ਇੱਥੇ ਇਸ ਤੱਥ ਨੂੰ ਸਮਝਣਾ ਵੀ ਜ਼ਰੂਰੀ ਬਣ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਜੋ ਸਿਧਾਂਤ ਦਿੱਤੇ ਗਏ ਹਨ, ਉਨ੍ਹਾਂ ਦਾ ਜਿੱਥੇ ਅਧਿਆਤਮਕ ਸੰਦਰਭ ਹੈ, ਉਥੇ ਨਾਲ ਹੀ ਅਮਲੀ ਪ੍ਰਕਾਸ਼ਨ ਦੀ ਪੂਰੀ ਸੰਭਾਵਨਾ ਕਾਇਮ ਹੈ, ਜਿਸ ਲਈ ਯਤਨ ਕਰਨੇ ਪੈਂਦੇ ਹਨ ਅਤੇ ਯਤਨ ਕੀਤੇ ਗਏ। ਇਹ ਕੋਈ ਇਕੱਲਵਾਂਝੇ ਬੈਠ ਕੇ ਅਧਿਆਤਮਕ ਉਥਾਨ ਜਾਂ ਅਭਿਆਸ ਕਰਨ ਦੀ ਪ੍ਰਕਿਰਿਆ ਨਹੀਂ ਹੈ। ਸਮਾਜ ਵਿਚ ਅਜਿਹੇ ਹਾਲਾਤ ਦੀ ਸਿਰਜਣਾ ਕਰਨ ਦਾ ਉਪਰਾਲਾ ਹੈ, ਜਿੱਥੇ ਵੱਸਣ ਵਾਲੇ ਲੋਕ ਅਧਿਆਤਮਕ ਅਨੰਦ ਦੇ ਨਾਲ ਨਾਲ ਦੁਨਿਆਵੀ ਤੌਰ 'ਤੇ ਮਨੁੱਖੀ ਸਮਾਨਤਾ, ਮਨੁੱਖੀ ਮਾਨ-ਸਨਮਾਨ, ਨਿਆਉਂਸ਼ੀਲ ਅਤੇ ਸੁਖੀ ਜੀਵਨ ਗੁਜ਼ਾਰ ਸਕਣ। ਜੋ ਸਿਧਾਂਤ ਅਮਲ ਵਿਚ ਨਹੀਂ ਆ ਸਕਦਾ, ਉਸ ਦੀ ਪੈਰਵੀ ਗੁਰਬਾਣੀ ਵਿਚ ਕਿਧਰੇ ਨਹੀਂ ਕੀਤੀ ਗਈ। ਇਸੇ ਲਈ ਗੁਰੂ ਨਾਨਕ ਸਹਿਬ ਤੋਂ ਲੈ ਕੇ ਦਸਵੇਂ ਗੁਰੂ ਗੋਬਿੰਦ ਸਿੰਘ ਤੱਕ, ਆਮ ਲੋਕਾਈ 'ਤੇ ਹੋ ਰਹੇ ਕਿਸੇ ਵੀ ਕਿਸਮ ਦੇ ਧੱਕੇ ਅਤੇ ਜ਼ੁਲਮ ਦੇ ਵਿਰੁੱਧ ਅਵਾਜ਼ ਉਠਾਈ ਗਈ। ਇਹ ਧੱਕਾ ਜਾਂ ਜ਼ੁਲਮ ਭਾਵੇਂ ਹਕੂਮਤ ਜਾਂ ਉਸ ਦੀ ਅਫਸਰਸ਼ਾਹੀ ਵੱਲੋਂ ਸੀ, ਪੁਜਾਰੀ ਜਮਾਤ ਵੱਲੋਂ ਸੀ, ਜਾਤੀ ਜਾਂ ਜਮਾਤੀ ਵਰਗ-ਵੰਡ ਦੀ ਵਜ੍ਹਾ ਕਰਕੇ ਸੀ, ਤਕੜੇ ਵੱਲੋਂ ਮਾੜੇ ਅਤੇ ਕਮਜ਼ੋਰ ਵਰਗ 'ਤੇ ਸੀ ਜਾਂ ਫਿਰ ਬਾਬਰ ਵਰਗੇ ਕਿਸੇ ਬਾਹਰੀ ਹਮਲਾਵਰ ਵੱਲੋਂ ਸੀ।

ਗੁਰੂ ਸਾਹਿਬਾਨ ਨੇ ਸਿਰਫ ਇੱਕ ਨਵੇਂ ਧਰਮ ਦੀ ਹੀ ਸਥਾਪਨਾ ਨਹੀਂ ਕੀਤੀ, ਸਗੋਂ ਇੱਕ ਨਵੇਂ ਸਮਾਜ ਦੀ ਸਿਰਜਣਾ ਲਈ ਸੰਗਤੀ ਅਤੇ ਸੰਸਥਾਗਤ ਉਪਰਾਲੇ ਕੀਤੇ। ਨਵੇਂ ਸਮਾਜ ਦੀ ਸਿਰਜਣਾ ਲਈ ਆਲੇ-ਦੁਆਲੇ ਨੂੰ ਬਦਲਨਾ ਪੈਂਦਾ ਹੈ ਅਤੇ ਆਲੇ-ਦੁਆਲੇ ਨੂੰ ਬਦਲਣ ਲਈ ਮਨੁੱਖੀ ਮਾਨਸਿਕਤਾ ਨੂੰ ਬਦਲਣਾ ਬਹੁਤ ਅਹਿਮ ਤੇ ਲਾਜ਼ਮ ਹੁੰਦਾ ਹੈ, ਕਿਉਂਕਿ ਸਾਰੀਆਂ ਬੁਰਾਈਆਂ ਮਨੁੱਖੀ ਮਾਨਸਿਕਤਾ ਵਿਚ ਨਿਹਿਤ ਹੁੰਦੀਆਂ ਹਨ। ਮਨੁੱਖੀ ਮਾਨਸਿਕਤਾ ਨੂੰ ਬਦਲੇ ਬਿਨਾ ਕਿਸੇ ਕਿਸਮ ਦਾ ਬਦਲਾਉ ਲਿਆਉਣਾ ਸੰਭਵ ਨਹੀਂ ਹੁੰਦਾ। ਸਥਾਪਤ ਧਾਰਮਿਕ ਵਿਚਾਰਧਾਰਾ, ਕਰਮ-ਕਾਂਡ, ਸਮਾਜਕ ਪਰੰਪਰਾਵਾਂ ਖਾਸ ਕਰਕੇ ਜਾਤ-ਪਾਤ ਜਿਹਾ ਵਰਣ-ਵੰਡ ਪ੍ਰਬੰਧ, ਜਿਸ ਨੂੰ ਧਾਰਮਿਕ ਪ੍ਰਵਾਨਗੀ ਮਿਲੀ ਹੋਈ ਹੋਵੇ, ਰਾਜਨੀਤਕ ਨਿਜ਼ਾਮ ਆਦਿ ਬਦਲਾਉ ਦੇ ਅਮਲ ਨੂੰ ਸੌਖੇ ਕੀਤਿਆਂ ਬਰਦਾਸ਼ਤ ਨਹੀਂ ਕਰਦੇ ਹੁੰਦੇ। ਮਨੁੱਖੀ ਮਾਨਸਿਕਤਾ ਨੂੰ ਬਦਲਣ ਅਤੇ ਦ੍ਰਿੜਤਾ ਪ੍ਰਦਾਨ ਕਰਨ ਲਈ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ, ਦਸਵੀਂ ਨਾਨਕ ਜੋਤਿ ਤੱਕ ਕਰੀਬ ਦੋ-ਢਾਈ ਸੌ ਸਾਲ ਤੱਕ ਦਾ ਸਮਾਂ ਲੱਗਿਆ, ਜਿਸ ਵਿਚ ਸਥਾਪਤੀਆਂ ਵੱਲੋਂ ਬਹੁਤ ਤਰ੍ਹਾਂ ਦੇ ਅੜਿੱਕੇ ਡਾਹੁਣ ਦੇ ਨਾਲ ਨਾਲ ਵਿਚਾਰਧਾਰਾ ਵਿਚ ਘੁਸਪੈਠ ਕਰਨ, ਸੰਨ੍ਹ ਲਾਉਣ ਦੀ ਕੋਸ਼ਿਸ਼ ਵੀ ਲਗਾਤਾਰ ਜਾਰੀ ਰਹੀ। ਇਸ ਦੀ ਪਹਿਲੀ ਮਿਸਾਲ ਗੁਰੂ ਪਰਿਵਾਰ ਵਿਚੋਂ ਬਾਬਾ ਸ੍ਰੀ ਚੰਦ ਦੇ ਰੂਪ ਵਿਚ ਸੰਨ੍ਹ ਲਾਉਣਾ ਹੈ, ਜੋ ਗੁਰੂ ਨਾਨਕ ਸਾਹਿਬ ਦੇ ਗ੍ਰਿਹਸਥ-ਪ੍ਰਧਾਨ ਫਲਸਫੇ ਦੇ ਉਲਟ ਸੰਨਿਆਸ ਧਾਰਨ ਕਰਦਾ ਹੈ; ਇਸ ਦੇ ਨਾਲ ਹੀ 'ਨਾਨਕ' ਛਾਪ ਹੇਠਾਂ ਕੱਚੀ ਬਾਣੀ ਦਾ ਰਚਿਆ ਜਾਣਾ, ਜੋ ਗੁਰੂ ਅਮਰਦਾਸ ਜੀ ਦੇ ਵੇਲੇ ਤੱਕ ਸ਼ੁਰੂ ਹੋ ਚੁਕਾ ਸੀ, ਇਸ ਦਾ ਸੰਕੇਤ ਸਾਨੂੰ ਰਾਗੁ ਰਾਮਕਲੀ ਵਿਚ ਗੁਰੂ ਅਮਰ ਦਾਸ ਦੀ ਬਾਣੀ 'ਅਨੰਦੁ' ਵਿਚੋਂ ਮਿਲ ਜਾਂਦਾ ਹੈ, 'ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ' ਅਤੇ 'ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥' ਧੀਰ ਮੱਲੀਆਂ, ਪ੍ਰਿਥੀ ਚੰਦੀਆਂ ਜਾਂ ਰਾਮਰਾਈਆਂ ਦੇ ਰੂਪ ਵਿਚ ਸਿਧਾਂਤਕ ਅਤੇ ਵਿਹਾਰਕ ਘੁਸਪੈਠ ਕਰਨ, ਸੰਨ੍ਹ ਲਾਉਣ ਦੀਆਂ ਇਹ ਕੋਸ਼ਿਸ਼ਾਂ ਬਹੁਤ ਜੋਰ-ਸ਼ੋਰ ਨਾਲ ਲਗਾਤਾਰ ਚਲਦੀਆਂ ਰਹੀਆਂ।

ਗੁਰੂ ਰਾਮ ਦਾਸ ਜੀ ਦੇ ਸਮੇਂ ਤੱਕ ਸਿੱਖ ਧਰਮ ਦਾ ਪ੍ਰਚਾਰ ਅਤੇ ਪਾਸਾਰ ਸ਼ਾਂਤਮਈ ਰੂਪ ਵਿਚ ਚੱਲਦਾ ਰਿਹਾ, ਪਰ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਪਹੁੰਚਦਿਆਂ ਪਹੁੰਚਦਿਆਂ ਨਵਾਂ ਧਰਮ ਹਕੂਮਤ ਦੀਆਂ ਅੱਖਾਂ ਵਿਚ ਵੀ ਰੜਕਣ ਲੱਗ ਪਿਆ ਸੀ। ਇਹ ਇਤਿਹਾਸਕ ਤੱਥ ਹੈ ਕਿ ਜਹਾਂਗੀਰ ਬਾਦਸ਼ਾਹ ਦੇ ਹੁਕਮ ਨਾਲ ਹੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਤੇ ਬਿਠਾ ਕੇ, ਸੀਸ 'ਤੇ ਗਰਮ ਰੇਤ ਪੁਆ ਕੇ ਸ਼ਹੀਦ ਕੀਤਾ ਗਿਆ; ਬੇਸ਼ੱਕ ਇਸ ਵਿਚ ਜਾਤਿ-ਅਭਿਮਾਨੀ ਚੰਦੂ ਦਾ ਵੀ ਬਹੁਤ ਵੱਡਾ ਹੱਥ ਸੀ। ਇਸ ਦਾ ਜ਼ਿਕਰ 'ਤੁਜ਼ਕ-ਏ-ਜਹਾਂਗੀਰੀ' (ਜਹਾਂਗੀਰ ਦੀਆਂ ਯਾਦਾਂ) ਵਿਚ ਜਹਾਂਗੀਰ ਬਾਦਸ਼ਾਹ ਵੱਲੋਂ ਕੀਤਾ ਮਿਲਦਾ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ ਸੀ ਕਿ ਜ਼ੁਲਮ ਦਾ ਮੁਕਾਬਲਾ ਕਰਨ ਲਈ ਹਥਿਆਰਬੰਦ ਰਸਤਾ ਅਪਨਾਉਣਾ ਪੈਣਾ ਹੈ। ਛੇਵੇਂ ਗੁਰੂ ਹਰਗੋਬਿੰਦ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੋਣ ਸਮੇਂ ਦੋ ਤਲਵਾਰਾਂ ਪਹਿਨੀਆਂ, ਜੋ ਪੀਰੀ ਅਤੇ ਮੀਰੀ ਦੀਆਂ ਪ੍ਰਤੀਕ ਹਨ ਅਤੇ ਜਿਸ ਦਾ ਅਰਥ ਹੈ ਕਿ ਗੁਰੂ ਦੇ ਸਿੱਖ ਨੇ 'ਸੰਤ ਅਤੇ ਸਿਪਾਹੀ' ਦੋਵਾਂ ਗੁਣਾਂ ਦਾ ਧਾਰਨੀ ਹੋਣਾ ਹੈ। ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਕੀਤੀ, ਜੋ ਅਧਿਆਤਮਕਤਾ ਦਾ ਪ੍ਰਤੀਕ ਹੈ ਅਤੇ ਜਿਸ ਦੀ ਉਸਾਰੀ ਕਰਦਿਆਂ ਚਾਰ ਦਿਸ਼ਾਵਾਂ ਵਿਚ ਚਾਰ ਦਰਵਾਜੇ ਰੱਖੇ ਗਏ, ਜੋ ਸਾਰੀ ਮਾਨਵਤਾ ਲਈ ਬਿਨਾ ਕਿਸੇ ਵਿਤਕਰੇ ਦੇ ਖੁੱਲ੍ਹੇ ਪ੍ਰਵੇਸ਼ ਦੇ ਸਵਾਗਤ ਦਾ ਪ੍ਰਤੀਕ ਹਨ ਭਾਵੇਂ ਕੋਈ ਸੰਸਾਰ ਦੇ ਕਿਸੇ ਵੀ ਸਥਾਨ, ਧਰਮ, ਜਾਤਿ ਜਾਂ ਵਰਗ ਨਾਲ ਸਬੰਧਤ ਹੋਵੇ। ਗੁਰੂ ਹਰਗੋਬਿੰਦ ਸਾਹਿਬ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਬੁੰਗਾ (ਸ੍ਰੀ ਅਕਾਲ ਤਖਤ ਸਾਹਿਬ) ਦੀ ਉਸਾਰੀ ਕਰਵਾਈ, ਜਿੱਥੇ ਬੈਠ ਕੇ ਦੁਨਿਆਵੀ ਮਸਲਿਆਂ ਦਾ ਹੱਲ ਕੀਤਾ ਜਾਣ ਲੱਗਾ। ਸਿੱਖਾਂ ਨੂੰ ਮਾਰਸ਼ਲ ਆਰਟ ਅਤੇ ਸਰੀਰਕ ਸਿੱਖਿਆ ਦੀ ਸਿਖਲਾਈ ਦਿੱਤੀ ਜਾਣ ਲੱਗੀ ਅਤੇ ਫੌਜ ਤਿਆਰ ਕੀਤੀ ਗਈ। ਗੁਰੂ ਹਰਗੋਬਿੰਦ ਸਾਹਿਬ ਨੂੰ ਜਹਾਂਗੀਰ ਦੇ ਸਮੇਂ ਗਵਾਲੀਅਰ ਦੇ ਕਿਲੇ ਵਿਚ ਕੈਦ ਵੀ ਕੀਤਾ ਗਿਆ ਅਤੇ ਬਾਦਸ਼ਾਹ ਸ਼ਾਹਜਹਾਨ ਸਮੇਂ ਮੁਗਲਾਂ ਨਾਲ ਲੜਾਈਆਂ ਵੀ ਲੜਨੀਆਂ ਪਈਆਂ। ਗੁਰੂ ਹਰਗੋਬਿੰਦ ਸਾਹਿਬ ਦੀ ਆਗਿਆ ਨਾਲ ਕਰਤਾਰਪੁਰ ਦੇ ਯੁੱਧ ਵਿਚ ਤੇਗ ਬਹਾਦਰ (ਗੁਰੂ) ਨੇ ਮਹਿਜ਼ 13 ਸਾਲ ਦੀ ਉਮਰ ਵਿਚ ਹਿੱਸਾ ਲਿਆ ਅਤੇ ਇੱਥੋਂ ਹੀ ਦੁਸ਼ਮਣ ਨਾਲ ਉਨ੍ਹਾਂ ਦੀ ਤਲਵਾਰ ਦੇ ਜੌਹਰ ਦੇਖਦਿਆਂ ਉਨ੍ਹਾਂ ਦਾ ਨਾਮ ਤੇਜ ਮੱਲ ਤੋਂ ਤੇਗ ਬਹਾਦਰ ਪਿਆ। ਕਹਿਣ ਤੋਂ ਭਾਵ ਮਜ਼ਲੂਮਾਂ ਨਾਲ ਖੜ੍ਹੇ ਹੋਣਾ ਅਤੇ ਜ਼ੁਲਮ ਨਾਲ ਟੱਕਰ ਲੈਣੀ, ਜਿਸ ਲਈ ਲੋੜ ਪੈਣ 'ਤੇ ਸ਼ਹਾਦਤ ਵੀ ਦਿਤੀ ਜਾ ਸਕਦੀ ਹੈ, ਹਥਿਆਰ ਵੀ ਚੁੱਕਣੇ ਪੈ ਸਕਦੇ ਹਨ; ਅਤੇ ਅਧਿਆਤਮਕਤਾ ਅਤੇ ਸੰਸਾਰਕਤਾ ਦਾ ਸੁਮੇਲ, ਇਹ ਸਭ ਕੁਝ ਗੁਰੂ ਗੋਬਿੰਦ ਸਿੰਘ ਜੀ ਨੂੰ ਬਾਬੇ ਨਾਨਕ ਤੋਂ ਲੈ ਕੇ ਗੁਰੂ ਤੇਗ ਬਹਾਦਰ ਤੱਕ ਵਿਰਾਸਤ ਵਿਚ ਮਿਲਿਆ।

ਬਾਲਕ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਦਾ ਜਨਮ ਪਟਨਾ (ਸਾਹਿਬ) ਵਿਖੇ 1666 ਈਸਵੀ ਨੂੰ ਹੋਇਆ, ਜਦੋਂ ਗੁਰੂ ਤੇਗ ਬਹਾਦਰ ਆਪਣੇ ਪਰਿਵਾਰ ਨੂੰ ਪਟਨਾ ਵਿਖੇ ਠਹਿਰਾ ਕੇ ਆਪ ਸਿੱਖ ਧਰਮ ਦੇ ਪ੍ਰਚਾਰ ਅਤੇ ਪਾਸਾਰ ਲਈ ਬੰਗਾਲ ਅਤੇ ਆਸਾਮ ਵਗੈਰਾ ਦੇ ਦੌਰੇ 'ਤੇ ਸਨ। ਸੰਨ 1670 ਵਿਚ ਜਦੋਂ ਗੁਰੂ ਤੇਗ ਬਹਾਦਰ ਵਾਪਸ ਪਟਨਾ ਆਏ ਤਾਂ ਉਨ੍ਹਾਂ ਨੇ ਆਪਣੀ ਪਤਨੀ ਗੁਜਰੀ ਜੀ ਨੂੰ ਆਪਣੀ ਮਾਤਾ ਨਾਨਕੀ ਅਤੇ ਬਾਲਕ ਗੋਬਿੰਦ ਰਾਇ ਸਮੇਤ ਪੰਜਾਬ, ਚੱਕ ਨਾਨਕੀ (ਅਨੰਦਪੁਰ ਸਾਹਿਬ) ਵਾਪਸ ਜਾਣ ਲਈ ਕਿਹਾ। ਕਰੀਬ 1672 ਈ. ਵਿਚ ਪਰਿਵਾਰ ਪੰਜਾਬ ਪਹੁੰਚਿਆ। ਅਨੰਦਪੁਰ ਸਾਹਿਬ ਵਿਖੇ ਬਾਲਕ ਗੋਬਿੰਦ ਰਾਇ ਦੀ ਗੁਰਮੁਖੀ, ਫਾਰਸੀ, ਸੰਸਕ੍ਰਿਤ ਅਤੇ ਬ੍ਰਿਜ ਭਾਸ਼ਾ ਦੀ ਸਿੱਖਿਆ ਦੇ ਨਾਲ ਨਾਲ ਸ਼ਸਤਰ ਵਿੱਦਿਆ ਆਦਿ ਦਾ ਪ੍ਰਬੰਧ ਮਾਤਾ ਗੁਜਰੀ ਨੇ ਕੀਤਾ। ਸੰਨ 1675 ਦੇ ਅਰੰਭ ਵਿਚ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ ਕਸ਼ਮੀਰੀ ਪੰਡਿਤ ਫਰਿਆਦ ਲੈ ਕੇ ਗੁਰੂ ਤੇਗ ਬਹਾਦਰ ਜੀ ਕੋਲ ਆਏ ਕਿ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਮੁਗਲ ਜਰਨੈਲ ਇਫਤਿਕਾਰ ਖਾਨ ਉਨ੍ਹਾਂ ਨੂੰ ਇਸਲਾਮ ਅਪਨਾਉਣ ਲਈ ਮਜ਼ਬੂਰ ਕਰ ਰਿਹਾ ਹੈ ਅਤੇ ਔਰੰਗਜ਼ੇਬ ਵੱਲੋਂ ਸੋਚਣ ਲਈ ਛੇ ਮਹੀਨੇ ਦਾ ਵਕਤ ਦਿੱਤਾ ਗਿਆ ਹੈ। ਜੇ ਉਹ ਇਸਲਾਮ ਕਬੂਲ ਨਹੀਂ ਕਰਨਗੇ ਤਾਂ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇਗਾ। ਮਹਿਜ 9 ਸਾਲ ਦੀ ਉਮਰ ਵਿਚ ਉਨ੍ਹਾਂ ਨੇ ਪਿਤਾ ਗੁਰੂ ਤੇਗ ਬਹਾਦਰ ਨੂੰ ਉਨ੍ਹਾਂ ਦੇ ਚਿਹਰੇ 'ਤੇ ਉਭਰੀ ਡੂੰਘੀ ਸੋਚ ਦਾ ਕਾਰਨ ਪੁੱਛਿਆ ਤਾਂ ਪਿਤਾ ਗੁਰੂ ਨੇ ਕਸ਼ਮੀਰੀ ਪੰਡਿਤਾਂ ਦੀ ਸਮੱਸਿਆ ਅਤੇ ਫਰਿਆਦ ਬਾਰੇ ਦੱਸਦਿਆਂ ਇਹ ਵੀ ਕਿਹਾ ਕਿ ਇਸ ਵੇਲੇ ਧਰਤੀ 'ਤੇ ਪਾਪਾਂ ਦਾ ਭਾਰ ਵਧਦਾ ਜਾਂਦਾ ਹੈ, ਜਿਸ ਨੂੰ ਰੋਕਣ ਲਈ ਕਿਸੇ ਮਹਾਪੁਰਸ਼ ਨੂੰ ਅੱਗੇ ਆਉਣਾ ਪਵੇਗਾ। ਇਸ ਦੇ ਉੱਤਰ ਵਿਚ ਬਾਲਕ ਗੋਬਿੰਦ ਰਾਇ ਦਾ ਕਹਿਣਾ ਸੀ ਕਿ ਉਨ੍ਹਾਂ (ਗੁਰੂ ਤੇਗ ਬਹਾਦਰ) ਤੋਂ ਵੱਧ ਹੋਰ ਕੌਣ ਇਸ ਦੇ ਯੋਗ ਹੋ ਸਕਦਾ ਹੈ। ਇਸ ਉਪਰੰਤ ਗੁਰੂ ਤੇਗ ਬਹਾਦਰ ਨੇ ਮਨੁੱਖੀ ਹੱਕਾਂ ਦੀ ਰਾਖੀ ਕਰਦਿਆਂ ਕਿ ਹਰ ਇੱਕ ਨੂੰ ਆਪਣੇ ਇਸ਼ਟ ਨੂੰ ਧਿਆਉਣ ਦਾ ਹੱਕ ਹੈ, ਗੁਰਗੱਦੀ ਗੋਬਿੰਦ ਰਾਇ ਨੂੰ ਸੌਂਪੀ ਅਤੇ ਦਿੱਲੀ ਜਾ ਕੇ ਨਵੰਬਰ 1675 ਵਿਚ ਔਰੰਗਜ਼ੇਬ ਦੇ ਜ਼ੁਲਮ ਦੇ ਖਿਲਾਫ ਆਪਣੀ ਸ਼ਹਾਦਤ ਦਿੱਤੀ।

ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਦਸਮ ਗੁਰੂ ਨੇ ਐਲਾਨ ਕੀਤਾ ਕਿ ਉਹ ਅਜਿਹਾ ਪੰਥ ਤਿਆਰ ਕਰਨਗੇ, ਜੋ ਜ਼ੁਲਮ ਨਾਲ ਟੱਕਰ ਲਵੇਗਾ, ਜੀਵਨ ਦੇ ਹਰ ਖੇਤਰ ਵਿਚ ਮਾਨਵਤਾ ਲਈ ਨਿਆਉਂ, ਬਰਾਬਰਤਾ ਅਤੇ ਅਮਨ ਕਾਇਮ ਕਰਨ ਲਈ ਤੱਤਪਰ ਰਹੇਗਾ। ਸੰਨ 1685 ਵਿਚ ਨਾਹਨ ਦੇ ਰਾਜੇ ਨੇ ਬੜੇ ਸਤਿਕਾਰ ਨਾਲ ਦਸਮ ਗੁਰੂ ਨੂੰ ਆਪਣੇ ਰਾਜ ਵਿਚ ਸੱਦਾ ਪੱਤਰ ਦਿੱਤਾ ਅਤੇ ਯਮੁਨਾ ਦੇ ਕਿਨਾਰੇ ਪੌਂਟਾ ਵਿਖੇ ਉਨ੍ਹਾਂ ਲਈ ਕਿਲਾ ਨੁਮਾ ਰਿਹਾਇਸ਼ ਦੀ ਉਸਾਰੀ ਕੀਤੀ। ਇੱਥੇ ਦਸਮ ਗੁਰੂ 1685 ਤੋਂ 1689 ਤੱਕ ਚਾਰ ਸਾਲ ਰਹੇ, ਜਿੱਥੇ ਸਿੱਖਾਂ ਨੂੰ ਘੋੜ-ਸਵਾਰੀ ਅਤੇ ਮਾਰਸ਼ਲ ਆਰਟ ਵਿਚ ਸਿਖਲਾਈ ਦੇਣ ਦੇ ਨਾਲ ਨਾਲ ਸਾਹਿਤਕ ਗਤੀਵਿਧੀਆਂ ਵੀ ਪੂਰੀ ਸਰਗਰਮੀ ਨਾਲ ਜਾਰੀ ਰੱਖੀਆਂ। ਗੁਰੂ ਸਾਹਿਬ ਦੀ ਸੰਗਤਿ ਵਿਚ 52 ਵੱਖ ਵੱਖ ਇਲਾਕਿਆਂ ਅਤੇ ਭਾਸ਼ਾ ਦੇ ਕਵੀ ਰਹਿ ਰਹੇ ਸਨ। ਇਨ੍ਹਾਂ ਵਿਚੋਂ ਸੰਸਕ੍ਰਿਤ ਭਾਸ਼ਾ ਦੇ ਕਵੀਆਂ ਨੇ ਪੁਰਾਤਨ ਸੰਸਕ੍ਰਿਤ ਸਾਹਿਤ ਨੂੰ ਪੰਜਾਬੀ ਅਤੇ ਬ੍ਰਿਜ ਭਾਸ਼ਾ ਵਿਚ ਅਨੁਵਾਦ ਕਰਨ ਦਾ ਕਾਰਜ ਕੀਤਾ। ਗੁਰੂ ਸਾਹਿਬ ਦੀ ਚੜ੍ਹਤ ਅਤੇ ਫੌਜੀ ਸਿਖਲਾਈ ਨੂੰ ਦੇਖਦਿਆਂ ਰਾਜਪੂਤ ਪਹਾੜੀ ਰਾਜਿਆਂ ਨੂੰ ਈਰਖਾ ਹੋਣ ਲੱਗੀ। ਉਨ੍ਹਾਂ ਨੇ ਗੜ੍ਹਵਾਲ ਦੇ ਰਾਜਾ ਫਤਿਹ ਚੰਦ ਦੀ ਅਗਵਾਈ ਵਿਚ 1688 ਵਿਚ ਹਮਲਾ ਕਰ ਦਿੱਤਾ, ਪਰ ਪੌਂਟਾ ਤੋਂ 10 ਮੀਲ ਉੱਤਰ-ਪੂਰਬ ਵੱਲ ਭੰਗਾਣੀ ਦੇ ਯੁੱਧ ਵਿਚ ਉਨ੍ਹਾਂ ਨੂੰ ਗੁਰੂ ਸਾਹਿਬ ਦੇ ਹੱਥੋਂ ਹਾਰ ਖਾਣੀ ਪਈ। ਇਸ ਲੜਾਈ ਵਿਚ ਮੁਸਲਮਾਨ ਪੀਰ ਬੁਧੂ ਸ਼ਾਹ ਨੇ ਆਪਣੇ ਪੰਜ ਪੁੱਤਰਾਂ ਅਤੇ 500 ਮੁਰੀਦਾਂ ਸਮੇਤ ਗੁਰੂ ਸਾਹਿਬ ਦਾ ਸਾਥ ਦਿੱਤਾ ਅਤੇ ਉਸ ਦੇ ਦੋ ਪੁੱਤਰ ਸ਼ਹੀਦ ਹੋ ਗਏ। ਇਸ ਉਪਰੰਤ ਗੁਰੂ ਸਾਹਿਬ ਅਨੰਦਪੁਰ ਵਾਪਸ ਆ ਗਏ। ਇੱਥੇ ਆ ਕੇ ਵੀ ਪਹਾੜੀ ਰਾਜੇ ਭੀਮ ਚੰਦ ਦੀ ਅਗਵਾਈ ਵਿਚ ਅਨੰਦਪੁਰ ਸਾਹਿਬ 'ਤੇ ਗਾਹੇ-ਵਗਾਹੇ ਹਮਲੇ ਕਰਦੇ ਰਹੇ।

ਗੁਰੂ ਨਾਨਕ ਸਾਹਿਬ ਦੇ ਅਰੰਭ ਕੀਤੇ ਮਿਸ਼ਨ ਦੀ ਪੂਰਤੀ ਲਈ ਦਸਮ ਗੁਰੂ ਨੇ 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਨੂੰ ਅਮਲੀ ਜਾਮਾ ਪਹਿਨਾਉਂਦਿਆਂ 1699 ਦੀ ਵਿਸਾਖੀ ਨੂੰ ਸੰਗਤਿ ਦੇ ਭਾਰੀ ਇਕੱਠ ਵਿਚ ਵਾਰੀ ਵਾਰੀ ਪੰਜ ਸਿਰਾਂ ਦੀ ਮੰਗ ਕੀਤੀ, ਜਿਨ੍ਹਾਂ ਨੂੰ ਖੰਡੇ-ਬਾਟੇ ਦੀ ਪਾਹੁਲ ਦੇ ਕੇ ਪੰਜ ਪਿਆਰੇ ਸਾਜੇ; 'ਸੰਗਤਿ' ਨੂੰ 'ਖਾਲਸੇ' ਦਾ ਰੂਪ ਬਖਸ਼ਿਸ਼ ਕੀਤਾ। ਗੁਰੂ ਹਰਗੋਬਿੰਦ ਸਾਹਿਬ ਵੱਲੋਂ ਦਿੱਤੇ 'ਪੀਰੀ ਅਤੇ ਮੀਰੀ' ਦੇ ਸਿਧਾਂਤ ਨੂੰ 'ਸੰਤ ਅਤੇ ਸਿਪਾਹੀ' ਹੋਣ ਦਾ ਜਜ਼ਬਾ ਭਰ ਕੇ ਹੋਰ ਦ੍ਰਿੜ ਕਰਾ ਦਿੱਤਾ ਤਾਂ ਕਿ ਉਹ ਆਪਣਾ ਆਪਾ ਗੁਰੂ ਨੂੰ ਸਮਰਪਤਿ ਕਰਦਿਆਂ, ਨਿਆਉਂ ਦੀ ਸਥਾਪਤੀ ਅਤੇ ਦੱਬੇ-ਕੁੱਚਲੇ ਲੋਕਾਂ ਨੂੰ ਉੱਚਾ ਚੁੱਕਣ ਲਈ ਜ਼ੁਲਮ ਦੇ ਖਿਲਾਫ ਡਟ ਕੇ ਟੱਕਰ ਦੇਣ ਦੇ ਯੋਗ ਹੋ ਸਕਣ। ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਉਨ੍ਹਾਂ ਨੂੰ ਆਪਣੇ ਨਾਮ ਨਾਲ 'ਸਿੰਘ' ਦਾ ਤਖੱਲਸ ਬਖਸ਼ਿਸ਼ ਕੀਤਾ। ਫਿਰ ਉਨ੍ਹਾਂ ਅੱਗੇ ਗੁਜਾਰਿਸ਼ ਕੀਤੀ ਕਿ ਉਹ ਪੰਜੇ ਆਪਣੇ ਗੁਰੂ ਨੂੰ ਅੰਮ੍ਰਿਤ ਛਕਾਉਣ। ਇਸ ਤਰ੍ਹਾਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਗੁਰੂ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਹੋ ਗਏ। ਇਹ ਪੰਜ ਪਿਆਰੇ ਵੱਖ ਵੱਖ ਵਰਣਾਂ/ਜਾਤਾਂ ਤੋਂ ਅਤੇ ਹਿੰਦੁਸਤਾਨ ਦੇ ਵੱਖ ਵੱਖ ਇਲਾਕਿਆਂ ਨਾਲ ਸਬੰਧਤ ਸਨ। ਬਹੁਤ ਵਿਸਥਾਰ ਵਿਚ ਨਾ ਜਾਂਦਿਆਂ ਭਾਈ ਦਇਆ ਸਿੰਘ ਲਾਹੌਰ ਦੇ ਖੱਤਰੀ, ਭਾਈ ਧਰਮ ਸਿੰਘ ਹਸਤਨਾਪੁਰ ਦੇ ਜੱਟ, ਭਾਈ ਮੋਹਕਮ ਸਿੰਘ ਦਵਾਰਕਾ (ਗੁਜਰਾਤ) ਦੇ ਛੀਂਬਾ, ਭਾਈ ਹਿੰਮਤ ਸਿੰਘ ਜਗਨਨਾਥ ਪੁਰੀ ਤੋਂ ਝੀਵਰ ਜਾਤ, ਭਾਈ ਸਾਹਿਬ ਸਿੰਘ ਬਿਦਰ ਤੋਂ ਨਾਈ ਜਾਤ ਨਾਲ ਸਬੰਧਤ ਸਨ। ਅੰਮ੍ਰਿਤਧਾਰੀ ਖਾਲਸੇ ਲਈ (ਇਸਤਰੀ ਹੋਵੇ ਜਾਂ ਪੁਰਸ਼) ਪੰਜ ਕਕਾਰਾਂ ਕੇਸ, ਕੰਘਾ, ਕ੍ਰਿਪਾਨ, ਕੜਾ, ਕਛਹਿਰਾ ਦੀ ਰਹਿਤ ਲਾਜ਼ਮ ਬਣਾਈ। ਗੁਰੂ ਸਾਹਿਬ ਨੇ ਆਦੇਸ਼ ਕੀਤਾ ਕਿ ਅੰਮ੍ਰਿਤ ਛਕਣ ਉਪਰੰਤ ਖਾਲਸਾ ਅਨੰਦਪੁਰ ਦਾ ਵਾਸੀ ਹੈ, ਉਸ ਦੀ ਕੋਈ ਜਾਤ-ਗੋਤ ਨਹੀਂ, ਉਸ ਦੇ ਪਿਤਾ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਹਨ। ਪੰਜ ਪਿਆਰਿਆਂ ਦੇ ਰੂਪ ਵਿਚ ਗੁਰੂ ਨੂੰ ਖਾਲਸੇ ਦਾ ਹੁਕਮ ਮੰਨਣਾ ਪਵੇਗਾ। ਇਸ ਤਰ੍ਹਾਂ 'ਪੰਚ ਪ੍ਰਧਾਨੀ' ਪ੍ਰਬੰਧ ਕਾਇਮ ਕੀਤਾ। ਇਤਿਹਾਸਕਾਰਾਂ ਅਨੁਸਾਰ ਕੁਝ ਹੀ ਦਿਨਾਂ ਵਿਚ ਅਨੰਦਪੁਰ ਸਾਹਿਬ ਦੀ ਧਰਤੀ ਤੇ ਹਜਾਰਾਂ ਦੀ ਗਿਣਤੀ ਵਿਚ ਸਿੱਖ ਬੀਬੀਆਂ ਅਤੇ ਪੁਰਸ਼ਾਂ ਨੇ ਅੰਮ੍ਰਿਤ ਛਕਿਆ ਤੇ ਬੀਬੀਆਂ ਦੇ ਨਾਮ ਨਾਲ ਅੰਮ੍ਰਿਤ ਛਕਣ ਉਪਰੰਤ 'ਕੌਰ' ਤਖੱਲਸ ਲੱਗਿਆ (ਕੌਰ ਦਾ ਸ਼ਾਬਦਿਕ ਅਰਥ ਕੰਵਰ ਅਰਥਾਤ ਰਾਜਕੁਮਾਰ ਹੈ)।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੂਰਵਜ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦੀ ਸੰਪੂਰਨਤਾ ਹਿਤ ਪ੍ਰੇਮ, ਬਰਾਬਰੀ, ਸਮਾਜਕ ਨਿਆਉਂ ਦੇ ਸਿਧਾਂਤਾਂ ਦੀ ਸਥਾਪਤੀ ਨੂੰ ਅੱਗੇ ਵਧਾਇਆ; ਭਗਤ ਰਵੀਦਾਸ ਦੇ ਕਥਨ 'ਨੀਚਹੁ ਊਚ ਕਰੈ ਮੇਰਾ ਗੋਬਿੰਦੁ' (ਇੱਥੇ ਗੋਬਿੰਦ ਸ਼ਬਦ ਪਰਮਾਤਮਾ ਲਈ ਵਰਤਿਆ ਹੈ), ਜਿਨ੍ਹਾਂ ਦੀ ਛੂਹ ਲੈਣ ਤੋਂ ਵੀ ਲੋਕ ਪ੍ਰਹੇਜ਼ ਕਰਦੇ ਸੀ, ਉਨ੍ਹਾਂ ਨੂੰ ਹਕੂਮਤੀ ਅਤੇ ਸਮਾਜਕ ਜ਼ੁਲਮ ਨਾਲ ਟੱਕਰ ਲੈਣ ਦੇ ਯੋਗ ਬਣਾਉਂਦਿਆਂ ਪੰਥ ਲਈ ਰਹਿਤ ਮਰਿਆਦਾ, ਨੈਤਿਕ ਰਹਿਣੀ ਦੇ ਨੇਮ ਨਿਰਧਾਰਤ ਕੀਤੇ, ਜਿਨ੍ਹਾਂ ਦੀ ਪਾਲਣਾ ਕਰਨ ਦੀ ਹਰ ਇੱਕ ਨੂੰ ਸਖਤ ਹਦਾਇਤ ਕੀਤੀ। ਕ੍ਰਿਪਾਨ ਬਹਾਦਰੀ ਅਤੇ ਸਵੈਮਾਣ ਦੀ ਪ੍ਰਤੀਕ ਬਣ ਗਈ, ਜਿਸ ਨੂੰ ਆਖਰੀ ਹਥਿਆਰ ਵਜੋਂ ਮਜ਼ਲੂਮ ਦੀ ਹਿਫਾਜ਼ਤ ਅਤੇ ਸਵੈ-ਰੱਖਿਆ ਲਈ ਕੱਢਣ ਦੀ ਹਦਾਇਤ ਕੀਤੀ, ਜਦੋਂ ਬਾਕੀ ਸਾਰੇ ਹੀਲੇ ਮੁੱਕ ਜਾਣ।

ਇਤਿਹਾਸ ਵਿਚ ਬਹੁਤ ਜ਼ਿਆਦਾ ਨਾ ਜਾਂਦਿਆਂ ਇੱਥੇ ਕੁਝ ਨੁਕਤੇ ਧਿਆਨ ਗੋਚਰ ਕਰਨ ਦੀ ਕੋਸ਼ਿਸ਼ ਹੈ। ਪਹਿਲਾ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨਿਆਉਂ, ਮਨੁੱਖੀ ਬਰਾਬਰੀ, ਮਨੁੱਖ ਦੇ ਮੌਲਿਕ ਹੱਕਾਂ ਦੀ ਸਥਾਪਤੀ ਲਈ ਹਰ ਯਤਨ ਕੀਤਾ, ਵਰਣ-ਵੰਡ ਪ੍ਰਬੰਧ ਨੂੰ ਤੋੜਆ, ਗਰੀਬਾਂ, ਲਿਤਾੜਿਆਂ, ਨਿਮਾਣਿਆਂ ਨੂੰ ਸਵੈਮਾਣ ਦਾ ਜੀਵਨ ਜਿਉਣਾ ਸਿਖਾਇਆ। ਪਹਾੜੀ ਰਾਜਪੂਤ ਰਾਜਿਆਂ ਅਤੇ ਮੁਗਲਾਂ 'ਤੇ ਆਪ ਕੋਈ ਹਮਲਾ ਨਹੀਂ ਕੀਤਾ, ਪਰ ਹਰ ਹਮਲੇ ਦਾ ਮੁਕਾਬਲਾ ਸਿੱਖਾਂ ਨੇ ਬਹਾਦਰੀ ਨਾਲ ਕੀਤਾ। ਔਰਤ ਦਾ ਸਤਿਕਾਰ ਕਰਨਾ ਸਿਖਾਇਆ ਅਤੇ ਉਨ੍ਹਾਂ ਨੇ ਗੁਰੂ ਨਾਨਕ ਦੇ ਫਲਸਫੇ ਦੀ ਪਾਲਣਾ ਕਰਦਿਆਂ ਔਰਤ ਨੂੰ ਬਰਾਬਰ ਤੇ ਅੰਮ੍ਰਿਤ ਛਕਣ ਦਾ ਹੱਕ ਦਿੱਤਾ। ਜੇ ਆਪਣੇ ਆਪ ਨੂੰ ਖਾਲਸੇ ਦੇ ਪਿਤਾ ਸਦਾਇਆ ਤਾਂ ਮਾਤਾ ਸਾਹਿਬ ਕੌਰ ਨੂੰ ਖਾਲਸੇ ਦੀ ਮਾਤਾ। 'ਅੰਮ੍ਰਿਤ' ਦੀ ਰਸਮ ਮਾਤਾ ਜੀ ਵੱਲੋਂ ਖੰਡੇ ਬਾਟੇ ਦੇ ਅੰਮ੍ਰਿਤ-ਜਲ ਵਿਚ ਪਤਾਸੇ ਪਾਉਣ ਨਾਲ ਪੂਰੀ ਹੋਈ। ਬੇਦਾਵਾ ਦੇ ਕੇ ਗਏ ਚਾਲੀ ਸਿੰਘਾਂ ਨੂੰ ਮਾਈ ਭਾਗੋ ਮੋੜ ਕੇ ਵਾਪਸ ਗੁਰੂ ਦੀ ਸ਼ਰਨ ਵਿਚ ਲਿਆਉਂਦੀ ਹੈ ਅਤੇ ਪੂਰੀ ਹਥਿਆਰਵੰਦ ਸਿੰਘਣੀ ਦੇ ਤੌਰ 'ਤੇ ਖਿਦਰਾਣੇ ਦੀ ਢਾਬ 'ਤੇ ਹੋਏ ਯੁੱਧ ਵਿਚ ਜਥੇ ਦੀ ਅਗਵਾਈ ਕਰਦੀ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਅੰਗ ਰੱਖਿਅਕ ਹੋਣ ਦਾ ਫਰਜ਼ ਵੀ ਨਿਭਾਉਂਦੀ ਹੈ। ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰੀ ਗੁਰੂ ਮਹਾਰਾਜ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਖਾਲਸਾ ਪੰਥ ਦੇ ਨਾਮ ਹੁਕਮਨਾਮੇ ਵੀ ਜਾਰੀ ਕਰਦੇ ਰਹੇ। ਅਨੰਦਪੁਰ ਸਾਹਿਬ ਛੱਡਣ ਉਪਰੰਤ ਪਰਿਵਾਰ ਜਦੋਂ ਵਿਛੜ ਗਿਆ ਤਾਂ ਗੁਰੂ ਸਾਹਿਬ ਦੇ ਛੋਟੇ ਪੁੱਤਰਾਂ-ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਨਾਲ ਉਨ੍ਹਾਂ ਦੇ ਦਾਦੀ ਮਾਤਾ ਗੁਜਰੀ ਜੀ ਸਨ; ਸਾਹਿਬਜ਼ਾਦਿਆਂ ਦੀ ਉਮਰ ਮਹਿਜ਼ ਨੌਂ ਅਤੇ ਸੱਤ ਸਾਲ ਸੀ। ਮਾਤਾ ਜੀ ਨੇ ਸ਼ਹਾਦਤ ਲਈ ਉਨ੍ਹਾਂ ਨੂੰ ਹਰ ਤਰ੍ਹਾਂ ਨਾਲ ਹੌਸਲਾ ਦੇ ਕੇ ਤਿਆਰ ਰੱਖਿਆ। ਗੁਰੂ ਗੋਬਿੰਦ ਸਿੰਘ ਨੇ ਬਾਬਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਨੂੰ ਚਮਕੌਰ ਦੀ ਅਸਾਵੀਂ ਜੰਗ ਦੇ ਮੈਦਾਨ ਵਿਚ ਆਪਣੇ ਹੱਥੀਂ ਤਿਆਰ ਕਰਕੇ ਤੋਰਿਆ। ਸ਼ਹਾਦਤ ਵੇਲੇ ਬਾਬਾ ਅਜੀਤ ਸਿੰਘ ਦੀ ਉਮਰ ਕਰੀਬ ਅਠਾਰਾਂ ਸਾਲ ਅਤੇ ਬਾਬਾ ਜੁਝਾਰ ਸਿੰਘ ਦੀ ਉਮਰ 14 ਸਾਲ ਸੀ। ਸ਼ਹੀਦ ਹੋ ਜਾਣ 'ਤੇ ਪਰਵਦਗਾਰ ਦਾ ਸ਼ੁਕਰਾਨਾ ਕੀਤਾ। ਚਮਕੌਰ ਦੀ ਗੜ੍ਹੀ ਵਿਚੋਂ ਗੁਰੂ ਗੋਬਿੰਦ ਸਿੰਘ ਪੰਜ ਸਿੰਘਾਂ ਦੇ ਹੁਕਮ ਦੀ ਪਾਲਣਾ ਕਰਦਿਆਂ ਦੁਸ਼ਮਣ ਨੂੰ ਲਲਕਾਰ ਕੇ ਨਿਕਲੇ। ਦੀਨੇ ਕਾਂਗੜ ਦੇ ਰਸਤੇ ਵਿਚ ਜਦੋਂ ਉਨ੍ਹਾਂ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਨੀਂਹਾਂ ਵਿਚ ਚਿਣ ਕੇ ਸ਼ਹੀਦ ਕਰਨ ਦੀ ਖਬਰ ਮਿਲੀ ਤਾਂ ਵੀ ਉਹ ਡੋਲੇ ਨਹੀਂ। ਉਨ੍ਹਾਂ ਨੇ ਇੱਕ ਬਹਾਦਰ ਆਗੂ ਦੇ ਤੌਰ 'ਤੇ ਐਲਾਨ ਕੀਤਾ ਕਿ ਜੇ ਚਾਰ ਚਲੇ ਵੀ ਗਏ ਤਾਂ ਸਿੱਖਾਂ ਦੇ ਰੂਪ ਵਿਚ ਕਈ ਹਜ਼ਾਰ ਪੁੱਤਰ ਜਿਉਂਦੇ ਹਨ।

'ਰਾਮ ਅਵਤਾਰ' ਜਿਸ ਨੂੰ ਗੁਰੂ ਗੋਬਿੰਦ ਸਿੰਘ ਵੱਲੋਂ ਲਿਖੀ 'ਰਮਾਇਣ' ਕਿਹਾ ਗਿਆ ਹੈ, ਦੇ ਕੁਝ ਕੁ ਨੁਕਤਿਆਂ ਵੱਲ ਧਿਆਨ-ਕਰੀਏ। ਗੁਰਮਤਿ ਦਰਸ਼ਨ ਤੋਂ ਇਸ ਦੀ ਵਿਚਾਰਧਾਰਾ ਬਹੁਤ ਸਾਰੇ ਪੱਖਾਂ ਤੋਂ ਉਲਟ ਹੈ, ਪਰ ਇੱਥੇ ਸੰਖੇਪ ਵਿਚ ਕੁਝ ਨੁਕਤੇ ਹੀ ਵਿਚਾਰੇ ਜਾ ਸਕਦੇ ਹਨ। 'ਅਵਤਾਰਵਾਦ' ਬਾਰੇ ਪਹਿਲਾਂ ਹੀ ਚਰਚਾ ਕੀਤੀ ਜਾ ਚੁਕੀ ਹੈ। 'ਰਾਮ ਅਵਤਾਰ' ਦੇ ਅਰੰਭ ਵਿਚ ਹੀ ਦੱਸਿਆ ਹੈ ਕਿ ਇਹ ਪ੍ਰਸੰਗ 'ਹਨੂਮਾਨ

(ਬਾਕੀ ਅਗਲੇ ਸਫੇ 'ਤੇ)

# ਗੱਲਾਂ ਬਾਬੇ ਨਾਨਕ ਦੀਆਂ

ਇੱਕ ਸਮਾਂ ਅਜਿਹਾ ਸੀ, ਜਦੋਂ ਆਧੁਨਿਕ ਪੂਰਵ-ਵਿਗਿਆਨੀਆਂ ਦਾ ਕੰਮ ਪੂਰਬ ਦੇ ਲੋਕਾਂ ਦੀਆਂ ਮਹਾਨ ਰਚਨਾਵਾਂ ਨੂੰ ਸਮਝਣਾ ਤੇ ਲੋਕਾਂ ਵਿਚ ਹਰਮਨ ਪਿਆਰਾ ਬਣਾਉਣਾ ਸੀ। ਇਸੇ ਸੰਦਰਭ ਵਿਚ ਸੋਵੀਅਤ ਯੂਨੀਅਨ ਨੇ ਕੰਮ ਕੀਤਾ। ਭਾਰਤ ਦਾ ਸਾਹਿਤ ਤੇ ਸਭਿਆਚਾਰ ਸੋਵੀਅਤ ਲੋਕਾਂ ਲਈ ਖਿੱਚ ਦਾ ਕੇਂਦਰ ਬਣਿਆ।

1969 ਵਿਚ ਭਾਰਤ ਨੇ ਆਪਣੇ ਮਹਾਨ

**ਡਾ. ਕਰਾਂਤੀ ਪਾਲ**
**ਫੋਨ: 91-92165-35617**

ਸ਼ਾਇਰ, ਚਿੰਤਕ ਅਤੇ ਸਿੱਖ ਮੱਤ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ 500ਵਾਂ ਜਨਮ ਦਿਨ ਸ਼ਾਨਦਾਰ ਢੰਗ ਨਾਲ ਮਨਾਇਆ। ਉਸ ਸਮੇਂ ਉਨ੍ਹਾਂ ਦੀ ਰਚਨਾ ਨੂੰ ਸੋਵੀਅਤ ਖੋਜਕਾਰਾਂ ਨੇ ਆਪਣੇ ਅਧਿਐਨ ਦਾ ਕੇਂਦਰ ਮੰਨਿਆ, ਜਿਸ ਦਾ ਨਾਂ 'ਗੁਰੂ ਨਾਨਕ ਲੇਖ ਸੰਗ੍ਰਿਹ' ਰੱਖਿਆ। ਉਸ ਦਾ ਪੰਜਾਬੀ ਅਨੁਵਾਦ ਗੁਰਬਖਸ਼ (ਡਾ. ਗੁਰਬਖਸ਼ ਸਿੰਘ ਫਰੈਂਕ) ਨੇ ਕੀਤਾ ਅਤੇ ਇਸ ਪੁਸਤਕ ਨੂੰ ਪ੍ਰਗਤੀ ਪ੍ਰਕਾਸ਼ਨ ਨੇ 1977 'ਚ ਸੋਵੀਅਤ ਯੂਨੀਅਨ ਵੱਲੋਂ ਛਾਪਿਆ।

ਪੁਸਤਕ ਦੇ ਅਰੰਭਕ ਸ਼ਬਦਾਂ 'ਚ ਵਿਦਵਾਨ ਬਾ. ਗ. ਗਾਫੂਰੋਵ ਲਿਖਦਾ ਹੈ ਕਿ ਗੁਰੂ ਨਾਨਕ ਦੀ ਰਚਨਾ ਤੇ ਸਿੱਖਿਆ ਸੰਸਾਰ ਇਤਿਹਾਸ ਦੇ ਉਸ ਦੌਰ ਦੀ ਉਪਜ ਸੀ, ਜਦੋਂ ਮੱਧਕਾਲ ਦੇ ਆਧੁਨਿਕ ਸਮੇਂ ਵੱਲ ਆਉਣ ਦਾ ਅਮਲ ਸ਼ੁਰੂ ਹੋਇਆ, ਜੋ ਲੋਕਾਂ ਦੀਆਂ ਵਿਸ਼ਾਲ ਜਮਹੂਰੀ ਲਹਿਰਾਂ ਵਿਚ ਪ੍ਰਗਟ ਹੋਇਆ, ਤੇ ਲੋਕ ਸਾਮੰਤੀ ਜੂਲੇ ਦੇ ਖਿਲਾਫ ਸਰਗਰਮ ਘੋਲ ਲਈ ਨਿੱਤਰ ਪਏ ਸਨ। ਗੁਰੂ ਨਾਨਕ ਦੀ ਸਿੱਖਿਆ ਮੁਸਲਿਮ ਤੇ ਹਿੰਦੂ ਸਾਮੰਤਸ਼ਾਹਾਂ ਦੇ ਖਿਲਾਫ ਪੰਜਾਬ ਦੇ ਕਿਸਾਨ-ਕਾਰੀਗਰ ਵਰਗਾਂ ਦੇ ਘੋਲ ਦਾ ਨਿਸ਼ਾਨ ਬਣ ਗਈ। ਗੁਰੂ ਨਾਨਕ ਦੇ ਵਿਚਾਰ ਲੋਕਾਂ ਵਿਚ ਮਜਹਬੀ ਫੁੱਟ ਨੂੰ ਦੂਰ ਕਰਨ ਅਤੇ ਆਖਿਰ ਪੰਜਾਬੀ ਲੋਕਾਂ ਨੂੰ ਮਜ਼ਬੂਤ ਕਰਨ ਤੇ ਸਮੁੱਚੇ ਤੌਰ 'ਤੇ ਭਾਰਤੀ ਵਿਚਾਰਧਾਰਾ ਦੇ ਜਮਹੂਰੀ ਰੁਝਾਨ ਨੂੰ ਤਕੜਾ ਕਰਨ ਵਿਚ ਸਹਾਈ ਹੋਈ।

ਗੁਰੂ ਨਾਨਕ ਦੀ ਗੱਲ ਕਰਦਿਆਂ ਇਸ ਕਿਤਾਬ ਵਿਚ ਵਿਦਵਾਨਾਂ ਨੇ 'ਗੁਰੂ ਨਾਨਕ ਤੇ ਉਨ੍ਹਾਂ ਦਾ ਸਮਾਂ' (ਕ. ਜ. ਅਸ਼ਾਰਫਿਆਨ), 'ਗੁਰੂ ਨਾਨਕ ਦਾ ਸਾਹਿਤਕ ਵਿਰਸਾ' (ਇ. ਦ. ਸਰਬਰੀਆਕੋਣ), 'ਗੁਰੂ ਨਾਨਕ ਦੇ ਉਤਰਾਧਿਕਾਰੀਆਂ ਦੇ ਸਮੇਂ ਸਿੱਖ ਮੱਤ ਦਾ ਵਿਕਾਸ' (ਵ. ਇ. ਕੋਚਨੇਵ), 'ਗੁਰੂ ਨਾਨਕ ਅਤੇ ਪੰਜਾਬੀ ਬੋਲੀ ਦੇ ਵਿਕਾਸ ਦੇ ਮਸਲੇ' (ਯੂ. ਆਂ. ਸਮਿਰਨੋਂਵ) ਅਤੇ 'ਭਾਰਤੀ ਚਿਤਰਕਲਾ ਵਿਚ ਗੁਰੂ ਨਾਨਕ ਦਾ ਬਿੰਬ' (ਸ. ਇ. ਪੋਤਾਬੈਨਕੋ) ਦੇ ਸੰਦਰਭ 'ਚ ਵਿਚਾਰਿਆ ਹੈ।

ਵਿਦਵਾਨ ਕ. ਜ. ਅਸ਼ਰਾਫਿਆਨ ਆਪਣੀ ਗੱਲ ਕਰਦਿਆਂ ਆਖਦਾ ਹੈ ਕਿ 15ਵੀਂ ਤੇ 16ਵੀਂ ਸਦੀ ਦੇ ਪਹਿਲੇ ਅੱਧ ਦਾ ਸਮਾਂ ਭਾਰਤ ਦੇ ਇਤਿਹਾਸ ਵਿਚ ਸਾਮੰਤ-ਵਿਰੋਧੀ ਘੋਲਾਂ ਦੇ ਬੇਹੱਦ ਤੀਖਣ ਹੋਣ ਕਰਕੇ ਉਘੜਵਾਂ ਹੈ। ਇਸ ਘੋਲ ਵਿਚ ਵੱਖੋ-ਵੱਖ ਸਮਾਜਕ ਵਰਗ ਖਿੱਚੇ ਗਏ। ਧਾਰਮਿਕ-ਸੁਧਾਰਕ ਭਗਤੀ ਲਹਿਰ ਅਜਿਹੀ ਜਮਹੂਰੀ ਵਿਚਾਰਧਾਰਾ ਸੀ, ਜਿਸ ਵਿਚੋਂ 'ਸਿੱਖ ਮੱਤ' ਸ਼ਕਤੀਸ਼ਾਲੀ ਲਹਿਰ ਬਣ ਕੇ ਉਭਰਿਆ। ਗੁਰੂ ਨਾਨਕ ਦੀ ਅਗਵਾਈ ਵਿਚ ਸਿੱਖ ਫਿਰਕਾ ਜਥੇਬੰਦ ਹੋਣ ਵਿਚ ਪ੍ਰਗਟ ਹੋਇਆ, ਗੁਰੂ ਨਾਨਕ ਧਾਰਮਿਕ-ਸੁਧਾਰਕ ਸਿੱਖਿਆ ਨਾਲ ਸਾਹਮਣੇ ਆਏ ਤੇ ਕਈ ਸਾਲਾਂ ਤੱਕ ਜ਼ਬਰ ਤੇ ਅੰਧਵਾਦ ਦੇ ਖਿਲਾਫ ਲੋਕਾਂ ਦੇ ਘੋਲ ਦੇ ਝੰਡੇ ਦਾ ਕੰਮ ਇਸ ਸਿੱਖਿਆ ਦੇ ਲੇਖੇ ਆਇਆ।

ਗੁਰੂ ਨਾਨਕ ਦਾ ਪ੍ਰਮੁੱਖ ਤੇ ਸਭ ਤੋਂ ਸੋਹਣਾ ਵਿਚਾਰ ਉਨ੍ਹਾਂ ਵੱਲੋਂ ਲੋਕਾਂ ਦੀ ਬਰਾਬਰੀ ਦਾ ਐਲਾਨ ਕੀਤੇ ਜਾਣਾ ਸੀ, ਜਿਸ ਨਾਲ ਕਸ਼ਟ ਭੋਗ ਰਹੇ ਲੋਕਾਂ ਦੇ ਸਮੂਹ ਉਨ੍ਹਾਂ ਵੱਲ ਖਿੱਚੇ ਗਏ। ਆਪਣੀ ਸਮੁੱਚੀ ਹੋਂਦ ਨਾਲ ਉਨ੍ਹਾਂ ਦੀ ਮਾਨਵਵਾਦੀ ਸਿੱਖਿਆ ਨੇ ਸਾਮੰਤੀ ਸੰਸਾਰ ਦੇ ਸਮਾਜਕ ਅਨਿਆਂ, ਵਰਗ-ਜਾਤ ਵੰਡ ਦੇ ਪਿਛਾਂਹਖਿੱਚੂ ਕਾਨੂੰਨਾਂ, ਚੋਣਵੇਂ ਬੰਦਿਆਂ ਦੇ ਪੱਕੇ ਹੋ ਰਹੇ ਵਿਸ਼ੇਸ਼ ਹੱਕਾਂ ਅਤੇ ਲੱਖਾਂ ਲੋਕਾਂ ਦੀ ਤ੍ਰਿਸਕਾਰਿਤ ਹਾਲਤ ਖਿਲਾਫ ਬਗਾਵਤ ਕੀਤੀ। ਜਾਤ-ਪਾਤ, ਜੋ ਮੱਧਕਾਲੀ ਭਾਰਤ ਦੀ ਸਮਾਜਕ ਜਥੇਬੰਦੀ ਦੀ ਵਿਸ਼ੇਸ਼ ਬੁਨਿਆਦ ਸੀ, ਦਾ ਖੰਡਨ ਗੁਰੂ ਨਾਨਕ ਦੀ ਸਹਿਨਸ਼ੀਲ ਸਿੱਖਿਆ ਦਾ ਅਨਿੱਖੜਵਾਂ ਤੇ ਅਹਿਮ ਅੰਗ ਬਣ ਗਿਆ।

16ਵੀਂ ਸਦੀ ਵਿਚ ਪੰਜਾਬ ਦੀ ਕਰੀਬ ਅੱਧੀ ਵਸੋਂ ਮੁਸਲਿਮ ਸੀ। ਇਹ ਸਿਰਫ ਉਪਰਲੇ ਸਮਾਜਕ ਵਰਗ ਦੇ ਪ੍ਰਤੀਨਿਧ, ਸਾਮੰਤ ਹੀ ਨਹੀਂ ਸਨ, ਸਗੋਂ ਇਨ੍ਹਾਂ ਵਿਚ ਸ਼ਹਿਰਾਂ ਤੇ ਪਿੰਡਾਂ ਦੇ ਗਰੀਬ, ਕਿਸਾਨ ਤੇ ਦਸਤਕਾਰ ਵੀ ਸਨ। ਗੁਰੂ ਨਾਨਕ ਨੇ ਆਪਣੀ ਸਿੱਖਿਆ ਨਾ ਸਿਰਫ ਹਿੰਦੂਆਂ ਨੂੰ, ਸਗੋਂ ਮੁਸਲਮਾਨਾਂ ਨੂੰ ਵੀ ਸੰਬੋਧਨ ਕੀਤੀ। ਲੋਕ ਕਹਾਵਤ ਅਨੁਸਾਰ ਉਨ੍ਹਾਂ ਨੂੰ 'ਨਾਨਕ ਸ਼ਾਹ ਫਕੀਰ, ਹਿੰਦੂ ਦਾ ਗੁਰੂ, ਮੁਸਲਮਾਨ ਦਾ ਪੀਰ' ਕਿਹਾ ਜਾਂਦਾ ਹੈ।

'ਗੁਰੂ ਨਾਨਕ ਦਾ ਸਾਹਿਤਕ ਵਿਰਸਾ' ਲੇਖ 'ਚ ਵਿਦਵਾਨ ਇ. ਦ. ਸਰਬਰੀਆਕੋਣ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ 'ਸਿੱਖ ਮੱਤ' ਦੁਨੀਆਂ ਭਰ ਵਿਚ ਅਤੇ ਭਾਰਤੀ ਵਿਗਿਆਨੀਆਂ ਦਾ ਲਗਾਤਾਰ ਧਿਆਨ ਖਿੱਚਦਾ ਰਿਹਾ। ਯੂਰਪ ਵਿਚ ਉਸ ਵੇਲੇ ਕੋਈ ਵੀ ਨਹੀਂ ਸੀ ਜਾਣਦਾ ਕਿ ਭਵਿੱਖ ਵਿਚ ਪੰਜਾਬੀਆਂ ਦੀ ਮਜ਼ਬੂਤੀ ਲਈ ਤੇ ਉਨ੍ਹਾਂ ਨੂੰ ਇੱਕ ਐਸੀ ਅਹਿਮ ਰਾਜਸੀ ਸ਼ਕਤੀ ਵਿਚ ਬਦਲ ਦੇਣ ਲਈ, ਜੋ ਪਿਛੋਂ ਜਾ ਕੇ ਬਰਤਾਨਵੀ ਬਸਤੀਵਾਦੀਆਂ ਵਿਰੁਧ ਸਭ ਤੋਂ ਵੱਧ ਸਿਰੜੀ ਤੇ ਸਭ ਤੋਂ ਵੱਧ ਲੰਮੇ ਸਮੇਂ ਤੱਕ (ਬੁਨਿਆਦੀ ਤੌਰ 'ਤੇ ਕੌਮਵਿਆਪੀ) ਘੋਲ ਕਰੇਗੀ, ਉਸ ਸਿੱਖਿਆ ਦੀ ਕਿੰਨੀ ਅਥਾਹ ਮਹੱਤਤਾ ਸੀ, ਜਿਸ ਦੇ ਬਾਨੀ ਗੁਰੂ ਨਾਨਕ ਸਨ।

ਗੁਰੂ ਨਾਨਕ ਤੇ ਪੰਜਾਬੀ ਬੋਲੀ ਦੇ ਵਿਕਾਸ ਦੇ ਮਸਲੇ ਦੀ ਗੱਲ ਕਰਦਿਆਂ ਵਿਦਵਾਨ ਯੂ. ਅ. ਸਮਿਰਨੋਵ ਲਿਖਦਾ ਹੈ, "ਭਾਸ਼ਾ ਵਿਗਿਆਨੀਆਂ ਲਈ ਗੁਰੂ ਨਾਨਕ ਦੀਆਂ ਰਚਨਾਵਾਂ ਆਪਣੇ ਆਪ ਵਿਚ ਬੋਲੀ ਦੇ ਇਤਿਹਾਸ ਦਾ ਅਧਿਐਨ ਕਰਨ ਲਈ ਭਰਪੂਰ ਮਸਾਲਾ ਪੇਸ਼ ਕਰਦੀਆਂ ਹਨ।"

ਗੁਰੂ ਨਾਨਕ ਦੇ ਚਿੱਤਰਕਾਰੀ ਵਿਚਲੇ ਬਿੰਬ ਦਾ ਵਿਕਾਸ ਬਹੁਤ ਥੋੜ੍ਹੇ ਪਰ ਅਸਾਧਾਰਨ ਤੌਰ 'ਤੇ ਭਰਪੂਰ ਸਮੇਂ ਦੇ ਵਕਫੇ ਵਿਚ ਹੋਇਆ। ਵਿਸ਼ੇਸ਼ ਭਾਰਤੀ ਚਿੱਤਰਕਲਾ ਦੀਆਂ ਪਰੰਪਰਾਵਾਂ ਦੇ ਆਧਾਰ 'ਤੇ ਚਿੱਤਰਕਲਾ ਦੀ ਸਿੱਖ ਧਾਰਾ ਦੇ ਜਨਮ ਤੋਂ ਲੈ ਕੇ ਅੱਧੀ ਸਦੀ ਦੇ ਵਿਚ ਵਿਚ ਇਨ੍ਹਾਂ ਪਰੰਪਰਾਵਾਂ ਦੇ ਸਿੱਟੇ ਵਜੋਂ ਨਵੀਆਂ ਖਾਸੀਅਤਾਂ ਧਾਰਨ ਕਰਨ ਤੱਕ ਦੇ ਸਮੇਂ ਵਿਚ। ਵਿਦਵਾਨ ਸ. ਇ. ਪੋਤਾਬੈਨਕੋ ਦੇ ਸ਼ਬਦਾਂ ਵਿਚ ਗੁਰੂ ਨਾਨਕ ਦਾ ਸਾਰਾ ਬਿੰਬ ਇੰਜ ਪੇਸ਼ ਕੀਤਾ ਜਾਂਦਾ ਹੈ ਕਿ ਉਹ ਉਨ੍ਹਾਂ ਦੀ ਦੈਵੀ ਸ਼ਕਤੀ ਦਾ ਸਾਖੀ ਹੋਵੇ। ਚਿੱਤਰਕਾਰਾਂ ਨੇ ਹਮੇਸ਼ਾ ਹੀ ਗੁਰੂ ਅਰਜਨ ਦੇਵ ਦੇ ਸ਼ਬਦਾਂ ਤੋਂ ਅਗਵਾਈ ਲਈ ਹੈ। ਗੁਰੂ ਅਰਜਨ ਦੇਵ ਨੇ ਕਿਹਾ ਸੀ, "ਕੀ ਗੁਰੂ ਨਾਨਕ ਪਰਮਾਤਮਾ ਦਾ ਰੂਪ ਹਨ? ਨਹੀਂ! ਉਹ ਖੁਦ ਪਰਮਾਤਮਾ ਹਨ।"

ਇਹ ਸਾਰੇ ਵਿਦਵਾਨ ਬਾਬੇ ਨਾਨਕ ਦੀਆਂ ਗੱਲਾਂ ਕਰਦਿਆਂ ਇਸ ਨਿਚੋੜ 'ਤੇ ਪਹੁੰਚੇ ਹਨ ਕਿ ਬਾਬੇ ਦਾ ਮਾਨਵਵਾਦੀ ਸੰਕਲਪ ਐਨਾ ਯਥਾਰਥਵਾਦੀ ਹੈ ਕਿ ਉਨ੍ਹਾਂ ਦੇ ਯੁੱਗ ਦੀਆਂ ਠੋਸ ਹਾਲਤਾਂ ਵਿਚ ਮਨੁੱਖ ਦੇ ਤੱਤ ਨੂੰ ਸਮਝਿਆ ਜਾ ਸਕਦਾ ਹੈ; ਕਿਰਤ ਕਰਨਾ, ਵੰਡ ਛਕਣਾ, ਨਾਮ ਜਪਣਾ ਨੇ ਵਿਕਾਸ ਕੀਤਾ ਹੈ। ਕਿਰਤ, ਜੋ ਜੀਵਨ ਦੇ ਮੂਲ ਨੂੰ ਨਿਸ਼ਚਿਤ ਕਰਦੀ ਹੈ ਅਤੇ ਕਿਰਤ ਦੇ ਫਲ ਨੂੰ ਵੰਡ ਕੇ ਛਕਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ, ਜੋ ਸਮਾਜ ਦੇ ਵਿਕਾਸ ਦੀ ਲਾਜ਼ਮੀ ਸ਼ਰਤ ਹੈ।

ਇਸੇ ਰੁਝਾਨ ਨੇ ਪੰਜਾਬ ਦੀ ਵਿਚਾਰਧਾਰਾ ਵਿਚ ਜਮਹੂਰੀ ਪਰੰਪਰਾ ਨੂੰ ਪੱਕੇ ਪੈਰੀਂ ਕਰਨ 'ਤੇ ਚੰਗਾ ਅਸਰ ਪਾਇਆ। ਇਸੇ ਸੰਦਰਭ ਵਿਚ ਸਿੱਖ ਮੱਤ ਇੱਕ ਅਜਿਹੀ ਸਰਬ-ਵਿਆਪਕ ਧਾਰਮਿਕ ਤੇ ਸਦਾਚਾਰਕ ਸਿੱਖਿਆ ਵਜੋਂ ਸਾਹਮਣੇ ਆਇਆ, ਜੋ ਪਰੰਪਰਾਗਤ ਧਰਮਾਂ ਤੋਂ ਬਰਾਬਰ ਦੀ ਵਿੱਥ ਰੱਖਦੀ ਸੀ। ਧਾਰਮਿਕ ਅਕੀਦੇ ਦੀ ਪੱਧਰ 'ਤੇ ਇਹ ਗੁਰੂ ਨਿਰਪੱਖ ਹੈ।

ਅਜਿਹੇ ਪੱਖਾਂ ਨੂੰ ਉਭਾਰਦਿਆਂ ਆਪਣੇ ਆਪ ਸਪੱਸ਼ਟ ਹੋ ਜਾਂਦਾ ਹੈ ਕਿ 'ਆਦਿ ਗ੍ਰੰਥ' ਐਸੀ ਕਿਰਤ ਹੈ, ਜੋ ਖਾਸ ਪੜਾਅ ਦੀ ਸੂਚਕ ਹੈ। ਜਦੋਂ ਵੱਖ-ਵੱਖ ਲੋਕ ਸਾਹਿਤਾਂ ਤੇ ਸਾਹਿਤਕ ਭਾਈਚਾਰਿਆਂ ਦੇ ਸੰਪਰਕਾਂ ਅਤੇ ਆਪਸੀ ਪ੍ਰਭਾਵਾਂ ਦੌਰਾਨ ਜ਼ਬਾਨੀ ਤੇ ਲਿਖਤੀ ਸਾਹਿਤਕ ਪਰੰਪਰਾਵਾਂ ਦੌਰਾਨ ਗੁੰਝਲਦਾਰ ਸਮਾਜਕ ਘੋਲ ਦੀਆਂ ਹਾਲਤਾਂ ਵਿਚ ਪੰਜਾਬੀ ਕੌਮ ਬਣ ਰਹੀ ਸੀ, ਜਿਸ ਦਾ ਆਪਣਾ ਹੀ ਵਿਸ਼ੇਸ਼ ਕੌਮੀ ਚੇਤੰਨ ਰੂਹਾਨੀ ਜੀਵਨ ਸੀ, ਜੋ ਗੁਰੂ ਨਾਨਕ ਦੀ ਵਿਚਾਰਧਾਰਾ ਵਿਚੋਂ ਉਪਜਿਆ ਸੀ।

# ਸਭੈ ਸਾਂਝੀਵਾਲ ਸਦਾਇਨ

***(ਪਿਛਲੇ ਸਫੇ ਦੀ ਬਾਕੀ)***

ਨਾਟਕ' ਵਿਚ ਵਰਣਨ ਕੀਤਾ ਹੋਇਆ ਹੈ, ਅਰ ਅਸਾਂ ਭੀ 'ਚਰਿਤ੍ਰ' ਪਾਖਯਾਨ ਗ੍ਰੰਥ ਵਿਚ ਇਹ ਕਥਾ ਕਹੀ ਹੈ, "ਕਹੀ ਨਾਟਕ ਮੱਧ ਚਰਿਤ੍ਰ ਕਥਾ"...(170)। ਇੱਕ ਥਾਂ 'ਤੇ ਕਵੀ ਨੇ ਆਪਣਾ ਨਾਮ 'ਸਯਾਮ' ਦੱਸਿਆ ਹੈ, "ਸੁ ਕਬਿ ਸਯਾਮ ਇਹ ਬਿਧਿ ਕਹਿਯੋ, ਰਘੁਬਰ ਜੁੱਧ ਪ੍ਰਸੰਗ" (323)। 'ਕਬਿ ਰਾਮ' ਅਤੇ 'ਕਬਿ ਸਯਾਮ' ਦਾ ਜ਼ਿਕਰ 'ਚਰਿਤ੍ਰੋ ਪਖਿਯਾਨ' ਵਿਚ ਵੀ ਵਾਰ ਵਾਰ ਆਇਆ ਹੈ। 'ਰਾਮ ਅਵਤਾਰ' ਵਿਚ ਕੁਦਰਤੀ ਅਸੂਲਾਂ ਦੇ ਉਲਟ ਮਨੁੱਖ ਦਾ ਜਨਮ ਹੋਣ ਦਾ ਜ਼ਿਕਰ ਕੀਤਾ ਗਿਆ ਹੈ, ਜਦ ਕਿ ਗੁਰਮਤਿ ਵਿਚ ਮਾਂ ਅਤੇ ਪਿਤਾ ਦੇ ਸੰਜੋਗ ਤੋਂ ਬੱਚੇ ਦਾ ਜਨਮ ਹੋਣਾ ਦੱਸਿਆ ਹੈ। 'ਰੂਆਮਲ ਛੰਦ' ਵਿਚ 50 ਤੋਂ 52 ਪਦੇ ਤੱਕ ਦੱਸਿਆ ਗਿਆ ਹੈ ਕਿ ਰਾਜਾ ਦਸਰਥ ਨੇ ਯੱਗ ਕੀਤਾ; ਮੁਨੀਵਰਾਂ ਨੇ ਉਸ ਨੂੰ ਦੁੱਧ ਦਾ ਕਟੋਰਾ ਦਿੱਤਾ, ਜਿਸ ਦੇ ਦਸਰਥ ਨੇ ਚਾਰ ਹਿੱਸੇ ਕੀਤੇ। ਦੋ ਰਾਣੀਆਂ ਨੂੰ ਇੱਕ ਇੱਕ ਹਿੱਸਾ ਦਿੱਤਾ ਅਤੇ ਇੱਕ ਨੂੰ ਦੋ ਹਿੱਸੇ ਦੇ ਦਿੱਤੇ (ਕਾਣੀ ਵੰਡ), ਜਿਸ ਨਾਲ ਤਿੰਨੋ ਰਾਣੀਆਂ ਗਰਭਵਤੀ ਹੋ ਗਈਆਂ, ਬਾਰਾਂ ਮਹੀਨੇ ਗਰਭਵਤੀ ਰਹਿਣ ਉਪਰੰਤ ਤੇਰ੍ਹਵੇਂ ਮਹੀਨੇ ਪਹਿਲਾਂ ਰਾਵਣ ਦੇ ਦੁਸ਼ਮਣ ਰਾਮ ਦਾ ਜਨਮ ਹੋਇਆ; ਫਿਰ ਭਰਤ, ਲੱਛਮਣ ਅਤੇ ਸ਼ਤਰੂਘਨ ਜਨਮੇ। ਇਸੇ ਤਰ੍ਹਾਂ 'ਭੁਜੰਗ ਪ੍ਰਯਾਤ ਛੰਦ' ਦੇ 726 ਤੋਂ 728 ਛੰਦ ਤੱਕ ਦੱਸਿਆ ਹੈ ਕਿ ਇੱਕ ਦਿਨ ਰਿਸ਼ੀ ਬਾਲਮੀਕ ਸੰਧਿਆ ਦੀ ਪੂਜਾ ਸਮੇਂ ਸਮਾਧੀ ਵਿਚ ਸੀ ਤਾਂ ਸੀਤਾ ਇਸ਼ਨਾਨ ਕਰਨ ਚੱਲੀ ਤਾਂ ਆਪਣੇ ਪੁੱਤਰ ਨੂੰ ਨਾਲ ਲੈ ਗਈ। ਉਸ ਦੇ ਜਾਣ ਪਿਛੋਂ ਜਦੋਂ ਰਿਸ਼ੀ ਬਾਲਮੀਕ ਸਮਾਧੀ ਤੋਂ ਬਾਹਰ ਆਏ ਤਾਂ ਬੱਚੇ ਨੂੰ ਉਥੇ ਨਾ ਦੇਖ ਕੇ 'ਕੁਸ਼ਾ' (ਇੱਕ ਕਿਸਮ ਦਾ ਘਾਹ) ਲੈ ਕੇ ਉਸ ਤੋਂ ਹੂ-ਬ-ਹੂ ਉਹੋ ਜਿਹਾ ਬੱਚਾ ਬਣਾ ਦਿੱਤਾ। ਜਦੋਂ ਸੀਤਾ ਵਾਪਸ ਆਉਂਦੀ ਹੈ ਤਾਂ ਆਪਣੇ ਪੁੱਤਰ ਵਰਗੇ ਬੱਚੇ ਨੂੰ ਦੇਖ ਕੇ ਕਹਿੰਦੀ ਹੈ ਕਿ ਮਹਾਨ ਰਿਸ਼ੀ ਤੂੰ ਮੇਰੇ 'ਤੇ ਬਹੁਤ ਕਿਰਪਾ ਕੀਤੀ ਹੈ ਤੇ ਮੈਨੂੰ ਦੋ ਪੁੱਤਰਾਂ ਦੇ ਤੋਹਫੇ ਨਾਲ ਨਿਵਾਜਿਆ ਹੈ।

ਇਸਤਰੀ ਨੂੰ ਗੁਰੂ ਸਾਹਿਬਾਨ ਨੇ ਜੋ ਸਤਿਕਾਰਤ ਅਤੇ ਬਰਾਬਰ ਦਾ ਦਰਜਾ ਦਿੱਤਾ, ਇਸ ਬਾਰੇ ਵੀ ਵਿਚਾਰ-ਚਰਚਾ ਕੀਤੀ ਜਾ ਚੁੱਕੀ ਹੈ। 'ਰਾਮ ਅਵਤਾਰ' ਵਿਚ ਇਸਤਰੀ ਨੂੰ ਜਿਸ ਤਰ੍ਹਾਂ ਨੀਵਾਂ ਦਿਖਾਇਆ ਗਿਆ ਹੈ, ਉਹ ਵਿਚਾਰ ਦੀ ਮੰਗ ਕਰਦਾ ਹੈ। ਕੇਕਈ ਨੇ ਕਥਾ ਅਨੁਸਾਰ ਬੇਸ਼ੱਕ ਰਾਜੇ ਦਸਰਥ ਨੂੰ ਕਿਸੇ ਵੇਲੇ ਦਿੱਤੇ ਗਏ ਬਚਨਾਂ ਦੀ ਯਾਦ ਕਰਾਉਂਦਿਆਂ ਰਾਮ ਲਈ ਬਣਵਾਸ ਅਤੇ ਭਰਤ ਲਈ ਰਾਜ-ਭਾਗ ਆਦਿ ਦੀ ਮੰਗ ਕੀਤੀ ਹੈ। ਫਿਰ ਵੀ ਉਸ ਲਈ ਦਸਰਥ, ਲੱਛਮਣ ਅਤੇ ਭਰਤ ਵੱਲੋਂ ਜਿਸ ਕਿਸਮ ਦੀ ਭਾਸ਼ਾ ਵਰਤੀ ਗਈ ਹੈ, ਉਹ ਕਿਸੇ ਵੀ ਭੱਦਰ ਪੁਰਸ਼ ਨੂੰ ਸ਼ੋਭਾ ਨਹੀਂ ਦਿੰਦੀ। 'ਕੇਕਈ ਬਾਚ' (223) ਉਸ ਨੂੰ ਬੁਰੀ ਜ਼ੁਬਾਨ ਵਾਲੀ, ਰਾਜੇ ਨੂੰ ਕਮਜ਼ੋਰ ਕਰਨ ਵਾਲੀ ਅਤੇ ਹੋਰ ਕਈ ਕੁਝ ਕਿਹਾ ਗਿਆ ਹੈ। ਇੱਥੋਂ ਤੱਕ ਕਿ ਜਦੋਂ ਇਸ ਗੱਲ ਦੇ ਚਲਦਿਆਂ ਲੱਛਮਣ ਬਾਹਰੋਂ ਆਪਣੇ ਤੀਰ-ਕਮਾਣ ਸਮੇਤ ਅੰਦਰ ਆਉਂਦਾ ਹੈ ਤਾਂ ਪਤਾ ਲੱਗਣ 'ਤੇ ਕਹਿੰਦਾ ਹੈ ਕਿ ਸਾਡੇ ਘਰ ਕੌਣ ਕਪੂਤ ਜੰਮਿਆ ਹੈ, ਜਿਸ ਨੇ ਰਾਮ ਲਈ ਬਣਵਾਸ ਮੰਗਿਆ ਹੈ? ਆਪਣੇ ਪਿਤਾ ਨੂੰ ਉਹ ਬੇਵਕੂਫ ਆਦਮੀ ਕਹਿੰਦਾ ਹੈ, ਜੋ ਕਾਮਦੇਵ ਦੇ ਤੀਰਾਂ ਦਾ ਵਿੰਨ੍ਹਿਆਂ ਹੋਇਆ ਬੇਵਕੂਫ ਇਸਤਰੀ ਦੇ ਇਸ਼ਾਰਿਆਂ 'ਤੇ ਇਵੇਂ ਨੱਚ ਰਿਹਾ ਹੈ, ਜਿਵੇਂ ਸੋਟੀ ਦੇ ਇਸ਼ਾਰੇ 'ਤੇ ਬਾਂਦਰ ਨੱਚਦਾ ਹੈ (251)।

ਇਸੇ ਤਰ੍ਹਾਂ ਜੰਗਲ ਵਿਚ ਜਦੋਂ ਰਾਮ ਅਤੇ ਲੱਛਮਣ ਇਸ਼ਨਾਨ ਕਰਨ ਲਈ ਗੋਦਾਵਰੀ ਨਦੀ ਤੇ ਜਾਂਦੇ ਹਨ, ਸਰੂਪ ਨਖਾ ਨੂੰ ਸੂਚਨਾ ਮਿਲਦੀ ਹੈ, ਉਹ ਰਾਮ ਨੂੰ ਦੇਖ ਕੇ ਮੋਹਿਤ ਹੋ ਜਾਂਦੀ ਹੈ, ਰਾਮ ਉਸ ਨੂੰ ਆਪਣੀ ਪਤਨੀ ਸੀਤਾ ਬਾਰੇ ਦੱਸ ਕੇ ਲੱਛਮਣ ਵੱਲ ਭੇਜਦਾ ਹੈ ਤਾਂ ਆਪਣਾ ਨੱਕ ਵੱਢਾ ਕੇ (336) ਉਹ ਗੁੱਸੇ ਵਿਚ ਘਰ ਨੂੰ ਚਲੀ ਗਈ (336)। ਇਹ ਵੀ ਕਿਸੇ ਸ਼ਿਸ਼ਟ ਪੁਰਸ਼ ਦਾ ਰਵੱਈਆ ਨਹੀਂ ਹੋ ਸਕਦਾ। ਸਰੂਪ ਨਖਾ ਦੀ ਬੇਇੱਜਤੀ ਕਰਨਾ ਹੀ ਅੱਗੇ ਚੱਲ ਕੇ ਸੀਤਾ ਦੇ ਉਧਾਲੇ ਦਾ ਕਾਰਨ ਬਣਦਾ ਹੈ। ਇਸੇ ਤਰ੍ਹਾਂ ਰਾਵਣ ਦੇ ਯੁੱਧ ਵਿਚ ਮਰਨ ਅਤੇ ਲੰਕਾ ਦੀ ਹਾਰ ਪਿੱਛੋਂ ਹਨੂੰਮਾਨ ਸੀਤਾ ਨੂੰ ਉਸ ਨਾਲ ਰਾਮ ਕੋਲ ਚੱਲਣ ਦੀ ਬੇਨਤੀ ਕਰਦਾ ਹੈ। ਸੀਤਾ ਉਸ ਨਾਲ ਜਾਂਦੀ ਹੈ ਅਤੇ ਰਾਮ ਦੇ ਪੈਰੀਂ ਪੈਂਦੀ ਹੈ ਤਾਂ ਰਾਮ ਉਸ ਨੂੰ ਹੁਕਮ ਕਰਦਾ ਹੈ ਕਿ ਅਗਨੀ ਵਿਚ ਪ੍ਰਵੇਸ਼ ਕਰੋ ਤਾਂ ਕਿ ਤੂੰ ਪਵਿੱਤਰ ਹੋ ਜਾਵੇਂ। ਸੀਤਾ ਅਗਨ ਕੁੰਡ ਤਿਆਰ ਕਰਦੀ ਹੈ ਅਤੇ ਅੱਗ ਨਾਲ ਇੱਕਮਿੱਕ ਹੋ ਕੇ ਕੁੰਦਨ ਵਾਂਗ ਚਮਕ ਕੇ ਬਾਹਰ ਆਉਂਦੀ ਹੈ ((648)। ਇਹੀ ਨਹੀਂ, ਅੱਗੇ ਇਹ ਵੀ ਦੱਸਿਆ ਹੈ ਕਿ ਸਾਰੇ ਸਾਧਾਂ ਨੇ ਉਸ ਦੀ ਇਸ ਅਗਨੀ ਪ੍ਰੀਖਿਆ ਨੂੰ ਮੰਨ ਲਿਆ ਅਤੇ ਤਿੰਨ ਲੋਕਾਂ ਵਿਚ ਇਹ ਤੱਥ ਮੰਨਿਆ ਗਿਆ (650)। ਸੀਤਾ ਨੂੰ ਜਿੱਤ ਕੇ ਲਿਆਉਣਾ ਦੱਸਿਆ ਹੈ, ਜਿਵੇਂ ਉਹ ਜੀਵਨ ਸਾਥਣ ਨਾ ਹੋ ਕੇ ਕੋਈ 'ਵਸਤੂ' ਹੋਵੇ। ਹੁਣ ਇਸ ਤੋਂ ਵੱਡੀ ਕਿਸੇ ਔਰਤ ਦੀ ਹੋਰ ਕੀ ਬੇਇੱਜਤੀ ਹੋ ਸਕਦੀ ਹੈ ਕਿ ਉਸ ਨੂੰ ਅਗਨੀ ਪ੍ਰੀਖਿਆ ਦੇਣੀ ਪਵੇ?

ਦੂਜੇ ਪਾਸੇ ਰਾਵਣ ਹੈ, ਜੋ ਐਲਾਨ ਕਰਦਾ ਹੈ ਕਿ ਰਾਮ ਨੂੰ ਜੰਗ ਵਿਚ ਹਰਾ ਕੇ ਜਾਂ ਮਾਰ ਕੇ ਹੀ ਉਹ ਸੀਤਾ ਨਾਲ ਵਿਆਹ ਕਰੇਗਾ। ਭਾਵੇਂ ਦਮੋਦਰੀ ਲਈ ਵਰਤੀ ਹੋਈ ਉਸ ਦੀ ਬੋਲੀ ਵੀ ਕੋਈ ਆਦਰਯੋਗ ਨਹੀਂ ਹੈ। 'ਅਬ ਸੀਤਾ ਕੋ ਬਨਬਾਸ ਦੀਬੋ' ਵਿਚ ਦੱਸਿਆ ਹੈ ਕਿ ਰਾਮ ਨੇ ਸੀਤਾ ਨੂੰ ਪ੍ਰੇਮ ਨਾਲ ਅਜਿਹੇ ਬਾਗ ਦੀ ਰਚਨਾ ਕਰਨ ਲਈ ਕਿਹਾ, ਜਿਸ ਨੂੰ ਦੇਖ ਕੇ ਸਵਰਗ ਦੇ ਨੰਦਨ ਵਣ ਦੀ ਸੁੰਦਰਤਾ ਵੀ ਮਾਤ ਪੈ ਜਾਵੇ। ਸੀਤਾ ਨੇ ਇਹ ਸੁਣ ਕੇ ਬਹੁਤ ਹੀ ਸੁੰਦਰ ਬਾਗ ਦੀ ਰਚਨਾ ਕੀਤੀ, ਜੋ ਹੀਰੇ ਜਵਾਹਰਾਤਾਂ ਨਾਲ ਜੜਿਆ ਹੋਇਆ ਸੀ, ਜਿਸ ਦੀ ਸੁੰਦਰਤਾ ਦੇ ਸਾਹਮਣੇ ਇੰਦਰ ਦਾ ਬਾਗ ਵੀ ਤੁਛ ਲਗਦਾ ਸੀ। ਰਾਮ ਨੇ ਸੀਤਾ ਨਾਲ ਅਤੇ ਹੋਰ ਸੁੰਦਰੀਆਂ ਨਾਲ ਇੱਥੇ ਨਿਵਾਸ ਕੀਤਾ। ਇੱਕ ਸੁੰਦਰ ਮਹਿਲ ਬਣਾਇਆ, ਜਿੱਥੇ ਰਾਮ ਅਨੰਦ-ਮੰਗਲ ਮਾਣ ਰਿਹਾ ਸੀ। ਸੀਤਾ ਗਰਭਵਤੀ ਹੋ ਗਈ ਅਤੇ ਸਭ ਔਰਤਾਂ ਨੂੰ ਵੀ ਇਸ ਦਾ ਪਤਾ ਲੱਗ ਗਿਆ। ਇੱਕ ਦਿਨ ਸੀਤਾ ਨੇ ਰਾਮ ਨੂੰ ਕਿਹਾ ਕਿ ਉਸ ਨੇ ਬਾਗ ਵਿਚ ਬੇਹੱਦ ਘੁੰਮ-ਫਿਰ ਲਿਆ ਹੈ, ਹੁਣ ਉਸ ਨੂੰ ਉਥੋਂ ਵਿਦਾ ਕੀਤਾ ਜਾਵੇ। ਇਸ 'ਤੇ ਰਾਮ ਨੇ ਲੱਛਮਣ ਨੂੰ ਸੀਤਾ ਨਾਲ ਭੇਜ ਦਿੱਤਾ। ਲੱਛਮਣ ਸੀਤਾ ਨੂੰ ਜੰਗਲ ਵਿਚ ਛੱਡ ਆਇਆ, ਜਿੱਥੇ ਸਾਲ ਤੇ ਤਮਾਲ ਦੇ ਦਰੱਖਤ ਉੱਗੇ ਸਨ। ਆਪਣੇ ਆਪ ਨੂੰ ਸੁੰਨੇ ਜੰਗਲ ਵਿਚ ਇਕੱਲੀ ਛੱਡੀ ਦੇਖ ਕੇ ਸੀਤਾ ਸਮਝ ਗਈ ਕਿ ਉਸ ਨੂੰ ਬਣਵਾਸ ਦੇ ਦਿੱਤਾ ਹੈ। ਉਸ ਨੇ ਘਾਇਲ ਸਿਪਾਹੀ ਦੀ ਤਰ੍ਹਾਂ ਉੱਚੀ ਉੱਚੀ ਵਿਰਲਾਪ ਕੀਤਾ। ਉਸ ਦਾ ਵਿਰਲਾਪ ਸੁਣ ਕੇ ਬਾਲਮੀਕ ਰਿਸ਼ੀ ਦੀ ਸਮਾਧੀ ਖੁੱਲ੍ਹ ਗਈ। ਉਹ ਮਨ, ਬਚਨ ਤੇ ਕਰਮ ਨਾਲ ਦੁਰਗਾ ਦਾ ਜਾਪ ਕਰਦਿਆਂ ਉਥੇ ਆ ਗਿਆ ਅਤੇ ਸੀਤਾ ਨੂੰ ਆਪਣੇ ਆਸ਼ਰਮ ਵਿਚ ਆਸਰਾ ਦਿੱਤਾ। (717-724)।

ਗੁਰੂ ਗੋਬਿੰਦ ਸਿੰਘ ਨੌਂ ਸਾਲ ਦੀ ਉਮਰ ਵਿਚ ਗੁਰੂ ਤੇਗ ਬਹਾਦਰ ਨੂੰ ਖੁਸ਼ੀ ਖੁਸ਼ੀ ਸ਼ਹਾਦਤ ਦੇਣ ਲਈ ਤੋਰਦੇ ਹਨ। ਫਿਰ ਚਾਰੇ ਪੁੱਤਰ ਅਤੇ ਮਾਤਾ ਗੁਜਰੀ ਦੇ ਸ਼ਹੀਦ ਹੋ ਜਾਣ 'ਤੇ ਵੀ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹਨ ਅਤੇ ਐਲਾਨਦੇ ਹਨ ਕਿ ਖਾਲਸਾ ਰੂਪੀ ਪੁੱਤਰ ਹਜ਼ਾਰਾਂ ਦੀ ਗਿਣਤੀ ਵਿਚ ਜਿਉਂਦਾ ਹੈ। ਦੂਜੇ ਪਾਸੇ ਦਸਰਥ ਰਾਮ ਨੂੰ ਬਣਵਾਸ ਜਾਣ ਦਾ ਸੁਣਾ ਕੇ ਪਹਿਲਾਂ ਬੇਹੋਸ਼ ਹੋ ਜਾਂਦਾ ਹੈ; ਫਿਰ ਬਣਵਾਸ ਵੱਲ ਤੁਰਨ 'ਤੇ ਗਮ ਨਾਲ ਪ੍ਰਾਣ ਤਿਆਗ ਦਿੰਦਾ ਹੈ, (240)। ਜਦੋਂ ਰਿਸ਼ੀ ਵਸ਼ਿਸ਼ਟ ਭਰਤ ਨੂੰ ਰਾਜ ਮਿਲਣ ਅਤੇ ਰਾਮ ਨੂੰ ਚੌਦਾਂ ਸਾਲ ਦਾ ਬਣਵਾਸ ਮਿਲਣ ਦੀ ਖਬਰ ਸੁਣਾਉਂਦਾ ਹੈ ਤਾਂ ਰਾਮ ਸੁਣ ਕੇ ਉਦਾਸ ਹੋ ਕੇ ਚਲਿਆ ਜਾਂਦਾ ਹੈ, (243)। ਜਦੋਂ ਭਰਤ ਰਾਮ ਅਤੇ ਲੱਛਮਣ ਨੂੰ ਮਿਲਣ ਜੰਗਲ ਵਿਚ ਜਾਂਦਾ ਹੈ ਤਾਂ ਦਲਾਂ ਨੂੰ ਪਾਸੇ ਕਰਕੇ ਰਾਮ ਅਤੇ ਭਰਤ ਘੁੱਟ ਕੇ ਮਿਲੇ ਅਤੇ ਦੋਵੇਂ ਭਰਾ ਰੋ ਪਏ ਕਿ ਪਰਮਾਤਮਾ ਨੇ ਅਜਿਹਾ ਦੁੱਖ ਦਿੱਤਾ ਹੈ, ਸਭ ਸੁੱਖ ਭੁੱਲ ਗਏ, (284)। ਵਾਪਸ ਆਉਣ ਵੇਲੇ ਫਿਰ ਰਾਮ ਨੇ ਉਸ ਨੂੰ ਗਲੇ ਲਾਇਆ ਅਤੇ ਤਿੰਨੇ ਭਰਾ ਰੋਂਦੇ ਹਨ (288)। ਜਦੋਂ ਰਾਵਣ ਸੀਤਾ ਨੂੰ ਲੈ ਗਿਆ ਤਾਂ ਰਾਮ ਨੇ ਉਸ ਦੀ ਭਾਲ ਕੀਤੀ। ਉਸ ਨੇ ਚਾਰੇ ਪਾਸੇ ਇੱਕ ਵਾਰ ਫਿਰ ਦੇਖਿਆ ਅੰਤ ਵਿਚ ਨਿਰਾਸ਼ ਹੋ ਕੇ ਧਰਤੀ 'ਤੇ ਡਿਗ ਪਿਆ (356)। ਉਸ ਦੀਆਂ ਅੱਖਾਂ ਵਿਚੋਂ ਧਰਤੀ 'ਤੇ ਹੰਝੂ ਇਸ ਤਰ੍ਹਾਂ ਡਿੱਗ ਰਹੇ ਸਨ, ਜਿਵੇਂ ਤੱਤੇ ਤਵੇ 'ਤੇ ਪਾਣੀ ਦੀਆਂ ਬੂੰਦਾਂ (361)। ਲੰਕਾ ਵਿਚ ਇੰਦਰਜੀਤ ਨਾਲ ਯੁੱਧ ਕਰਦਿਆਂ ਜਦੋਂ, ਰਾਮ ਤੇ ਲੱਛਮਣ ਦੋਵੇਂ ਜਾਪਦਾ ਹੈ ਕਿ ਮਰੇ ਪਏ ਹਨ, ਤਾਂ ਦੂਤ ਰਾਵਣ ਨੂੰ ਖਬਰ ਕਰਦਾ ਹੈ ਕਿ ਅੱਜ ਉਹ ਜ਼ਰੂਰ ਸੀਤਾ ਨਾਲ ਵਿਆਹ ਕਰ ਸਕੇਗਾ (475)। ਇਸ 'ਤੇ ਰਾਮ ਦੀ ਹਾਲਤ ਦਿਖਾਉਣ ਲਈ ਸੀਤਾ ਨੂੰ ਉਥੇ ਲਿਆਏ ਤਾਂ ਰਾਮ ਦੀ ਹਾਲਤ ਦੇਖ ਕੇ ਉਸ ਦਾ ਮਨ ਦੁੱਖ ਨਾਲ ਭਰ ਗਿਆ, ਕਿਉਂਕਿ ਰਾਮ ਚੌਦਾਂ ਕਲਾਂ ਦਾ ਮਾਲਕ ਸੀ ਅਤੇ ਸੀਤਾ ਨੂੰ ਉਸ ਦੀ ਹਾਲਤ 'ਤੇ ਵਿਸ਼ਵਾਸ ਨਹੀਂ ਹੁੰਦਾ। ਉਹ ਰਾਮ ਦੇ ਨੇੜੇ ਜਾ ਕੇ ਨਾਗ ਮੰਤਰ ਪੜ੍ਹਦੀ ਹੈ, ਜਿਸ ਨਾਲ ਰਾਮ ਅਤੇ ਲੱਛਮਣ ਹੋਸ਼ ਵਿਚ ਆ ਜਾਂਦੇ ਹਨ (477)।

ਬਾਣੀ ਵਿਚ ਭਗਤ ਕਬੀਰ ਜੀ ਦਾ ਸ਼ਬਦ ਹੈ, "ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥" ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਸੂਰਵੀਰਾਂ ਦੀ ਤਰ੍ਹਾਂ ਯੁੱਧ ਕਰਨਾ ਸਿਖਾਇਆ, ਜਿਸ ਵਿਚ ਦੁਸ਼ਮਣ ਨੂੰ ਲਲਕਾਰ ਕੇ ਮਾਰਨਾ ਹੈ ਅਤੇ ਨਿਹੱਥੇ ਜਾਂ ਭੱਜੇ ਜਾਂਦੇ ਤੇ ਵਾਰ ਨਹੀਂ ਕਰਨਾ। 'ਰਾਮ ਅਵਤਾਰ' ਵਿਚ ਸੀਤਾ ਦੀ ਭਾਲ ਕਰਦਿਆਂ ਹਨੂੰਮਾਨ ਕੁਦਰਤੀ ਰਾਮ ਨੂੰ ਮਿਲ ਜਾਂਦਾ ਹੈ ਅਤੇ ਸੁਗਰੀਵ ਕੋਲ ਲੈ ਜਾਂਦਾ ਹੈ। ਰਾਮ ਸੁਗਰੀਵ ਦੇ ਭਾਈ ਬਾਲੀ ਨੂੰ ਮਾਰ ਕੇ ਸੁਗਰੀਵ ਨੂੰ ਗੱਦੀ ਦੁਆਉਂਦਾ ਹੈ ਅਤੇ ਦੋਸਤੀ ਹੋ ਜਾਂਦੀ ਹੈ (365)। ਇਸੇ ਤਰ੍ਹਾਂ ਰਾਵਣ-ਰਾਮ ਦੇ ਯੁੱਧ ਵਿਚ ਇੰਦਰਜੀਤ ਯੁੱਧ ਛੱਡ ਕੇ ਨਿਕੁੰਬਲਾ ਦੇ ਮੰਦਿਰ ਵਿਚ ਹੋਮ-ਯੱਗ ਕਰਨ ਜਾਂਦਾ ਹੈ ਤਾਂ ਵਿਭੀਸ਼ਣ (ਰਾਵਣ ਦਾ ਭਾਈ) ਲੱਛਮਣ ਦੇ ਨੇੜੇ ਆ ਕੇ ਦੱਸਦਾ ਹੈ ਕਿ ਇਸ ਵੇਲੇ ਦੁਸ਼ਮਣ ਦਾ ਪ੍ਰਮੁੱਖ ਯੋਧਾ ਉਸ ਦੇ ਘਾਤ ਦੇ ਨਜ਼ਦੀਕ ਹੈ, ਕਿਉਂਕਿ ਉਹ ਹਵਨ ਕਰ ਰਿਹਾ ਹੈ, ਜਿਸ ਵਿਚ ਉਸ ਨੇ ਆਪਣਾ ਮਾਸ ਕੱਟ ਕੇ ਹਵਨ ਕਰਨਾ ਹੈ। ਇਹ ਸੁਣ ਕੇ ਲੱਛਮਣ ਨਿੱਡਰ ਹੋ ਕੇ ਹੱਥ ਵਿਚ ਕਮਾਨ ਅਤੇ ਤੀਰਾਂ ਦਾ ਭੱਥਾ ਲੈ ਕੇ ਗਿਆ ਤੇ ਹਵਨ ਕਰ ਰਹੇ ਇੰਦਰਜੀਤ 'ਤੇ ਤੀਰਾਂ ਦੀ ਵਾਛੜ ਕਰਕੇ ਮਾਰ ਦਿੱਤਾ (479-482)।

ਗੁਰੂ ਗੋਬਿੰਦ ਸਿੰਘ ਲਈ 'ਰੰਘਰੇਟੇ ਗੁਰੂ ਕੇ ਬੇਟੇ' ਹਨ ਅਤੇ ਉਨ੍ਹਾਂ ਨੇ ਦੱਬੇ-ਕੁਚਲੇ ਸਦੀਆਂ ਤੋਂ ਨੀਵੇਂ ਕਹੇ ਜਾਣ ਵਾਲੇ ਲੋਕਾਂ ਨੂੰ ਬਰਾਬਰ ਦਾ ਸਥਾਨ ਦਿੱਤਾ। 'ਰਾਮ ਅਵਤਾਰ' ਵਿਚ ਦੱਸਿਆ ਹੈ ਕਿ ਰਾਮ ਕੋਲ ਇੱਕ ਬ੍ਰਾਹਮਣ ਆਪਣੇ ਮੋਏ ਪੁੱਤਰ ਦੀ ਲਾਸ਼ ਲੈ ਕੇ ਆਇਆ, ਜਿਸ ਨੇ ਕਿਹਾ 'ਜੇ ਮੇਰਾ ਪੁੱਤਰ ਜਿਉਂਦਾ ਨਾ ਹੋਇਆ ਤਾਂ ਮੈਂ ਤੈਨੂੰ ਸਰਾਪ ਦੇ ਦਿਆਗਾ' ਅਤੇ ਰਾਮ ਨੇ ਆਪਣੇ ਮਨ ਵਿਚ ਇਸ 'ਤੇ ਵਿਚਾਰ ਕੀਤਾ; ਆਪਣੇ ਉਡਣ ਖਟੋਲੇ ਵਿਚ ਬੈਠ ਕੇ ਪੱਛਮ ਵੱਲ ਰੁੱਖ ਕੀਤਾ (699)। ਉੱਤਰ-ਪੱਛਮ ਦੀ ਦਿਸ਼ਾ ਵਿਚ ਇੱਕ ਸ਼ੂਦਰ ਇੱਕ ਖੂਹ ਵਿਚ ਉਲਟਾ ਲਟਕ ਰਿਹਾ ਸੀ। ਉਹ ਪਸ਼ਚਾਤਾਪ ਕਰ ਰਿਹਾ ਸੀ ਅਤੇ ਰਾਮ ਨੇ ਆਪ ਉਸ ਦਾ ਵਧ ਕੀਤਾ (700)। ਬ੍ਰਾਹਮਣ ਦਾ ਪੁੱਤਰ ਜਿਉਂਦਾ ਹੋ ਗਿਆ ਅਤੇ ਉਸ ਦਾ ਗਮ ਦੂਰ ਹੋ ਗਿਆ। ਰਾਮ ਦੀ ਕੀਰਤੀ ਚਾਰ ਦਿਸ਼ਾਵਾਂ ਵਿਚ ਫੈਲ ਗਈ (701)। ਗੁਰਮਤਿ ਵਿਚਾਰਧਾਰਾ ਨੂੰ ਵਿਚ ਨਾ ਵੀ ਲਿਆਈਏ ਤਾਂ ਕੀ ਇਸ ਤੋਂ ਵੱਧ ਕੋਈ ਘਿਨਾਉਣੀ ਗੱਲ ਹੋ ਸਕਦੀ ਹੈ ਕਿ ਇੱਕ ਬ੍ਰਾਹਮਣ ਦੇ ਪੁੱਤਰ ਨੂੰ ਜਿਵਾਉਣ ਲਈ ਸ਼ੂਦਰ ਦਾ ਕਤਲ ਕੀਤਾ ਜਾਵੇ? ਵੈਸੇ ਵੀ ਇਹ ਇੱਕ ਗੈਰ-ਕੁਦਰਤੀ ਵਰਤਾਰਾ ਹੈ, ਜੋ ਇੱਥੋਂ ਦੇ ਗਰੀਬ ਆਦਿਵਾਸੀਆਂ ਨੂੰ ਸ਼ੂਦਰ ਕਹਿ ਕੇ ਗੁਲਾਮ ਬਣਾਉਣ ਲਈ ਕੀਤਾ ਗਿਆ। ਅੱਗੇ ਹੋਰ ਲਿਖਿਆ ਹੈ ਕਿ ਚਾਰੇ ਵਰਣਾਂ ਨੂੰ ਆਪਣੇ ਆਪਣੇ ਵਰਣ ਦੇ ਕਰਮ ਸੌਂਪ ਦਿੱਤੇ ਗਏ, 'ਖੱਤਰੀ ਬ੍ਰਾਹਮਣ ਦੀ ਸੇਵਾ ਕਰੇ; ਵੈਸ਼ ਖੱਤਰੀ ਦੀ ਅਤੇ ਸ਼ੂਦਰ ਸਭ ਦੀ ਸੇਵਾ ਕਰੇ; ਉਸ ਨੂੰ ਜਿੱਥੇ ਵੀ ਜਾਣ ਲਈ ਕਿਹਾ ਜਾਵੇ ਉਹ ਉਥੇ ਜਾਵੇ।

ਕੋਈ ਰਚਨਾ ਕਰਨ ਦਾ ਕਾਰਨ ਜਾਂ ਮਕਸਦ, ਇੱਕ ਸ਼ਰਧਾ ਦਾ ਹੋਣਾ, ਦੂਜੇ ਇਹ ਕਿ ਉਸ ਵਿਚ ਦਿੱਤੇ ਵਿਚਾਰਾਂ ਤੋਂ, ਜੀਵਨ ਦਰਸ਼ਨ ਤੋਂ ਪ੍ਰਭਾਵਿਤ ਹੋ ਕੇ ਲਿਖਣਾ ਹੁੰਦਾ ਹੈ ਅਤੇ ਤੀਜੇ ਉਸ ਦੀ ਵਿਚਾਰਧਾਰਾ ਵਿਚ ਕੋਈ ਐਸੀਆਂ ਧਾਰਨਾਵਾਂ ਹੋਣ, ਜੋ ਖਟਕਦੀਆਂ ਹੋਣ ਤਾਂ ਉਸ ਦੀ ਆਲੋਚਨਾ ਕੀਤੀ ਜਾਂਦੀ ਹੈ। ਉਪਰ ਸੰਖੇਪ ਚਰਚਾ ਕਰਦਿਆਂ ਦੇਖਿਆ ਹੈ ਕਿ 'ਰਾਮ ਅਵਤਾਰ' ਵਿਚ ਪ੍ਰਾਪਤ ਵਿਚਾਰਧਾਰਾ ਉਸ ਵਿਚਾਰਧਾਰਾ ਦੀ ਪੂਰੀ ਉਲਟ ਦਿਸ਼ਾ ਵਿਚ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਵਿਰਸੇ ਵਿਚ ਮਿਲੀ, ਉਸ ਪ੍ਰਾਪਤ ਜੀਵਨ ਦਰਸ਼ਨ ਦੇ ਬਿਲਕੁਲ ਵਿਪਰੀਤ ਹੈ। ਇਸ ਲਈ ਗੁਰੂ ਸਾਹਿਬ ਦੀ ਸ਼ਰਧਾ ਹੋਣ ਦਾ ਜਾਂ ਇਸ ਤੋਂ ਪ੍ਰਭਾਵਿਤ ਹੋਣ ਦਾ ਕੋਈ ਕਾਰਨ ਨਜ਼ਰ ਆਉਂਦਾ ਨਹੀਂ ਜਾਪਦਾ; ਸਾਰੀ ਕਥਾ ਵਿਚ ਵਿਚਾਧਾਰਕ ਕੋਈ ਆਲੋਚਨਾ ਵੀ ਕਿਧਰੇ ਕੀਤੀ ਨਹੀਂ ਮਿਲਦੀ, ਸਗੋਂ ਲਿਖਿਆ ਹੈ ਕਿ "ਜੋ ਇਹ ਕਥਾ ਸੁਨੈ ਅਰੁ ਗਾਵੈ। ਦੂਖ ਪਾਪ ਤਿਹ ਨਿਕਟਿ ਨ ਆਵੈ। ਬਿਸਨੁ-ਭਗਤਿ ਕੀਏ ਫਲੁ ਹੋਈ। ਆਧਿ ਬਯਾਧਿ ਛਵੈ ਸਕੇ ਨ ਕੋਈ।" (859)

ਸਵਾਲ ਹੈ ਕਿ ਇਹ ਰਚਨਾ ਗੁਰੂ ਸਾਹਿਬ ਦੇ ਨਾਮ ਨਾਲ ਕਿਸ ਆਧਾਰ 'ਤੇ ਜੋੜ ਕੇ ਕਿਹਾ ਜਾਂਦਾ ਹੈ ਕਿ ਇਹ "ਗੁਰੂ ਗੋਬਿੰਦ ਸਿੰਘ ਨੇ ਰਮਾਇਣ ਲਿਖੀ।"

###

# ਲਿਆਕਤ ਅਲੀ ਖਾਨ ਨੂੰ ਜੋਗਿੰਦਰਨਾਥ ਮੰਡਲ ਦਾ ਅਸਤੀਫਾ

ਡਾ. ਅੰਬੇਡਕਰ ਦੀ ਸੱਜੀ ਬਾਂਹ ਮੰਨੇ ਜਾਂਦੇ ਜੋਗਿੰਦਰਨਾਥ ਮੰਡਲ, ਬੰਗਾਲੀ ਦਲਿਤਾਂ ਦੇ ਕੱਦਾਵਰ ਨੇਤਾ ਸਨ। ਦੇਸ਼ ਵੰਡ ਹੋਈ ਤਾਂ 1947 ਵਿਚ ਉਨ੍ਹਾਂ ਨੇ ਸੋਚਿਆ ਇੱਥੋਂ ਦੇ ਮੁਸਲਮਾਨਾਂ ਅਤੇ ਦਲਿਤਾਂ ਦੀ ਗਰੀਬੀ ਤੇ ਜਹਾਲਤ ਇੱਕੋ ਜਿਹੀ ਹੈ, ਫਿਰ ਭਾਰਤ ਵਿਚ ਜਾਣ ਦਾ ਕੀ ਲਾਭ? ਉਹ ਬੰਗਾਲ ਦੇ ਉਸ ਹਿੱਸੇ ਵਿਚ ਰਹਿ ਗਏ, ਜੋ ਉਦੋਂ ਪਾਕਿਸਤਾਨ ਸੀ; ਹੁਣ ਬੰਗਲਾ ਦੇਸ਼ ਹੈ। ਥੋੜ੍ਹੇ ਸਮੇਂ ਬਾਅਦ ਮੰਡਲ ਨੂੰ ਅਹਿਸਾਸ ਹੋ ਗਿਆ ਕਿ ਦਲਿਤਾਂ ਨੂੰ ਹਿੰਦੂ ਜਾਣ ਕੇ ਮੁਸਲਮਾਨ ਸਖਤ ਨਫਰਤ ਕਰਦੇ ਹਨ। ਉਹ ਕੇਂਦਰੀ ਵਜ਼ਾਰਤ ਵਿਚ ਪ੍ਰਧਾਨ ਮੰਤਰੀ ਲਿਆਕਤ ਅਲੀ ਖਾਨ ਦੇ ਕਾਨੂੰਨ ਮੰਤਰੀ ਸਨ। ਅੱਕ ਕੇ 9 ਅਕਤੂਬਰ 1950 ਨੂੰ ਉਨ੍ਹਾਂ ਨੇ ਆਪਣਾ ਅਸਤੀਫਾ ਪ੍ਰਧਾਨ ਮੰਤਰੀ ਨੂੰ ਸੌਂਪ ਦਿੱਤਾ। ਪੇਸ਼ ਹਨ, ਅਸਤੀਫੇ ਦੇ ਕੁਝ ਅੰਸ਼। ਅਸਤੀਫਾ ਲਿਖਣ ਦੀ ਤਰੀਕ 8 ਅਕਤੂਬਰ ਹੈ।



**ਹਰਪਾਲ ਸਿੰਘ ਪੰਨੂ**
ਫੋਨ: 91-94642-51454

"ਮੇਰੇ ਪਿਆਰੇ ਪ੍ਰਧਾਨ ਮੰਤਰੀ ਜੀ, ਪੂਰਬੀ ਬੰਗਾਲ ਦੇ ਪਛੜੇ ਹੋਏ ਹਿੰਦੂ ਦਲਿਤਾਂ ਵਾਸਤੇ ਭਲਾ ਕਰ ਸਕਾਂਗਾ, ਇਸ ਵਾਸਤੇ ਮੈਂ ਤੁਹਾਡੀ ਵਜ਼ਾਰਤ ਵਿਚ ਸ਼ਾਮਲ ਹੋਇਆ ਸਾਂ, ਪਰ ਭਰੇ ਮਨ ਨਾਲ ਆਪਣਾ ਅਸਤੀਫਾ ਆਪਦੇ ਸਪੁਰਦ ਕਰਦਾ ਹੋਇਆ ਕਾਰਨ ਵੀ ਦੱਸਦਾ ਹਾਂ ਕਿ ਭਾਰਤ-ਪਾਕਿ ਉਪ-ਮਹਾਦੀਪਾਂ ਵਿਚ ਮੈਨੂੰ ਅਜਿਹਾ ਕਿਉਂ ਕਰਨਾ ਪਿਆ।

ਲੰਮੀਆਂ ਲੰਮੀਆਂ ਛੱਡਣ ਦੀ ਥਾਂ ਸੰਖੇਪ ਵਿਚ ਉਹ ਕਾਰਨ ਪਹਿਲਾਂ ਦਸਦਾ ਹਾਂ, ਜਿਨ੍ਹਾਂ ਸਦਕਾ ਮੈਂ ਲੀਗ ਦੀ ਹਮਾਇਤ ਕੀਤੀ। ਫਰਵਰੀ 1943 ਵਿਚ ਬੰਗਾਲ ਲੀਗ ਦੇ ਲੀਡਰ ਮੈਨੂੰ ਮਿਲੇ, ਜਿਨ੍ਹਾਂ ਨੇ ਮੈਨੂੰ ਬੰਗਾਲ ਵਿਧਾਨ ਸਭਾ ਵਿਚ ਉਨ੍ਹਾਂ ਦੀ ਹਮਾਇਤ ਕਰਨ ਲਈ ਮਨਾਇਆ। ਮਾਰਚ 1943 ਵਿਚ ਜਦੋਂ ਫਜ਼ਲੁਲ ਹੱਕ ਦੀ ਵਜ਼ਾਰਤ ਡਿਗੀ, ਉਸ ਵਿਚ 21 ਦਲਿਤ ਵਿਧਾਇਕ ਸਨ। ਮੁਸਲਿਮ ਲੀਗ ਦੇ ਲੀਡਰ ਉਦੋਂ ਖਵਾਜਾ ਨਜ਼ੀਮੁੱਦੀਨ ਸਨ, ਜਿਨ੍ਹਾਂ ਨੇ ਸਾਡੀ ਮਦਦ ਨਾਲ ਅਪਰੈਲ 1943 ਨੂੰ ਵਜ਼ਾਰਤ ਗਠਿਤ ਕੀਤੀ।

ਅਸੀਂ ਇਸ ਸ਼ਰਤ 'ਤੇ ਹਮਾਇਤ ਦਿੱਤੀ ਸੀ ਕਿ ਦਲਿਤਾਂ ਵਿਚੋਂ ਦੋ ਵਜ਼ੀਰ ਲਏ ਜਾਣਗੇ। ਦਲਿਤਾਂ ਦੇ ਵਿਕਾਸ ਵਾਸਤੇ ਹਰ ਸਾਲ ਪੰਜ ਲੱਖ ਰੁਪਏ ਬਜਟ ਵਿਚ ਰੱਖੇ ਜਾਇਆ ਕਰਨਗੇ। ਸਰਕਾਰੀ ਨੌਕਰੀਆਂ ਜਨਸੰਖਿਆ ਦੇ ਅਨੁਪਾਤ ਅਨੁਸਾਰ ਰਿਜ਼ਰਵ ਹੋਣਗੀਆਂ।

ਹਮਾਇਤ ਦੇਣ ਦਾ ਮੇਰਾ ਇੱਕ ਕਾਰਨ ਇਹ ਵੀ ਸੀ ਕਿ ਮੁਸਲਮਾਨਾਂ ਅਤੇ ਦਲਿਤਾਂ ਦੀ ਮਾਇਕ ਹਾਲਤ ਲਗਭਗ ਇੱਕੋ ਜਿਹੀ ਸੀ। ਕਿਸਾਨ ਅਤੇ ਮਜ਼ਦੂਰ ਸਨ। ਦੋਹਾਂ ਵਰਗਾਂ ਵਿਚ ਮਛੇਰੇ ਸਨ। ਦੋਵੇਂ ਵਰਗ ਜਹਾਲਤ ਦੇ ਸ਼ਿਕਾਰ ਸਨ। ਦੋਹਾਂ ਵਰਗਾਂ ਨੂੰ ਸੁਖ ਮਿਲੇ ਤਾਂ ਦੇਸ਼ ਵਿਚ ਅਮਨ-ਸ਼ਾਂਤੀ ਹੋਵੇਗੀ।

ਖਵਾਜਾ ਨੇ ਦਲਿਤਾਂ ਵਿਚੋਂ ਤਿੰਨ ਮੰਤਰੀ ਅਤੇ ਤਿੰਨ ਪਾਰਲੀਮਾਨੀ ਸਕੱਤਰ ਚੁਣ ਲਏ। ਮਾਰਚ 1946 ਵਿਚ ਪਾਰਲੀਮਾਨੀ ਚੋਣਾਂ ਹੋਈਆਂ, ਤਦ ਸੁਹਰਾਵਰਦੀ ਲੀਗ ਦੇ ਲੀਡਰ ਚੁਣੇ ਗਏ ਤੇ ਅਪਰੈਲ ਵਿਚ ਉਨ੍ਹਾਂ ਨੇ ਵਜ਼ਾਰਤ ਦਾ ਗਠਨ ਕਰ ਲਿਆ। ਦਲਿਤਾਂ ਵਿਚੋਂ ਸਿਰਫ ਮੈਂ ਚੋਣ ਜਿੱਤ ਸਕਿਆ।

ਮੈਨੂੰ ਵਜ਼ਾਰਤ ਵਿਚ ਲੈ ਲਿਆ। ਉਸ ਸਾਲ 16 ਅਗਸਤ ਨੂੰ ਮੁਸਲਿਮ ਲੀਗ ਨੇ ਕਲਕੱਤੇ ਵਿਚ ਸਿੱਧੇ ਐਕਸ਼ਨ ਦਾ ਐਲਾਨ ਕਰ ਦਿੱਤਾ। ਤੁਸੀਂ ਜਾਣਦੇ ਹੋ, ਉਸ ਘੱਲੂਘਾਰੇ ਵਿਚ ਕੀ ਕੀ ਹੋਇਆ! ਹਿੰਦੂ ਕਤਲ ਹੋਏ, ਜਿਸ ਕਾਰਨ ਉਨ੍ਹਾਂ ਨੇ ਮੈਨੂੰ ਅਸਤੀਫਾ ਦੇਣ ਲਈ ਕਿਹਾ। ਮੈਨੂੰ ਧਮਕੀਆਂ ਮਿਲਣ ਲੱਗੀਆਂ ਤੇ ਜਾਨ ਖਤਰੇ ਵਿਚ ਆ ਗਈ। ਮੈਂ ਆਪਣੇ ਅਸੂਲ ਉੱਤੇ ਡਟਿਆ ਰਿਹਾ ਤੇ ਆਪਣੇ ਰਿਸਾਲੇ 'ਜਾਗਰਣ' ਵਿਚ ਦਲਿਤਾਂ ਨੂੰ ਅਪੀਲ ਕੀਤੀ ਕਿ ਉਹ ਕਾਂਗਰਸ ਅਤੇ ਮੁਸਲਿਮ ਲੀਗ ਦੇ ਰੱਫੜ ਤੋਂ ਗੁੰਮਰਾਹ ਨਾ ਹੋਣ, ਮੇਰੀ ਜਾਨ ਦਾ ਫਿਕਰ ਨਾ ਕਰਨ। ਕਲਕੱਤੇ ਕਤਲੇਆਮ ਤੋਂ ਬਾਅਦ ਅਕਤੂਬਰ 1946 ਵਿਚ ਮੁੜ ਨੌਆਖਲੀ ਦੰਗਿਆਂ ਨੇ ਹਾਹਾਕਾਰ ਮਚਾ ਦਿੱਤੀ। ਹਿੰਦੂ, ਦਲਿਤਾਂ ਸਮੇਤ ਵੱਢ ਦਿੱਤੇ ਤੇ ਸੈਂਕੜਿਆਂ ਨੂੰ ਇਸਲਾਮ ਵਿਚ ਸ਼ਾਮਲ ਕਰ ਲਿਆ। ਹਿੰਦੂ ਔਰਤਾਂ ਉਧਾਲੀਆਂ ਅਤੇ ਬਲਾਤਕਾਰ ਕੀਤੇ। ਮੇਰੇ ਕਬੀਲੇ ਦੀ ਮਾਰਧਾੜ ਹੋਈ, ਲੁੱਟ ਮਚਾਈ। ਹਿੰਦੂਆਂ ਵਿਚ ਵਿਆਪਕ ਦੁਖ ਸੀ ਤਾਂ ਵੀ ਮੈਂ ਮੁਸਲਿਮ ਲੀਗ ਨਾਲ ਮਿਲਵਰਤਣ ਜਾਰੀ ਰੱਖੀ। ਕਲਕੱਤੇ ਦੇ ਘੱਲੂਘਾਰੇ ਮਗਰੋਂ ਸੁਹਰਾਵਰਦੀ ਵਜ਼ਾਰਤ ਵਿਰੁੱਧ ਬੇਪ੍ਰਤੀਤੀ ਦਾ ਮਤਾ ਪੇਸ਼ ਹੋਇਆ। ਮੇਰੇ ਯਤਨਾਂ ਸਦਕਾ ਚਾਰ ਦਲਿਤ ਮੈਂਬਰ ਅਤੇ ਚਾਰ ਐਂਗਲੋ ਇੰਡੀਅਨ ਸੁਹਰਾਵਰਦੀ ਦੀ ਹਮਾਇਤ 'ਤੇ ਆ ਗਏ, ਨਹੀਂ ਤਾਂ ਵਜ਼ਾਰਤ ਟੁੱਟ ਜਾਣੀ ਸੀ।

ਅਕਤੂਬਰ 1946 ਵਿਚ ਅਚਨਚੇਤ ਮੈਨੂੰ ਸੁਹਰਾਵਰਦੀ ਰਾਹੀਂ ਪੇਸ਼ਕਸ਼ ਹੋਈ ਕਿ ਮੈਂ ਭਾਰਤ ਦੀ ਇੰਤਰਮ ਸਰਕਾਰ ਵਿਚ ਸ਼ਾਮਲ ਹੋਵਾਂ। ਮੈਂ ਇੱਕ ਘੰਟਾ ਉਲਝਣ ਵਿਚ ਪਿਆ ਰਿਹਾ, ਆਖਰ ਇਹ ਆਖ ਕੇ ਹਾਂ ਕਰ ਦਿੱਤੀ ਕਿ ਡਾ. ਅੰਬੇਡਕਰ ਦੀ ਅਜੇ ਸਲਾਹ ਨਹੀਂ ਲਈ, ਜੇ ਉਨ੍ਹਾਂ ਨੇ ਮਨ੍ਹਾਂ ਕਰ ਦਿੱਤਾ, ਫਿਰ ਮੈਂ ਅਸਤੀਫਾ ਦੇ ਦਿਆਂਗਾ। ਮੈਂ ਮੁੱਖ ਮੰਤਰੀ ਸੁਹਰਾਵਰਦੀ ਨੂੰ ਕਿਹਾ ਕਿ ਮੇਰੀ ਥਾਂ ਕੈਬਨਿਟ ਵਿਚ ਦੋ ਵਜ਼ੀਰ ਅਤੇ ਦੋ ਪਾਰਲੀਮਾਨੀ ਸਕੱਤਰ ਦਲਿਤਾਂ ਵਿਚੋਂ ਲਵੋ। ਖੁਸ਼ਕਿਸਮਤੀ ਨਾਲ ਲੰਡਨ ਤੋਂ ਅੰਬੇਡਕਰ ਦੀ ਤਾਰ ਆ ਗਈ, ਉਨ੍ਹਾਂ ਮੈਨੂੰ ਪ੍ਰਵਾਨਗੀ ਦੇ ਦਿੱਤੀ।

ਇੱਕ ਮਹੀਨੇ ਬਾਅਦ ਮੈਂ ਕਲਕੱਤੇ ਆ ਕੇ ਸੁਹਰਾਵਰਦੀ ਨੂੰ ਮਿਲਿਆ। ਉਸ ਨੇ ਦੱਸਿਆ ਕਿ ਪੂਰਬੀ ਬੰਗਾਲ ਦੇ ਗੋਪਾਲਗੰਜ ਇਲਾਕੇ ਵਿਚ ਨਾਮਸ਼ੂਦਰ ਬਹੁਗਿਣਤੀ ਵਿਚ ਹਨ ਤੇ ਉਹ ਬਦਲਾ ਲੈਣ ਦੀਆਂ ਵਿਉਂਤਾਂ ਬਣਾ ਰਹੇ ਹਨ। ਮੈਂ ਨਾਮਸ਼ੂਦਰਾਂ ਅਤੇ ਮੁਸਲਮਾਨਾਂ ਨਾਲ ਦਰਜਨ ਮੀਟਿੰਗਾਂ ਕੀਤੀਆਂ, ਜਿਨ੍ਹਾਂ ਵਿਚ ਵੱਡੇ ਇਕੱਠ ਹੋਏ। ਨਾਮਸ਼ੂਦਰ ਮੰਨ ਗਏ, ਸ਼ਾਂਤ ਹੋ ਗਏ।

ਤਿੰਨ ਜੂਨ 1947 ਨੂੰ ਬਰਤਾਨਵੀ ਸਰਕਾਰ ਦਾ ਬਿਆਨ ਆਇਆ ਕਿ ਦੇਸ਼-ਵੰਡ ਦੀ ਸਕੀਮ ਤਿਆਰ ਹੈ। ਸਾਰਾ ਦੇਸ਼, ਖਾਸ ਕਰਕੇ ਗੈਰ ਮੁਸਲਿਮ ਲੋਕ ਹੱਕੇ ਬੱਕੇ ਰਹਿ ਗਏ। ਮੈਂ ਸੋਚਿਆ ਕਰਦਾ ਸਾਂ, ਦੇਸ਼ ਵੰਡ ਦਾ ਨਾਅਰਾ ਮੁਸਲਿਮ ਲੀਗ ਆਪਣਾ ਦਬਾਉ ਬਣਾਉਣ ਵਾਸਤੇ ਮਾਰਿਆ ਕਰਦੀ ਹੈ, ਹੋਰ ਕੋਈ ਗੱਲ ਨਹੀਂ। ਮੈਂ ਸੋਚਿਆ ਕਰਦਾ, ਦੇਸ਼ ਵੰਡ ਨਾਲ ਫਿਰਕੂ ਤਣਾਉ ਘਟੇਗਾ ਨਹੀਂ, ਵਧੇਗਾ; ਬੇਸ਼ੱਕ ਉਚ ਜਾਤੀ ਹਿੰਦੂਆਂ ਦਾ ਮੁਸਲਮਾਨਾਂ ਬਾਰੇ ਵਰਤਾਰਾ ਚੰਗਾ ਨਹੀਂ ਸੀ। ਮੈਨੂੰ ਇਹ ਵੀ ਪਤਾ ਸੀ, ਪਾਕਿਸਤਾਨ ਬਣਨ ਨਾਲ ਮੁਸਲਮਾਨਾਂ ਦੀ ਦਸ਼ਾ ਸੁਧਰੇਗੀ ਨਹੀਂ। ਦੋਹਾਂ ਦੇਸ਼ਾਂ ਵਿਚ ਗਰੀਬੀ, ਅਨਪੜ੍ਹਤਾ ਅਤੇ ਫਿਰਕਾਪ੍ਰਸਤੀ ਵਧੇਗੀ। ਮੈਨੂੰ ਲਗਦਾ, ਜਿਵੇਂ ਪਾਕਿਸਤਾਨ ਦੱਖਣ ਪੂਰਬੀ ਏਸ਼ੀਆ ਦਾ ਸਭ ਤੋਂ ਪਛੜਿਆ ਹੋਇਆ ਦੇਸ਼ ਬਣ ਜਾਏਗਾ।

11 ਅਗਸਤ 1947 ਨੂੰ ਜਿਨਾਹ ਦਾ ਬਿਆਨ ਆਇਆ ਕਿ ਪਾਕਿਸਤਾਨ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਬਰਾਬਰ ਹੱਕ ਮਿਲਣਗੇ, ਉਹ ਸਾਰੇ ਸਿਰਫ ਪਾਕਿਸਤਾਨੀ ਹੋਣਗੇ। ਗੈਰ-ਮੁਸਲਿਮ ਲੋਕ ਕਾਫਰ ਨਹੀਂ ਜਾਣੇ ਜਾਣਗੇ। ਤੁਸੀਂ ਦੇਖ ਹੀ ਲਿਆ, ਕਾਇਦੇ-ਆਜ਼ਮ ਦੇ ਬਿਆਨ ਦਾ ਕੀ ਹਸ਼ਰ ਹੋ ਰਿਹਾ ਹੈ!

ਮੈਂ ਬੰਗਾਲ-ਵੰਡ ਦੇ ਖਿਲਾਫ ਸਾਂ। ਇਸ ਕਾਰਨ ਜੋ ਬੇਇੱਜਤੀ ਮੇਰੀ ਹੋਈ, ਉਹ ਸਿਰਫ ਮੈਂ ਜਾਣਦਾ ਹਾਂ। ਮੈਨੂੰ ਕਿੰਨਾ ਦੁੱਖ ਹੋਇਆ, ਜਦੋਂ



ਜੋਗਿੰਦਰਨਾਥ ਮੰਡਲ



ਲਿਆਕਤ ਅਲੀ ਖਾਨ

ਭਾਰਤ ਦੇ 32 ਕਰੋੜ ਹਿੰਦੂਆਂ ਨੇ ਮੈਨੂੰ ਗੱਦਾਰ ਕਿਹਾ, ਹਿੰਦੂਆਂ ਅਤੇ ਹਿੰਦੁਸਤਾਨ ਦਾ ਦੁਸ਼ਮਣ ਕਿਹਾ। ਮੈਂ ਪਾਕਿਸਤਾਨ ਦੀ ਵਫਾਦਾਰੀ ਨਿਭਾਉਣ ਵਿਚ ਚੱਟਾਨ ਵਾਂਗ ਖਲੋਤਾ ਰਿਹਾ। ਮੈਨੂੰ ਮਾਣ ਹੋਇਆ ਕਿ ਮੇਰੇ ਕਹਿਣ 'ਤੇ 70 ਲੱਖ ਦਲਿਤ ਪਾਕਿਸਤਾਨ ਦੇ ਹੱਕ ਵਿਚ ਖਲੋ ਗਏ।

14 ਅਗਸਤ 1947 ਨੂੰ ਪਾਕਿਸਤਾਨ ਸਥਾਪਿਤ ਹੋ ਗਿਆ। ਤੁਸੀਂ ਵਜ਼ਾਰਤ ਦਾ ਗਠਨ ਕੀਤਾ, ਮੈਨੂੰ ਸ਼ਾਮਲ ਕੀਤਾ, ਨਜ਼ੀਮੁੱਦੀਨ ਨੇ ਪੂਰਬੀ ਬੰਗਾਲ ਵਿਚ ਅੰਤ੍ਰਿਮ ਵਜ਼ਾਰਤ ਕਾਇਮ ਕਰ ਲਈ। ਦਸ ਅਗਸਤ ਕਰਾਚੀ ਵਿਚ ਮੈਂ ਖਵਾਜਾ ਨਜ਼ੀਮੁੱਦੀਨ ਨੂੰ ਮਿਲਿਆ ਤੇ ਕਿਹਾ, ਬੰਗਾਲੀ ਵਜ਼ਾਰਤ ਵਿਚ ਦੋ ਦਲਿਤਾਂ ਨੂੰ ਸ਼ਾਮਲ ਕਰ ਲਉ। ਉਸ ਨੇ ਕਿਹਾ, ਰਤਾ ਠਹਿਰੋ, ਕਰਾਂਗਾ। ਫਿਰ ਤਾਂ ਜਿਸ ਨਾਲ ਵੀ ਮੈਂ ਗੱਲ ਕਰਦਾ, ਮੂੰਹ ਪਰੇ ਕਰ ਲੈਂਦਾ। ਇਸ ਬਹਾਨੇਬਾਜ਼ੀ ਤੋਂ ਮੈਂ ਛਿੱਥਾ ਪੈ ਗਿਆ। ਮੁਸਲਿਮ ਲੀਗ ਦੇ ਸਾਰੇ ਲੀਡਰਾਂ ਨਾਲ ਗੱਲ ਕੀਤੀ, ਵਿਅਰਥ। ਫਿਰ ਮਸਲਾ ਤੁਹਾਡੇ ਧਿਆਨ ਵਿਚ ਲਿਆਂਦਾ। ਮੇਰੇ ਸਾਹਮਣੇ ਤੁਸੀਂ ਆਪਣੀ ਕੋਠੀ ਵਿਚ ਖਵਾਜਾ ਨਜ਼ੀਮੁੱਦੀਨ ਨਾਲ ਗੱਲ ਕੀਤੀ। ਖਵਾਜ਼ਾ ਮੰਨ ਗਿਆ ਕਿ ਢਾਕੇ ਜਾ ਕੇ ਇੱਕ ਜਣੇ ਨੂੰ ਵਜ਼ੀਰ ਲੈ ਲਵਾਂਗਾ। ਮੈਨੂੰ ਸ਼ੱਕ ਸੀ, ਇਸ ਕਰਕੇ ਪੁੱਛਿਆ, 'ਕਿੰਨੇ ਸਮੇਂ ਵਿਚ?' ਉਹ ਸੋਚਣ ਲੱਗਾ ਤਾਂ ਮੈਂ ਕਹਿ ਦਿੱਤਾ, ਇੱਕ ਮਹੀਨੇ ਅੰਦਰ ਅੰਦਰ ਜੇ ਇਹ ਕੰਮ ਨਾ ਕੀਤਾ, ਮੇਰਾ ਅਸਤੀਫਾ ਸਮਝਿਉ।

ਮੈਨੂੰ ਪਤਾ ਸੀ ਤੁਸੀਂ ਬੋਲ ਨਹੀਂ ਪੁਗਾਓਗੇ। ਨੂਰੁਲ ਅਮੀਨ ਬੰਗਾਲ ਦਾ ਮੁੱਖ ਮੰਤਰੀ ਬਣ ਗਿਆ, ਫਿਰ ਉਸ ਕੋਲ ਮਸਲਾ ਉਠਾਇਆ। ਉਹ ਵੀ ਬਹਾਨੇਬਾਜ਼ੀ ਕਰਨ ਲੱਗਾ। ਤੁਸੀਂ 1949 ਵਿਚ ਢਾਕੇ ਆਏ। ਤੁਹਾਡੇ ਨਾਲ ਫਿਰ ਗੱਲ ਕੀਤੀ। ਤੁਸੀਂ ਕਿਹਾ, ਘੱਟ ਗਿਣਤੀਆਂ ਵਿਚੋਂ ਵਜ਼ੀਰ ਲੈਣੇ ਹਨ, ਵਿਚਾਰਨ ਵਾਸਤੇ ਦੋ ਤਿੰਨ ਨਾਮ ਦਿਉ। ਤਿੰਨ ਨਾਮ ਤੁਹਾਨੂੰ ਦੇ ਦਿੱਤੇ। ਸਮਾਂ ਬੀਤਿਆ, ਮੈਂ ਤੁਹਾਨੂੰ ਪੁੱਛਿਆ, 'ਉਨ੍ਹਾਂ ਤਿੰਨ ਨਾਂਵਾਂ ਦਾ ਕੀ ਬਣਿਆ?' ਤੁਹਾਡਾ ਬੜਾ ਰੁੱਖਾ ਉਤਰ ਸੀ, 'ਨੂਰੁਲ ਅਮੀਨ ਨੂੰ ਦਿੱਲੀ ਤੋਂ ਵਾਪਸ ਤਾਂ ਮੁੜਨ ਦੇਹ।'

ਮੈਂ ਫਿਰ ਜ਼ਿਕਰ ਕੀਤਾ, ਤੁਸੀਂ ਟਾਲ ਗਏ। ਮੈਂ ਸਮਝ ਗਿਆ। ਦਲਿਤਾਂ ਵਿਚੋਂ ਤੁਸੀਂ ਹੋਰ ਵਜ਼ੀਰ ਨਹੀਂ ਲਵੋਗੇ। ਮੈਂ ਦੇਖਿਆ, ਮੇਰੀ ਮਜ਼ਬੂਤ ਲੀਡਰਸ਼ਿਪ ਤੁਹਾਡੇ ਲਈ ਸੁਖਾਵੀਂ ਨਹੀਂ, ਸੋ ਤੁਸੀਂ ਦਲਿਤਾਂ ਵਿਚ ਫੁੱਟ ਪਾਉਣ ਦੇ ਰਸਤੇ ਤੁਰ ਪਏ। ਸਿਰਫ ਦਲਿਤਾਂ ਦੇ ਨਹੀਂ, ਫਿਰ ਮੈਂ ਪੂਰੀ ਮਜ਼ਬੂਤੀ ਨਾਲ ਪਾਕਿਸਤਾਨ ਦੀਆਂ ਘੱਟ ਗਿਣਤੀਆਂ ਦੇ ਹਿਤ ਬਚਾਉਣ ਵਾਸਤੇ ਡਟ ਗਿਆ। ਕਾਇਦੇ ਆਜ਼ਮ ਸਾਡੀ ਗੱਲ ਤਾਂ ਸੁਣ ਲੈਂਦੇ ਸਨ, ਹੁਣ ਤਾਂ ਉਨ੍ਹਾਂ ਦੀ ਮੌਤ ਬਾਅਦ ਗੱਲ ਸੁਣਨ ਵਾਲਾ ਕੋਈ ਨਹੀਂ।

ਪੁਲਿਸ ਅਤੇ ਪ੍ਰਸ਼ਾਸਨ ਦੀ ਦਲਿਤਾਂ ਵਿਰੁੱਧ ਕਰੂਰਤਾ ਮੈਂ ਤੁਹਾਡੇ ਧਿਆਨ ਵਿਚ ਲਿਆਉਂਦਾ ਰਿਹਾ। ਗੋਪਾਲਗੰਜ ਨੇੜੇ ਦੀਗਰਕੁਲ ਪਿੰਡ ਦੇ ਦਲਿਤਾਂ ਉੱਪਰ ਪੁਲਿਸ ਨੇ ਕਹਿਰ ਢਾਹਿਆ। ਹੋਇਆ ਇਹ ਕਿ ਪਿੰਡ ਦੇ ਨਾਮਸ਼ੂਦਰ ਮਛੇਰੇ ਨੇ ਜਾਲ ਸੁੱਟਿਆ ਹੋਇਆ ਸੀ। ਪਿੱਛੋਂ ਆ ਕੇ ਉਸ ਦੇ ਬਰਾਬਰ ਕਿਸ਼ਤੀ ਵਿਚ ਬੈਠੇ ਮੁਸਲਮਾਨ ਨੇ ਆਪਣਾ ਜਾਲ ਸੁੱਟ ਦਿੱਤਾ। ਦਲਿਤ ਨੇ ਇਤਰਾਜ਼ ਕੀਤਾ। ਮੁਸਲਮਾਨ ਮਛੇਰਾ ਮੁਸਲਮਾਨਾਂ ਦੇ ਪਿੰਡ ਜਾ ਕੇ ਲੋਕਾਂ ਨੂੰ ਕਹਿੰਦਾ, ਮੇਰੀ ਕਿਸ਼ਤੀ ਵਿਚ ਇੱਕ ਔਰਤ ਸੀ ਤੇ ਮੈਂ ਉਸ ਨੂੰ ਲਿਜਾ ਰਿਹਾ ਸਾਂ। ਇਸ ਸ਼ੂਦਰ ਨੇ ਸਾਡੇ ਨਾਲ ਜ਼ਬਰਦਸਤੀ ਕੀਤੀ। ਉਸੇ ਨਹਿਰ ਵਿਚ ਕਿਸ਼ਤੀ 'ਤੇ ਸਵਾਰ ਗੋਪਾਲਗੰਜ ਦਾ ਐਸ. ਡੀ. ਐਮ. ਲੰਘ ਰਿਹਾ ਸੀ। ਉਸ ਨੇ ਬਿਨ ਪੜਤਾਲ ਸ਼ਿਕਾਇਤ ਸੱਚ ਮੰਨ ਕੇ ਪੁਲਿਸ ਬੁਲਾ ਲਈ। ਪੁਲਿਸ ਨਾਲ ਹਥਿਆਰਬੰਦ ਗੁੰਡੇ ਰਲ ਗਏ। ਸਭ ਨੇ ਨਾਮਸ਼ੂਦਰ ਮਰਦ ਤੇ ਔਰਤਾਂ ਕੁੱਟੇ ਅਤੇ ਘਰ ਲੁੱਟ ਲਏ। ਗੁੰਡਾਗਰਦੀ ਦੌਰਾਨ ਇੱਕ ਔਰਤ ਦਾ ਗਰਭਪਾਤ ਹੋਇਆ। ਇਲਾਕੇ ਵਿਚ ਹਫੜਾ ਦਫੜੀ ਮੱਚ ਗਈ।

ਦੂਜੀ ਘਟਨਾ 1949 ਦੇ ਸ਼ੁਰੂ ਵਿਚ ਬਾਰੀਸਾਲ ਜਿਲੇ ਦੇ ਗੁਰਨਾਦੀ ਇਲਾਕੇ ਵਿਚ ਘਟੀ। ਪੁਲਿਸ ਨਾਲ ਮਿਲੇ ਹੋਏ ਇੱਕ ਧੜੇ ਨੇ ਆਪਣੇ ਵਿਰੋਧੀਆਂ ਦੀ ਸ਼ਿਕਾਇਤ ਕਰ ਦਿੱਤੀ ਕਿ ਉਹ ਕਮਿਊਨਿਸਟ ਹਨ ਅਤੇ ਠਾਣਾ ਲੁੱਟਣ ਦੀ ਵਿਉਂਤ ਬਣਾ ਰਹੇ ਹਨ। ਠਾਣੇ ਉੱਪਰ ਹਮਲਾ ਹੋ ਸਕਦਾ ਹੈ, ਫੌਜੀ ਟੁਕੜੀ ਬੁਲਾ ਲਈ। ਪਿੰਡ ਘੇਰ ਲਿਆ, ਲੁੱਟਮਾਰ ਸ਼ੁਰੂ ਹੋ ਗਈ। ਅੰਗਰੇਜ਼ੀ ਹਾਈ ਸਕੂਲਾਂ ਦੇ ਮਾਸਟਰ ਤੇ ਵਿਦਿਆਰਥੀਆਂ ਨੂੰ ਕਮਿਊਨਿਸਟ ਆਖ ਕੇ ਧੱਕਾ ਕੀਤਾ। ਪੀੜਿਤ ਲੋਕਾਂ ਨੇ ਪੜਤਾਲ ਦੀ ਮੰਗ ਕੀਤੀ, ਨਹੀਂ ਹੋਈ। ਇਹ ਮਸਲਾ ਮੈਂ ਤੁਹਾਡੇ ਧਿਆਨ ਵਿਚ ਲਿਆਂਦਾ, ਕੋਈ ਅਸਰ ਨਹੀਂ।

ਸਿਲਹਟ ਜਿਲੇ ਦਾ ਪਿੰਡ ਹਬੀਬਗੜ੍ਹ ਪੁਲਿਸ ਅਤੇ ਸਥਾਨਕ ਮੁਸਲਮਾਨਾਂ ਨੇ ਘੇਰ ਲਿਆ। ਮਾਸੂਮ ਹਿੰਦੂਆਂ ਅਤੇ ਦਲਿਤਾਂ ਉੱਪਰ ਜ਼ਿਆਦਤੀ ਕੀਤੀ, ਘਰ ਲੁੱਟ ਲਏ। ਫਿਰ ਫੌਜ ਆ ਗਈ, ਉਹੀ ਫੌਜ ਨੇ ਕੀਤਾ। ਪੇਂਡੂਆਂ ਨੂੰ ਹੁਕਮ ਦਿੱਤਾ, 'ਰਾਤ ਨੂੰ ਆਪਣੀਆਂ ਔਰਤਾਂ ਫੌਜੀ ਕੈਂਪ ਵਿਚ ਭੇਜਿਆ ਕਰਨ।' ਇਹ ਗੱਲ ਤੁਹਾਨੂੰ ਦੱਸੀ। ਕੋਈ ਅਸਰ ਨਹੀਂ।

ਇਸ ਪਿੱਛੋਂ ਰਾਜਾਸ਼ਾਹੀ ਜਿਲੇ ਦੇ ਪਿੰਡ ਨਚੌਲ ਵਿਚ ਕਮਿਊਨਿਸਟਾਂ ਨੂੰ ਦਬਾਉਣ ਦੇ ਬਹਾਨੇ ਹੇਠ ਸਥਾਨਕ ਲੋਕਾਂ ਨੇ ਪੁਲਿਸ ਨਾਲ ਰਲ ਕੇ ਹਿੰਦੂਆਂ ਦੇ ਘਰ ਘਾਟ ਲੁੱਟੇ। ਬਾਰਡਰ ਪਾਰ ਕਰਕੇ ਸੰਥਾਲ ਆਪਣੀਆਂ ਜਾਨਾਂ ਬਚਾਉਣ ਵਾਸਤੇ ਪੱਛਮੀ ਬੰਗਾਲ ਵਿਚ ਹਿਜਰਤ ਕਰ ਗਏ ਤੇ ਆਪਣੇ ਉੱਪਰ ਹੋਏ ਜ਼ੁਲਮ ਦੀਆਂ ਦਾਸਤਾਨਾਂ ਸੁਣਾਈਆਂ।

ਜਿਲਾ ਖੁਲਣਾ ਦੇ ਮੋਲਾਰਹੱਟ ਥਾਣੇ ਦੇ ਪਿੰਡ ਕਲਸ਼ੀਰਾ ਵਿਚ 20 ਦਸੰਬਰ 1949 ਨੂੰ ਇੱਕ ਹੋਰ ਘਟਨਾ ਘਟੀ। ਇਹ ਕਹਿ ਕੇ ਕਿ ਇੱਥੇ ਕਮਿਊਨਿਸਟ ਲੁਕੇ ਹੋਏ ਹਨ, ਚਾਰ ਪੁਲਸੀਆਂ ਨੇ ਜੋਏਦੇਵ ਬ੍ਰਹਮਾ ਦੇ ਘਰ ਛਾਪਾ ਮਾਰਿਆ। ਕੋਈ ਅੱਧੀ ਦਰਜਨ ਦੇ ਕਰੀਬ ਜੁਆਨ, ਜੋ ਸ਼ਾਇਦ ਕਾਮਰੇਡ ਹੋਣ, ਉੱਥੋਂ ਭੱਜ ਗਏ। ਪੁਲਸੀਆਂ ਨੇ ਬ੍ਰਹਮਾ ਦੀ ਔਰਤ ਨਾਲ ਜ਼ਿਆਦਤੀ ਕੀਤੀ, ਉਹ ਚੀਕਾਂ ਮਾਰਨ ਲੱਗੀ। ਚੀਕਾਂ ਸੁਣ ਕੇ ਭੱਜੇ ਮੁੰਡੇ ਅਤੇ ਬ੍ਰਹਮਾ ਵਾਪਸ ਘਰ ਪਰਤੇ। ਦੇਖਿਆ ਚਾਰ ਸਿਪਾਹੀਆਂ ਕੋਲ ਸਿਰਫ ਇੱਕ ਬੰਦੂਕ ਹੈ। ਇੱਕ ਮੁੰਡਾ ਇਹ ਦੇਖ ਕੇ ਤੈਸ਼ ਵਿਚ ਆ ਗਿਆ ਤੇ ਉਸ ਨੇ ਸਿਪਾਹੀ ਦੇ ਉਹ ਜ਼ਬਰਦਸਤ ਘਸੁੰਨ ਮਾਰਿਆ ਕਿ ਸਿਪਾਹੀ ਡਿੱਗ ਪਿਆ ਤੇ ਥਾਂਏਂ ਮਰ ਗਿਆ। ਉਸ ਨੇ ਦੂਜੇ ਸਿਪਾਹੀ ਉੱਪਰ ਹੱਲਾ ਬੋਲਿਆ ਤਾਂ ਦੋ ਭੱਜ ਗਏ ਤੇ ਇਹ ਸਿਪਾਹੀ ਚਿਲਾਉਣ ਲੱਗਾ।

ਘਟਨਾ ਸੂਰਜ ਚੜ੍ਹਨ ਤੋਂ ਪਹਿਲਾਂ ਦੀ ਹੈ, ਮੁੰਡੇ ਲਾਸ਼ ਚੁੱਕ ਕੇ ਭੱਜ ਗਏ। ਖੁਲਣਾ ਦਾ ਐਸ. ਪੀ. ਫੌਜ ਅਤੇ ਪੁਲਿਸ ਲੈ ਕੇ ਪੁੱਜ ਗਿਆ। ਕਾਤਲ ਅਤੇ ਸਿਆਣੇ ਗਵਾਂਢੀ ਹਨੇਰੇ ਦਾ ਲਾਭ ਉਠਾ ਕੇ ਭੱਜ ਗਏ, ਬਾਕੀ ਪਿੰਡ ਨੂੰ ਕੋਈ ਪਤਾ ਨਹੀਂ। ਫੌਜ ਅਤੇ ਪੁਲਿਸ ਨੇ ਮਾਸੂਮ ਹਿੰਦੂਆਂ ਨੂੰ ਕੁੱਟਣਾ ਸ਼ੁਰੂ ਕੀਤਾ, ਮੁਸਲਮਾਨ ਉਨ੍ਹਾਂ ਦੇ ਘਰ ਲੁੱਟਣ ਲੱਗੇ। ਹਿੰਸਕਾਂ ਨੇ ਵੱਡੀ ਗਿਣਤੀ ਵਿਚ ਹਿੰਦੂ ਮਾਰੇ, ਘਰਾਂ ਵਿਚ ਪਈਆਂ ਮੂਰਤੀਆਂ ਤੋੜੀਆਂ ਤੇ ਬੱਚਿਆਂ ਨੂੰ ਇਸਲਾਮ ਵਿਚ ਸ਼ਾਮਲ ਕੀਤਾ। ਸਥਾਨਕ ਮੁਸਲਮਾਨਾਂ, ਪੁਲਿਸ ਅਤੇ ਫੌਜ ਨੇ ਬਲਾਤਕਾਰ ਕੀਤੇ।

28 ਫਰਵਰੀ 1950 ਨੂੰ ਮੈਂ ਕਲਸ਼ੀਰਾ ਅਤੇ ਆਸ-ਪਾਸ ਦੇ ਪਿੰਡਾਂ ਦਾ ਦੌਰਾ ਕੀਤਾ। ਐਸ. ਪੀ. ਅਤੇ ਜਿਲੇ ਦੇ ਲੀਗ ਲੀਡਰ ਮੇਰੇ ਨਾਲ ਸਨ। ਵਿਆਪਕ ਤਬਾਹੀ ਦੇਖੀ। ਸਾਨੂੰ ਦੱਸਿਆ ਗਿਆ ਕਿ ਇੱਥੇ 350 ਘਰ ਵਸਦੇ ਹੁੰਦੇ ਸਨ, ਸਿਰਫ ਤਿੰਨ ਘਰ ਬਚੇ। ਸ਼ੂਦਰਾਂ ਦੀਆਂ ਕਿਸ਼ਤੀਆਂ ਅਤੇ ਪਸ਼ੂ ਲੁੱਟ ਲਏ। ਇਸ ਦੀ ਰਿਪੋਰਟ ਮੈਂ ਪੁਲਿਸ ਆਈ. ਜੀ., ਚੀਫ ਸਕੱਤਰ, ਮੁੱਖ ਮੰਤਰੀ ਅਤੇ ਤੁਹਾਨੂੰ ਭੇਜੀ। ਇਸ ਘਟਨਾ ਦੀ ਖਬਰ ਅਖਬਾਰਾਂ ਵਿਚ ਛਪੀ ਤਾਂ ਪੱਛਮੀ ਬੰਗਾਲ ਦੇ ਹਿੰਦੂ ਤੈਸ਼ ਵਿਚ ਆ ਗਏ। ਕਲਸ਼ੀਰਾ ਦੇ ਉਜੜੇ ਉਖੜੇ ਦਲਿਤ ਕਲਕੱਤੇ ਪੁੱਜ ਗਏ ਤੇ ਆਪਣੇ ਨਾਲ ਹੋਈ ਬੀਤੀ ਦੱਸੀ, ਜਿਸ ਦੇ ਫਲਸਰੂਪ ਪੱਛਮੀ ਬੰਗਾਲ ਵਿਚ ਫਿਰਕੂ ਗੜਬੜ ਹੋਈ। ਪੂਰਬੀ ਬੰਗਾਲ ਦੀ ਵਿਧਾਨ ਸਭਾ ਦਾ ਬਜਟ ਇਜਲਾਸ ਸ਼ੁਰੂ ਹੋ ਗਿਆ ਤਾਂ ਕਾਂਗਰਸ ਵਿਧਾਇਕਾਂ ਨੇ ਦੋ ਵਾਰ ਕਲਸ਼ੀਰਾ ਦੀ ਘਟਨਾ ਉੱਪਰ ਵਿਚਾਰ ਕਰਨ ਲਈ ਮਤਾ ਭੇਜਿਆ, ਪਰ ਉਨ੍ਹਾਂ ਦੀ ਸੁਣਵਾਈ ਨਾ ਹੋਈ। ਵਿਰੋਧ ਕਰਦਿਆਂ ਕਾਂਗਰਸ ਵਿਧਾਇਕ ਵਾਕ ਆਊਟ ਕਰ ਗਏ। ਹਿੰਦੂ ਵਿਧਾਇਕਾਂ ਦੇ ਵਾਕ ਆਊਟ ਸਦਕਾ ਨਾ ਸਿਰਫ ਵਜ਼ੀਰ ਸਗੋਂ ਸੂਬੇ ਦੇ ਮੁਸਲਮਾਨ ਨੇਤਾ ਅਤੇ ਅਫਸਰ ਨਾਰਾਜ਼ ਹੋਏ। ਇਸੇ ਵਜ੍ਹਾ ਕਰਕੇ ਫਰਵਰੀ 1950 ਵਿਚ ਢਾਕਾ ਅਤੇ ਪੂਰਬੀ ਬੰਗਾਲ ਵਿਚ ਫਿਰਕੂ ਫਸਾਦ ਹੋਏ।

10 ਫਰਵਰੀ 1950, ਸਵੇਰੇ 10 ਵਜੇ ਇੱਕ ਔਰਤ ਨੂੰ ਲਾਲ ਰੰਗ ਨਾਲ ਰੰਗ ਦਿੱਤਾ ਤੇ ਜਲੂਸ ਦੇ ਅੱਗੇ ਲਾ ਕੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਕਲਕੱਤੇ ਦੇ ਹਿੰਦੂਆਂ ਨੇ ਇਸ ਮੁਸਲਮਾਨ ਔਰਤ ਦੀ ਛਾਤੀ ਕੱਟ ਦਿੱਤੀ। ਢਾਕੇ ਦੇ ਸਕੱਤਰੇਤ ਕੋਲੋਂ ਦੀ ਇਹ ਜਲੂਸ ਲੰਘਿਆ ਤਾਂ ਸਕੱਤਰੇਤ ਦੇ ਮੁਲਾਜ਼ਮ ਕੰਮ ਛੱਡ ਕੇ ਸ਼ਾਮਲ ਹੋ ਗਏ। ਬਾਰਾਂ ਵਜੇ ਤੱਕ ਜਲੂਸ ਇੱਕ ਮੀਲ ਲੰਮਾ ਹੋ ਗਿਆ। ਜ਼ਿਕਰਯੋਗ ਹੈ ਕਿ ਐਨ ਇਸੇ ਸਮੇਂ ਇਸੇ ਬਿਲਡਿੰਗ ਦੇ ਇੱਕ ਕਮਰੇ ਵਿਚ ਪੂਰਬੀ ਅਤੇ ਪੱਛਮੀ ਬੰਗਾਲ ਦੇ ਚੀਫ ਸਕੱਤਰਾਂ ਦੀ ਇਸ ਮੁੱਦੇ ਬਾਰੇ ਮੀਟਿੰਗ ਚੱਲ ਰਹੀ ਸੀ ਕਿ ਫਿਰਕੂ ਦੰਗੇ ਕਿਵੇਂ ਰੋਕੇ ਜਾਣ?

ਦੁਪਹਿਰ ਇੱਕ ਵਜੇ ਢਾਕਾ ਵਿਚ ਦੰਗੇ ਸ਼ੁਰੂ ਹੋ ਗਏ। ਹਿੰਦੂਆਂ ਨੂੰ ਮਾਰਨਾ, ਘਰ, ਦੁਕਾਨਾਂ ਲੁੱਟਣੀਆਂ ਅਰੰਭ। ਪੁਲਿਸ ਦੀ ਹਾਜ਼ਰੀ ਵਿਚ ਘੱਲੂਘਾਰਾ ਹੁੰਦਾ ਰਿਹਾ। ਰੋਕਣਾ ਤਾਂ ਕੀ, ਪੁਲਿਸ ਦੱਸਦੀ ਰਹੀ ਕਿ ਗਹਿਣਿਆਂ ਦੀਆਂ ਦੁਕਾਨਾਂ ਕਿਵੇਂ

(ਬਾਕੀ ਅਗਲੇ ਸਫੇ 'ਤੇ)



ਖਵਾਜਾ ਨਜ਼ੀਮੁੱਦੀਨ ਅਤੇ ਸੁਹਰਾਵਰਦੀ

# ਗੁਰੂ ਸਾਹਿਬਾਨ ਤੇ ਬਾਬਾ ਬੰਦਾ ਸਿੰਘ ਬਹਾਦਰ ਤੋਂ ਪ੍ਰਭਾਵਤ ਸੀ ਚੀ ਗੁਵੇਰਾ

ਪੜ੍ਹਾਈ ਅਤੇ ਟ੍ਰੇਨਿੰਗ ਪੂਰੀ ਕਰਨ ਉਪਰੰਤ ਚਾਰ ਕੁ ਹਫਤੇ ਪਿਛੋਂ ਸਰਕਾਰੀ ਅਧਿਆਪਕ ਦੀ ਨੌਕਰੀ ਮਿਲ ਗਈ, ਪਰ ਮਿਲੀ ਦੂਜੇ ਜਿਲੇ ਵਿਚ, ਜੋ ਮਾਲਵੇ ਨਾਲ ਸਬੰਧਤ ਸੀ। ਸੋ, ਘਰੋਂ ਬਾਹਰ ਹੀ ਰਹਿਣਾ ਪੈਂਦਾ ਸੀ, ਕਿਉਂਕਿ ਸੜਕਾਂ ਕੱਚੀਆਂ ਹੋਣ ਕਾਰਨ ਆਉਣਾ-ਜਾਣਾ ਔਖਾ ਸੀ। ਸਰਕਾਰੀ ਡਿਊਟੀ ਦੇ ਨਾਲ-ਨਾਲ ਖੱਬਾ ਸਾਹਿਤ ਪੜ੍ਹਿਆ ਹੋਣ ਕਰਕੇ ਅਧਿਆਪਕ ਜਥੇਬੰਦੀਆਂ ਵਿਚ ਮੂਹਰਲੀਆਂ ਕਤਾਰਾਂ ਵਿਚ ਭਾਗ ਲੈਣ ਲੱਗਾ। ਉਸ ਸਮੇਂ ਸੰਸਾਰ ਪ੍ਰਸਿੱਧ ਕ੍ਰਾਂਤੀਕਾਰੀ ਨੌਜਵਾਨ ਚੀ ਗੁਵੇਰਾ ਲਹੂ ਵੀਟਵਾਂ ਸੰਘਰਸ਼ ਕਰਦਾ ਸ਼ਹੀਦੀ ਪ੍ਰਾਪਤ ਕਰ ਚੁਕਾ ਸੀ। ਨੌਜਵਾਨਾਂ ਦਾ ਆਈਕੋਨ ਹੀਰੋ ਸੀ ਉਹ, ਜਿਸ ਦੇ ਨਾਂ ਉਕਰੇ ਦੀਆਂ ਫੋਟੋਆਂ

**ਮਾਸਟਰ ਦਇਆ ਸਿੰਘ ਸੰਧੂ**

ਲੱਗੀਆਂ ਟੀ-ਸ਼ਰਟਾਂ ਨੌਜਵਾਨ ਪਹਿਨਦੇ ਸਨ। ਬੜਾ ਫਖਰ ਮਹਿਸੂਸ ਕਰਦੇ ਸਨ।

ਉਦੋਂ ਤਾਂ ਨਹੀਂ, ਪਰ ਹੁਣ ਜਦੋਂ ਜ਼ਿੰਦਗੀ ਦੀ ਸ਼ਾਮ ਹੋ ਗਈ ਤਾਂ ਉਸ ਦਾ ਦੇਸ਼ ਕਿਊਬਾ ਵੇਖਣ ਦਾ ਉਤਸ਼ਾਹ ਪੈਦਾ ਹੋਇਆ। ਥੋੜ੍ਹੀ ਜਿਹੀ ਕੋਸ਼ਿਸ਼ ਕਰਨ 'ਤੇ ਉਸ ਦੇਸ਼ ਜਾਣ ਦਾ ਗਰੁੱਪ ਟੂਰਿਸਟ ਵੀਜ਼ਾ ਮਿਲ ਗਿਆ। ਕਿਊਬਾ ਟਾਪੂਨੁਮਾ ਦੇਸ਼, ਜਿਸ ਦਾ ਖੇਤਰਫਲ ਲਗਪਗ 110 ਵਰਗ ਕਿਲੋਮੀਟਰ ਹੈ ਅਤੇ ਆਬਾਦੀ ਇਕ ਕਰੋੜ, ਸਤਾਰਾਂ ਲੱਖ; ਜੋ ਉਤਰੀ ਅਮਰੀਕਾ ਮਹਾਂਦੀਪ ਅਤੇ ਦੱਖਣੀ ਅਮਰੀਕਾ ਮਹਾਂਦੀਪ ਦੇ ਵਿਚਕਾਰ ਹੈ, ਜਿਸ ਦੇ ਚਾਰੇ ਪਾਸੇ ਸਮੁੰਦਰ ਹੈ, ਇਕ ਬੱਤਖ ਦੀ ਧੌਣ ਵਰਗਾ ਲੰਬੂਤਰਾ ਜਿਹਾ ਟਾਪੂ (ਦੇਸ਼) ਹੈ ਅਤੇ ਦਿੱਲੀ ਤੋਂ ਉਸ ਦਾ ਰਾਜਧਾਨੀ ਵਾਲਾ ਸ਼ਹਿਰ ਹਵਾਨਾ ਕਰੀਬ 14,000 ਕਿਲੋਮੀਟਰ ਦੀ ਦੂਰੀ 'ਤੇ ਹੈ। ਇਹ ਦੇਸ਼ ਗੰਨੇ ਦੀ ਭਰਪੂਰ ਫਸਲ ਪੈਦਾ ਕਰਦਾ ਹੈ। ਦੁਨੀਆਂ ਭਰ ਦਾ ਮਹਿੰਗਾ ਪੌਦਾ ਇਸ ਧਰਤੀ 'ਤੇ ਪੈਦਾ ਹੁੰਦਾ ਹੈ, ਜਿਸ ਤੋਂ ਸਿਗਾਰ ਬਣਦੀ ਹੈ, ਜਿਸ ਨੂੰ ਅਮੀਰ, ਬਹੁਤ ਅਮੀਰ ਕਸ਼ ਖਿੱਚ ਕੇ ਲੈਂਦੇ ਹਨ। ਇਸ ਦੇ ਇਕ ਪੀਸ ਦੀ ਕੀਮਤ ਚਾਲੀ ਤੋਂ ਪੰਜਾਹ ਅਮਰੀਕੀ ਡਾਲਰ ਹੈ।

ਜਦ ਸਾਡੇ ਟੂਰਿਸਟ ਗਰੁੱਪ ਦਾ ਉਤਾਰਾ ਹਵਾਨਾ ਸਿਟੀ ਹੋਇਆ ਤਾਂ ਮਨ ਵਿਚ ਹਵਾਨਾ ਸਿਟੀ ਵੇਖਣ ਦੀ ਜੋ ਇੱਛਾ ਸੀ, ਪੂਰੀ ਹੋ ਗਈ। ਇਹ ਜਰਖੇਜ਼ ਧਰਤੀ ਵਾਲਾ ਦੇਸ਼ ਪਹਿਲਾਂ ਪਹਿਲ ਸ਼ਪੈਨਿਸ਼ ਕਾਲੋਨੀ ਸੀ। ਉਨ੍ਹਾਂ ਇਸ ਦੀ ਖੂਬ ਲੁੱਟ ਕੀਤੀ। ਉਸ ਤੋਂ ਬਾਅਦ 1898 ਈਸਵੀ ਤੋਂ ਇਥੇ ਅਮਰੀਕਾ ਦੀ ਕਠਪੁਤਲੀ ਹਕੂਮਤ ਸੀ, ਜੋ 1959 ਈਸਵੀ ਤੱਕ ਰਹੀ। ਅਮਰੀਕਾ ਨੇ ਵੀ ਇਹਨੂੰ ਰੱਜ ਕੇ ਲੁੱਟਿਆ, ਪਰ ਅਮੀਰਾਂ ਦੇ ਐਸ਼ ਕਰਨ ਲਈ ਹਵਾਨਾ ਵਿਚ ਐਸ਼ੋ-ਇਸ਼ਰਤ ਦੇ ਅੱਡੇ ਖੋਲ੍ਹੇ ਅਤੇ ਹਜ਼ਾਰਾਂ ਕੈਸੀਨੋ ਘਰ। ਦੁਨੀਆਂ ਭਰ ਦੇ ਅਮੀਰ ਲੋਕਾਂ ਲਈ ਸੈਰਗਾਹ ਬਣ ਗਿਆ ਸੀ, ਪਰ ਮੇਰਾ ਮਕਸਦ ਸੀ ਚੀ ਗੁਵੇਰਾ ਨਾਲ ਜੁੜੇ ਭਾਵਨਾਤਮਕ ਲੋਕਾਂ ਨਾਲ ਮਿਲਣਾ ਅਤੇ ਚੀ ਗੁਵੇਰਾ ਨਾਲ ਉਸ ਦੇਸ਼ ਦੇ ਲੋਕ ਕਿੰਨਾ ਕੁ ਪਿਆਰ ਕਰਦੇ ਹਨ, ਇਹ ਅਨੁਭਵ ਕਰਨਾ।

ਆਪਣੇ ਗਰੁੱਪ ਨੂੰ ਛੱਡ ਆਪਣੇ ਬੌਸ ਤੋਂ ਇਜਾਜ਼ਤ ਲੈ ਤੁਰ ਪਿਆ ਆਪਣੀ ਮੰਜ਼ਿਲ ਵੱਲ। ਸਵੇਰੇ-ਸਵੇਰੇ ਸ਼ਾਮ ਨੂੰ ਪਰਤ ਆਉਣ ਦਾ ਵਾਅਦਾ ਕਰਕੇ। ਇਤਫਾਕਨ ਜੋ ਵਿਅਕਤੀ ਮੈਂ ਭਾਲਿਆ, ਉਸ ਨੇ ਮੇਰੀ ਖਾਹਿਸ਼ ਪੂਰੀ ਕਰ ਦਿੱਤੀ, 8-9 ਘੰਟੇ ਦੀ ਸੰਗਤ ਕਰਕੇ। ਉਸ ਪੜ੍ਹੇ-ਲਿਖੇ ਸੋਹਣੇ ਸੁਨੱਖੇ 40-45 ਸਾਲ ਦੇ ਪ੍ਰੋਫੈਸਰ ਨਾਲ ਮੇਰਾ ਮੇਲ ਹੋ ਗਿਆ-ਨਾਂ ਸੀ ਪ੍ਰੋ. ਇਵਾਨ ਪੈਡਰੋਸੋ। ਬੜਾ ਹੀ ਮਿਲਣਸਾਰ, ਜੋ ਹਵਾਨਾ ਯੂਨੀਵਰਸਿਟੀ ਡਿਊਟੀ ਕਰਦਾ ਸੀ ਅਤੇ ਇਤਿਹਾਸ ਦਾ ਇਕ ਕ੍ਰਾਂਤੀਕਾਰੀ ਪ੍ਰੋਫੈਸਰ ਸੀ। ਉਸ ਨੇ ਮੈਨੂੰ ਯੂਨੀਵਰਸਿਟੀ ਘੁਮਾਇਆ। ਯੂਨੀਵਰਸਿਟੀ ਵਿਚ ਨੌਜਵਾਨ ਲੜਕੇ-ਲੜਕੀਆਂ ਨੇ ਚੀ ਗੁਵੇਰਾ ਦੀਆਂ ਫੋਟੋਆਂ ਲੱਗੀਆਂ ਟੀ-ਸ਼ਰਟਾਂ ਪਾਈਆਂ ਹੋਈਆ ਸਨ। ਯੂਨੀਵਰਸਿਟੀ ਘੁਮਾਉਣ ਪਿਛੋਂ ਉਹ ਪ੍ਰੋਫੈਸਰ ਮੈਨੂੰ ਯੂਨੀਵਰਸਿਟੀ ਵਿਚ ਮਿਲੇ ਹੋਸਟਲ ਵਾਲੇ ਆਪਣੇ ਘਰ ਲੈ ਗਿਆ। ਉਸ ਦੇ ਇਕ ਰੂਮ ਵਿਚ ਸਾਰੀਆਂ ਕੰਧਾਂ ਉਪਰ ਬਹੁਤ ਹੀ ਜ਼ਿਆਦਾ ਕ੍ਰਾਂਤੀਕਾਰੀਆਂ ਭਾਵ ਇਨਕਲਾਬੀ ਆਗੂਆਂ ਦੀਆਂ ਫੋਟੋਆਂ ਲੱਗੀਆਂ ਹੋਈਆਂ ਸਨ।

ਮੇਰਾ ਫੋਟੋ ਵੇਖਦਿਆਂ-ਵੇਖਦਿਆਂ ਇਕਦਮ ਧਿਆਨ ਪਿਆ ਤਿੰਨ ਫੋਟੋਆਂ ਉਤੇ-ਗੁਰੂ ਗੋਬਿੰਦ ਸਿੰਘ, ਗੁਰੂ ਹਰਿਗੋਬਿੰਦ ਸਾਹਿਬ ਤੇ ਬਾਬਾ ਬੰਦਾ ਸਿੰਘ ਬਹਾਦਰ। ਇਸ ਤੋਂ ਇਲਾਵਾ ਜੋ ਹੋਰ ਫੋਟੋਆਂ ਸਨ, ਉਨ੍ਹਾਂ ਦੀ ਗਿਣਤੀ 800 ਤੋਂ ਉਪਰ ਹੋਵੇਗੀ। ਮੈਂ ਉਸ ਨੂੰ ਬੁਲਾ ਕੇ ਕਿਹਾ, ਸਰ ਇਨ੍ਹਾਂ ਤਿੰਨਾਂ ਇਨਕਲਾਬੀਆਂ ਬਾਰੇ ਕੁਝ ਜਾਣਕਾਰੀ ਦਿਉ। ਉਹ ਮੁਸਕਰਾ ਕੇ ਕਹਿਣ ਲੱਗਾ, ਸਰ! ਸਗੋਂ ਤੁਸੀਂ ਦੱਸੋ ਕੁਝ ਮੈਨੂੰ। ਮੈਂ ਆਖਿਆ 'ਨਹੀਂ! ਮੈਂ ਤੁਹਾਡੇ ਤੋਂ ਹੀ ਸੁਣਨਾ ਹੈ' ਤਾਂ ਉਸ ਨੇ ਜੋ ਮੈਨੂੰ ਆਪਣੇ ਮੂੰਹੋਂ ਜਾਣਕਾਰੀ ਦਿੱਤੀ, ਸੁਣ ਕੇ ਮੈਂ ਹੈਰਾਨ ਵੀ ਹੋਇਆ ਤੇ ਖੁਸ਼ ਵੀ।


ਚੀ ਗੁਵੇਰਾ

ਇਵਾਨ ਪਹਿਲੀ ਫੋਟੋ 'ਤੇ ਹੱਥ ਰੱਖ ਕੇ ਕਹਿਣ ਲੱਗਾ ਕਿ ਇਹ ਤੁਹਾਡੇ ਵਡੇਰੇ ਆਗੂਆਂ ਦੀ ਲੜੀ ਵਿਚੋਂ ਛੇਵੀਂ ਥਾਂ ਰੱਖਦੇ ਨੇ, ਪਰ ਸਾਡੀ ਨਜ਼ਰ ਵਿਚ ਇਹ ਤੁਹਾਡੇ ਪਹਿਲੇ ਕ੍ਰਾਂਤੀਕਾਰੀ ਹੋਏ ਨੇ, ਜਿਨ੍ਹਾਂ ਆਪਣੀ ਮੁੱਠੀ ਵਿਚ ਤਲਵਾਰ ਲਈ ਤੇ ਹੱਕ ਸੱਚ ਦੇ ਯੁੱਧ ਲੜੇ। ਉਸ ਵਕਤ ਦੀ ਜ਼ਾਲਮ ਹਕੂਮਤ ਨੇ ਤੁਹਾਡੇ ਖਿੱਤੇ ਵਿਚ ਘੋੜੇ 'ਤੇ ਚੜ੍ਹਨ 'ਤੇ ਪਾਬੰਦੀ ਲਾ ਰੱਖੀ ਸੀ। ਤਲਵਾਰ ਰੱਖਣ 'ਤੇ ਪਾਬੰਦੀ, ਪੱਗ ਸਜਾਉਣ 'ਤੇ ਪਾਬੰਦੀ, ਉਪਰ ਕਲਗੀ (ਤਾਜ) 'ਤੇ ਪਾਬੰਦੀ; ਵਿਆਹ ਕਰਵਾਉਣ ਤੇ ਡੋਲੇ (ਪਤਨੀਆਂ) ਲੁੱਟ ਲੈਣੇ। ਤੁਹਾਡੇ ਇਸ ਕ੍ਰਾਂਤੀਕਾਰੀ ਨੇ ਘੋੜੇ ਦੀ ਸਵਾਰੀ ਕੀਤੀ, ਤਲਵਾਰ ਉਠਾਈ, ਦਸਤਾਰ ਸਜਾਈ, ਕਲਗੀ ਸਜਾਈ। ਨਿਡਰ ਹੋ ਕੇ ਇਕ ਤੋਂ ਵੱਧ ਸੁਰੱਖਿਅਤ ਵਿਆਹ ਕਰਵਾਏ। ਜ਼ਾਲਮ ਹਕੂਮਤ ਦੇ ਮੁਕਾਬਲੇ ਤਖਤ ਸਜਾਇਆ, ਜਿਸ ਦਾ ਪਰਚਮ ਝੂਲਦਾ ਮੈਂ ਵੇਖ ਆਇਆ ਹਾਂ। ਇਸ ਕ੍ਰਾਂਤੀਕਾਰੀ ਗੁਰੂ ਗੋਬਿੰਦ ਸਿੰਘ ਨੇ ਤੁਹਾਨੂੰ ਜੋ ਨਾਂ ਦਿੱਤਾ, ਉਹ ਹੈ ਸਿੰਘ (ਸ਼ੇਰ)। ਫੋਟੋ ਦੇ ਹੇਠ ਅੰਗਰੇਜ਼ੀ ਵਿਚ ਤੇ ਕਿਊਬਿਅਨ ਭਾਸ਼ਾ ਵਿਚ ਲਿਖਿਆ ਸੀ, 'ਸ਼ੇਰ ਕਦੀ ਨਾ ਜਿਊਂਦੇ ਨੱਕ ਨੱਥ ਪੁਵਾ ਕੇ।' ਇਸ ਨੇ ਤੁਹਾਡੇ ਲੋਕਾਂ ਵਿਚ ਅਜਿਹੀ ਸਪਿਰਟ ਭਰੀ, ਜਿਸ ਨੂੰ ਤੁਸੀਂ ਲੋਕ ਅੰਮ੍ਰਿਤ ਛਕਣਾ ਕਹਿੰਦੇ ਹੋ; ਕਿ ਇਕ-ਇਕ ਨੇ ਕਈ-ਕਈ ਲੋਕਾਂ ਦਾ ਮੁਕਾਬਲਾ ਕੀਤਾ। ਜਿਸ ਨੂੰ ਇਨ੍ਹਾਂ 'ਸਵਾ ਲਾਖ ਸੇ ਏਕ ਲੜਾਊਂ' ਕਿਹਾ। ਇਸ ਕ੍ਰਾਂਤੀਕਾਰੀ ਦੀ ਮਿਸਾਲ ਪੂਰੀ ਦੁਨੀਆਂ ਵਿਚ ਕਿਧਰੇ ਨਹੀਂ ਮਿਲਦੀ, ਇਸ ਦੀ ਭਰੀ ਸਪਿਰਟ ਕਰਕੇ ਤੁਸੀਂ ਦੁਨੀਆਂ ਭਰ ਵਿਚ ਯੋਧੇ ਮੰਨੇ ਜਾਂਦੇ ਹੋ।

ਫਿਰ ਹੋਰ ਕਹਿਣ ਲੱਗਾ, ਪਰ ਸਰਦਾਰ ਜੀ ਇਕ ਗੱਲ ਕਹਾਂ, ਬੁਰਾ ਨਾ ਮਨਾਇਓ, ਤੁਸੀਂ ਲੜਦੇ ਮਰਦੇ ਕਿਸੇ ਹੋਰ ਦੀ ਖਾਤਰ ਹੋ। ਪਹਿਲਾਂ ਤੁਹਾਨੂੰ ਗੋਰੇ ਲੁਟੇਰੇ ਵਰਤ ਗਏ, ਹੁਣ ਕਾਲੇ ਲੁਟੇਰੇ ਵਰਤ ਰਹੇ ਹਨ।

ਤੀਜੇ ਕ੍ਰਾਂਤੀਕਾਰੀ ਬੰਦਾ ਸਿੰਘ ਬਹਾਦਰ ਨਾਲ ਸਾਡਾ ਰਿਸ਼ਤਾ ਵੀ ਹੈ ਤੇ ਪਿਆਰ ਵੀ। ਸਾਡਾ ਚੀ ਗੁਵੇਰਾ ਇਸ ਤੋਂ ਬਹੁਤ ਜ਼ਿਆਦਾ ਪ੍ਰਭਾਵਤ ਹੋਇਆ ਸੀ। ਜਿਵੇਂ ਇਸ ਕ੍ਰਾਂਤੀਕਾਰੀ ਨੇ ਰਾਜ ਪ੍ਰਾਪਤ ਕਰ ਕੇ ਵੱਡੇ-ਵੱਡੇ ਫਿਊਡਲਾਂ ਭਾਵ ਜ਼ਿਮੀਂਦਾਰਾਂ ਤੋਂ, ਜੋ ਹਜ਼ਾਰਾਂ ਏਕੜਾਂ ਦੇ ਮਾਲਕ ਸਨ, ਜ਼ਮੀਨ ਖੋਹ ਕੇ ਵਾਹੀਕਾਰਾਂ ਵਿਚ ਵੰਡ ਦਿੱਤੀ ਸੀ, ਉਸੇ ਤਰ੍ਹਾਂ ਸਾਡੇ ਮਹਿਬੂਬ ਨੇਤਾ ਚੀ ਗੁਵੇਰਾ ਨੇ ਵੱਡੇ-ਵੱਡੇ ਜ਼ਿਮੀਂਦਾਰਾਂ ਤੋਂ ਜ਼ਮੀਨ ਖੋਹ ਕੇ ਗਰੀਬਾਂ ਵਿਚ ਵੰਡ ਦਿੱਤੀ ਸੀ ਅਤੇ ਉਨ੍ਹਾਂ ਨੂੰ ਦੰਡਿਤ ਕੀਤਾ ਸੀ; ਇਹ ਘਟਨਾ 1959 ਈਸਵੀ ਦੀ ਹੈ। ਚੀ ਗੁਵੇਰਾ ਵਲੋਂ ਸ਼ੁਰੂ ਕੀਤੀਆਂ ਨੀਤੀਆਂ, ਜੋ ਗਰੀਬ ਪੱਖੀ ਹਨ, ਅੱਜ ਤੱਕ ਵੀ ਲਾਗੂ ਹਨ।

ਚੀ ਗੁਵੇਰਾ ਹੋਰ ਦੇਸ਼ ਅਰਜਨਟੀਨਾ ਵਿਚ ਪੈਦਾ ਹੋਇਆ, ਗਰੀਬਾਂ ਦੀ ਹਾਲਤ ਜਾਣਨ ਲਈ ਉਸ ਨੇ ਦੱਖਣੀ ਅਮਰੀਕਾ ਦਾ ਮੋਟਰ ਸਾਈਕਲ 'ਤੇ ਦੋ ਵਾਰ ਦੌਰਾ ਕੀਤਾ। ਪਹਿਲਾ 8000 ਕਿਲੋਮੀਟਰ, ਦੂਜਾ 45,000 ਕਿਲੋਮੀਟਰ ਅਤੇ ਉਨ੍ਹਾਂ ਦੀ ਹਾਲਤ ਬਾਰੇ ਇਕ ਕਿਤਾਬ ਲਿਖੀ, ਜੋ ਮੋਟਰਸਾਈਕਲ ਡਾਇਰੀ ਕਰਕੇ ਪ੍ਰਸਿੱਧ ਹੈ। ਹੈਰਾਨੀ ਦੀ ਗੱਲ ਇਹ ਕਿ ਇਹ ਕਿਤਾਬ ਦੁਨੀਆਂ ਭਰ ਵਿਚ ਸਭ ਤੋਂ ਵੱਧ ਵਿਕੀ। 1945 ਈਸਵੀ ਤੋਂ ਸ਼ੁਰੂ ਕਰਕੇ 1959 ਈਸਵੀ ਤੱਕ 14 ਸਾਲ ਫਿਦਲ ਕਾਸਟਰੋ ਦੇ ਨਾਲ ਮੋਢੇ ਨਾਲ ਮੋਢਾ ਜੋੜ ਲਹੂ ਵੀਟਵਾਂ ਸੰਘਰਸ਼ ਕੀਤਾ। ਉਦੋਂ ਸਾਡਾ ਦੇਸ਼ ਅਮਰੀਕਾ ਦੀ ਇਕ ਬਸਤੀ ਸੀ, ਉਦੋਂ ਫਲੰਜਸੀਓ ਬੀਟਿਸਟਾ ਡਿਕਟੇਟਰ ਦੀ ਹਕੂਮਤ ਸੀ, ਜਿਸ ਨੇ ਸਾਡੇ ਦੇਸ਼ ਉਪਰ ਬਹੁਤ ਜ਼ੁਲਮ ਕੀਤਾ ਸੀ। ਜਦ ਬੀਟਿਸਟਾ ਦਾ ਤਖਤਾ ਪਲਟ ਕੇ ਸਾਡੀ ਆਪਣੀ ਹਕੂਮਤ ਬਣੀ ਤਾਂ ਕਾਸਟਰੋ ਤੋਂ ਬਾਅਦ ਦੂਜੀ ਪੁਜੀਸ਼ਨ ਸੀ, ਚੀ ਗੁਵੇਰਾ ਦੀ-ਫੌਜ ਮੁਖੀ, ਖਜਾਨਾ ਮੰਤਰੀ, ਜ਼ਮੀਨੀ ਸੁਧਾਰ ਮੰਤਰੀ। ਪਰ ਗੁਵੇਰਾ ਸੱਤਾ ਮਾਣਨ ਲਈ ਨਹੀਂ ਸੀ ਬਣਿਆ। ਸਗੋਂ ਇਹ ਤਾਂ ਸਾਰੀ ਦੁਨੀਆਂ ਵਿਚ ਇਨਕਲਾਬ ਲਿਆਉਣਾ ਚਾਹੁੰਦਾ ਸੀ। ਇਹ ਅਫਰੀਕਾ ਮਹਾਦੀਪ ਦੇ ਬਹੁਤ ਦੇਸ਼ਾਂ ਵਿਚ ਘੁੰਮਿਆ। ਇਹ ਭਾਰਤ, ਪਾਕਿਸਤਾਨ, ਇੰਡੋਨੇਸ਼ੀਆ ਵਿਚ ਵੀ ਘੁੰਮਿਆ। ਦੱਖਣੀ ਅਮਰੀਕਾ ਮਹਾਦੀਪ ਵਿਚ ਇਨਕਲਾਬ ਕਰਨ ਲਈ 14 ਦੇ 14 ਦੇਸ਼ ਘੁੰਮੇ; ਬੋਲੀਵੀਆ ਦੇਸ਼ ਵਿਚ ਲੋਕਾਂ ਦਾ ਸਾਥ ਦਿੰਦਾ ਦਿੰਦਾ ਅਥਵਾ ਇਨਕਲਾਬ ਕਰਦਾ ਅਮਰੀਕਾ ਦੇ 1400 ਸੈਨਿਕਾਂ ਵਲੋਂ ਫੜਿਆ ਗਿਆ, ਕਿਉਂਕਿ ਅਮਰੀਕਾ ਇਸ ਦਾ 1945 ਈਸਵੀ ਤੋਂ 1967 ਤੱਕ 22 ਸਾਲ ਤੋਂ ਪਿੱਛਾ ਕਰ ਰਿਹਾ ਸੀ। ਜਿਵੇਂ ਤੁਹਾਡਾ ਕ੍ਰਾਂਤੀਕਾਰੀ ਬੰਦਾ ਸਿੰਘ ਬਹਾਦਰ ਜੰਮੂ ਕਸ਼ਮੀਰ ਵਿਚ ਪੈਦਾ ਹੋਇਆ, ਸਾਰਾ ਭਾਰਤ ਘੁੰਮਿਆ, ਉਤਰੀ ਭਾਰਤ ਵਿਚ ਯੁੱਧ ਕਰਕੇ ਸਿੱਖ ਰਾਜ ਸਥਾਪਿਤ ਕੀਤਾ, ਪਰ ਜ਼ਾਲਮ ਹਕੂਮਤ ਦੇ ਲੱਖਾਂ ਸੈਨਿਕਾਂ ਨੇ ਘੇਰੇ ਪਾ-ਪਾ ਉਹਨੂੰ ਫੜਿਆ ਅਤੇ ਦਿੱਲੀ ਵਿਚ ਕਈ ਸਿੰਘਾਂ ਸਮੇਤ ਤਸੀਹੇ ਦੇ-ਦੇ ਕੇ ਸ਼ਹੀਦ ਕੀਤਾ। ਇਸੇ ਤਰ੍ਹਾਂ ਚੀ ਗੁਵੇਰਾ ਨੂੰ ਬੋਲੀਵੀਆ ਵਿਚ ਜ਼ਾਲਮ ਹਕੂਮਤ ਦੀ ਫੌਜ ਨੇ ਫੜ, ਤਸੀਹੇ ਦੇ-ਦੇ ਕੇ ਸ਼ਹੀਦ ਕੀਤਾ।

ਸਰਦਾਰ ਜੀ! ਤੁਸੀਂ ਚੀ ਗੁਵੇਰਾ ਨੂੰ ਲੱਭਣ ਕਿੰਨੀ ਦੂਰ ਆਏ ਹੋ, ਤੁਹਾਡਾ ਚੀ ਗੁਵੇਰਾ ਤਾਂ ਤੁਹਾਡੇ ਕੋਲ ਹੀ ਹਾਜ਼ਰ-ਨਾਜ਼ਰ ਹੈ। ਬਾਬਾ ਬੰਦਾ ਸਿੰਘ ਬਹਾਦਰ। ਸਾਡਾ ਚੀ ਗੁਵੇਰਾ ਤਾਂ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਹੁਤ ਪ੍ਰਭਾਵਤ ਸੀ। ਸੋ ਤੁਹਾਨੂੰ ਚਾਹੀਦਾ ਹੈ ਕਿ ਆਪਣੇ ਵਿਦਿਆਰਥੀਆਂ ਨੂੰ, ਨੌਜਵਾਨਾਂ ਨੂੰ, ਬੰਦਾ ਸਿੰਘ ਬਹਾਦਰ ਬਾਰੇ ਪੂਰੀ ਜਾਣਕਾਰੀ ਦੇਣੀ ਚਾਹੀਦੀ ਹੈ। ਮੈਂ ਤਾਂ ਚਾਹੁੰਦਾ ਹਾਂ ਕਿ ਤੁਹਾਡੇ ਕਾਲਜਾਂ ਵਿਚ ਬੰਦਾ ਬਹਾਦਰ ਇਕ ਸਬਜੈਕਟ (ਵਿਸ਼ਾ) ਹੋਵੇ। ਆਓ! ਹੁਣ ਇਕ ਵਾਰ ਬੰਦਾ ਸਿੰਘ ਬਹਾਦਰ ਅਤੇ ਚੀ ਗੁਵੇਰਾ ਨੂੰ ਇਕੱਠੇ ਨਤਮਸਤਕ ਹੋਈਏ।

# ਲਿਆਕਤ ਅਲੀ ਖਾਨ ਨੂੰ ਜੋਗਿੰਦਰਨਾਥ ਮੰਡਲ ਦਾ ਅਸਤੀਫਾ

*(ਪਿਛਲੇ ਸਫੇ ਦੀ ਬਾਕੀ)*

ਲੁੱਟਣੀਆਂ ਹਨ। ਸ਼ਾਮੀਂ ਪੰਜ ਵਜੇ ਜਦੋਂ ਮੈਂ ਢਾਕੇ ਪੁੱਜਾ, ਸਭ ਉਜਾੜਾ ਮੇਰੀਆਂ ਅੱਖਾਂ ਅੱਗੇ ਸੀ, ਦਿਲ ਕੰਬਾਊ ਦ੍ਰਿਸ਼ ਸਨ।

**ਢਾਕਾ ਫਸਾਦ ਦੇ ਪੰਜ ਕਾਰਨ ਸਨ:**

1. ਹਿੰਦੂ ਵਿਧਾਇਕਾਂ ਨੇ ਵਾਕ ਆਊਟ ਕਰਨ ਦੀ ਜੁਰਅਤ ਕਿਵੇਂ ਕਰ ਲਈ?
2. ਸੁਹਰਾਵਰਦੀ ਅਤੇ ਨਜ਼ੀਮੁੱਦੀਨ ਧੜੇ ਦੀ ਫੁੱਟ ਗੰਭੀਰ ਹੋ ਗਈ ਹੋਈ ਸੀ।
3. ਖਬਰ ਫੈਲ ਗਈ ਸੀ ਕਿ ਪੂਰਬੀ ਅਤੇ ਪੱਛਮੀ ਬੰਗਾਲ ਫਿਰ ਤੋਂ ਇੱਕ ਹੋ ਰਹੇ ਹਨ। ਮੁਸਲਿਮ ਇਸ ਤੋਂ ਘਬਰਾ ਗਏ ਸਨ।
4. ਬੰਗਾਲੀ ਅਤੇ ਗੈਰ-ਬੰਗਾਲੀ ਮੁਸਲਮਾਨਾਂ ਵਿਚ ਵੀ ਤਕਰਾਰ ਸੀ। ਇਹ ਤਕਰਾਰ ਤਦ ਠੰਢਾ ਹੋ ਸਕਦਾ ਸੀ, ਜੇ ਸਾਰੇ ਰਲ ਕੇ ਹਿੰਦੂਆਂ ਨੂੰ ਨਫਰਤ ਕਰਨ। ਇਸ ਨਾਲ ਬੋਲੀ ਦਾ ਮਸਲਾ ਵੀ ਜੁੜਿਆ ਹੋਇਆ ਸੀ।
5. ਦੇਸ਼ ਵੰਡ ਸਦਕਾ ਵਪਾਰ ਨੂੰ ਸੱਟ ਵੱਜੀ, ਮੰਦਾ ਆ ਗਿਆ, ਇਸ ਮੰਦਹਾਲੀ ਵੱਲੋਂ ਧਿਆਨ ਹਟਾਉਣ ਲਈ ਹਿੰਦੂ-ਮੁਸਲਿਮ ਦੰਗੇ ਠੀਕ ਰਹਿਣਗੇ।

ਨੌਂ ਦਿਨ ਢਾਕੇ ਵਿਚ ਬਿਤਾ ਕੇ ਮੈਂ ਹਰ ਕੋਨੇ ਦੀ ਤਬਾਹੀ ਦੇਖੀ। ਰੇਲਾਂ ਵਿਚ ਸਫਰ ਕਰਦੇ ਹਿੰਦੂ ਵੱਢ ਦਿੱਤੇ। ਇੱਕ ਜ਼ਿਮੀਂਦਾਰ ਦੀ ਹਵੇਲੀ ਵਿਚ ਸ਼ਰਨ ਲਈ ਬੈਠੇ ਦੋ ਸੌ ਹਿੰਦੂ ਕਤਲ ਕੀਤੇ, ਚਾਲੀ ਜ਼ਖਮੀ ਬਚ ਗਏ। ਗਿਰਝਾਂ ਅਤੇ ਕੁੱਤੇ ਮਨੁੱਖੀ ਲਾਸ਼ਾਂ ਚੂੰਡ ਰਹੇ ਸਨ। ਇਧਰ-ਉਧਰ ਪਿੰਜਰ ਖਿਲਰੇ ਪਏ ਸਨ।

ਮਰਦਾਂ ਨੂੰ ਕਤਲ ਕਰਕੇ ਔਰਤਾਂ ਆਪੋ ਵਿਚ ਵੰਡ ਲੈਂਦੇ ਸਨ। ਲੁੱਟਣ ਬਾਅਦ ਦੁਕਾਨਾਂ ਨੂੰ ਅੱਗ ਲਾਉਣੀ ਜ਼ਰੂਰੀ ਹੁੰਦੀ। ਇਕੱਲੇ ਜ਼ਿਲਾ ਬਾਰੀਸਾਲ ਵਿਚ 2500 ਮੌਤਾਂ ਦਾ ਅੰਦਾਜ਼ਾ ਹੈ, ਜੇ ਕੁੱਲ ਗਿਣਤੀ ਕਰੀਏ ਤਾਂ ਦਸ ਹਜ਼ਾਰ ਹੈ। ਮੈਂ ਰਹਿ ਰਹਿ ਸੋਚਦਾ ਰਿਹਾ, ਇਸਲਾਮ ਦੇ ਨਾਮ 'ਤੇ ਪਾਕਿਸਤਾਨ ਵਿਚ ਕੀ ਹੋ ਰਿਹਾ ਹੈ?

ਮਾਰਚ ਦੇ ਮਹੀਨੇ ਹਿੰਦੂ ਭਾਰਤ ਵੱਲ ਹਿਜ਼ਰਤ ਕਰਨ ਲੱਗੇ। ਲਗਦਾ ਸੀ, ਪੂਰਾ ਉਜਾੜਾ ਹੋਵੇਗਾ। ਉਧਰ ਭਾਰਤ ਵਿਚ ਦੰਗੇ ਆਹਟ ਦੇਣ ਲੱਗੇ, ਪਰ 8 ਅਪਰੈਲ ਦੇ ਦਿੱਲੀ ਸਮਝੌਤੇ ਤਹਿਤ ਭਾਰਤ ਨੇ ਅਜਿਹਾ ਨਹੀਂ ਹੋਣ ਦਿੱਤਾ। ਮੈਂ ਥਾਂ ਥਾਂ ਹਿੰਦੂਆਂ ਨੂੰ ਸਮਝਾਉਂਦਾ ਫਿਰਦਾ ਰਿਹਾ ਕਿ ਆਪਣੇ ਜੱਦੀ ਚੁੱਲ੍ਹੇ ਚੌਕੇ ਛੱਡ ਕੇ ਭਾਰਤ ਨਾ ਜਾਉ, ਸਰਕਾਰ ਤੁਹਾਡੀ ਰਾਖੀ ਕਰੇਗੀ, ਪਰ ਸਰਕਾਰ ਜਾਂ ਮੁਸਲਿਮ ਲੀਗ ਉੱਪਰ ਦਿੱਲੀ ਸਮਝੌਤੇ ਦਾ ਕੋਈ ਅਸਰ ਨਹੀਂ ਸੀ। ਮੇਰੀ ਪੁਕਾਰ ਉੱਤੇ ਅਮਲ ਕਰਦਿਆਂ ਬਹੁਤ ਸਾਰੇ ਹਿੰਦੂ ਵਾਪਸ ਪਰਤੇ, ਪਰ ਉਨ੍ਹਾਂ ਦੇ ਘਰ ਜ਼ਮੀਨਾਂ ਉੱਪਰ ਮੁਸਲਮਾਨ ਕਾਬਜ਼ ਹੋ ਚੁਕੇ ਸਨ, ਜਿਨ੍ਹਾਂ ਨੇ ਕਬਜ਼ੇ ਛੱਡੇ ਨਹੀਂ।

ਲੀਗੀਆਂ ਦੀ ਮੰਦਭਾਵਨਾ ਮੇਰੇ ਅੱਗੇ ਉਦੋਂ ਸਾਫ ਹੋ ਗਈ, ਜਦੋਂ ਅਕਰਮ ਖਾਨ ਨੇ ਡਾ. ਏ. ਐਮ. ਮਲਿਕ, ਘੱਟ ਗਿਣਤੀਆਂ ਦੇ ਵਜ਼ੀਰ ਦੇ ਬਿਆਨ ਉੱਪਰ ਪ੍ਰਤੀਕਰਮ ਦਿੱਤਾ। ਮਲਿਕ ਨੇ ਰੇਡੀਓ ਬ੍ਰਾਡਕਾਸਟ ਉੱਤੇ ਕਿਹਾ ਸੀ, "ਪੈਗੰਬਰ ਮੁਹੰਮਦ ਨੇ ਅਰਬ ਦੇ ਯਹੂਦੀਆਂ ਨੂੰ ਧਾਰਮਿਕ ਆਜ਼ਾਦੀ ਦਿੱਤੀ ਸੀ।"

ਪ੍ਰਦੇਸ਼ ਲੀਗੀ ਪ੍ਰਧਾਨ ਅਕਰਮ ਖਾਨ ਦਾ ਬਿਆਨ ਆਇਆ, "ਚੰਗਾ ਹੁੰਦਾ ਡਾ. ਮਲਿਕ ਅਰਬ ਦੇ ਯਹੂਦੀਆਂ ਬਾਰੇ ਨਬੀ ਦਾ ਬਿਆਨ ਨਾ ਦਿੰਦੇ। ਇਹ ਤਾਂ ਪੈਗੰਬਰ ਦਾ ਪਹਿਲਾ ਅਧਿਆਇ ਸੀ। ਆਖਰੀ ਅਧਿਆਇ ਵਿਚ ਨਬੀ ਨੇ ਫੁਰਮਾਇਆ, ਅਰਬ ਵਿਚੋਂ ਸਾਰੇ ਯਹੂਦੀਆਂ ਨੂੰ ਹੂੰਝ ਦਿਉ।" ਹਿੰਦੂ ਆਤਮ ਵਿਸ਼ਵਾਸ ਨਾਲ ਰਹਿ ਸਕਣ, ਇਨ੍ਹਾਂ ਲੀਡਰਾਂ ਦੀ ਇੱਛਾ ਹੀ ਨਹੀਂ ਸੀ। ਪੂਰਬੀ ਬੰਗਾਲ ਦੀ ਸਰਕਾਰ ਉਨ੍ਹਾਂ ਤੋਂ ਖਹਿੜਾ ਛੁਡਾਉਣਾ ਚਾਹੁੰਦੀ ਸੀ। ਪੱਛਮੀ ਪਾਕਿਸਤਾਨ ਵਿਚੋਂ ਹਿੰਦੂਆਂ ਨੂੰ ਹੂੰਝ ਦਿੱਤਾ ਹੈ, ਉਹੀ ਇਧਰ ਹੋਣ ਲੱਗਾ ਹੈ। ਉਧਰ ਗਏ ਭਾਰਤੀ ਦਲਿਤ ਬੰਗਾਲ ਵਿਚੋਂ ਇਧਰ ਪਰਤ ਰਹੇ ਹਨ, ਇਸ ਦਾ ਕਾਰਨ ਇਹ ਨਹੀਂ ਕਿ ਉਹ ਇਧਰ ਆ ਕੇ ਖੁਸ਼ ਹਨ; ਕਾਰਨ ਹੈ, ਉਧਰ ਇਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲਦਾ।

ਪਾਕਿਸਤਾਨੀ ਪੰਜਾਬ ਦੇ ਗਵਰਨਰ ਨੇ ਭਾਸ਼ਣ ਦਿੱਤਾ ਹੈ ਕਿ ਪਾਕਿਸਤਾਨ ਕੋਲ ਮਜ਼ਬੂਤ ਫੌਜ ਚਾਹੀਦੀ ਹੈ, ਤਦ ਭਾਰਤ ਵਿਚ ਮੁਸਲਮਾਨ ਬਚ ਸਕਣਗੇ। ਆਜ਼ਾਦੀ ਪਿੱਛੋਂ ਪੂਰਬੀ ਬੰਗਾਲ ਵਿਚੋਂ 50 ਲੱਖ ਹਿੰਦੂ ਹਿਜਰਤ ਕਰ ਗਏ। ਮੁਸਲਮਾਨਾਂ ਨੇ ਹਿੰਦੂ ਵਕੀਲਾਂ, ਡਾਕਟਰਾਂ, ਦੁਕਾਨਦਾਰਾਂ, ਵਪਾਰੀਆਂ ਦਾ ਬਾਈਕਾਟ ਕਰ ਦਿੱਤਾ ਹੈ, ਉਜੜਨ ਤੋਂ ਬਿਨਾ ਹੋਰ ਉਹ ਕੀ ਕਰਨ? ਕਿਰਾਏਦਾਰ, ਹਿੰਦੂ ਮਕਾਨ ਮਾਲਕਾਂ ਨੂੰ ਕਿਰਾਇਆ ਨਹੀਂ ਦਿੰਦੇ। ਸਕੂਲ ਮੁਖੀਆਂ ਨੂੰ ਕਿਹਾ ਗਿਆ ਹੈ ਕਿ ਸਵੇਰ ਵੇਲੇ ਸਾਰੇ ਮਾਸਟਰ ਅਤੇ ਵਿਦਿਆਰਥੀ ਨਮਾਜ਼ ਪੜ੍ਹਨ ਪਿੱਛੋਂ ਕਲਾਸਾਂ ਵਿਚ ਜਾਇਆ ਕਰਨ। ਪੂਰਬੀ ਬੰਗਾਲ ਵਿਚ 1500 ਹਾਈ ਸਕੂਲਾਂ ਵਿਚੋਂ ਸਿਰਫ 500 ਚੱਲ ਰਹੇ ਹਨ। ਹਿੰਦੂ ਮੁੰਡੇ-ਕੁੜੀਆਂ ਦੇ ਵਿਆਹ ਨਹੀਂ ਹੋ ਰਹੇ, ਪੁਜਾਰੀ ਭੱਜ ਗਏ ਹਨ। ਮੂਰਤੀਆਂ ਬਣਾਉਣ ਵਾਲੇ ਕਾਰੀਗਰ ਦੌੜ ਗਏ ਹਨ। ਹਿੰਦੂ ਹੈਡਮਾਸਟਰ ਹਟਾ ਕੇ ਮੁਸਲਮਾਨ ਲਾ ਦਿੱਤੇ ਹਨ। ਹਿੰਦੂ ਸ਼ਿਕਾਇਤ ਲੈ ਕੇ ਜਾਂਦੇ ਹਨ, ਠਾਣੇਦਾਰ ਸ਼ਿਕਾਇਤ ਨਹੀਂ ਫੜਦਾ। ਇਸ ਵੇਲੇ ਪੂਰਬੀ ਪਾਕਿਸਤਾਨ ਵਿਚ 12 ਤੋਂ 30 ਸਾਲ ਤੱਕ ਦੀ ਕੋਈ ਹਿੰਦੂ ਕੁੜੀ ਨਹੀਂ। ਹਿੰਦੂਆਂ ਤੋਂ ਸਾਮਾਨ ਖਰੀਦਣ ਵੇਲੇ ਪੂਰੀ ਕੀਮਤ ਕੋਈ ਨਹੀਂ ਦਿੰਦਾ। ਮੁਕਦੀ ਗੱਲ, ਲਾਅ ਅਤੇ ਆਰਡਰ ਨਾਮ ਦੀ ਕੋਈ ਚੀਜ਼ ਬਾਕੀ ਨਹੀਂ ਬਚੀ।

ਪੱਛਮੀ ਪਾਕਿਸਤਾਨ ਵਿਚ ਇਕ ਲੱਖ ਦਲਿਤ ਸਨ, ਬਹੁਤਿਆਂ ਨੂੰ ਇਸਲਾਮ ਧਾਰਨ ਕਰਵਾ ਦਿੱਤਾ ਹੈ। ਉਧਾਲੀਆਂ ਦਲਿਤ ਕੁੜੀਆਂ ਵਿਚੋਂ ਸਿਰਫ ਤੀਜਾ ਹਿੱਸਾ ਵਾਪਸ ਆਈਆਂ ਹਨ। ਰਿਕਵਰੀ ਅਫਸਰ ਕੋਲ ਇਤਰਾਜ਼ ਕੀਤਾ ਤਾਂ ਉਸ ਦਾ ਜਵਾਬ ਸੀ, ਮੇਰੀ ਡਿਊਟੀ ਹਿੰਦੂ ਕੁੜੀਆਂ ਰਿਕਵਰ ਕਰਨਾ ਹੈ, ਦਲਿਤ ਹਿੰਦੂ ਨਹੀਂ ਹਨ। ਕੁਲ 363 ਮੰਦਿਰ ਅਤੇ ਗੁਰਦੁਆਰੇ ਮੁਸਲਮਾਨਾਂ ਦੇ ਕਬਜ਼ੇ ਵਿਚ ਹਨ, ਜਿਨ੍ਹਾਂ ਵਿਚ ਮੋਚੀਆਂ ਨੇ ਦੁਕਾਨਾਂ ਖੋਲ੍ਹ ਲਈਆਂ, ਬੁਚੜਖਾਨੇ ਬਣਾ ਲਏ, ਕੁਝ ਵਿਚ ਹੋਟਲ ਬਣਾ ਲਏ।

ਤੁਹਾਡੀ ਇਸਲਾਮਿਕ ਸਟੇਟ ਵਿਚ ਗੈਰ-ਮੁਸਲਮਾਨ ਕਾਫਰ ਹਨ, ਮਿਸਟਰ ਪ੍ਰਾਈਮ ਮਿਨਿਸਟਰ, ਸੁਰੱਖਿਅਤ ਜੀਵਨ ਬਤੀਤ ਕਰਨ ਵਾਸਤੇ ਕਾਫਰਾਂ ਨੂੰ ਕੀਮਤ ਦੇਣੀ ਪਵੇਗੀ। ਉਪਰਲੀ ਸ਼੍ਰੇਣੀ, ਸਿਆਣੇ ਹਿੰਦੂ ਤੇ ਦਲਿਤ ਪਹਿਲੋਂ ਹੀ ਪਾਕਿਸਤਾਨੋਂ ਜਾ ਚੁਕੇ ਹਨ। ਜਿਹੜੇ ਰਹਿ ਜਾਣਗੇ, ਉਨ੍ਹਾਂ ਨੂੰ ਇਸਲਾਮ ਵਿਚ ਆਉਣਾ ਪਏਗਾ ਜਾਂ ਮਾਰੇ ਜਾਣਗੇ। ਜੇ ਮੈਂ ਦੁਨੀਆਂ ਅੱਗੇ ਸਾਬਤ ਨਹੀਂ ਕਰ ਸਕਦਾ ਕਿ ਪਾਕਿਸਤਾਨ ਵਿਚ ਹਿੰਦੂ ਅਤੇ ਦਲਿਤ ਸ੍ਵੈਮਾਣ ਨਾਲ ਰਹਿ ਸਕਦੇ ਹਨ, ਫਿਰ ਵਜ਼ਾਰਤ 'ਚ ਰਹੀ ਜਾਣ ਦੀ ਕੀ ਤੁਕ?

ਲੀਗ ਦੇ ਹਾਕਮਾਂ ਨੂੰ ਛੱਡ ਕੇ ਬਾਕੀ ਮੁਸਲਮਾਨਾਂ ਦੀ ਪਾਕਿਸਤਾਨ ਵਿਚ ਕੀ ਦਸ਼ਾ ਹੈ? ਅਬਦੁਲ ਗਫਾਰ ਖਾਨ ਦੀ ਹੋਣੀ ਦੇਖ ਲਉ। ਉਸ ਤੋਂ ਅਤੇ ਉਸ ਦੇ ਭਰਾ ਤੋਂ ਵਧੀਕ ਸਵੱਛ ਮੁਸਲਮਾਨ ਧਰਤੀ ਉੱਪਰ ਹੋਰ ਕਿੱਥੇ ਹੋਵੇਗਾ? ਉਨ੍ਹਾਂ ਸਮੇਤ ਹੋਰ ਬਥੇਰੇ ਨੇਤਾ ਬਿਨਾ ਮੁਕੱਦਮੇ ਦੇ ਜੇਲ੍ਹਾਂ ਵਿਚ ਬੰਦ ਹਨ।

ਬੰਗਾਲ ਵਿਚ ਲੀਗ ਦੀ ਜਿੱਤ ਸੁਹਰਾਵਰਦੀ ਸਦਕੇ ਹੋਈ ਸੀ, ਜੋ ਹੁਣ ਆਪਣੇ ਘਰ ਵਿਚ ਨਜ਼ਰਬੰਦ ਹੈ, ਬਿਨਾ ਆਗਿਆ ਦੇ ਬਾਹਰ ਨਹੀਂ ਜਾ ਸਕਦਾ। ਪੂਰਬੀ ਪਾਕਿਸਤਾਨ ਦੇ ਮੁਸਲਮਾਨਾਂ ਦੀ ਇਹ ਦਸ਼ਾ ਕਿ ਪੂਰਾ ਇਲਾਕਾ ਪੱਛਮੀ ਪਾਕਿਸਤਾਨ ਦੀ ਕਾਲੋਨੀ ਹੈ।

ਪੂਰਬੀ ਪਾਕਿਸਤਾਨ ਦੇ ਮੁਸਲਮਾਨ ਰੋਟੀ ਮੰਗਦੇ ਹਨ, ਪੱਛਮੀ ਪਾਕਿਸਤਾਨ ਤੋਂ ਉਨ੍ਹਾਂ ਨੂੰ ਪੱਥਰ ਮਿਲਦੇ ਹਨ।

ਤੁਸੀਂ ਮੈਨੂੰ ਇੱਕ ਬਿਆਨ ਦੇਣ ਵਾਸਤੇ ਕਿਹਾ, ਜੋ ਮੈਂ ਪਿਛਲੇ ਅੱਠ ਸਤੰਬਰ ਨੂੰ ਦੇ ਦਿੱਤਾ। ਤੁਹਾਨੂੰ ਪਤੈ, ਮੈਂ ਝੂਠਾ ਬਿਆਨ ਦੇਣ ਵਾਸਤੇ ਤਿਆਰ ਨਹੀਂ ਸਾਂ, ਇਹ ਤਾਂ ਝੂਠ ਤੋਂ ਵੀ ਮਾੜਾ ਬਿਆਨ ਸੀ, ਪਰ ਜਦੋਂ ਮੈਂ ਤੁਹਾਡਾ ਵਜ਼ੀਰ ਸਾਂ, ਮੈਂ ਤੁਹਾਡਾ ਹੁਕਮ ਕਿਵੇਂ ਮੋੜਦਾ? ਝੂਠ ਅਤੇ ਪਖੰਡ ਦੀ ਇਸ ਪੰਡ ਦਾ ਬੋਝ ਹੁਣ ਹੋਰ ਨਹੀਂ ਚੁੱਕਿਆ ਜਾਂਦਾ, ਜਿਸ ਕਾਰਨ ਆਪਣਾ ਅਸਤੀਫਾ ਤੁਹਾਡੇ ਸਪੁਰਦ ਕਰਦਾ ਹਾਂ ਅਤੇ ਆਸ ਹੈ ਤੁਸੀਂ ਬਿਨਾ ਦੇਰੀ ਮਨਜ਼ੂਰ ਕਰ ਲਉਗੇ। ਜਿਸ ਤਰ੍ਹਾਂ ਇਸਲਾਮਿਕ ਸਟੇਟ ਨੂੰ ਜਾਂ ਤੁਹਾਨੂੰ ਠੀਕ ਲੱਗੇ, ਮੇਰੀ ਥਾਂ ਹੋਰ ਕੋਈ ਬੰਦੋਬਸਤ ਕਰ ਲਵੋ।

8 ਅਕਤੂਬਰ, 1950
ਤੁਹਾਡਾ ਵਿਸ਼ਵਾਸਪਾਤਰ,
ਸਹੀ/- ਜ. ਨ. ਮੰਡਲ

---

1904 ਵਿਚ ਜੰਮੇ ਮੰਡਲ ਦਾ ਦੇਹਾਂਤ ਸਾਲ 1968, ਕਲਕੱਤੇ ਦੀ ਝੁੱਗੀ ਝੋਂਪੜੀ ਦਲਿਤ ਬਸਤੀ ਵਿਚ ਹੋਇਆ। ਉਦੋਂ ਡਕਾਰੀਆ ਝੀਲ ਦੀ ਇਹ ਬੇਕਾਰ ਜ਼ਮੀਨ ਦਲਦਲੀ ਸੀ। ਉਨ੍ਹਾਂ ਦੀ ਉਮਰ ਉਦੋਂ 46 ਸਾਲ ਦੀ ਸੀ, ਜਦੋਂ ਅਸਤੀਫਾ ਦੇ ਕੇ ਭਾਰਤ ਆਏ। ਮੌਤ ਵਕਤ ਉਮਰ 64 ਸਾਲ ਸੀ। ਭਾਰਤ ਆ ਕੇ ਉਨ੍ਹਾਂ ਨੇ ਚਾਰ ਵਾਰ ਚੋਣ ਲੜੀ, ਹਰ ਵਾਰ ਜ਼ਮਾਨਤ ਜ਼ਬਤ ਹੋਈ। ਉਨ੍ਹਾਂ ਉਪਰ ਪਾਕਿਸਤਾਨੀ ਏਜੰਟ ਹੋਣ ਦਾ ਦੋਸ਼ ਲੱਗਾ, ਜੋ 70 ਲੱਖ ਦਲਿਤਾਂ ਨੂੰ ਮੌਤ ਹਵਾਲੇ ਕਰਕੇ ਭਾਰਤ ਵਿਚ ਭੱਜ ਆਇਆ। ਪਾਕਿਸਤਾਨ ਟੁੱਟ ਕੇ 1971 ਵਿਚ ਬੰਗਲਾਦੇਸ਼ ਬਣ ਗਿਆ ਤਾਂ ਵੀ ਉਥੋਂ ਦੇ ਦਲਿਤਾਂ ਦੀ ਦਸ਼ਾ ਸੁਧਰੀ ਨਹੀਂ। ਮੰਡਲ ਨੇ 1950 ਵਿਚ ਅਸਤੀਫਾ ਦਿੱਤਾ ਸੀ, ਅੰਬੇਡਕਰ ਨੇ ਕਾਨੂੰਨ ਮੰਤਰੀ ਵੱਜੋਂ 1951 ਵਿਚ ਅਸਤੀਫਾ ਦਿੱਤਾ।

# ਗੁਰਦਿਆਲ ਬੱਲ ਦਾ ਫੁੱਟਬਾਲ ਰੁਮਾਂਸ

ਪੰਜਾਬੀ ਖੇਡ ਸਾਹਿਤ 12



ਪ੍ਰਿੰ. ਸਰਵਣ ਸਿੰਘ
ਫੋਨ: 91-94651-01651


ਗੁਰਦਿਆਲ ਬੱਲ ਪੇਸ਼ੇ ਵਜੋਂ 'ਪੰਜਾਬੀ ਟ੍ਰਿਬਿਊਨ' ਦਾ ਸਬ ਐਡੀਟਰ ਸੀ, ਪਰ ਸ਼ੌਕ ਵਜੋਂ ਫੁੱਟਬਾਲ ਪ੍ਰੇਮੀ ਹੈ। ਫੁੱਟਬਾਲ ਦੇ ਵਿਸ਼ਵ ਕੱਪਾਂ ਸਮੇਂ ਉਹ ਮੈਚਾਂ ਦੀਆਂ ਲੰਮੀਆਂ 'ਸਟੋਰੀਆਂ' ਲਿਖਦੈ। ਵਿਚੇ ਪ੍ਰਸਿੱਧ ਲੇਖਕਾਂ ਦੇ ਹਵਾਲੇ ਦਿੰਦੈ, ਵਿਚੇ ਪੁਰਾਣੇ ਖਿਡਾਰੀਆਂ ਨੂੰ ਯਾਦ ਕਰਦੈ। ਉਹ ਖੇਡ ਸਾਹਿਤ ਦਾ ਮੌਜੀ ਲੇਖਕ ਰਿਹੈ, ਜਿਸ ਕਰਕੇ ਬੱਝ ਕੇ ਲਿਖਣੋਂ ਬਾਗੀ ਰਿਹਾ। ਬੱਝ ਕੇ ਲਿਖਦਾ ਤਾਂ ਸੰਭਵ ਸੀ ਪੰਜਾਬੀ ਖੇਡ ਸਾਹਿਤ ਵਿਚ ਬੜਾ ਵਾਧਾ ਕਰਦਾ ਤੇ ਨਾਮਵਰ ਖੇਡ ਲੇਖਕ ਵੱਜਦਾ। ਉਸ ਨੇ ਸੈਂਕੜੇ ਕਿਤਾਬਾਂ ਪੜ੍ਹੀਆਂ, ਜਿਨ੍ਹਾਂ ਦੇ ਅਣਗਿਣਤ ਹਵਾਲੇ ਉਹਦੇ ਮੂੰਹ ਜ਼ਬਾਨੀ ਯਾਦ ਹਨ। ਜੇ ਕੋਈ ਸੋਚੀਂ ਪਿਆ ਬੰਦਾ ਗਲ ਪਾਏ ਥੈਲੇ ਦੇ ਭਾਰ ਨਾਲ ਲਿਫਦਾ, ਕੁਝ ਕਿਤਾਬਾਂ ਹੱਥ 'ਚ ਫੜੀ ਤੇ ਕੁਝ ਝੋਲੇ 'ਚ ਪਾਈ ਤੁਰਿਆ ਜਾਂਦਾ ਹੋਵੇ ਤਾਂ ਸਮਝ ਲਓ ਬਾਬੇ ਬਕਾਲੇ ਵੱਲ ਦਾ ਬੱਲ ਹੀ ਹੋਊ। ਕਦੇ ਉਹ ਚੰਡੀਗੜ੍ਹ ਤੇ ਪਟਿਆਲੇ ਦੀ ਰੌਣਕ ਹੁੰਦਾ ਸੀ, ਅੱਜ ਕੱਲ੍ਹ ਉਹ ਕੈਨੇਡਾ ਦੇ ਸ਼ਹਿਰ ਬਰੈਂਪਟਨ ਦੀ ਰੌਣਕ ਹੈ। ਉਹ ਫੁੱਟਬਾਲ ਦੀਆਂ ਗੱਲਾਂ ਕਿੱਕਾਂ, ਹੈਡਰਾਂ ਤੇ ਪਾਸਾਂ ਦੀ ਸ਼ਾਇਰੀ ਕਰਨ ਵਾਂਗ ਕਰਦਾ ਹੈ। ਹਵਾਲੇ ਦਿੰਦਾ ਹੈ, "ਵੀਹਵੀਂ ਸਦੀ ਦੇ ਉੱਘੇ ਅਮਰੀਕਨ ਕਥਾਕਾਰ ਅਰਨੈਸਟ ਹੈਮਿੰਗਵੇ ਨੇ ਕਿਧਰੇ ਕਿਹਾ ਸੀ ਕਿ ਖਿਡਾਰੀ ਹੱਡ ਮਾਸ ਦੀਆਂ ਕਵਿਤਾਵਾਂ ਹੁੰਦੇ ਹਨ!"

ਪੇਸ਼ ਹਨ ਉਹਦੀਆਂ ਲਿਖੀਆਂ ਫੀਫਾ ਕੱਪ-2014 ਦੇ ਕੁਝ ਮੈਚਾਂ ਦੀਆਂ ਬਾਤਾਂ:

ਇਨਸਾਨ ਨੂੰ ਜਿਉਂਦੇ ਰਹਿਣ ਲਈ ਸਭ ਤੋਂ ਪਹਿਲਾਂ ਰੋਟੀ ਦੀ ਜ਼ਰੂਰਤ ਹੈ ਤੇ ਉਸ ਤੋਂ ਬਾਅਦ ਕਿਸੇ ਅਜਿਹੇ ਵਿਸ਼ਵਾਸ ਦੀ, ਜਿਸ ਤੋਂ ਜ਼ਿੰਦਗੀ ਨੂੰ ਕੋਈ ਅਰਥ ਮਿਲ ਸਕੇ। ਇਨਸਾਨ ਨੂੰ ਜਿਉਂਦੇ ਰਹਿਣ ਲਈ ਮਿੱਥ ਦੀ ਵੀ ਜ਼ਰੂਰਤ ਹੈ ਅਤੇ ਮਿੱਥ ਨੂੰ ਨਵਿਆਉਣ ਲਈ ਹੀ ਤਾਂ ਬ੍ਰਾਜ਼ੀਲ ਦੇ ਲੋਕ ਪੂਰੇ 4 ਵਰ੍ਹੇ ਵਿਸ਼ਵ ਕੱਪ ਫੁੱਟਬਾਲ ਦੇ 'ਮਹਾਂ ਕੁੰਭ' ਨੂੰ ਉਡੀਕਦੇ ਰਹਿੰਦੇ ਹਨ। ਹੁਣ ਬ੍ਰਾਜ਼ੀਲ ਦੇ ਵੱਖ-ਵੱਖ ਸ਼ਹਿਰਾਂ ਅੰਦਰ ਕਰਵਾਇਆ ਜਾ ਰਿਹਾ ਵਿਸ਼ਵ ਕੱਪ ਫੁੱਟਬਾਲ ਦਾ 'ਮਹਾਂ ਦੰਗਲ' ਇਨਸਾਨ ਦੀ ਇਸੇ ਸਿੱਕ ਦਾ ਪਰਤੌਅ ਹੈ। ਇਸ ਤੋਂ ਪਹਿਲਾਂ ਫੁੱਟਬਾਲ ਦੇ ਵਿਸ਼ਵ ਕੱਪ 1950, 54 ਜਾਂ 58 ਵਾਲੇ ਵੀ ਦੰਤ ਕਥਾਵਾਂ ਸਿਰਜ ਗਏ ਸਨ। 1958 ਦੇ ਮਾਰਾਡੋਨਾ ਅਤੇ ਮਾਈਕਲ ਪਲਾਟੀਨੀ ਦੀ ਸ਼ਮੂਲੀਅਤ ਵਾਲੇ ਕੱਪ ਦਾ ਤਾਂ ਭਲਾਂ ਕਹਿਣਾ ਹੀ ਕੀ ਸੀ, ਪਰ ਐਤਕਾਂ ਵਿਸ਼ਵ ਕੱਪ-2014 ਦੇ ਪਹਿਲੇ ਗੇੜ ਦੇ ਮੈਚਾਂ ਦੌਰਾਨ ਉਸ ਸਮੇਂ ਤਸਦੀਕ ਹੋਈ, ਜਦੋਂ ਟਰਾਫੀ ਦੀ ਦੌੜ ਲਈ ਇਕ ਦੂਜੇ ਦੇ ਆਹਮੋ-ਸਾਹਮਣੇ ਹੋਈਆਂ ਲਗਪਗ ਸਾਰੀਆਂ ਹੀ ਟੀਮਾਂ ਐਨ ਉਸੇ ਤਰ੍ਹਾਂ ਕਲਾਸਿਕ ਸਿਖਰ ਸਿਰਜ ਗਈਆਂ, ਜਿਸ ਤਰ੍ਹਾਂ ਦੇ ਕਲਾਸਿਕ 1970ਵਿਆਂ ਦੇ ਦਹਾਕੇ ਵਿਚ ਮਹਾਨ ਅਮਰੀਕਨ ਸ਼ਤਰੰਜ ਖਿਡਾਰੀ ਬੌਬੀ ਫਿਸ਼ਰ ਅਤੇ ਰੂਸ ਦੇ ਅਨਤੋਲੀ ਕਾਰਪੋਵ ਨੇ ਸਿਰਜੇ ਸਨ। ਦੁਨੀਆਂ ਦੀਆਂ ਮਹਾਂ ਸ਼ਕਤੀਆਂ ਵਿਚਾਲੇ ਠੰਢੀ ਜੰਗ ਉਦੋਂ ਆਪਣੇ ਸਿਖਰ ਵੱਲ ਜਾ ਰਹੀ ਸੀ ਤੇ ਉਨ੍ਹਾਂ ਕਲਾਕਾਰਾਂ ਨੇ ਦੱਸਿਆ ਸੀ ਕਿ ਇਕ ਦੂਜੇ ਉਪਰ ਸ੍ਰੇਸ਼ਟਤਾ ਸਥਾਪਤ ਕਰਨ ਲਈ ਮਾਨਵ ਜਾਤੀ ਨੂੰ ਪਰਮਾਣੂ ਜੰਗ ਦੀ ਭੱਠੀ ਵਿਚ ਝੋਕਣ ਦੀ ਜ਼ਰੂਰਤ ਨਹੀਂ। ਸ੍ਰੇਸ਼ਟਤਾ ਸ਼ਤਰੰਜ ਦੀ ਬਿਸਾਤ ਵਿਛਾ ਕੇ ਵੀ ਆਸ਼ਕਾਰ ਕੀਤੀ ਜਾ ਸਕਦੀ ਹੈ।

ਇਸ ਦਾਅਵੇ ਦੀ ਵਜਾਹਤ ਕਰਨ ਲਈ ਅਸੀਂ ਆਪਣੇ ਪਾਠਕਾਂ ਨਾਲ ਸਭ ਤੋਂ ਪਹਿਲਾਂ 21 ਜੂਨ ਨੂੰ ਇਰਾਨ ਅਤੇ ਅਰਜਨਟਾਈਨਾ ਦੀਆਂ ਟੀਮਾਂ ਵਿਚਾਲੇ ਖੇਡੇ ਅਤੇ ਮਿਥਕ ਬਣ ਜਾਣ ਦੀ ਸਮਰੱਥਾ ਵਾਲੇ ਮੁਕਾਬਲੇ ਦੀ ਸਟੋਰੀ ਸਾਂਝੀ ਕਰਨ ਦੀ ਕੋਸ਼ਿਸ਼ ਕਰਾਂਗੇ। ਇਹ ਮੈਚ ਅਰਜਨਟਾਈਨਾ ਨੇ ਜਿੱਤ ਤਾਂ ਲਿਆ, ਤੇ ਇਰਾਨੀ ਫੁੱਟਬਾਲ ਦੇ ਸੁਪਰ 'ਜਹਾਦੀਆਂ' ਦੀ ਟੀਮ ਨੂੰ ਟੂਰਨਾਮੈਂਟ ਤੋਂ ਬਾਹਰ ਵੀ ਕਰ ਦਿਤਾ, ਪਰ ਮੈਦਾਨ ਵਿਚੋਂ ਬਾਹਰ ਹੋਣ ਤੋਂ ਪਹਿਲਾਂ ਇਰਾਨ ਦੇ ਖਿਡਾਰੀਆਂ ਨੇ ਆਪਣੀ ਖੇਡ ਕਲਾ, ਦ੍ਰਿੜਤਾ, ਹੌਸਲੇ ਅਤੇ ਜਨੂੰਨ ਦੇ ਅਜਿਹੇ ਰੰਗ ਦਿਖਾਏ ਕਿ ਦਰਸ਼ਕਾਂ ਦੀਆਂ ਯਾਦਾਂ ਅੰਦਰ ਵਰ੍ਹਿਆਂ ਤੱਕ ਬਣੇ ਰਹਿਣਗੇ।

ਅਰਜਨਟਾਈਨਾ ਦੀ ਗੋਲ ਪੋਸਟ ਵਿਚ ਸਰਗੀਓ ਰੋਮੇਰੋ ਖੜ੍ਹਾ ਸੀ; ਮਾਰਕੋਸ ਰੋਜੋ, ਫਰੈਡਰਿਕੋ ਫਰਨੈਂਡੇਜ ਅਤੇ ਪਾਬਲੋ ਜਾਬਾਲੇਟਾ ਰੱਖਿਆ ਪੰਕਤੀ 'ਚ ਅਤੇ ਮੱਧ ਪੰਕਤੀ 'ਚੋਂ ਜੇਵੀਅਰ ਮੈਸਚੇਰਾਨੋ, ਫਰਨੈਂਡੋ ਗਾਗੋ ਅਤੇ ਏਂਜਲ ਡੀ ਮਾਰੀਆ। ਹਮਲਾਵਰ ਪੰਕਤੀ ਵਿਚ ਲਿਓਨਲ ਮੈਸੀ, ਗੋਂਜਾਲੋ ਹਿਗੁਏਂ ਅਤੇ ਸਰਗੀਓ ਅਗੇਰੂ ਨੂੰ ਇਰਾਨੀ ਗੋਲਾਂ 'ਤੇ ਹਮਲੇ ਕਰਨ ਲਈ ਲਗਾਤਾਰ 'ਐਮਿਊਨੀਸ਼ਨ' ਮੁਹੱਈਆ ਕਰਵਾ ਰਹੇ ਸਨ। ਦੂਜੇ ਪਾਸੇ ਇਰਾਨੀ ਗੋਲ ਪੋਸਟ 'ਚ ਜਰਨੈਲਾਂ ਹਾਰ ਖੜ੍ਹੇ ਅਲੀ ਰੇਜ਼ਾ ਹਗੀਗੀ ਨੇ ਤਾਂ ਇਰਾਨੀਆਂ ਦੇ ਵੱਕਾਰ ਨੂੰ ਬਚਾਉਣ ਲਈ ਸਿਰ ਉਤੇ 'ਕਫਨ' ਬੰਨ੍ਹਿਆ ਹੋਇਆ ਸੀ। ਰੱਖਿਅਕ ਪੰਕਤੀ ਵਿਚ ਮਿਹਰਦਾਦ ਪੂਲਾਦੀ, ਪੇਜਮਾਨ ਮੋਂਤਾਜੇਰੀ, ਅਮੀਰ ਹੁਸੈਨ ਸਾਦੀਗੀ ਅਤੇ ਜਲਾਲ ਹੁਸੈਨੀ ਦਾ ਵੀ ਕੋਈ ਜਵਾਬ ਨਹੀਂ ਸੀ, ਪਰ ਇਰਾਨੀਆਂ ਦੀ ਮੁਹਿੰਮ ਦੇ ਹੋਰ ਵੀ ਵੱਡੇ ਨਾਇਕ, ਉਨ੍ਹਾਂ ਦੀ ਹਮਲਾਵਰ ਪੰਕਤੀ ਵਿਚ ਰੇਜਾ ਅਤੇ ਆਸ਼ਕਾਨ ਦੇਜਾਗਾ ਨਾਂ ਦੇ ਖਿਡਾਰੀਆਂ ਦੀ ਜ਼ਬਰਦਸਤ ਜੋੜੀ ਸੀ, ਜੋ ਅਰਜਨਟਾਈਨੀ ਹਮਲਿਆਂ ਤੋਂ ਸਾਹ ਮਿਲਦਿਆਂ ਹੀ ਵਿਰੋਧੀ ਗੋਲਾਂ ਵੱਲ ਧਾਈ ਕਰ ਦਿੰਦੇ ਸਨ ਅਤੇ ਵਾਰ-ਵਾਰ ਅਰਜਨਟਾਈਨਾ ਨੂੰ ਹੱਥਾਂ-ਪੈਰਾਂ ਦੀਆਂ ਪਾ ਦਿੰਦੇ ਸਨ। ਮੈਚ ਦੇ ਚੌਥੇ



ਮਿੰਟ ਵਿਚ ਹੀ ਇਰਾਨੀ ਖਿਡਾਰੀ ਅਹਿਸਾਨ ਹਾਜਸਾਫੀ ਨੇ ਫਰੀ ਕਿੱਕ ਤੋਂ ਬਾਲ ਬੜੇ ਹੀ ਸਸ਼ਕਤ ਅੰਦਾਜ਼ ਵਿਚ ਵਿਰੋਧੀ ਗੋਲਾਂ ਵੱਲ ਚੁੱਕ ਦਿੱਤੀ; ਫਰਨੈਂਡੇਜ ਤੇ ਗੈਰੇ-ਦੋਵੇਂ ਹੀ ਮਾਤ ਹੋ ਗਏ ਸਨ, ਪਰ ਬਾਲ ਗੋਲ ਪੋਸਟ ਦੇ ਬਾਜੂ ਨਾਲ ਟਕਰਾਅ ਕੇ ਵਾਪਸ ਮੈਦਾਨ ਵਿਚ ਆ ਡਿਗੀ। ਜਲਾਲ ਹੁਸੈਨੀ ਦਾ ਪੈਰ ਬੱਸ ਬਾਲ ਨੂੰ ਛੂੰਹਦਾ-ਛੂੰਹਦਾ ਹੀ ਰਹਿ ਗਿਆ, ਵਰਨਾ ਅਰਜਨਟਾਈਨਾ ਦੀ ਗੋਲ ਪੋਸਟ ਖਾਲੀ ਪਈ ਸੀ।

ਇਰਾਨ ਦੇ ਇਸ ਹਮਲੇ ਨੇ ਅਰਜਨਟਾਈਨੀ ਸਫਾਂ ਵਿਚ ਚੁਸਤੀ ਲਿਆ ਦਿੱਤੀ। ਖੇਡ ਅਜੇ 10 ਕੁ ਮਿੰਟ ਦੀ ਹੀ ਹੋਈ ਸੀ ਕਿ ਫੁੱਟਬਾਲ ਦੇ ਮਹਾਨ ਕਲਾਕਾਰ ਏਂਜਲ ਡੀ ਮਾਰੀਆ ਨੇ ਬੈਕ ਹੀਲ ਰਾਹੀਂ ਬਹੁਤ ਤੇਜ਼ੀ ਨਾਲ ਬਾਲ ਗੋਂਜਾਲੋ ਹਿਗੁਏਂ ਵੱਲ ਵਧਾਇਆ, ਪਰ ਉਹ ਲੋੜੀਂਦਾ ਤਵਾਜ਼ਨ ਕਾਇਮ ਨਾ ਰੱਖ ਸਕਿਆ। ਤੁਰੰਤ ਗਾਗੋ ਨੇ ਇਕ ਵਾਰ ਮੁੜ ਹਿਗੁਏਂ ਨੂੰ ਬੜਾ ਸੋਹਣਾ ਪਾਸ ਸੌਂਪਿਆ। ਉਹਨੇ ਇਰਾਨੀ ਗੋਲਾਂ ਵੱਲ ਕਿੱਕ ਵੀ ਅੱਖ ਦੇ ਫੋਰ ਵਿਚ ਮਾਰ ਦਿੱਤੀ, ਪਰ ਇਰਾਨ ਦੇ ਜਾਂਬਾਜ਼ ਗੋਲਕੀਪਰ ਅਲੀ ਰੇਜ਼ਾ ਹਗੀਗੀ ਨੇ ਜਿਸ ਆਸਾਨੀ ਨਾਲ ਉਸ ਦੀ ਇਸ ਕੋਸ਼ਿਸ਼ ਨੂੰ ਜਾਇਆ ਕੀਤਾ, ਉਹ ਨਜ਼ਾਰਾ ਵੇਖਿਆਂ ਹੀ ਬਣਦਾ ਸੀ!

ਮੈਚ ਦੇ ਅਗਲੇ 15-20 ਮਿੰਟ ਇਹ ਕਹਾਣੀ ਇਸੇ ਤਰ੍ਹਾਂ ਹੀ ਜਾਰੀ ਰਹੀ। ਅਖੀਰ ਅਰਜਨਟਾਈਨੀ ਸੁਪਰ ਸਟਾਰ ਲਿਓਨੇਲ ਮੈਸੀ ਨੇ ਬਹੁਤ ਹੀ ਨਜ਼ਾਰੇਦਾਰ ਕਰਾਸ ਆਪਣੇ ਸਾਥੀ ਖਿਡਾਰੀ ਗੈਰੇ ਵੰਨੀ ਸੁੱਟਿਆ, ਜੋ ਉਹ ਸਾਂਭ ਨਾ ਸਕਿਆ, ਪਰ ਸਟੇਡੀਅਮ ਅੰਦਰ ਹੀ ਨਹੀਂ, ਸਗੋਂ ਦੁਨੀਆਂ ਭਰ ਵਿਚ ਮੈਚ ਦਾ ਨਜ਼ਾਰਾ ਤਕ ਰਹੇ ਕਰੋੜਾਂ ਦਰਸ਼ਕ ਅਸ਼-ਅਸ਼ ਕਰ ਉਠੇ। ਫਿਰ 5-7 ਮਿੰਟਾਂ ਪਿਛੋਂ ਹੀ ਇਰਾਨ ਦੀ ਤਰਫੋਂ ਮੋੜਵਾਂ ਹਮਲਾ ਕਰਦਿਆਂ ਉਸੇ ਤਰ੍ਹਾਂ ਦਾ ਕੌਤਕ ਜਲਾਲ ਹੁਸੈਨੀ ਨੇ ਕਰ ਦਿੱਤਾ। ਮਾੜੀ ਕਿਸਮਤ ਨੂੰ ਉਸ ਦਾ ਹੈਡਰ ਗੋਲ ਪੋਸਟ ਤੋਂ ਜ਼ਰਾ ਕੁ ਉਪਰੋਂ ਦੀ ਨਿਕਲ ਗਿਆ!

ਅੱਧੇ ਸਮੇਂ ਦੀ ਖੇਡ ਪਿਛੋਂ ਮੈਦਾਨ 'ਚ ਵਾਪਸ ਮੁੜਦਿਆਂ 4-5 ਮਿੰਟ ਬਾਅਦ ਹੀ ਅਰਜਨਟਾਈਨੀ ਰੱਖਿਅਕ ਪੰਕਤੀ ਦੇ ਖਿਡਾਰੀ ਮਾਰਕੋਸ ਰੋਜੋ ਨੇ ਇਕ ਦੋ ਵਾਰੀ ਵਧੀਆ ਚਾਲਾਂ ਚਲੀਆਂ, ਪਰ ਗੱਲ ਨਾ ਬਣੀ। ਇਸੇ ਦੌਰਾਨ ਇਰਾਨੀ ਖਿਡਾਰੀ ਦੇਜਾਗਾ ਦੇ ਹਮਲੇ ਦੌਰਾਨ ਗੋਲ ਪੋਸਟ ਸਾਹਮਣੇ ਪਾਬਲੋ ਜਾਬਾਲੇਟਾ ਨੇ ਉਸ ਨੂੰ ਬਹੁਤ ਹੀ ਅਵੈੜਾ ਫਾਊਲ ਕਰ ਕੇ ਬੜੀ ਮੁਸ਼ਕਿਲ ਨਾਲ ਠੱਲ੍ਹਿਆ। ਅਰਜਨਟਾਈਨਾ ਦੀ ਕਿਸਮਤ ਚੰਗੀ ਸੀ ਕਿ ਰੈਫਰੀ ਨੇ ਇਸ ਦਾ ਨੋਟਿਸ ਹੀ ਨਾ ਲਿਆ, ਨਹੀਂ ਤਾਂ ਪੈਨਲਟੀ ਕਿੱਕ ਦਿੱਤੀ ਜਾ ਸਕਦੀ ਸੀ। ਇਹ ਛਿਣ ਇੰਟਰਨੈਟ 'ਤੇ ਅਗਲੇ 3-4 ਦਿਨ ਲਗਾਤਾਰ ਦਿਖਾਇਆ ਜਾਂਦਾ ਰਿਹਾ। ਸਾਡਾ ਪਾਕਿਸਤਾਨੀ ਮਿੱਤਰ ਜਾਹਿਦ ਹੁਸੈਨ ਵੜੈਚ ਮੈਚ ਵੇਂਹਦਿਆਂ ਬੇਹੱਦ ਪ੍ਰੇਸ਼ਾਨ ਹੋ ਉਠਿਆ। ਉਸ ਨੇ ਫੋਨ 'ਤੇ ਹੋਈ ਗੱਲਬਾਤ ਦੌਰਾਨ ਮੈਨੂੰ ਉਹ ਮੂਮੈਂਟ ਨੈੱਟ 'ਤੇ ਵੇਖਣ ਲਈ ਕਿਹਾ। ਉਹ ਰੈਫਰੀ ਦੀ ਇਸ ਮੁਜਰਮਾਨਾ ਉਕਾਈ ਨੂੰ ਕਈ ਦਿਨ ਕੋਸੀ ਗਿਆ।

67ਵੇਂ ਮਿੰਟ ਵਿਚ ਡੇਜਾਗਾ ਨੇ ਇਕ ਵਾਰ ਮੁੜ ਹੈਡਰ ਮਾਰ ਕੇ ਅਰਜਨਟਾਈਨੀ ਖੇਮੇ ਵਿਚ ਵਿਸਫੋਟ ਕਰਨ ਲਈ ਜ਼ੋਰਦਾਰ ਹੰਭਲਾ ਮਾਰਿਆ ਪਰ ਗੋਲਕੀਪਰ ਰੋਮੇਰੋ ਨੇ ਉਨੇ ਹੀ ਚਮਤਕਾਰੀ ਅੰਦਾਜ਼ ਵਿਚ ਛਲਾਂਗ ਮਾਰ ਕੇ ਬਾਲ ਨੂੰ ਪੋਸਟ ਉਪਰੋਂ ਬਾਹਰ ਲੰਘਾ ਦਿਤਾ। ਮੈਚ ਮੁੱਕਣ ਦੀਆਂ ਘੜੀਆਂ ਨੇੜੇ ਆ ਰਹੀਆਂ ਸਨ ਕਿ 15 ਮਿੰਟ ਰਹਿੰਦਿਆਂ ਹਾਰ ਕੇ ਕੋਚ ਨੇ ਗੋਂਜਾਲੋ ਹਿਗੁਏਂ ਅਤੇ ਸਰਗਈ ਆਗੇਰੀ-ਦੋਵਾਂ ਨੂੰ ਵਾਪਸ ਬੁਲਾ ਕੇ ਉਨ੍ਹਾਂ ਦੀ ਜਗ੍ਹਾ ਲਾਵੇਜੀ ਤੇ ਪਲਾਸੀਓਨਾਂ ਨੂੰ ਲਿਓਨਲ ਮੈਸੀ ਦੀ ਮਦਦ ਲਈ ਭੇਜ ਦਿੱਤਾ ਪਰ ਇਰਾਨੀਆਂ ਦੀ ਦ੍ਰਿੜਤਾ ਦੀ ਦਾਦ ਦੇਣੀ ਪਵੇਗੀ ਕਿ ਉਹ ਉਨ੍ਹਾਂ ਦੀ ਹਰ ਕੋਸ਼ਿਸ਼ ਨੂੰ ਜਾਇਆ ਕਰੀ ਗਏ। ਅਸਲ ਵਿਚ ਇਸ ਦਿਨ ਇਰਾਨੀ ਖਿਡਾਰੀਆਂ ਨੂੰ ਅਰਜਨਟਾਈਨਾ ਦੇ ਸੁਪਰ ਸਟਾਰਾਂ ਵਿਰੁਧ ਜੂਝਦਿਆਂ ਵੇਖ ਕੇ ਇੰਜ ਲਗਦਾ ਸੀ ਜਿਵੇਂ ਉਨ੍ਹਾਂ ਅੰਦਰ ਮਾਨੋ ਕਰੂਸੇਡਾਂ ਦੇ ਜ਼ਮਾਨਿਆਂ ਦੇ ਮਹਾਨ ਜਰਨੈਲ ਸਲਾਉਦੀਨ ਦੀ ਰੂਹ ਆ ਗਈ ਹੋਵੇ।

ਮੈਚ ਦਾ 90 ਮਿੰਟ ਦਾ ਸਮਾਂ ਖਤਮ ਹੋ ਗਿਆ ਸੀ ਅਤੇ ਉਸ ਤੋਂ ਬਾਅਦ ਇੰਜਰੀ ਟਾਈਮ ਦੇ 2-4 ਮਿੰਟਾਂ ਦੀ ਖੇਡ ਬਾਕੀ ਰਹਿ ਗਈ ਸੀ ਕਿ ਲਿਓਨਲ ਮੈਸੀ ਨੇ ਪੈਨਲਟੀ ਖੇਤਰ ਦੇ ਬਾਹਰੋਂ ਬਹੁਤ ਹੀ ਜਾਦੂਈ ਅੰਦਾਜ਼ ਵਿਚ ਕਿੱਕ ਲਈ ਜਗ੍ਹਾ ਬਣਾਈ ਅਤੇ ਬਾਲ ਨੂੰ ਆਖਰ ਇਰਾਨ ਦੇ ਦੀਵਾਰ ਵਰਗੇ ਗੋਲਚੀ ਤੋਂ ਪਾਰ ਨੈੱਟ ਵਿਚ ਟੰਗ ਦਿਤਾ। ਮੈਸੀ ਦੇ ਪ੍ਰਸ਼ੰਸਕ ਰਛਪਾਲ ਗਿੱਲ ਦਾ ਦਾਅਵਾ ਸੀ ਕਿ ਮੈਸੀ ਦਾ ਇਹ ਅਲੌਕਿਕ ਗੋਲ 1986 ਦੇ ਵਿਸ਼ਵ ਕੱਪ ਦੌਰਾਨ ਮੈਸੀ ਦੇ ਉਸਤਾਦ ਡੀਗੋ ਮਾਰਾਡੋਨਾ ਵਲੋਂ ਕੁਆਟਰ ਫਾਈਨਲ ਗੇੜ ਵਿਚ ਇੰਗਲੈਂਡ ਵਿਰੁਧ ਕੀਤੇ ਉਸ ਗੋਲ ਵਾਂਗ ਹੀ ਚੇਤੇ ਰਖਿਆ ਜਾਵੇਗਾ, ਜਿਸ ਨੂੰ ਸਦੀ ਦਾ ਸਭ ਤੋਂ ਆਕਰਸ਼ਕ ਗੋਲ ਕਿਹਾ ਗਿਆ ਸੀ...।

ਇਸ ਤੋਂ ਪਹਿਲਾਂ 18 ਜੂਨ ਨੂੰ ਸਪੇਨ ਅਤੇ ਚਿੱਲੀ ਦੀਆਂ ਟੀਮਾਂ ਵਿਚਾਲੇ ਖੇਡਿਆ ਗਿਆ ਕਲਾਸਿਕ ਮੁਕਾਬਲਾ ਵੀ ਕਿਸੇ ਯੂਨਾਨੀ ਤ੍ਰਾਸਦੀ ਤੋਂ ਘੱਟ ਨਹੀਂ ਸੀ...। ਸਪੇਨ ਦਾ ਕੋਚ ਬਸੰਤ ਡੀ ਬੋਸਕ ਦੁਨੀਆਂ ਦਾ ਬਿਹਤਰੀਨ ਕੋਚ ਹੈ। ਪਿਛਲੇ ਅੱਧੀ ਸਦੀ ਤੋਂ ਵੀ ਵੱਧ ਸਮੇਂ ਤੋਂ ਸਪੇਨ ਦੀ ਲੀਗ ਦੁਨੀਆਂ ਦੀ ਸਭ ਤੋਂ ਤਾਕਤਵਰ ਫੁੱਟਬਾਲ ਲੀਗ ਹੈ। ਸਪੇਨ 2008 ਅਤੇ 2012 ਦਾ ਯੂਰਪੀ ਚੈਂਪੀਅਨ ਹੈ ਤੇ 2010 ਦਾ ਵਿਸ਼ਵ ਕੱਪ ਵੀ ਉਸੇ ਕੋਲ ਹੈ। ਸਪੇਨ ਕੋਲ ਲਿਓਨਲ ਮੈਸੀ, ਰੂਨੀ ਜਾਂ ਰੋਨਾਲਡੋ ਵਰਗੇ ਮਹਿਜ਼ ਇਕ ਜਾਂ ਦੋ ਸੁਪਰ ਸਟਾਰ ਨਹੀਂ, ਸਗੋਂ ਉਨ੍ਹਾਂ ਕੋਲ ਫੁੱਟਬਾਲ ਜਗਤ ਦੇ ਸੁਪਰ ਸਟਾਰਾਂ ਦੀ ਪੂਰੀ ਬੈਟਰੀ ਹੈ। ਕੋਚ ਨੇ ਚਿੱਲੀ ਵਿਰੁਧ ਜ਼ਿੰਦਗੀ-ਮੌਤ ਦੀ ਬਾਜ਼ੀ ਵਾਲੇ ਮੈਚ ਵਿਚ ਰੱਖਿਅਕ ਪੰਕਤੀ ਦੇ ਸਿਪਾਹ-ਸਲਾਰ ਪੀਕ ਦੀ ਜਗ੍ਹਾ ਜਾਵੀ ਮਾਰਟੀਨੇ ਅਤੇ ਹਮਲਾਵਰ ਪੰਕਤੀ ਵਿਚ ਸ਼ਾਵੀ ਦੀ ਜਗ੍ਹਾ ਪੈਡਰੋ ਰੌਡਰੀਗੋ ਨੂੰ ਉਤਾਰਿਆ। ਟੀਮ ਦੇ ਹੋਰ ਮੈਂਬਰਾਂ ਵਿਚ ਗੋਲਚੀ ਵਿਕਰ ਕਾਸੀਅਸ ਨਾਲ ਐਂਡਰੀਆਸ ਇਨੀਸਟਾ, ਸ਼ਾਵੀ ਅਲੋਂਸੋ, ਸਰਜੀਓ ਰਿਮੋਸ, ਸਰਜੀਓ ਬਿਸਕਿਤਸ, ਜੋਰਡੀ ਆਲਬਾ, ਡੀਆਗੋ ਕੋਸਟਾ ਅਤੇ ਡੇਵਿਡ ਸਿਲਵਾ ਸ਼ਾਮਲ ਸਨ। ਡਿਆਗੋ ਕੋਸਟਾ ਅਤੇ ਡੇਵਿਡ ਸਿਲਵਾ ਹਮਲਾਵਰ ਪੰਕਤੀ ਦੇ ਤਾਜ਼ਾ ਦਮ ਸਿਤਾਰੇ ਸਨ, ਜਿਨ੍ਹਾਂ ਨੇ ਪਿਛਲੇ ਪੂਰੇ ਸਾਲ ਦੌਰਾਨ ਯੂਰਪੀ ਲੀਗ ਦੇ ਅਨੇਕਾਂ ਮੈਚਾਂ ਵਿਚ ਆਪਣੀ ਤਾਕਤ ਦਾ ਲੋਹਾ ਮੰਨਵਾਇਆ ਹੋਇਆ ਸੀ।

ਇਸੇ ਤਰ੍ਹਾਂ ਰਾਖਵੇਂ ਖਿਡਾਰੀਆਂ ਦੇ ਖੇਮੇ ਵਿਚ ਕੋਚ ਕੋਲ ਫਰਨੈਂਡੋ ਟੋਰਸ, ਡੇਵਿਡ ਵੀਆ, ਸ਼ਾਵੀ ਹਰਨੈਂਡਸ, ਜੁਆਨ ਫਰਾਨ, ਫੈਬਰਾਗਾਸ, ਜੁਆਨ ਮਾਟਾ, ਕੋਕੇ, ਸਾਂਤੀ ਕਜੋਰਲਾ ਅਤੇ ਪੇਪ ਰੇਨਾ ਵਰਗੇ ਇਕ ਤੋਂ ਇਕ ਵਧ ਕੇ ਸੁਪਰ ਸਟਾਰ ਮੌਜੂਦ ਸਨ। ਸਪੇਨ ਦੀ ਇਹ 'ਫੌਜ' ਕਿਤਨੀ ਕੁ ਸਸ਼ੱਕਤ ਸੀ, ਇਸ ਦਾ ਪਤਾ ਉਨ੍ਹਾਂ ਦਰਸ਼ਕਾਂ ਨੂੰ ਭਲੀ ਭਾਂਤ ਲੱਗ ਚੁਕਾ ਹੋਵੇਗਾ ਕਿ 23 ਜੂਨ ਨੂੰ ਗਰੁੱਪ ਦੇ ਆਪਣੇ ਆਖਰੀ ਲੀਗ ਮੈਚ ਵਿਚ ਉਹ ਆਸਟਰੇਲੀਆ ਵਰਗੀ ਤੇਜ਼ ਤਰਾਰ ਟੀਮ ਨੂੰ ਸਿਫਰ ਦੇ ਮੁਕਾਬਲੇ 3 ਗੋਲਾਂ ਦੇ ਵੱਡੇ ਫਰਕ ਨਾਲ ਸਹਿਜ ਭਾਅ ਹੀ ਹਰਾਉਣ ਵਿਚ ਉਹ ਕਿਸ ਕਦਰ ਕਾਮਯਾਬ ਰਹੇ। ...ਤੇ ਆਸਟਰੇਲੀਆ ਦੀ ਟੀਮ ਦੀ ਤਾਕਤ ਦਾ ਅਨੁਮਾਨ ਸਹਿਜੇ ਹੀ ਉਹ ਪਾਠਕ ਲਾ ਸਕਦੇ ਹਨ, ਜਿਨ੍ਹਾਂ ਪੂਲ ਅੰਦਰ ਪਹਿਲਾਂ ਚਿੱਲੀ ਤੇ ਫਿਰ ਹਾਲੈਂਡ ਵਿਰੁਧ ਮੈਚਾਂ ਵਿਚ ਉਨ੍ਹਾਂ ਦੀ ਖੇਡ ਦਾ ਜ਼ਬਰਦਸਤ ਤਾਲ ਤੇ ਲੈਅ ਵੇਖੀ ਹੋਵੇ। ਚਿੱਲੀ ਵਿਰੁੱਧ ਮੈਚ ਵਿਚ ਸਪੇਨੀ ਖਿਡਾਰੀ ਪੂਰੀ ਦ੍ਰਿੜਤਾ ਅਤੇ ਅਕੀਦਤ ਨਾਲ ਮੈਦਾਨ ਵਿਚ ਉਤਰੇ ਤੇ ਉਨ੍ਹਾਂ ਸ਼ੁਰੂਆਤ ਵੀ ਬੜੇ ਜ਼ੋਰਦਾਰ ਅੰਦਾਜ਼ ਵਿਚ ਕਰਨ ਦੀ ਕੋਸ਼ਿਸ਼ ਕੀਤੀ।

ਦੂਜੇ ਪਾਸੇ ਚਿੱਲੀ ਦੇ ਫੁੱਟਬਾਲ ਦਾ ਵੀ ਬੜਾ ਰੁਮਾਂਚਿਕ ਇਤਿਹਾਸ ਹੈ ਅਤੇ 1962 ਵਿਚ ਵਿਸ਼ਵ ਕੱਪ ਫੁੱਟਬਾਲ ਦੇ ਫਾਈਨਲ ਮੁਕਾਮ ਨੂੰ ਉਨ੍ਹਾਂ ਨੇ ਵੀ ਹੱਥ ਲਾਇਆ ਹੋਇਆ ਸੀ। ਅਜੇ ਦੋ ਮਹੀਨੇ ਪਹਿਲਾਂ ਹੀ 24 ਅਪਰੈਲ 2014 ਨੂੰ ਉਨ੍ਹਾਂ ਮੇਜ਼ਬਾਨ ਦੇਸ਼ ਬ੍ਰਾਜ਼ੀਲ ਦੀ ਕੌਮੀ ਟੀਮ ਨਾਲ ਅਜ਼ਮਾਇਸ਼ੀ ਮੈਚ ਖੇਡਿਆ ਸੀ ਅਤੇ 2-2 ਗੋਲਾਂ ਦੀ ਬਰਾਬਰੀ 'ਤੇ ਚੈਂਪੀਅਨਾਂ ਨੂੰ ਠੱਲ੍ਹ ਦਿੱਤਾ ਸੀ।

18 ਜੂਨ ਦੇ ਮੈਚ ਵਿਚ ਸਪੇਨੀਆਂ ਨੇ ਚਿੱਲੀ ਵਿਰੁਧ ਨੀਦਰਲੈਂਡ ਦੀ ਹਾਰ ਦੇ ਸਦਮੇ 'ਚੋਂ ਉਭਰਨ ਦੀ ਕੋਸ਼ਿਸ਼ ਕਰਨੀ ਸੀ, ਪਰ ਚਿੱਲੀਅਨ ਟੀਮ ਦਾ ਚੱਕਰ ਇਹ ਸੀ ਕਿ 2010 ਦੇ ਵਿਸ਼ਵ ਕੱਪ ਦੌਰਾਨ ਸਪੇਨੀਆਂ ਨੇ ਉਨ੍ਹਾਂ ਨੂੰ 1 ਦੇ ਮੁਕਾਬਲੇ 2 ਗੋਲਾਂ ਨਾਲ ਹਰਾ ਕੇ ਕੱਪ ਦੀ ਦੌੜ 'ਚੋਂ ਬਾਹਰ ਕੀਤਾ ਸੀ। ਉਨ੍ਹਾਂ ਨੇ ਸਪੇਨੀਆਂ ਨਾਲ ਉਹ ਪੁਰਾਣਾ ਹਿਸਾਬ-ਕਿਤਾਬ ਵੀ ਚੁਕਤਾ ਕਰਨਾ ਸੀ। ਫਿਰ ਵੀ ਸਪੇਨੀ ਟੀਮ ਪੂਰੇ ਤਹੱਈਏ ਅਤੇ ਆਤਮ ਵਿਸ਼ਵਾਸ ਨਾਲ ਮੈਦਾਨ ਵਿਚ ਉਤਰੀ ਤੇ ਸ਼ਾਵੀ ਅਲੋਂਸੋ ਅਤੇ ਡੀਅਗੋ ਕੋਸਟਾ ਨੇ ਖੇਡ ਸ਼ੁਰੂ ਹੁੰਦਿਆਂ ਹੀ ਚਿੱਲੀਅਨ ਗੋਲਾਂ 'ਤੇ ਲਗਾਤਾਰ ਦੋ-ਤਿੰਨ ਤਾਬੜਤੋੜ ਹਮਲੇ ਕੀਤੇ। ਚਿੱਲੀਅਨ ਗੋਲਕੀਪਰ ਕਲਾਡੀਓ ਬਰਾਵੋ ਦੀ ਦਾਦ ਦੇਣੀ ਹੋਵੇਗੀ ਕਿ ਉਹਨੇ ਫੁਰਤੀ ਨਾਲ ਮੁਢਲੇ ਹਮਲੇ ਅਸਾਨੀ ਨਾਲ ਹੀ ਜ਼ਾਇਆ ਕਰ ਦਿੱਤੇ।

ਮੈਚ ਬਰਾਬਰੀ 'ਤੇ ਚੱਲ ਰਿਹਾ ਸੀ, ਸਗੋਂ ਸਪੇਨੀਆਂ ਦਾ ਪਲੜਾ ਭਾਰੀ ਲਗਦਾ ਸੀ ਕਿ 20ਵੇਂ ਮਿੰਟ ਵਿਚ ਸ਼ਾਵੀ ਅਲੋਂਸੋ ਵਰਗੇ ਮਿੱਡ ਫੀਲਡ ਦੇ ਮੰਨੇ ਹੋਏ ਜਰਨੈਲ ਕੋਲੋਂ ਅਚਾਨਕ ਬਾਲ ਖੁੰਝ ਗਈ, ਜੋ ਚਿੱਲੀਅਨ ਖਿਡਾਰੀ ਨੇ ਕਬਜ਼ੇ 'ਚ ਕਰ ਕੇ ਬਾਲ ਅੱਖ ਦੇ ਫੋਰ ਵਿਚ ਸਪੇਨੀ ਗੋਲਾਂ ਵਿਚ ਜਾ ਸੁੱਟੀ। ਸਪੇਨ ਦਾ ਚੈਂਪੀਅਨ ਗੋਲਕੀਪਰ ਕੈਸੀਆਸ ਅਤੇ ਕੋਲ ਹੀ ਖੜ੍ਹਾ ਸਰਗੀਓ ਰੋਮੋਸ ਵੇਖਦੇ ਹੀ ਰਹਿ ਗਏ ਕਿ ਮੁੜ ਇਹ ਕੇਹਾ ਭਾਣਾ ਵਾਪਰਨਾ ਸ਼ੁਰੂ ਹੋ ਗਿਆ ਸੀ!

ਇਸ ਪਿਛੋਂ ਸਪੇਨੀਆਂ ਨੇ ਖੁਦ ਨੂੰ ਸੰਭਾਲਣ ਅਤੇ ਮੋੜਵੇਂ ਹਮਲੇ ਕਰਨ ਦੀ ਪੂਰੀ ਵਾਹ ਲਾਈ, ਪਰ ਕਲਾਡੀਓ ਬਰਾਵੋ ਨੇ ਉਨ੍ਹਾਂ ਦੀ ਕੋਈ ਵਾਹ ਪੇਸ਼ ਨਾ ਜਾਣ ਦਿੱਤੀ। ਉਲਟਾ ਹੋਇਆ ਇਹ ਕਿ ਪਹਿਲੇ ਅੱਧ ਦੀ ਖੇਡ ਖਤਮ ਹੋਣ ਦੀ ਘੰਟੀ ਵੱਜਣ ਹੀ ਵਾਲੀ ਸੀ ਕਿ ਚਿੱਲੀ ਨੂੰ ਸਪੇਨੀ ਗੋਲਾਂ ਮੂਹਰੇ ਫਰੀ ਕਿੱਕ ਮਿਲ ਗਈ, ਜਿਸ ਨੂੰ ਚਿਲੀਅਨ ਫੁੱਟਬਾਲ ਦੇ ਮਹਾਂ ਨਾਇਕ ਅਲੈਕਸ ਸੰਚੇਜ਼ ਨੇ ਰਾਕਟ ਵਾਂਗੂ ਸਪੇਨੀ ਗੋਲ ਪੋਸਟ ਵੱਲ ਸੇਧ ਦਿੱਤਾ। ਸਪੇਨ ਦੇ ਸਾਬਕਾ ਕਪਤਾਨ ਕਾਸੀਅਸ ਨੇ ਇਸ 'ਰਾਕਟ' ਨੂੰ ਰੋਕ ਤਾਂ ਦਿੱਤਾ, ਪਰ ਉਹ ਬਾਲ ਨੂੰ ਕਾਬੂ ਨਾ ਰੱਖ ਸਕਿਆ। ਉਸ ਦਾ ਕਸੂਰ ਵੀ ਕੋਈ ਨਹੀਂ ਸੀ। ਬਾਲ ਉਸ ਦੇ ਹੱਥਾਂ ਨੂੰ ਵੱਜ ਕੇ ਵਾਪਸ ਚਿੱਲੀ ਦੇ ਆਰਨਗੁਏ ਦੇ ਐਨ ਪੈਰਾਂ 'ਤੇ ਆ ਡਿੱਗੀ, ਜਿਸ ਨੂੰ ਉਸ ਨੇ ਅੱਖ ਦੇ ਫੋਰ ਵਿਚ ਸਪੇਨੀ ਗੋਲ ਪੋਸਟ ਦੇ ਅੰਦਰ ਸੁੱਟ ਦਿੱਤਾ।

ਦੂਜੇ ਅੱਧ ਦੀ ਖੇਡ ਸ਼ੁਰੂ ਹੁੰਦਿਆਂ ਸਪੇਨੀ ਕੋਚ ਨੇ ਸ਼ਾਵੀ ਅਲੋਂਸੋ ਨੂੰ ਮੈਦਾਨ ਵਿਚ ਉਤਾਰਿਆ, ਪਰ ਉਹ ਗੱਲ ਬਣ ਨਹੀਂ ਸੀ ਰਹੀ। ਇਸੇ ਤਰ੍ਹਾਂ ਸਾਂਤੀ ਕਜੋਰਲਾ ਨੂੰ ਲਿਆਂਦਾ ਗਿਆ ਅਤੇ ਕਜੋਰਲਾ ਵਰਗੇ 'ਤੇਗ ਦੇ ਧਨੀ' ਦੇ 'ਵਾਰਾਂ' ਨੂੰ ਚਿਲੀਅਨ ਬਰਾਵੋ, ਜਿਸ ਅੰਦਾਜ਼ ਵਿਚ ਰੋਕ ਰਿਹਾ ਸੀ, ਉਸ ਨੂੰ ਵੇਖਦਿਆਂ ਵਾਰ-ਵਾਰ ਦਰਸ਼ਕਾਂ ਦੇ ਦੰਦੂੜਕੇ ਵੱਜ ਰਹੇ ਸਨ।

ਸਪੇਨੀ ਕੋਚ ਅਖੀਰ ਜਦੋਂ ਟੋਰਸ ਵਰਗੇ ਆਪਣੇ ਸ਼ਾਨਾਮੱਤੇ 'ਜਰਨੈਲ' ਨੂੰ ਗਰਾਊਂਡ ਵਿਚ ਭੇਜ ਰਿਹਾ ਸੀ ਤਾਂ ਇਉਂ ਲਗਦਾ ਸੀ, ਜਿਵੇਂ ਸ਼ਹਿਨਸ਼ਾਹ ਸ਼ਾਹ ਜਹਾਨ ਦਾ ਫਰਜੰਦ ਮਹਾਨ ਪਰ ਬੇਵਸ ਦਾਰਾ ਸ਼ਿਕੋਹ ਅੰਤਿਮ ਦਾਅ ਵਜੋਂ ਆਪਣੇ ਹੋਣਹਾਰ ਪੁੱਤਰ ਨੂੰ ਜੰਗੇ ਮੈਦਾਨ ਵਿਚ ਭੇਜ ਰਿਹਾ ਹੋਵੇ!...2008 ਦਾ ਵਿਸ਼ਵ ਕੱਪ ਫਾਈਨਲ ਜਿਨ੍ਹਾਂ ਨੇ ਵੇਖਿਆ ਹੋਇਆ ਸੀ, ਉਨ੍ਹਾਂ ਨੂੰ ਟੋਰਸ ਦੀ ਅਹਿਮੀਅਤ ਦਾ ਪਤਾ ਹੋਵੇਗਾ ਅਤੇ ਇਹ ਵੀ ਯਾਦ ਹੋਵੇਗਾ ਕਿ ਇਹ ਉਸ ਦੇ ਸ਼ਬਲਾਈਮ ਗੋਲ ਸਦਕਾ ਪੂਰੇ 60 ਵਰ੍ਹਿਆਂ ਦੀ ਲੰਮੀ ਜਦੋ-ਜਹਿਦ ਤੋਂ ਬਾਅਦ ਸਪੇਨ ਪਹਿਲੀ ਵਾਰ ਯੂਰਪੀ ਚੈਂਪੀਅਨ ਬਣਿਆ ਸੀ। ਇਸੇ ਤਰ੍ਹਾਂ 2010 ਦੇ ਵਿਸ਼ਵ ਕੱਪ ਫਾਈਨਲ ਮੈਚ ਦੇ 116ਵੇਂ ਮਿੰਟ ਵਿਚ ਗੋਲ ਕਰ ਕੇ ਇਨੀਸਟਾ ਨੇ ਨੀਦਰਲੈਂਡ ਦੀ ਮੁਹਿੰਮ ਨੂੰ ਪੰਕਚਰ ਕੀਤਾ ਸੀ ਅਤੇ ਵਿਸ਼ਵ ਵਿਜੇਤਾ ਦਾ ਤਾਜ ਸਪੇਨੀਆਂ ਦੇ ਸਿਰ 'ਤੇ ਟਿਕਿਆ ਸੀ। ਪਰ ਇਸ ਵਾਰ ਟੋਰਸ ਜਾਂ ਇਨੀਸਟਾ ਕੋਲ ਬਰਾਵੋ ਜਾਂ ਚਿਲੀਅਨ ਰੱਖਿਅਕ ਪੰਕਤੀ ਦੀ ਦ੍ਰਿੜਤਾ ਦਾ ਕੋਈ ਵੀ ਤੋੜ ਨਹੀਂ ਬਣ ਰਿਹਾ। ਨਹੀਂ ਤਾਂ 15 ਕੁ ਮਿੰਟਾਂ ਦੀ ਖੇਡ ਰਹਿੰਦਿਆਂ ਇਨੀਸਟੀ ਦੀ ਸਾਰੀ ਤਾਕਤ ਨਾਲ ਲਗਾਈ ਕਰਾਸਿੰਗ ਕਿੱਕ ਨੂੰ ਰੋਕ ਪਾਉਣਾ ਕਿਵੇਂ ਵੀ ਖਾਲਾ ਜੀ ਦਾ ਵਾੜਾ ਨਹੀਂ ਸੀ!

ਇਸ ਫੈਸਲਾਕੁਨ ਮੈਚ ਵਿਚ ਸਪੇਨੀਆਂ ਦੀ ਬੇਵਸੀ ਦਾ ਰੰਗ ਸਭ ਤੋਂ ਵੱਧ ਉਘੜਵੇਂ ਰੂਪ ਵਿਚ

(ਬਾਕੀ ਅਗਲੇ ਸਫੇ 'ਤੇ)

# ਲਾਹੌਰ ਸੰਗਤ ਪਾਕਿਸਤਾਨ ਦੀ ਖੁਸ਼ਗਵਾਰ ਪਹਿਲ-ਕਦਮੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਪਾਕਿਸਤਾਨ ਦੀ ਇੱਕ ਗੈਰ ਸਰਕਾਰੀ ਸੰਸਥਾ ਵਲੋਂ ਅਖੰਡ ਪੰਜਾਬ ਦੇ ਨਾਇਕਾਂ ਨੂੰ ਚੇਤੇ ਕਰਨ ਦਾ ਇਕ ਦੀ ਰੂਹ ਅਫਜ਼ਾ ਉਪਰਾਲਾ ਭਾਰਤੀ ਮੀਡੀਆ ਦੀਆਂ ਸੁਰਖੀਆਂ ਬਣ ਰਿਹਾ ਹੈ। ਲਾਹੌਰ ਸੰਗਤ ਨਾਮ ਦੀ ਇਸ ਸੰਸਥਾ ਨੇ ਅਣਵੰਡੇ ਪੰਜਾਬ ਦੇ ਜਿਨ੍ਹਾਂ ਨਾਇਕਾਂ ਨੂੰ ਲੋਕ ਮਨਾਂ ਵਿਚ ਵਸਾਉਣ ਦਾ ਅਮਲ ਸ਼ੁਰੂ ਕੀਤਾ ਹੈ, ਉਨ੍ਹਾਂ ਵਿਚ ਹੋਰਨਾਂ ਤੋਂ ਬਿਨਾ ਅਲਾਮਾ ਇਕਬਾਲ, ਅਬਦੁਲ ਰਹਿਮਾਨ ਚੁਗਤਾਈ, ਭਾਈ ਰਾਮ ਸਿੰਘ ਨਿਰਮਾਤਾ, ਗਾਮਾ ਪਹਿਲਵਾਨ, ਅੰਮ੍ਰਿਤਾ ਪ੍ਰੀਤਮ, ਨੂਰ ਜਹਾਂ, ਲਾਲਾ ਲਾਜਪਤ ਰਾਇ, ਮਹਾਰਾਜ ਗੁਲਾਮ ਹੁਸੈਨ ਕਥੱਕ, ਬੜੇ ਗੁਲਾਮ ਅਲੀ ਖਾਂ, ਮੁਹੰਮਦ ਰਫੀ, ਦਿਆਲ ਸਿੰਘ ਮਜੀਠੀਆ ਤੇ ਹੋਰ ਅਨੇਕਾਂ ਡਾਕਟਰ, ਸੰਤ, ਸੰਗੀਤਕਾਰ, ਖਿਡਾਰੀ, ਪੱਤਰਕਾਰ, ਗਾਇਕ ਤੇ ਕੋਮਲ ਕਲਾ ਦੇ ਧਨੀ ਸ਼ਾਮਲ ਹਨ। ਇਨ੍ਹਾਂ ਦੇ ਨਾਂਵਾਂ ਤੇ ਕਰਮਾਂ ਦੀਆਂ ਤਖਤੀਆਂ ਉਨ੍ਹਾਂ ਦੇ ਜਨਮ ਸਥਾਨ ਜਾਂ ਕਰਮ ਖੇਤਰ ਵਿਚ ਲਾਈਆਂ ਜਾ ਰਹੀਆਂ ਹਨ। ਤਖਤੀਆਂ ਲਾਉਣ ਵਾਸਤੇ ਚੁਣੀਆਂ ਗਈਆਂ ਥਾਂਵਾਂ ਵਿਚ ਅਨਾਰਕਲੀ, ਗੋਲ ਬਾਗ, ਲਾਹੌਰ ਮਿਊਜ਼ੀਅਮ ਤੇ ਨੈਸ਼ਨਲ ਕਾਲਜ ਆਫ ਆਰਟਸ ਹੀ ਨਹੀਂ, ਦੂਰ ਦੁਰਾਡੇ ਖੈਬਰ ਪਾਸ ਤੇ ਪਖਤੂਨਵਾ ਸਥਾਨ ਵੀ ਸ਼ਾਮਲ ਹਨ।

ਲਾਹੌਰ ਸੰਗਤ ਨੇ ਤਖਤੀਆਂ ਲਈ ਨੀਲੇ ਰੰਗ ਦੀ ਚੋਣ ਕਰਦਿਆਂ ਗੋਰੇ ਹਕਮਾਂ ਦੀ ਨਕਲ ਮਾਰੀ ਹੈ ਤਾਂ ਕਿ ਇਸ ਨੂੰ ਹਿੰਦੂ ਜਾਂ ਮੁਸਲਿਮ ਭਾਵਨਾ ਨਾਲ ਜੋੜ ਕੇ ਇਸ ਦੀ ਧਾਰਨਾ ਤੇ ਪਹੁੰਚ ਨੂੰ ਸੀਮਤ ਨਾ ਰਖਿਆ ਜਾਵੇ। ਤਖਤੀਆਂ ਲਈ ਵੀ ਫਾਰਸੀ ਤੇ ਰੋਮਨ ਲਿਪੀ ਵਰਤੀ ਗਈ ਹੈ ਤਾਂ ਕਿ ਹਰ ਕੋਈ ਪੜ੍ਹ ਸਕੇ। ਬਰਤਾਨਵੀ ਸਰਕਾਰ ਨੇ ਆਪਣੇ ਕਵੀਆਂ ਤੇ ਕਲਾਕਾਰਾਂ ਦੇ ਨਾਂਵਾਂ ਦੀਆਂ ਗਲੀਆਂ ਤੇ ਯਾਦਗਾਰਾਂ ਉਤੇ ਇਸ ਰੰਗ ਦੀਆਂ ਤਖਤੀਆਂ ਲਈਆਂ ਹਨ। ਲਾਹੌਰ ਸੰਗਤ ਨੇ ਇਹ ਅਮਲ ਮਾਰਚ 2020 ਵਿਚ ਸ਼ੁਰੂ ਕੀਤਾ ਸੀ, ਪਰ ਕਰੋਨਾ ਦੀ ਤਾਲਾਬੰਦੀ ਨੇ ਵਿਘਨ ਪਾਉਣ ਵਿਚ ਕੋਈ ਕਸਰ ਨਹੀਂ ਛੱਡੀ। ਸਦਕੇ ਜਾਈਏ ਸੰਗਤ ਦੇ, ਜਿਨ੍ਹਾਂ ਨੇ ਇਹ ਕੰਮ ਮੁੜ ਪੂਰੀ ਗਤੀ ਨਾਲ ਵਿੱਢ ਲਿਆ ਹੈ। ਪਤਾ ਲਗਿਆ ਹੈ ਕਿ ਇਹ ਸੰਗਤ ਹੁਣ ਤੱਕ ਸਵਾ ਸੌ ਹਸਤੀਆਂ ਦੇ ਨਾਂ ਚੁਣ ਚੁਕੀ ਹੈ ਤੇ ਚੁਣੇ ਜਾਣ ਦਾ ਅਮਲ ਜਾਰੀ ਹੈ। ਇੱਕ ਲੇਖਕ ਹੋਣ ਦੇ ਨਾਤੇ ਮੇਰਾ ਵਿਸ਼ਵਾਸ ਹੈ ਕਿ ਇਸ ਵਿਚ ਪੱਤਰਕਾਰ ਖੁਸ਼ਵੰਤ ਸਿੰਘ ਤੇ ਪੰਜਾਬੀ ਲੇਖਕ ਗੁਰਬਖਸ਼ ਸਿੰਘ ਪ੍ਰੀਤ ਲੜੀ ਦਾ ਨਾਂ ਵੀ ਜ਼ਰੂਰ ਹੋਵੇਗਾ।

ਸਾਰੀ ਉਮਰ ਉੱਨਤ ਖੇਤੀ ਦਾ ਪ੍ਰਚਾਰਕ ਰਿਹਾ ਹੋਣ ਸਦਕਾ ਮੇਰੀ ਇਹ ਵੀ ਸ਼ੁਭ ਕਾਮਨਾ ਹੈ ਕਿ ਇਸ ਲਿਸਟ ਵਿਚ ਕਿਸਾਨਾਂ ਦੇ ਮਸੀਹਾ ਹਰਿਆਣਾ ਦੇ ਜਾਟ ਸਰ ਛੋਟੂ ਰਾਮ ਦਾ ਨਾਂ ਵੀ ਜ਼ਰੂਰ ਹੋਵੇਗਾ। ਖੁਸ਼ਵੰਤ ਸਿੰਘ ਦਾ ਜੱਦੀ ਪਿੰਡ (ਪਾਕਿਸਤਾਨ) ਹੈ ਤੇ ਸਰ ਛੋਟੂ ਰਾਮ ਦੇਸ਼ ਵੰਡ ਤੋਂ ਪਹਿਲਾਂ ਅਖੰਡ ਪੰਜਾਬ ਵਿਚ ਮੰਤਰੀ ਸੀ। ਉਸ ਪੰਜਾਬ ਦਾ ਮੰਤਰੀ, ਜਿਸ ਵਿਚ ਅਜੋਕੇ ਪੰਜਾਬ ਤੋਂ ਬਿਨਾ ਸਾਰਾ ਹਰਿਆਣਾ ਤੇ ਕਾਫੀ ਸਾਰਾ ਹਿਮਾਚਲ ਪ੍ਰਦੇਸ਼ ਸ਼ਾਮਲ ਸੀ।

ਮੈਨੂੰ ਪੂਨਾ ਨਿਵਾਸੀ ਉਰਦੂ ਅਦਬ ਦੇ ਮੱਦਾਹ ਸੁਮੀਤ ਪਾਲ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਪੇਸ਼ਾਵਰ ਦੀ ਖੈਬਰ ਪਖਤੂਨਵਾ ਸਰਕਾਰ ਨੇ ਪ੍ਰਸਿਧ ਫਿਲਮੀ ਸਿਤਾਰਿਆਂ-ਦਲੀਪ ਕੁਮਾਰ ਤੇ ਰਾਜ ਕਪੂਰ ਦੀਆਂ ਹਵੇਲੀਆਂ ਨੂੰ ਸਰਕਾਰੀ ਕਬਜ਼ੇ ਵਿਚ ਲੈ ਕੇ ਨਵਿਆਉਣ ਦਾ ਫੈਸਲਾ ਕੀਤਾ ਹੈ ਤਾਂ ਕਿ ਉਨ੍ਹਾਂ ਦੇ ਜਨਮ ਸਥਾਨਾਂ ਨੂੰ ਯਾਦਗਾਰ ਬਣਾਇਆ ਜਾ ਸਕੇ। ਸੁਮੀਤ ਪਾਲ ਨੇ ਲਾਹੌਰ ਯੂਨੀਵਰਸਿਟੀ ਤੋਂ ਮੁਹੰਮਦ ਰਫੀ ਸਵਰ ਤਾਲਾਂ 'ਤੇ ਡਾਕਟਰੇਟ ਕੀਤੀ ਹੈ ਤੇ ਸਹਿਜੇ ਹੀ ਪਾਕਿਸਤਾਨ ਜਾਂਦਾ ਰਹਿੰਦਾ ਹੈ। ਉਸ ਦੇ ਕਹਿਣ ਅਨੁਸਾਰ ਜੇ ਉਥੇ ਵੀ ਕੋਈ ਯੋਗੀ ਵਰਗੀ ਸੋਚ ਵਾਲਾ ਹੁੰਦਾ ਤਾਂ ਇਨ੍ਹਾਂ ਜਨਮ ਸਥਾਨਾਂ ਨੂੰ ਮਲੀਆਮੇਟ ਕਰਕੇ ਉਥੇ ਕੋਈ ਮਦਰਸਾ ਸਥਾਪਤ ਕਰ ਸਕਦਾ ਸੀ। ਜਦੋਂ ਸੁਮੀਤ ਪਾਲ ਸਿੰਧ ਜਿਲੇ ਵਿਚ ਪੈਂਦੇ ਜਰਕਾਨਾ ਵਿਖੇ ਸਿੰਧ ਘਾਟੀ ਦਾ ਮੋਹਿੰਜੋਦਾਰੋ ਸਥਾਨ ਵੇਖਣ ਗਿਆ ਤਾਂ ਉਸ ਨੂੰ ਪਤਾ ਲੱਗਾ ਕਿ ਉਥੋਂ ਵਾਲਾ ਅਜਾਇਬਘਰ ਰਖਲਦਾਸ ਬੈਨਰਜੀ ਨੂੰ ਸਮਰਪਿਤ ਹੈ, ਜਿਸ ਨੇ ਸਿੰਧ ਘਾਟੀ ਦੀ ਖੋਜ ਖੁਦਾਈ ਵਿਚ ਸਰ ਜੌਹਨ ਮਾਰਸ਼ਲ ਦਾ ਹੱਥ ਵਟਾਇਆ ਸੀ। ਕਰਾਚੀ ਯੂਨੀਵਰਸਿਟੀ ਦੇ ਪੁਰਾਲੇਖ ਵਿਭਾਗ ਨੇ ਤਾਂ ਉਹਦੇ ਨਾਂ ਦੀ ਹੀ ਨਹੀਂ, ਸਗੋਂ ਦਯਾ ਰਾਮ ਸਾਹਨੀ ਦੇ ਨਾਂ ਦੀ ਵੀ, ਜਿਸ ਦਾ ਸਿੰਧ ਘਾਟੀ ਦੀ ਖੁਦਾਈ ਵਿਚ ਉਹਦੇ ਵਰਗਾ ਹੀ ਯੋਗਦਾਨ ਸੀ, ਚੇਅਰ ਸਥਾਪਤ ਕਰ ਰੱਖੀ ਹੈ। ਇਸ ਘਾਟੀ ਦੀ ਲੱਭਤ ਨੂੰ 2022 ਵਿਚ ਸੌ ਸਾਲ ਹੋ ਜਾਣੇ ਹਨ ਤੇ ਪੁਰਾਤਵ ਸਬੰਧੀ ਖੋਜ ਦਾ ਕੰਮ ਹਾਲੀ ਤੱਕ ਜਾਰੀ ਹੈ।




ਅੰਮ੍ਰਿਤਾ ਪ੍ਰੀਤਮ ਤੇ ਮੁਹੰਮਦ ਰਫੀ ਦੇ ਨਾਂ ਦੀਆਂ ਤਖਤੀਆਂ

**ਸਿਰਜਣਾ ਪਰਿਵਾਰ ਦੀ ਰਚਨਾ ਸਿੰਘ ਬੀ. ਸੀ. ਚੋਣਾਂ ਵਿਚ:** ਸਵਰਗੀ ਤੇਰਾ ਸਿੰਘ ਚੰਨ ਦੀ ਦੋਹਤੀ ਸੁਲੇਖਾ ਅਤੇ ਰਘਬੀਰ ਸਿੰਘ ਸਿਰਜਣਾ ਦੀ ਬੇਟੀ ਇਸ ਵਾਰੀ ਫਿਰ ਬ੍ਰਿਟਿਸ਼ ਕੋਲੰਬੀਆਂ ਤੋਂ ਚੋਣ ਲੜ ਰਹੀ ਹੈ। ਉਹ ਨੈਸ਼ਨਲ ਡੈਮੋਕਰੈਟਿਕ ਪਾਰਟੀ (ਐਨ. ਡੀ. ਪੀ.) ਵਲੋਂ ਗਰੀਨ ਟਿੰਬਰ ਸਟਰੀਟ, ਸਰੀ ਤੋਂ ਉਮੀਦਵਾਰ ਹੈ। ਮੌਜੂਦਾ ਸਰਕਾਰ ਵਿਚ ਸੀਨੀਅਰ ਸਿਟੀਜ਼ਨ ਮਾਮਲਿਆਂ ਦੀ ਇੰਚਾਰਜ ਵਜੋਂ ਬਜ਼ੁਰਗਾਂ ਦੀ ਬਿਹਤਰੀ ਲਈ ਕੀਤੇ ਉਸ ਦੇ ਪ੍ਰਮਾਣਿਕ ਕੰਮ ਦਾ ਸਰੀ ਨਿਵਾਸੀ ਕੀ ਮੁੱਲ ਪਾਉਂਦੇ ਹਨ, 24 ਅਕਤੂਬਰ 2020 ਦੇ ਚੋਣ ਪ੍ਰਣਾਮ ਦੱਸਣਗੇ। ਨਿੱਕ-ਸੁੱਕ ਵਲੋਂ ਸ਼ੁਭ ਕਾਮਨਾਵਾਂ।

**ਅੰਤਿਕਾ: ਰਣਧੀਰ ਸਿੰਘ ਚੰਦ**

ਇਸ ਬਸਤੀ 'ਚੋਂ ਤਹਿਜ਼ੀਬਾਂ ਦੇ
ਰੰਗ ਤੂੰ ਆਪੇ ਲੱਭ ਲਵੀਂ,
ਯਾਦਾਂ ਦੇ ਕੁਝ ਖੰਡਰ ਵੀ ਨੇ
ਦੁੱਖਾਂ ਦਾ ਮੇਲਾਪ ਵੀ ਹੈ।

# ਵਿਰਸੇ ਦੀ ਬਾਤ ਪਾਉਂਦੀ ਪੁਸਤਕ 'ਵਿਰਸੇ ਦੀਆਂ ਪੌਣਾਂ'

## ਪੁਸਤਕ ਚਰਚਾ

ਪਰਗਟ ਸਿੰਘ ਜੰਬਰ
ਫੋਨ: 91-85280-26566

ਬਦਲਾਅ ਕੁਦਰਤ ਦਾ ਨਿਯਮ ਹੈ। ਬਦਲਾਅ ਸਮੇਂ ਦੇ ਨਾਲ ਆਉਂਦੇ ਰਹਿੰਦੇ ਹਨ। ਸਮਾਜਕ, ਆਰਥਕ ਬਦਲਾਅ ਆਉਂਦੇ ਰਹਿੰਦੇ ਹਨ। ਇਸੇ ਨੂੰ ਵਿਕਾਸ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਸਮੇਂ ਨਾਲ ਵਿਰਸਾ ਵੀ ਬਦਲਦਾ ਰਹਿੰਦਾ ਹੈ। ਜਸਵੀਰ ਸ਼ਰਮਾ ਦੱਦਾਹੂਰ ਪੁਰਾਤਨ ਵਿਰਸੇ ਨਾਲ ਭਾਵੁਕ ਤੌਰ 'ਤੇ ਜੁੜਿਆ ਹੋਇਆ ਹੈ। 'ਵਿਰਸੇ ਦੀਆਂ ਪੌਣਾਂ' ਤੋਂ ਪਹਿਲਾਂ ਜਸਵਰੀ ਸ਼ਰਮਾ ਦੱਦਾਹੂਰ ਚਾਰ ਕਿਤਾਬਾਂ ਵਿਰਸੇ ਨਾਲ ਸਬੰਧਤ ਪੰਜਾਬੀ ਮਾਂ ਬੋਲੀ ਦੀ ਝੋਲੀ ਵਿਚ ਪਾ ਚੁਕਾ ਹੈ, ਜਿਸ ਵਿਚ ਵਿਰਸੇ ਦੀ ਲੋਅ, ਵਿਰਸੇ ਦੀ ਖੁਸ਼ਬੋ, ਵਿਰਸੇ ਦੀ ਸੌਗਾਤ ਤੇ ਚੌਥੀ ਵਾਰਤਿਕ ਦੀ ਕਿਤਾਬ 'ਵਿਰਸੇ ਦੀਆਂ ਅਣਮੁੱਲੀਆਂ ਯਾਦਾਂ' ਹਨ। ਪੰਜਵੀਂ ਕਿਤਾਬ 'ਵਿਰਸੇ ਦੀਆਂ ਪੌਣਾਂ' ਵੀ ਪੁਰਾਤਨ ਵਿਰਸੇ ਦੀ ਹੀ ਬਾਤ ਪਾਉਂਦੀ ਹੈ। ਜਸਵੀਰ ਸ਼ਰਮਾ ਦੱਦਾਹੂਰ ਨੂੰ ਵਿਰਸੇ ਦੇ ਲੇਖਕ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ। ਦੱਦਾਹੂਰ ਨੂੰ ਜਦੋਂ ਵੀ ਕਿਸੇ ਪੁਰਾਤਨ ਵਸਤੂ ਬਾਰੇ ਪਤਾ ਲੱਗਦਾ ਹੈ ਤਾਂ ਇਹ ਉਥੇ ਜਾ ਕੇ ਉਸ ਦੀਆਂ ਤਸਵੀਰਾਂ ਆਦਿ ਖਿਚ ਲਿਆਉਂਦੇ ਹਨ। ਉਸ ਬਾਰੇ ਵਾਰਤਿਕ ਜਾਂ ਕਾਵਿਕ ਰੂਪ ਵਿਚ ਕੁਝ ਨਾ ਕੁਝ ਜ਼ਰੂਰ ਲਿਖਦੇ ਹਨ। ਉਨ੍ਹਾਂ ਨੂੰ ਗਾਇਕੀ ਦੀ ਅਤੇ ਸੰਗੀਤ ਦੀ ਸਮਝ ਹੈ। ਉਨ੍ਹਾਂ ਨੇ ਅਨੇਕਾਂ ਗੀਤ ਆਪਣੀ ਅਵਾਜ਼ ਵਿਚ ਰਿਕਾਰਡ ਕਰਵਾਏ ਹਨ।


ਵਿਰਸੇ ਦੀਆਂ ਪੌਣਾਂ ਵਿਚ ਕਰੀਬ 114 ਰਚਨਵਾਂ ਹਨ। ਪਹਿਲੀ ਰਚਨਾ ਵਿਚ ਦੱਦਾਹੂਰ ਨੇ ਆਪਣੇ ਬੜੇ ਵਧੀਆਂ ਸ਼ਬਦਾਂ ਵਿਚ ਲਿਖਿਆ ਹੈ,

ਡਰਾਈਵਰੀ ਵਾਲੀ ਲਾਈਨ ਆ
ਪੜ੍ਹਨ-ਲਿਖਣ ਦਾ ਫੈਨ ਆ
ਚੁੱਗਲੀ ਕਿਸੇ ਦੀ ਕਰਦੇ ਨਹੀਂ
ਵੇਖ ਕਿਸੇ ਨੂੰ ਸੜਦੇ ਨਹੀਂ
ਪੁਰਾਤਨ ਵਸਤਾਂ ਦੇ ਸ਼ੌਕੀਨ ਆ
ਜ਼ਿੰਦਗੀ ਬੜੀ ਹੁਸੀਨ ਆ
ਬਚੀਮ 'ਚ ਹਸਦੇ ਰਸਦੇ ਜੀ
ਸ੍ਰੀ ਮੁਕਤਸਰ ਸਾਹਿਬ ਵਿਚ ਵਸਦੇ ਜੀ।

ਇਸ ਕਿਤਾਬ ਵਿਚੋਂ ਵਿਰਸੇ ਤੋਂ ਇਲਾਵਾ ਕੁਝ ਧਾਰਮਿਕ ਰਚਨਾਵਾਂ ਵੀ ਹਨ।

ਖਾਲਸਾ ਪੰਥ ਦੀ ਨੀਂਹ ਸੀ ਰੱਖੀ,
ਸਤਿਗੁਰੂ ਕਲਗੀਆਂ ਵਾਲੇ ਨੇ।
ਏਸ ਪੰਥ ਨੇ ਦੁਨੀਆਂ ਦੇ ਵਿਚ,
ਖੇਲੇ ਖੇਡ ਨਿਰਾਲੇ।
ਸਵਾ ਲੱਖ ਨਾਲ ਇਕ ਲੜਾ ਕੇ,
ਕੀਤੇ ਚੋਜ ਨਿਆਰੇ।
ਸਤਿਗੁਰੂ ਜਿਹਾ ਨਾ ਦਾਨੀ ਹੋਇਆ,
ਜੋ ਪਰਿਵਾਰ ਨੂੰ ਵਾਰੇ।

ਜਸਵੀਰ ਸ਼ਰਮਾ ਦੱਦਾਹੂਰ ਬਹੁਤ ਹੀ ਸਰਲ ਸ਼ਬਦਾਂ ਵਿਚ ਰਚਨਾ ਕਰਦੇ ਹਨ। ਜੋ ਆਮ ਪਾਠਕ ਦੀ ਸਮਝ ਵਿਚ ਆ ਜਾਂਦੀ ਹੈ। ਕਿੱਤੇ ਪੱਖੋਂ ਡਰਾਈਵਰੀ ਕਰਦਿਆਂ ਉਨ੍ਹਾਂ ਨੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਬਹੁਤ ਸਾਰੇ ਇਲਾਕੇ ਵੇਖੇ ਹਨ। ਉਨ੍ਹਾਂ ਯਾਤਰਾਵਾਂ ਦਾ ਹੀ ਪ੍ਰਭਾਵ ਹੈ। ਦੱਦਾਹੂਰ ਵੱਡੀ ਗੱਲ ਨੂੰ ਸਹਿਜ ਸੁਭਾਅ ਕਹਿ ਜਾਂਦੇ ਹਨ।




ਸੁਭਾਅ ਪੱਖੋਂ ਬਹੁਤ ਸਾਫਗੋਈ ਨਾਲ ਗੱਲ ਕਰਦੇ ਹਨ। ਉਹ ਆਪਣੀਆਂ ਰਚਨਾਵਾਂ ਵਾਂਗ ਅੰਦਰੋਂ ਅਤੇ ਬਾਹਰੋਂ ਇੱਕੋ ਅਜਿਹੇ ਹਨ, ਮਿਲ ਕੇ ਅਪਣੱਤ ਦਾ ਅਹਿਸਾਸ ਹੁੰਦਾ ਹੈ। ਸਾਹਿਤਕ ਕਿਤਾਬਾਂ ਛਾਪਣ ਵਿਚ ਦੱਦਾਹੂਰ ਦੇ ਦੋਸਤ ਮਿੱਤਰ ਹਮੇਸ਼ਾ ਵੱਧ ਚੜ੍ਹਕੇ ਸਹਿਯੋਗ ਦਿੰਦੇ ਹਨ। ਕਿਤਾਬ ਨੂੰ 'ਲੋਕ ਅਰਪਣ' ਕਰਨ ਵਿਚ ਗੁਰਪ੍ਰੀਤ ਸਿੰਘ ਉਰਫ ਸੋਨੀ ਬਾਬਾ ਰੁਪਾਣੇ ਵਾਲਿਆਂ ਦਾ ਸਹਿਯੋਗ ਰਹਿੰਦਾ ਹੈ। ਰਚਨਾ ਦਾ ਇੱਕ ਨਮੂਨਾ ਦੇਖੋ,

ਰੰਗਲਾ ਪੰਜਾਬ ਹੋਵੇ
ਸੱਚਾ ਇਹ ਖੁਆਬ ਹੋਵੇ,
ਟਿੰਡਾ ਵਾਲੇ ਖੂਹ ਹੋਣ
ਮੂੰਹ ਹਨੇਰਾ ਜੋਤਾ ਲਾਉਣ,
ਟੱਲੀਆਂ ਦੀ ਅਵਾਜ਼ ਦੱਸੇ
ਹੋਈ ਪ੍ਰਭਾਤ ਹੋਵੇ।

ਉਨ੍ਹਾਂ ਦੀ ਰਚਨਾ ਦੀ ਇਕ ਹੋਰ ਵੰਨਗੀ ਦੇਖੋ,

ਅੱਜ ਵਾਂਗ ਨਾ ਅੱਡੋ ਅੱਡੀ
ਹੁੰਦੇ ਕਮਰੇ ਸੀ।
ਵਿਹੜੇ ਦੇ ਵਿਚ ਜੋੜ ਕੇ
ਮੰਜੇ ਡਾਹੁੰਦੇ ਸੀ।
ਸੀ ਦਾਦਾ-ਦਾਦੀ
ਬਾਤਾਂ ਪਾ ਸੁਣਾਉਂਦੇ ਬੱਚਿਆਂ ਨੂੰ
ਹਿੱਕ ਨਾਲ ਹੀ ਲਾ ਕੇ ਓਹੋ ਸਵਾਉਂਦੇ ਹੁੰਦੇ ਸੀ।

ਵਿਰਸੇ ਨਾਲ ਸਬੰਧਤ ਅੱਗੇ ਇਕ ਹੋਰ ਰਚਨਾ ਦੇਖੋ

ਰੰਗੀਨ ਪਾਵੇ ਮੰਜਿਆਂ ਦੇ,
ਅੱਜ ਕੱਲ੍ਹ ਘਰਾਂ 'ਚ ਦੀਂਹਦੇ ਨਹੀਂ
ਮੀਆਂ-ਬੀਵੀ ਮੰਜੀ ਬਹਿ ਕੇ
ਕਦੇ ਵੀ ਚਾਹਾਂ ਪੀਂਦੇ ਨਹੀਂ।

ਜਸਵੀਰ ਸ਼ਰਮਾ ਦੱਦਾਹੂਰ ਨੂੰ ਲਿਖਦਿਆਂ ਹਾਲੇ ਕੁਝ ਸਾਲ ਹੀ ਹੋਏ ਹਨ, ਪਰ ਥੋੜ੍ਹੇ ਅਜਿਹੇ ਅਰਸੇ ਵਿਚ ਬਹੁਤ ਸਾਰੀਆਂ ਰਚਨਾਵਾਂ ਦੀ ਸਿਰਜਣਾ ਕਰਕੇ ਉਨ੍ਹਾਂ ਦਾ ਨਾਮ ਨਾਮਵਰ ਲੇਖਕਾਂ ਦੀ ਕਤਾਰ ਵਿਚ ਆ ਗਿਆ ਹੈ। ਉਨ੍ਹਾਂ ਦੀ ਹਰ ਰੋਜ ਕੋਈ ਨਾ ਕੋਈ ਰਚਨਾ ਕਿਸੇ ਨਾ ਕਿਸੇ ਅਖਬਾਰ ਜਾਂ ਮੈਗਜ਼ੀਨ ਵਿਚ ਛਪੀ ਹੁੰਦੀ ਹੈ। ਉਹ ਹੁਣ ਤੱਕ ਚਾਲੀ ਤੋਂ ਵੱਧ ਅਖਬਾਰਾਂ ਅਤੇ ਮੈਗਜ਼ੀਨਾਂ ਵਿਚ ਛਪ ਚੁਕੇ ਹਨ। ਕਿਤਾਬ ਪੜ੍ਹ ਕੇ ਕਿਤੇ ਵੀ ਅਕੇਵਾਂ ਮਹਿਸੂਸ ਨਹੀਂ ਹੁੰਦਾ। ਉਹ ਬਿਨਾ ਕਿਸੇ ਸਿਧਾਂਤਕ ਗੱਲ ਦੇ ਆਪਣੇ ਦਿਲ ਦੀ ਗੱਲ ਕਰਦੇ ਹਨ। ਕਈ ਰਚਨਾਵਾਂ ਵਿਚ ਦੁਹਰਾਉ ਵੀ ਆ ਜਾਂਦਾ ਹੈ। ਕਈ ਰਚਨਾਵਾਂ ਪ੍ਰਸ਼ੰਸਾ ਕਰਨ ਖਾਤਰ ਹੀ ਲਿਖੀਆਂ ਹਨ, ਜੋ ਠੀਕ ਨਹੀਂ ਹਨ। ਨਿਰਸੰਦੇਹ 'ਵਿਰਸੇ ਦੀਆਂ ਪੌਣਾਂ' ਬਹੁਤ ਵਧੀਆ ਕਿਤਾਬ ਹੈ। ਕਿਤਾਬ ਪੜ੍ਹ ਕੇ ਪੁਰਾਣੇ ਵਿਰਸੇ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਇਸ ਪੁਸਤਕ ਨੂੰ ਪੰਜਾਬੀ ਸਾਹਿਤ ਵਿਚ ਜੀ ਆਇਆ ਕਹਿਣਾ ਬਣਦਾ ਹੈ।

# ਗੁਰਦਿਆਲ ਬੱਲ ਦਾ ਫੁੱਟਬਾਲ ਰੁਮਾਂਸ

*(ਪਿਛਲੇ ਸਫੇ ਦੀ ਬਾਕੀ)*

ਉਸ ਸਮੇਂ ਸਾਹਮਣੇ ਆਇਆ, ਜਦੋਂ 16 ਨੰਬਰ ਦੀ ਜਰਸੀ ਵਾਲੇ ਨਾਮਵਰ ਖਿਡਾਰੀ ਸਰਜੀਓ ਬਿਸਕਿਤਸ ਨੂੰ ਗੋਲ ਕਰਨ ਦਾ ਸੁਨਹਿਰੀ ਮੌਕਾ ਮਿਲਿਆ, ਪਰ ਉਹਨੇ ਬਾਲ ਨੂੰ ਬੱਚਿਆਂ ਵਾਂਗੂ ਚਿਲੀਅਨ ਗੋਲਚੀ ਬਰਾਵੋ ਨੂੰ 'ਸੰਭਾਲ' ਦਿੱਤਾ ਤੇ ਫਿਰ ਗੋਲਚੀ ਦੇ ਸਾਹਮਣੇ ਗੋਡੇ ਟੇਕ ਕੇ ਨਿੰਮੋਝੂਣ ਵਿਚਾਰਿਆਂ ਹਾਰ ਬੈਠ ਗਿਆ। ਹੁਣ ਵੇਖਣਾ ਇਹ ਸੀ ਕਿ ਚਿਲੀਅਨ ਟੀਮ ਵੀ ਮੰਨਿਆ ਬੜੀ ਮਜਬੂਤ ਸੀ, ਪਰ ਉਸ ਅੰਦਰ ਉਸ ਦਿਨ ਅਜਿਹੀ ਸਪਿਰਿਟ ਕਿਸ ਸੋਮੇ ਤੋਂ ਆ ਗਈ ਸੀ ਕਿ ਉਹ ਸਪੇਨੀਆਂ ਨੂੰ ਇਕ ਤਰ੍ਹਾਂ ਨਾਲ ਸਾਹ-ਸਤਹੀਣ ਹੀ ਕਰ ਕੇ ਰੱਖ ਦੇਵੇ?

ਇਹ ਸਾਲ 2010 ਦੇ ਵਿਸ਼ਵ ਕੱਪ 'ਚ ਹੋਈ ਸਪੇਨੀਆਂ ਹੱਥੋਂ ਹਾਰ ਦਾ ਬਦਲਾ ਚੁਕਾਉਣ ਦੀ ਭਾਵਨਾ ਵਿਚੋਂ ਹੀ ਆਈ ਸੀ, ਇਹ ਤਾਂ ਪੱਕੇ ਤੌਰ 'ਤੇ ਕਹਿਣਾ ਮੁਸ਼ਕਿਲ ਹੈ, ਪਰ ਸਵੈਮਾਣ 'ਤੇ ਲੱਗੀ ਸੱਟ ਜਾਂ ਬਦਲੇ ਦੀ ਭਾਵਨਾ ਕਿਸ ਕਿਸਮ ਦਾ ਕੌਤਿਕ ਕਰ ਸਕਦੀ ਹੈ, ਉਹ ਕਿੱਸਾ ਕਿਸੇ ਹੋਰ ਦੇ ਨਹੀਂ, ਸਗੋਂ ਵਿਸ਼ਵ ਫੁੱਟਬਾਲ ਜਗਤ ਦੇ ਸ਼ਹਿਨਸ਼ਾਹ ਪੇਲੇ ਦੇ ਸ਼ਬਦਾਂ ਵਿਚ ਹੀ ਪਾਠਕਾਂ ਨੂੰ ਸੁਣਾਇਆ ਜਾਵੇ:

ਇਹ ਕਹਾਣੀ ਪੇਲੇ ਵਲੋਂ 'ਮਾਈ ਲਾਈਫ ਐਂਡ ਦਿ ਬਿਊਟੀਫੁਲ ਗੇਮ' ਸਿਰਲੇਖ ਹੇਠ ਰੌਬਰਟ ਫਿਸ਼ ਦੇ ਸਹਿਯੋਗ ਨਾਲ ਲਿਖੀ ਅਤੇ 2007 ਵਿਚ ਛਪੀ ਸਵੈਜੀਵਨੀ ਵਿਚ 1970 ਦੇ ਆਪਣੇ ਆਖਰੀ ਵਿਸ਼ਵ ਕੱਪ ਟੂਰਨਾਮੈਂਟ ਦੇ ਉਰੂਗੁਏ ਵਿਰੁਧ ਖੇਡੇ ਗਏ ਸੈਮੀ ਫਾਈਨਲ ਮੈਚ ਬਾਰੇ ਦੱਸਦਿਆਂ ਬੜੇ ਹੀ ਰੌਚਿਕ ਅੰਦਾਜ਼ ਵਿਚ ਸੁਣਾਈ ਹੈ। ਉਸ ਵਿਸ਼ਵ ਕੱਪ ਦੌਰਾਨ ਬ੍ਰਾਜ਼ੀਲ ਨੇ ਆਪਣੀ ਮੁਹਿੰਮ ਚੈਕੋਸਲੋਵਾਕੀਆ ਦੀ ਟੀਮ ਨੂੰ 4-1 ਨਾਲ ਹਰਾ ਕੇ ਸ਼ੁਰੂ ਕੀਤੀ ਸੀ ਅਤੇ ਬਾਅਦ ਵਿਚ ਉਨ੍ਹਾਂ ਪੂਲ ਅੰਦਰ ਹੀ ਉਨ੍ਹਾਂ ਜ਼ਮਾਨਿਆਂ 'ਚ ਮਹਾਨ ਗੋਲਕੀਪਰ ਗੌਰਡਨ ਬੈਂਕਸ, ਬੌਬੀ ਮੂਰ, ਬੌਬੀ ਚਾਰਲਟਨ, ਜੈਕ ਚਾਰਲਟਨ ਅਤੇ ਕੂਪਰ ਵਰਗੇ ਵੀਹਵੀਂ ਸਦੀ ਦੇ ਮਹਾਨ ਫੁੱਟਬਾਲ ਖਿਡਾਰੀਆਂ ਨਾਲ ਲੈਸ ਇੰਗਲੈਂਡ ਦੀ ਟੀਮ ਨੂੰ ਸਿਕੱਸ਼ਤ ਦੇ ਕੇ ਕਵਾਰਟਰ ਫਾਈਨਲ ਵਿਚ ਦਾਖਲਾ ਪਾਇਆ ਸੀ। ਉਸ ਮੈਚ ਨੂੰ ਉਸ ਸਮੇਂ ਵਿਸ਼ਵ ਕੱਪ ਦਾ ਅਸਲ 'ਫਾਈਨਲ' ਕਿਹਾ ਗਿਆ ਸੀ।

ਸੈਮੀ ਫਾਈਨਲ ਵਿਚ ਬ੍ਰਾਜ਼ੀਲ ਦੀ ਟੱਕਰ ਉਰੂਗੁਏ ਦੀ ਟੀਮ ਨਾਲ ਸੀ। ਇਸ ਮੈਚ ਦੇ ਪਿਛੋਕੜ ਵਿਚ ਬਦਲੇ ਦੀ ਭਾਵਨਾ ਦਾ 20 ਸਾਲ ਪੁਰਾਣਾ ਉਹ ਇਤਿਹਾਸ ਸੀ, ਜਦੋਂ 1950 ਦੇ ਵਿਸ਼ਵ ਕੱਪ ਫਾਈਨਲ ਵਿਚ ਬ੍ਰਾਜ਼ੀਲ ਦੀ ਟੀਮ ਉਨ੍ਹਾਂ ਜ਼ਮਾਨਿਆਂ ਦੇ ਮਾਹਰਾਂ ਦੀ ਨਜ਼ਰ ਵਿਚ ਹਰ ਪੱਖੋਂ ਸੋਲਾਂ ਕਲਾ ਸੰਪੂਰਨ ਹੋਣ ਦੇ ਬਾਵਜੂਦ ਉਰੂਗੁਏ ਹੱਥੋਂ ਹਾਰ ਗਈ ਸੀ। ਪੇਲੇ ਦੇ ਦੱਸਣ ਅਨੁਸਾਰ ਉਸ ਸਮੇਂ ਉਹ ਨਿਆਣਾ ਸੀ, ਮਹਿਜ 9 ਵਰ੍ਹੇ ਉਸ ਦੀ ਉਮਰ ਸੀ; ਪਰ ਉਸ ਨੇ ਆਪਣੇ ਪਿਤਾ ਦੀਆਂ ਅੱਖਾਂ ਵਿਚ ਪਹਿਲੀ ਵਾਰ ਅੱਥਰੂ ਵੇਖੇ ਸਨ। ਪੇਲੇ ਦਾਅਵਾ ਕਰਦਾ ਹੈ ਕਿ ਉਹਨੇ ਉਸੇ ਦਿਨ ਤਹੱਈਆ ਕਰ ਲਿਆ ਸੀ ਕਿ ਵੱਡਾ ਹੋ ਕੇ ਉਹ ਫੁੱਟਬਾਲਰ ਬਣੇਗਾ ਤੇ ਆਪਣੇ ਪਿਆਰੇ ਪਿਤਾ ਦੀਆਂ ਅੱਖੀਆਂ 'ਚ ਅੱਥਰੂ ਲਿਆਉਣ ਵਾਲੀ ਧਿਰ ਤੋਂ ਹਰ ਹਾਲਤ ਵਿਚ ਬਦਲਾ ਲਵੇਗਾ।

1970 ਦੀ ਉਸ ਸ਼ਾਮ ਪੂਰਾ ਬ੍ਰਾਜ਼ੀਲ ਪੱਬਾਂ ਭਾਰ ਸੀ ਕਿ ਉਨ੍ਹਾਂ ਦੇ 'ਨਾਇਕ' ਉਨ੍ਹਾਂ ਨੂੰ ਉਸ ਨਮੋਸ਼ੀ ਤੋਂ ਸੁਰਖਰੂ ਕਿਵੇਂ ਤੇ ਕਦੋਂ ਕਰਦੇ ਹਨ? ਪੇਲੇ ਨੇ ਕਿਤਾਬ ਵਿਚ ਇਹ ਵੀ ਦਰਜ ਕੀਤਾ ਹੈ ਕਿ ਖੁਦ ਮੈਕਸੀਕੋ ਵਿਚ ਰਹਿ ਰਹੇ ਲੱਖਾਂ ਬ੍ਰਾਜ਼ੀਲੀਅਨਾਂ ਵਿਚੋਂ ਹਰ ਕੋਈ ਉਨ੍ਹਾਂ ਨੂੰ ਉਸ ਸ਼ਾਮ ਇਹੋ ਯਾਦ ਕਰਵਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ 20 ਵਰ੍ਹੇ ਪਹਿਲੋਂ ਕੀ ਹੋਇਆ ਸੀ? ਮਾਨੋ ਟੀਮ ਮੈਂਬਰਾਂ ਨੂੰ ਪਤਾ ਨਾ ਹੋਵੇ! ਖੈਰ 1970 ਵਿਚ ਮੁੜ ਪਹਿਲਾ ਗੋਲ ਉਰੂਗੁਏ ਨੇ ਕਰ ਦਿੱਤਾ, ਪਰ ਆਖਰਕਾਰ ਪੇਲੇ ਦੀ ਟੀਮ 3-1 ਨਾਲ ਜੇਤੂ ਰਹੀ ਸੀ।

...ਸੋ ਸਪੇਨੀ ਟੀਮ ਦੀ ਅਸਲ ਸਮਰੱਥਾ ਕੈਸੀ ਸੀ। ਉਹ ਦਰਸ਼ਕਾਂ ਨੂੰ ਆਸਟਰੇਲੀਆ ਦੀ ਟੀਮ ਵਿਰੁੱਧ ਖੇਡੇ ਮੈਚ ਦੌਰਾਨ ਹੀ ਪਤਾ ਲੱਗਾ ਸੀ। ਉਸ ਦਿਨ ਡੇਵਿਡ ਵੀਆ, ਟੋਰਸ ਅਤੇ ਉਨ੍ਹਾਂ ਦੇ ਸਾਥੀਆਂ ਦੀ ਖੇਡ ਵਿਚ ਅਜਿਹਾ ਤਾਲ ਅਤੇ ਲੈਅ ਸੀ ਕਿ ਪੂਰਾ ਮਾਹੌਲ ਕਿਸੇ ਟੂਣੇਹਾਰ ਰੰਗ ਵਿਚ ਰੰਗਿਆ ਮਾਲੂਮ ਹੋ ਰਿਹਾ ਸੀ। ਸਪੇਨੀਆਂ ਵਲੋਂ ਮੈਚ ਦੇ 36ਵੇਂ ਮਿੰਟ ਵਿਚ ਜੁਆਨ ਫਰਾਨ ਨੇ ਆਸਟਰੇਲੀਅਨ ਗੋਲਾਂ ਦੇ ਮੂਹਰੇ ਡੇਵਿਡ ਵੀਆ ਨੂੰ ਪਾਸ ਦਿੱਤਾ ਤਾਂ ਉਸ ਦਾ ਬੈਕ ਹੀਲ ਰਾਹੀਂ ਕੀਤਾ ਗੋਲ ਵੇਖਿਆਂ ਹੀ ਬਣਦਾ ਸੀ। ਮੈਚ ਦੇ 70ਵੇਂ ਮਿੰਟ 'ਚ ਐਂਡਰੀਅਨ ਐਨੀਸਟਾ ਦੇ ਪਾਸ 'ਤੇ ਜਿਵੇਂ ਟੋਰਸ ਨੇ ਗੋਲੀ ਵਾਂਗ ਬਾਲ ਆਸਟਰੇਲੀਅਨ ਗੋਲਕੀਪਰ ਰਿਆਨ ਦੇ ਪਿਛੋਂ ਦੀ ਦੂਜੇ ਗੋਲ ਲਈ ਕੱਢੀ, ਉਹ ਵੀ ਕਮਾਲ ਸੀ! ਸਪੇਨ ਵੱਲੋਂ ਤੀਜਾ ਗੋਲ ਮਾਟਾ ਨੇ ਫੈਬਰਾਗਾਸ ਦੇ ਪਾਸ ਤੋਂ ਜਿਸ ਅੰਦਾਜ਼ ਵਿਚ ਕੀਤਾ, ਉਸ ਦੇ ਤਾਂ ਕਹਿਣੇ ਹੀ ਕਿਆ! ਸਾਰਾ ਖੇਡ ਮੈਦਾਨ, ਸਾਰਾ ਸਟੇਡੀਅਮ, ਸਣੇ ਝੂਲਦੇ ਝੰਡਿਆਂ ਦੇ, ਸਭ ਕੁਝ ਸਪੇਨ ਦੀ ਸੁਨਹਿਰੀ ਜਿੱਤ ਵਿਚ ਰੰਗਿਆ ਗਿਆ।

ਕਹਾਣੀ

# ਸੂਰਾਂ ਨੂੰ ਪੋਣੇ



**ਚਰਨਜੀਤ ਸਿੰਘ ਸਾਹੀ**
ਫੋਨ: 317-430-6545

ਰਵਿੰਦਰ ਦੇ ਫੋਨ ਦੀ ਘੰਟੀ ਦੇਰ ਤੋਂ ਵੱਜ ਰਹੀ ਸੀ, ਮੰਨਤ ਨੇ ਅਵਾਜ਼ ਮਾਰੀ, "ਆਹ ਫੋਨ ਚੁਕਿਓ, ਕਦੋਂ ਦਾ ਵੱਜਦਾ।"

"ਭਾਗਵਾਨੇ ਤੂੰ ਸੁਣ ਲੈ।"

"ਮੈ ਨਹੀਂ ਚੁੱਕ ਸਕਦੀ, ਮੇਰੇ ਹੱਥ ਵਿਹਲੇ ਨਹੀਂ।"

ਰਵਿੰਦਰ ਨੇ ਨੇੜੇ ਆ ਕੇ ਫੋਨ ਦੀ ਸਕਰੀਨ 'ਤੇ ਨੰਬਰ ਵੇਖਿਆ ਤੇ ਸਿਰ ਝਟਕ ਕੇ ਬੋਲਿਆ, "ਓ ਹੋ! ਐਵੇ ਈ ਲੱਗਦਾ, ਪਤਾ ਨਹੀਂ ਕੌਣ ਏ? ਕੈਨੇਡਾ ਦਾ ਨੰਬਰ ਲੱਗਦਾ, ਕੋਈ ਟੈਲੀਮਾਰਕੀਟ ਵਾਲੀ ਹੋਣੀ ਏ।"

ਕਾਲ ਕਰਨ ਵਾਲੇ ਨੇ ਮੈਸਜ ਛੱਡ ਦਿੱਤਾ। ਰਵਿੰਦਰ ਕੰਮ ਵਿਚ ਏਨਾ ਬਿਜ਼ੀ ਸੀ ਕਿ ਉਹਨੇ ਮੈਸਜ ਦੀ ਗੌਰ ਨਾ ਕੀਤੀ। ਸ਼ਾਮੀਂ ਫੇਰ ਉਸੇ ਨੰਬਰ ਤੋਂ ਕਾਲ ਆਈ, ਉਹਨੇ ਫੇਰ ਨਾ ਚੁੱਕਿਆ। ਸੋਚਣ ਲੱਗਾ, 'ਕਿਉਂ ਨਾ ਮੈਸਜ ਸੁਣ ਲਿਆ ਜਾਵੇ, ਕੋਈ ਜਰੂਰੀ ਈ ਨਾ ਹੋਵੇ।' ਮੈਸਜ ਸੀ, "ਮੈ ਕੈਲਗਰੀ ਤੋਂ ਤਰਲੋਚਨ ਸਿੰਘ ਬੋਲਦਾਂ, ਕਾਲ ਕਰੀਂ।"

ਉਹ ਸੋਚੀ ਪੈ ਗਿਆ, "ਕੈਨੇਡਾ ਵਿਚ ਕਿਹੜਾ ਤਰਲੋਚਨ ਸਿੰਘ? ਜਿਹੜਾ ਐਨੀ ਅਪਣੱਤ ਨਾਲ ਕਾਲ ਕਰਨ ਨੂੰ ਕਹਿ ਰਿਹਾ ਏ?" ਉਹਨੇ ਘਰ ਵਾਲੀ ਨੂੰ ਪੁੱਛਿਆ, "ਮੰਨਤ! ਤਰਲੋਚਨ ਸਿੰਘ ਨਾਂ ਦਾ ਸ਼ਖਸ ਤੁਹਾਡਾ ਰਿਸ਼ਤੇਦਾਰ ਜਾਂ ਜਾਣਕਾਰ ਤਾਂ ਨਹੀਂ?"

"ਕੀ ਗੱਲ ਕਰਦੇ ਓ? ਮੇਰਾ ਕੋਈ ਵੱਖਰਾ ਜਾਣਕਾਰ ਹੋਣਾ! ਰਿਸ਼ਤੇਦਾਰਾਂ ਸਾਰਿਆਂ ਨੂੰ ਤੁਸੀਂ ਜਾਣਦੇ ਓ।"

ਹਾਰ ਕੇ ਰਵਿੰਦਰ ਨੇ ਕਾਲ ਕੀਤੀ ਤੇ ਕਿਹਾ, "ਮੈ ਕੈਲੀਫੋਰਨੀਆ ਤੋਂ ਬੋਲਦਾਂ ਜੀ। ਮੈਨੂੰ ਕਿਸੇ ਨੇ, ਸ਼ਾਇਦ ਤਰਲੋਚਨ ਸਿੰਘ ਨਾਂ ਏ, ਏਸ ਨੰਬਰ ਤੋਂ ਮੈਨੂੰ ਕਾਲ ਕੀਤੀ ਸੀ।"

ਅੱਗੋਂ ਬੋਲ ਸਨ, "ਕਾਲ ਤਾਂ ਮੈਂ ਈ ਕੀਤੀ ਸੀ, ਤੁਸੀਂ ਕੌਣ?"

"ਮੈਂ ਰਵਿੰਦਰ ਸਿੰਘ ਬੋਲਦਾਂ ਜੀ।"

"ਅੱਛਾ! ਰਵੀ।"

"ਹਾਂ ਜੀ, ਪਰ ਤੁਸੀਂ ਕੌਣ?"

"ਪਛਾਣੋ ਭਲਾ, ਮੈਂ ਕੌਣ ਆਂ?"

"ਉਂ...ਉਂ...ਨਹੀਂ ਜੀ, ਮੈਂ ਪਛਾਣਿਆ ਨਹੀਂ।"

"ਉਏ ਪਤੰਦਰਾ! ਮੈਂ ਤੋਚੀ ਬੋਲਦਾਂ, ਤੋਚੀ! ਤੇਰਾ ਪੰਜਵੀਂ ਤੋਂ ਲੈ ਕੇ ਇੰਜੀਨੀਅਰਿੰਗ ਤੱਕ ਦਾ ਕਲਾਸ ਫੈਲੋ। ਬੜੀ ਮੁਸ਼ਕਿਲ ਨਾਲ ਮਿਲਿਆ ਤੇਰਾ ਫੋਨ ਨੰਬਰ।"

"ਬੱਲੇ ਬੱਲੇ! ਓਏ ਸਾਲਿਆ ਤੂੰ ਪਹਿਲਾਂ ਕਹਿੰਦਾ ਤੋਚੀ, ਅਖੇ ਤਰਲੋਚਨ ਸਿੰਘ! ਤੇਰਾ ਅਸਲੀ ਨਾਂ ਤਾਂ ਨਕਲੀ ਲੱਗਦਾ ਏ, ਨਾਲੇ ਅੱਜ ਪਤਾ ਲੱਗਾ, ਮੈਂ ਤਾਂ ਭੁੱਲ ਗਿਆ ਸੀ ਤੇਰਾ ਅਸਲੀ ਨਾਂਉ। ਉਏ! ਤੂੰ ਕੱਦੋਂ ਪਹੁੰਚਿਆ ਕੈਨੇਡਾ?"

"ਉਹ ਵੀ ਦੱਸਦਾਂ, ਪਹਿਲਾਂ ਤੂੰ ਦੱਸ, ਕਦੀ ਇੰਡੀਆ ਗਿਆ ਵੀ ਮਿਲਿਆ ਨਹੀਂ। ਮੇਰਾ ਖਿਆਲ ਏ ਤੂੰ ਵਿਆਹ ਤੋਂ ਪਿੱਛੋਂ ਈ ਕਿਤੇ ਗਾਇਬ ਹੋ ਗਿਆ ਸੀ।"

"ਯਾਰ ਗਾਇਬ ਕਿੱਥੇ ਹੋਣਾ ਸੀ! ਪੱਚੀ ਸਾਲ ਹੋ ਗਏ ਇੰਡੀਆ ਛੱਡਿਆਂ। ਵਿਆਹ ਪਿੱਛੋਂ ਛੇਤੀ ਹੀ ਮੈਂ ਕੈਨੇਡਾ ਆ ਗਿਆ ਸੀ।"

"ਰਵੀ! ਤੈਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਆਪਣੀ ਕਾਲਜ ਵਾਲੀ ਚੌਂਕੜੀ ਕੈਨੇਡਾ ਆ ਗਈ-ਮੈਂ, ਖੰਨੇ ਵਾਲਾ ਬੰਨੀ ਤੇ ਜਰਗੜੀ ਵਾਲਾ ਗਿੱਲ; ਤੂੰ ਪਹਿਲਾਂ ਈ ਏਥੇ ਸੀ। ਅਸੀਂ ਤਿੰਨੇ ਪਰਿਵਾਰਾਂ ਸਮੇਤ ਪੁਆਇੰਟ ਬੇਸ 'ਤੇ ਪਿਛਲੇ ਸਾਲ ਕੈਨੇਡਾ ਆ ਗਏ ਸੀ, ਉਹ ਦੋਵੇਂ ਟੋਰਾਂਟੋ ਨੇ ਤੇ ਮੈਂ ਕੈਲਗਰੀ।"

"ਇਹ ਤਾਂ ਬਹੁਤ ਖੁਸ਼ੀ ਵਾਲੀ ਗੱਲ ਏ। ਨਾਲੇ ਸੁਣ, ਮੈਂ ਤੇਨੂੰ ਤੋਚੀ ਈ ਕਹਿਣਾ ਤੇ ਤੂੰ ਮੈਨੂੰ ਰਵੀ। ਤਰਲੋਚਨ ਤਾਂ ਓਪਰਾ ਲੱਗਦਾ! ਹੋਰ ਦੱਸ! ਤੇਰਾ ਦਿਲ ਦੁਲ ਲੱਗ ਗਿਆ ਕੈਨੇਡਾ ਵਿਚ?"

"ਉਹ ਤਾਂ ਯਾਰ ਲਾਉਣਾ ਈ ਪੈਣਾ। ਏਥੇ ਕਿਹੜੇ ਬਾਪੂ ਦੇ ਭੜੋਲੇ ਵਿਚ ਦਾਣੇ ਪਾਏ ਹੋਏ ਨੇ! ਬੇਸਮੈਂਟ ਵਿਚ ਰਹਿੰਦੇ ਆਂ, ਅਜੇ ਫੈਕਟਰੀ ਵਿਚ ਮਾੜੀ ਮੋਟੀ ਜੌਬ ਕਰੀ ਜਾਨੇ ਆਂ, ਕੁਝ ਗੌਰਮਿੰਟ ਬੱਚਿਆਂ ਦੇ ਪੈਸੇ ਦਈ ਜਾਂਦੀ, ਬੱਸ ਰੋਟੀ ਪਾਣੀ ਚੱਲੀ ਜਾਂਦਾ। ਬੰਨੀ ਤਾਂ ਕਹਿੰਦਾ, ਇੰਡੀਆ ਮੁੜ ਜਾਣਾ। ਉਹਦੀ ਘਰ ਵਾਲੀ ਦਾ ਚਿੱਤ ਨਹੀਂ ਲੱਗਾ। ਉੱਥੇ ਗਜ਼ਟਿਡ ਅਫਸਰ ਲੱਗਾ ਸੀ, ਘਰ ਨੌਕਰ ਚਾਕਰ, ਉੱਪਰੋਂ ਵਾਧੂ ਮਾਯਾ ਬਣਦੀ ਸੀ।"

"ਗੱਲ ਸੁਣ ਤੋਚੀ! ਜਿਹੜਾ ਏਥੇ ਆ ਗਿਆ, ਕਾਹਨੂੰ ਮੁੜਦਾ, ਬੱਸ ਕਹਿਣ ਦੀਆਂ ਗੱਲਾਂ ਨੇ; ਹੱਡ ਈ ਜਾਣਗੇ ਕੀਰਤਪੁਰ। ਚੱਲ ਛੱਡ! ਮਿਲ ਕੇ ਗੱਲਾਂ ਕਰਾਂਗੇ। ਬਣਾਓ ਪ੍ਰੋਗਰਾਮ ਤਿੰਨੇ, ਸਣੇ ਪਰਿਵਾਰ।"

"ਰਵੀ! ਤੂੰ ਦੱਸ, ਤੇਰਾ ਕੀ ਕਾਰੋਬਾਰ ਆ। ਤੂੰ ਤਾਂ ਉਨੀ ਸੌ ਕੰਨਵੇਂ ਵਿਚ ਹੀ ਵਿਆਹ ਕਰਵਾ ਕੇ ਆ ਗਿਆ ਸੀ ਕੈਨੇਡਾ।"

"ਤੋਚੀ! ਫੋਨ 'ਤੇ ਈ ਗੱਲਾਂ ਮੁੱਕਾ ਲੈਣੀਆਂ? ਮੇਰੀ ਪੱਚੀ ਸਾਲਾਂ ਦੀ ਲੰਮੀ ਸਟ੍ਰਗਲ ਦੀ ਕਹਾਣੀ ਏ, ਗੱਲਾਂ ਮਿਲ ਕੇ ਕਰਾਂਗੇ।"

"ਚੱਲ ਰਵੀ! ਠੀਕ ਆ, ਮੈਂ ਗਿੱਲ ਤੇ ਬੰਨੀ ਨੂੰ ਤੇਰਾ ਨੰਬਰ ਦੇਨਾਂ, ਨਾਲੇ ਅਸੀਂ ਪ੍ਰੋਗਰਾਮ ਬਣਾ ਕੇ ਤੈਨੂੰ ਦੱਸਦੇ ਆਂ।"

"ਮੰਨਤ! ਇਹ ਤਿੰਨੇ ਮੇਰੇ ਇੰਜੀਨੀਅਰਿੰਗ ਡਿਗਰੀ ਦੇ ਕਲਾਸ ਫੈਲੋ ਨੇ, ਸਗੋਂ ਤਰਲੋਚਨ ਤੇ ਮੈਂ ਪੰਜਵੀਂ ਕਲਾਸ ਤੋਂ ਇਕੱਠੇ ਇਕ ਬੈਂਚ 'ਤੇ ਬੈਠਦੇ ਸਾਂ। ਆਉਣਗੇ ਸਾਰੇ ਪਰਿਵਾਰਾਂ ਸਮੇਤ ਆਪਣੇ ਕੋਲ।"

—

ਦੋ ਮਹੀਨੇ ਬੀਤ ਗਏ। ਰਵੀ ਦੀ ਤਿੰਨਾਂ ਮਿੱਤਰਾਂ ਨਾਲ ਵੀਕ ਐਂਡ 'ਤੇ ਗੱਲਬਾਤ ਹੁੰਦੀ ਰਹਿੰਦੀ। ਤਰਲੋਚਨ ਤਾਂ ਕਈ ਵਾਰ ਵੀਕ ਡੇਅ ਵਿਚ ਵੀ ਫੋਨ ਕਰ ਲੈਂਦਾ।

"ਆ ਰਹੇ ਹਾਂ ਸਾਰੇ।" ਤਰਲੋਚਨ ਨੇ ਰਵਿੰਦਰ ਨੂੰ ਫੋਨ ਕਰਕੇ ਦੱਸਿਆ। "ਤਿੰਨੇ ਸਣੇ ਪਰਿਵਾਰ ਏਸ ਸ਼ੁੱਕਰਵਾਰ ਪਹੁੰਚਾਂਗੇ ਤੇ ਸਾਡੀ ਐਤਵਾਰ ਸ਼ਾਮੀਂ ਛੇ ਵਜੇ ਸੈਨ ਫਰਾਂਸਿਸਕੋ ਤੋਂ ਵਾਪਸੀ ਦੀ ਫਲਾਈਟ ਏ।" ਤਰਲੋਚਨ ਨੇ ਪਹੁੰਚਣ ਦੀ ਫਲਾਈਟ ਨੰਬਰ ਤੇ ਟਾਈਮ ਦੱਸ ਦਿੱਤਾ।

ਦੱਸੇ ਮੁਤਾਬਿਕ ਮਿੱਤਰ ਸਣੇ ਪਰਿਵਾਰਾਂ ਪਹੁੰਚ ਗਏ। ਸਾਰਿਆਂ ਨੂੰ ਮਿਲ ਕੇ ਰਵਿੰਦਰ ਖੁਸ਼ੀ ਵਿਚ ਉਛਲ ਉਠਿਆ, "ਬੱਲੇ, ਬੱਲੇ ਮਿਤਰੋ! ਐਂ ਲੱਗਦਾ ਜਿਵੇਂ ਸਦੀਆਂ ਪਿੱਛੋਂ ਮਿਲੇ ਆਂ।" ਇਕ ਦੂਜੇ ਨੂੰ ਗਲਵੱਕੜੀਆਂ ਤੇ ਜੱਫੀਆਂ ਪਈਆਂ।

"ਉਏ ਰਵੀ! ਤੂੰ ਤਾਂ ਉਵੇਂ ਪਿਆ ਏ, ਜਮਾਂ ਨਹੀਂ ਚੇਂਜ ਆਈ।" ਬੰਨੀ ਨੇ ਹੱਸ ਕੇ ਰਵੀ ਨੂੰ ਨੀਝ ਨਾਲ ਵੇਖਦਿਆਂ ਕੇਹਾ।

ਰਵੀ ਨੇ ਜਵਾਬ ਦਿੱਤਾ, "ਚੇਂਜ ਕਿਵੇਂ ਆ ਜਾਂਦੀ! ਅਮਰੀਕਾ 'ਚ ਵੱਸਦੇ ਆਂ, ਵਾਹਿਗੁਰੂ ਦੀ ਕਿਰਪਾ ਏ। ਦਸਾਂ ਨਹੁੰਆਂ ਦੀ ਕਿਰਤ ਕਰੀਦੀ ਏ, ਚਿਕਨ ਤੇ ਬੱਕਰਾ ਖਾਈਦਾ ਤੇ ਵਾਈਨ ਪੀਨੇ ਆਂ। ਕਿਸੇ ਟੁੰਡੀਲਾਟ ਦਾ ਭੌ ਨਹੀਂ, ਬਿਨਾ ਉਪਰ ਵਾਲੇ ਤੋਂ।" ਸੁਣ ਕੇ ਸਾਰੇ ਠਹਾਕਾ ਮਾਰ ਕੇ ਹੱਸ ਪਏ।

"ਉਏ! ਭਰਜਾਈਆਂ ਤੇ ਬੱਚਿਆਂ ਦੀ ਇੰਟਰੋਡਕਸ਼ਨ ਤੇ ਕਰਾਓ।" ਰਵਿੰਦਰ ਨੇ ਤਰਲੋਚਨ ਨੂੰ ਕਿਹਾ।

"ਲੈ! ਇਹ ਪਛਾਣ ਕਰਨੀ ਕਿਹੜੀ ਔਖੀ ਏ, ਜਿਹੜੀ ਜਿਸ ਨੂੰ 'ਏ ਜੀ!' ਕਹਿ ਕੇ ਬੁਲਾਵੇ, ਬੱਸ ਸਮਝ ਜਾਵੀਂ, ਉਹ ਉਹਦੀ ਏ। ਚੱਲ ਫਿਰ ਵੀ ਦੱਸਦਾਂ, ਆਹ ਚਾਰਾਂ ਬੱਚਿਆਂ ਵਿਚੋਂ ਇਹ ਬੇਟਾ, ਬੇਟੀ ਮੇਰੇ ਤੇ ਆਹ ਬੇਟਾ ਗਿੱਲ ਦਾ ਤੇ ਆਹ ਬੇਟੀ ਬੰਨੀ ਦੀ। ਬਾਕੀ ਘਰ ਵਾਲੀਆਂ ਦੀ ਪਛਾਣ ਤੂੰ ਆਪ ਕਰਨੀ ਏ।" ਦੱਸ ਕੇ ਤਰਲੋਚਨ ਜ਼ੋਰ ਦੀ ਹੱਸਿਆ।

"ਚੱਲੋ ਬੈਠੋ ਗੱਡੀਆਂ ਵਿਚ।" ਰਵਿੰਦਰ ਨੇ ਗੱਡੀ ਵਿਚ ਅਟੈਚੀ ਰੱਖਦਿਆਂ ਆਖਿਆ। ਰਵਿੰਦਰ ਤੇ ਮੰਨਤ ਇਕ ਕਾਰ ਤੇ ਇਕ ਵੈਨ ਲੈ ਕੇ ਆਏ ਸਨ।

"ਐਂ ਕਰਦੇ ਆਂ! ਬੱਚੇ ਤੇ ਭਰਜਾਈਆਂ ਮੰਨਤ ਨਾਲ ਵੈਨ ਵਿਚ ਤੇ ਆਪਾਂ ਸਾਰੇ ਮਿੱਤਰ ਕਾਰ ਵਿਚ ਗੱਪਸ਼ੱਪ ਮਾਰਦੇ ਜਾਵਾਂਗੇ।" ਰਵੀ ਨੇ ਸਲਾਹ ਦਿੱਤੀ, ਸਾਰੇ ਬੈਠ ਗਏ। ਉਨ੍ਹਾਂ ਸਾਢੇ ਤਿੰਨ ਘੰਟਿਆਂ ਵਿਚ ਗੱਡੀਆਂ ਆਪਣੇ ਫਾਰਮ ਹਾਊਸ ਦੀ ਪਾਰਕਿੰਗ ਵਿਚ ਜਾ ਖੜ੍ਹੀਆਂ ਕੀਤੀਆਂ।

ਗੱਡੀ ਵਿਚੋਂ ਬਾਹਰ ਨਿਕਲਦਿਆਂ ਹੀ ਸਾਰੇ ਮਿੱਤਰ ਬੋਲ ਉਠੇ, "ਵਾਹ ਬਈ ਵਾਹ! ਰਵੀ! ਘਰ ਕਾਹਦਾ ਇਹ ਤਾਂ ਮਹੱਲ ਉਸਾਰੀ ਬੈਠਾ ਏਂ-ਜੰਗਲ ਵਿਚ ਮੰਗਲ।"

ਸ਼ਾਮ ਪੈ ਚੁਕੀ ਸੀ ਤੇ ਹਨੇਰਾ ਪਸਰਨਾ ਸ਼ੁਰੂ ਹੋ ਰਿਹਾ ਸੀ। ਤਰਲੋਚਨ ਥੋੜ੍ਹਾ ਗੱਡੀ ਤੋਂ ਪਰੇ ਹੱਟ ਕੇ ਇਸ਼ਾਰੇ ਨਾਲ ਕਹਿਣ ਲੱਗਾ, "ਰਵੀ! ਆਹ ਵੇਲਾਂ ਕਾਹਦੀਆਂ?"

"ਵਾਈਨ ਗਰੇਪਸ ਨੇ। ਆ ਜਾਓ, ਸਵੇਰੇ ਵਿਖਾਵਾਂਗਾ ਸਾਰਾ ਫਾਰਮ, ਕਰੀਬ ਸੌ ਏਕੜ ਏ।"

ਮੇਨ ਡੋਰ 'ਤੇ ਰਵੀ ਦੇ ਮੰਮੀ-ਡੈਡੀ ਖੜ੍ਹੇ ਇੰਤਜ਼ਾਰ ਕਰ ਰਹੇ ਸਨ। ਸਾਰਿਆਂ ਨੇ ਆਦਰ ਸਹਿਤ ਝੁਕ ਕੇ ਗੋਡਿਆਂ ਨੂੰ ਹੱਥ ਲਾ ਕੇ ਉਨ੍ਹਾਂ ਕੋਲੋਂ ਦੁਆਵਾਂ ਲਈਆਂ।

ਘਰ ਦੇ ਅੰਦਰ ਦੀ ਡੈਕੋਰੇਸ਼ਨ ਵੇਖ ਕੇ



ਸਾਰਿਆਂ ਦੀਆਂ ਅੱਖਾਂ ਤੇ ਮੂੰਹ ਅੱਡੇ ਰਹਿ ਗਏ ਅਤੇ ਸੁਭਾਵਿਕ ਹੀ ਸਭ ਦੇ ਮੂੰਹੋਂ ਨਿਕਲਿਆ, "ਵਾਓ!" ਤੇ ਗੈਸਟ ਸੋਫਿਆਂ 'ਤੇ ਜਾ ਬਿਰਾਜੇ।

"ਮੈਂ ਸਾਰਿਆਂ ਦਾ ਸਮਾਨ ਅੱਡ ਅੱਡ ਬੈੱਡ ਰੂਮਾਂ ਵਿਚ ਰੱਖ ਦਿੱਤਾ।" ਰਵਿੰਦਰ ਨੇ ਸੋਫੇ 'ਤੇ ਬੈਠਦਿਆਂ ਦੱਸਿਆ।

ਮੰਨਤ ਛੇਤੀ ਨਾਲ ਜੂਸ ਤੇ ਪਾਣੀ ਦੇ ਗਲਾਸ ਸਰਵ ਕਰਨ ਲੱਗੀ ਤੇ ਨਾਲੇ ਪੁੱਛਿਆ, "ਭੈਣ ਜੀ! ਚਾਹ ਪੀਉਗੇ? ਵੇਸੇ ਰੋਟੀ ਤਿਆਰ ਏ।"

ਭੈਣਾਂ ਨੇ ਇਕ ਦੂਜੀ ਨੂੰ ਪੁੱਛਿਆ, "ਪੀਣੀ?" ਸਭ ਦਾ ਜਵਾਬ ਸੀ, "ਨਹੀਂ!" ਫਿਰ ਮਿਸਿਜ਼ ਤਰਲੋਚਨ ਨੇ ਰਾਏ ਦਿੱਤੀ, "ਦੀਦੀ ਚਾਹ ਨਹੀਂ, ਰੋਟੀ ਹੀ ਖਾਂਵੇਗੇ, ਵੇਟ ਕਰ ਲਵੋ ਅੱਧਾ ਘੰਟਾ।"

"ਗੱਲ ਸੁਣਿਓ।" ਮੰਨਤ ਨੇ ਰਵੀ ਨੂੰ ਕਿਚਨ ਵਿਚੋਂ ਅਵਾਜ਼ ਮਾਰੀ। ਰਵੀ ਮੰਨਤ ਕੋਲ ਆ ਖਲੋਤਾ ਤੇ ਕੁਝ ਕੁੱਕ ਕਰਨ ਦਾ ਸਲਾਹ-ਮਸ਼ਵਰਾ ਕਰਨ ਲੱਗੇ।

"ਵੇਖਿਆ! ਮੰਨਤ ਭਾਬੀ ਕਿਵੇਂ ਭੰਮੀਰੀ ਵਾਂਗ ਕੰਮ ਕਰਦੀ ਫਿਰਦੀ।" ਬੰਨੀ ਨੇ ਆਪਣੀ ਘਰ ਵਾਲੀ ਨੂੰ ਇਸ਼ਾਰਾ ਕਰਕੇ ਦੱਸਿਆ।

"ਅੱਛਾ! ਸਾਡਾ ਗਵਾਂਢੀ ਕਰਦੇ ਨੇ? ਅਸੀਂ ਵੀ ਐਂ ਈ ਕਰਦੇ ਆਂ।" ਬੰਨੀ ਦੀ ਘਰ ਵਾਲੀ ਨੇ ਮੱਥੇ 'ਤੇ ਤਿਉੜੀਆਂ ਪਾਉਂਦਿਆਂ ਜਵਾਬ ਦਿੱਤਾ।

ਰਵੀ ਨੇ ਬਾਰ ਵੱਲ ਜਾਂਦਿਆਂ ਮੰਨਤ ਨੂੰ ਕਿਹਾ, "ਹਨੀ! ਮੈਂ ਵਾਈਨ ਸਰਵ ਕਰਦਾਂ ਸਭ ਨੂੰ।...ਆ ਜਾਓ ਮਿੱਤਰੋ, ਪਹਿਲਾਂ ਤੁਹਾਨੂੰ ਆਪਣਾ ਸ਼ੌਕ ਵਿਖਾਵਾਂ।" ਸਾਰੇ ਵਾਈਨ ਕੂਲਰ ਦੇ ਸਾਹਮਣੇ ਆ ਖੜ੍ਹੇ ਹੋਏ ਤੇ ਵਾਈਨ ਬਾਰੇ ਤਰ੍ਹਾਂ ਤਰ੍ਹਾਂ ਦੇ ਸਵਾਲ ਕਰਨ ਲੱਗੇ। ਰਵੀ ਵਿਸਥਾਰ ਨਾਲ ਦੱਸਣ ਲੱਗਾ, "ਇਹ ਅੰਦਾਜ਼ਨ ਇਕ ਸੌ ਪਝੱਤਰ ਬੋਤਲਾਂ ਹੋਣਗੀਆਂ ਵਾਈਨ ਦੀਆਂ। ਬਾਕੀ ਆਪਣੀ ਵੇਅਰ ਹਾਊਸ ਵਿਚ ਪਈ ਹੋਣੀ ਕੋਈ ਪੰਜ ਸੌ ਕੇਸ ਤੇ ਏਸ ਸਾਲ ਦੀ ਅਜੇ ਬੌਟਲਿੰਗ ਕਰਨੀ। ਇਹ ਕੂਲਰ ਵਾਲੀ ਵੱਖ ਵੱਖ ਕੰਟਰੀ ਦੀ ਏ, ਕੁਝ ਸ਼ਿੱਪ ਕਰਵਾਈ, ਕੁਝ ਖੁਦ ਲੈ ਕੇ ਆਏ। ਇਹ ਸਾਰੀ ਇਟਲੀ, ਫਰਾਂਸ ਸਪੇਨ, ਜਰਮਨ ਤੇ ਨਾਪਾ ਵੈਲੀ ਦੀ ਏ।"

ਬੰਨੀ ਨੇ ਪੁੱਛ ਹੀ ਲਿਆ, "ਰਵੀ! ਕਾਫੀ ਮਹਿੰਗੀ ਹੋਣੇ ਏ?"

"ਮਿੱਤਰੋ ਸ਼ੌਕ ਦਾ ਮੁੱਲ ਨਹੀਂ, ਮੈ ਹਾਰਡ ਡਰਿੰਕ ਕਈ ਸਾਲਾਂ ਦੀ ਨਹੀਂ ਪੀਤੀ। ਇਹ ਵਾਈਨ ਘੱਟ ਤੋਂ ਘੱਟ ਪਝੱਤਰ ਡਾਲਰ ਦੀ ਬੋਤਲ ਤੇ ਵੱਧ ਤੋਂ ਵੱਧ ਢਾਈ ਸੌ ਡਾਲਰ ਦੀ ਏ।"

ਮੰਨਤ ਨੇ ਥੋੜ੍ਹੀ ਕਾਹਲੀ ਪੈਂਦਿਆਂ ਰਵੀ ਨੂੰ ਅਵਾਜ਼ ਦਿੱਤੀ, "ਰਵੀ! ਲੈ ਆਉ ਹੁਣ, ਰੋਟੀ ਖਾ ਕੇ ਸੌਣਾਂ ਵੀ ਏਨ੍ਹਾਂ।"

"ਓ ਕੇ ਹਨੀ!" ਰਵੀ ਨੇ ਫਰਾਂਸ ਦੀ ਰੈਡ ਵਾਈਨ ਦੀ ਬੋਤਲ ਖੋਲ੍ਹੀ, ਜੋ ਸੌ ਡਾਲਰ ਦੀ ਸੀ। ਗਲਾਸਾਂ ਵਿਚ ਵਾਈਨ ਪਾ ਕੇ ਗਲਾਸ ਟਰੇਅ ਵਿਚ ਟਿਕਾ ਲਏ ਤੇ ਸਾਰੇ ਗੈਸਟ ਰੂਮ ਵਿਚ ਆ ਗਏ। "ਲਓ ਡੈਡੀ!" ਉਹਨੇ ਇਕ ਗਲਾਸ ਆਪਣੇ ਡੈਡੀ ਨੂੰ ਦਿੱਤਾ ਬਾਕੀ ਚਾਰਾਂ ਦੋਸਤਾਂ ਨੇ ਚੁੱਕ ਲਏ। ਰਵੀ ਨੇ ਮੰਨਤ ਵੱਲ ਟਰੇਅ ਵਧਾਈ, "ਲੈ, ਭਰਜਾਈਆਂ ਨੂੰ ਤੂੰ ਪੁੱਛ ਲੈ।"

"ਲਉ ਜੀ!" ਮੰਨਤ ਨੇ ਭੈਣਾਂ ਵੱਲ ਟਰੇਅ ਕੀਤੀ। ਬੰਨੀ ਦੀ ਵਾਇਫ ਨੇ ਗਲਾਸ ਚੁੱਕ ਲਿਆ। ਤਰਲੋਚਨ ਤੇ ਗਿੱਲ ਦੀ ਵਾਈਫ ਨੇ ਕਿਹਾ, "ਨਾ ਭੈਣ ਜੀ! ਪਲੀਜ਼ ਸਾਨੂੰ ਕੰਪੈਲ ਨਾ ਕਰਿਓ।"

"ਡੈਡ-ਮੌਮ! ਤੁਹਾਨੂੰ ਡਿਨਰ ਲਾ ਦਿਆਂ?" ਮੰਨਤ ਨੇ ਮੰਮੀ-ਡੈਡੀ ਨੂੰ ਪੁੱਛਿਆ। ਅੱਗੋਂ ਜਵਾਬ ਸੀ, "ਹਾਂ, ਲਾ ਦੇ ਬੇਟਾ।"

"ਭੈਣ ਜੀ! ਸਾਡੀ ਵੀ ਲਾ ਦਿਉ ਨਾਲ ਹੀ।" ਤਰਲੋਚਨ ਦੀ ਵਾਈਫ ਨੇ ਕਿਹਾ।

ਬੱਚੇ ਵੀ ਉਂਘਲਾ ਰਹੇ ਸਨ। ਰੋਟੀ ਲੱਗ ਗਈ। ਰਵੀ ਤੇ ਦੋਸਤਾਂ ਨੇ ਕਹਿ ਦਿੱਤਾ, 'ਅਸੀਂ ਲੇਟ ਖਾਵਾਂਗੇ।' ਮੰਨਤ ਤੇ ਬੰਨੀ ਦੀ ਵਾਈਫ ਨੇ ਰੋਟੀ ਨਾਲ ਵੀ ਵਾਈਨ ਦੇ ਚਾਰ ਚਾਰ ਗਲਾਸ ਪੀ ਲਏ। ਸਾਰੇ ਗੁੱਡ ਨਾਈਟ ਕਰਕੇ ਆਪਣੇ ਆਪਣੇ ਬੈੱਡ ਰੂਮਾਂ ਵਿਚ ਚਲੇ ਗਏ।

ਰਵੀ ਥੋੜ੍ਹਾ ਬਹਿਕ ਗਿਆ ਤੇ ਕਹਿਣ ਲੱਗਾ, "ਤੋਚੀ! ਤੂੰ ਉਸ ਦਿਨ ਫੋਨ 'ਤੇ ਪੁੱਛਦਾ ਸੀ, 'ਤੂੰ ਕੀ ਕਰਦਾਂ?' ਲਉ ਦੋਸਤੋ ਸੁਣੋ ਮੇਰੀ ਦਾਸਤਾਨ-ਏ-ਲੈਲਾ। ਉਨੀ ਸੌ ਕੰਨਵੇਂ ਵਿਚ ਕੈਨੇਡਾ ਆਇਆ। ਮੈਂ ਆਉਂਦਿਆਂ ਹੀ ਸਹੁਰਿਆਂ ਤੋਂ ਵੱਖ ਹੋ ਬੇਸਮੈਂਟ ਕਿਰਾਏ 'ਤੇ ਲੈ ਲਈ। ਮੈਂ ਔਡ ਜਾਬਾਂ ਕੀਤੀਆਂ, ਚੌਦਾਂ-ਚੌਦਾਂ ਘੰਟੇ ਲਾਏ। ਦੋ ਦੋ ਜਾਬਾਂ ਕੀਤੀਆਂ, ਪੈਸੇ ਇਕੱਠੇ ਕੀਤੇ। ਤਿਅਰੀ ਕਰਕੇ ਇੰਜੀਨਅਰਿੰਗ ਦਾ ਲਾਇਸੈਂਸ ਲਿਆ, ਫੇਰ ਯੌਰਕ ਯੂਨੀਵਰਸਿਟੀ ਤੋਂ ਐਮ. ਬੀ. ਏ ਕੀਤੀ। ਮਾਰਕੀਟਿੰਗ ਇੰਜੀਨੀਅਰ ਦੀ ਚੰਗੀ ਜਾਬ ਮਿਲ ਗਈ। ਉਸੇ ਬੇਸ 'ਤੇ ਅਮਰੀਕਾ ਆਇਆ ਤੇ ਕੰਪਨੀ ਨੇ ਗਰੀਨ ਕਾਰਡ ਦਿਵਾ ਦਿੱਤਾ। ਜਾਬ ਟੂਰਿੰਗ ਦੀ ਸੀ, ਕੰਪਨੀ ਦੇ ਟੂਰ 'ਤੇ ਕਈ ਵਾਰੀ ਗਰੁਪ ਨਾਲ ਵਾਈਨ ਪੀਣ ਦਾ ਸਬੱਬ ਬਣਦਾ। ਬੱਸ ਉੱਥੋਂ ਹੀ ਵਾਈਨ ਨਾਲ ਇਸ਼ਕ ਹੋ ਗਿਆ। ਜਾਬ ਛੱਡ ਕੇ ਰੀਅਲ ਅਸਟੇਟ ਵਿਚ ਹੱਥ ਅਜ਼ਮਾਏ, ਵਾਹਿਗੁਰੂ ਦੀ ਕਿਰਪਾ ਨਾਲ ਕੰਮ ਬਾਗੋ ਬਾਗ ਹੋ ਗਿਆ। ਵਾਈਨ ਪੀਣ ਦੇ ਸ਼ੌਕ ਨੇ ਸਾਰਾ ਯੂਰਪ ਘੁੰਮਾ ਦਿੱਤਾ। ਫਿਰ ਯੂ. ਸੀ. ਡੇਵਿਸ ਤੋਂ ਵਾਈਨ ਮੇਕਿੰਗ ਦੀ ਡਿਗਰੀ ਕੀਤੀ। ਨਾਪਾ ਤੋਂ ਵਾਈਨ ਮੇਕਿੰਗ ਦੀ ਐਪਰਿੰਟਸ-ਇਹ ਸਾਰਾ ਸਫਰ ਪੰਦਰਾਂ ਸਾਲਾਂ ਵਿਚ ਤੈਅ ਕੀਤਾ ਤੇ ਫਿਰ ਕੁਝ ਸਾਲ ਪਹਿਲਾਂ ਸੌ ਏਕੜ ਜ਼ਮੀਨ ਲੈ ਕੇ ਅੰਗੂਰ ਲਵਾਏ। ਦੋ ਸਾਲਾਂ ਤੋਂ ਆਪਣੀ ਵਾਈਨ ਬਣਾਈਦੀ ਏ। ਇੰਡੀਆਨਾ ਸਟੇਟ ਵਿਚ ਰੀਅਲ ਅਸਟੇਟ ਦਾ ਕੰਮ ਚੱਲੀ ਜਾਂਦਾ ਏ। ਮਹੀਨੇ ਵਿਚ ਇਕ ਚੱਕਰ ਮਾਰ ਆਈਦਾ, ਬਾਕੀ ਕੰਮ ਕੰਪਿਊਟਰ 'ਤੇ ਔਨਲਾਈਨ ਹੋਈ ਜਾਂਦਾ। ਬੱਚੇ ਯੂਨੀਵਰਸਟੀਆਂ ਦੀਆਂ ਡਿਗਰੀਆਂ ਕਰਕੇ ਆਪਣੇ ਆਪਣੇ ਕੰਮਕਾਰ ਲੱਗ ਗਏ ਮਿੱਤਰੋ!"

ਰਵੀ ਪੂਰੇ ਸਰੂਰ ਵਿਚ ਸੀ, "ਆਉਣ ਲੱਗਿਆਂ ਇੰਡੀਆ ਤੋਂ ਪੰਜਾਹ ਡਾਲਰ ਤੇ ਇਕ ਕੱਪੜਿਆਂ ਵਾਲਾ ਅਟੈਚੀ ਲੈ ਕੇ ਆਏ ਸਾਂ। ਇਹ ਸਾਰਾ ਕੁਝ ਅਮਰੀਕਾ ਨੇ ਦਿੱਤਾ। ਕਹਿੰਦੇ ਨੇ, ਹਿੰਮਤੇ ਮਰਦ, ਮੱਦਤੇ ਖੁਦਾ! ਉਸ ਮਾਲਕ ਦੀ ਕਿਰਪਾ ਤੇ ਆਪਣੀ ਮਿਹਨਤ। ਸੋ ਯਾਰੋ! ਮਿਹਨਤ ਕਰੋ, ਪਹਿਲਾਂ ਸਾਰਿਆਂ ਨੂੰ ਬੇਸਮੈਂਟਾਂ ਵਿਚ ਰਹਿਣਾ ਪੈਂਦਾ।...ਲਓ, ਮੇਰੀ ਰਾਮ ਕਹਾਣੀ ਤਾਂ ਹੋਈ ਖਤਮ; ਹੁਣ ਆਪਾਂ ਖੋਲ੍ਹਦੇ ਆਂ ਢਾਈ ਸੌ ਡਾਲਰ ਵਾਲੀ ਇਟਾਲੀਅਨ ਵਾਈਨ।"

ਵੈਸੇ ਹੁਣ ਤੱਕ ਸਾਰੇ ਵਾਈਨ ਦੀਆਂ ਪੰਜ ਮਹਿੰਗੀਆਂ ਬੋਤਲਾਂ ਪੀ ਚੁਕੇ ਸਨ। ਰਵੀ ਚਾਹੁੰਦਾ ਸੀ, ਯਾਰਾਂ ਨੂੰ ਮਹਿੰਗੀ ਤੋਂ ਮਹਿੰਗੀ ਤੇ ਵਧੀਆ ਤੋਂ ਵਧੀਆ ਵਾਈਨ ਪਿਆਵੇ।

"ਨਹੀਂ! ਵੀਰੇ ਹੁਣ ਤਾਂ ਢਿੱਡ ਆਫਰ ਗਏ ਨੇ ਵਾਈਨ ਪੀ ਪੀ ਕੇ।" ਬੰਨੀ ਨੇ ਢਿੱਡ 'ਤੇ ਹੱਥ ਫੇਰਦਿਆਂ ਆਖਿਆ।

ਤੋਚੀ ਨੇ ਵੀ ਹਾਂ 'ਚ ਹਾਂ ਮਿਲਾਈ, "ਰਵੀ! ਬੰਨੀ ਬਾਈ ਠੀਕ ਆਖਦਾ।"

ਰਵੀ ਤੋਂ ਬਗੈਰ ਤਿੰਨੇ ਮਿੱਤਰ ਸੋਫੀ ਲੱਗ ਰਹੇ ਸਨ। ਤਰਲੋਚਨ ਥੋੜ੍ਹਾ ਜਕਦਾ ਜੱਕਦਾ ਬੋਲਿਆ, "ਰਵੀ! ਇਹ ਬਕਬਕਾ ਸ਼ਰਬਤ ਤਾਂ ਬਥੇਰਾ ਪੀ ਲਿਆ, ਤੂੰ ਕੋਈ ਵਿਸਕੀ ਵੁਸਕੀ ਨਹੀਂ ਰੱਖਦਾ? ਜੀਹਨੂੰ ਪੀ ਕੇ ਨੀਂਦ ਆ ਜਾਵੇ।" ਇਹ ਸੁਣ ਕੇ ਰਵੀ ਦਾ ਸੇਵਾ ਭਾਵਨਾ ਵਾਲਾ ਜੋਸ਼ ਠੁੱਸ ਹੋ ਗਿਆ। ਵਾਈਨ ਦੀ ਮਹਿੰਗੀ ਬੋਤਲ ਉਹਦੇ ਹੱਥ ਵਿਚ ਫੜੀ ਰਹਿ ਗਈ। ਉਹਦੇ ਮੂੰਹ ਵਿਚੋਂ ਆਪ ਮੁਹਾਰੇ ਨਿਕਲ ਗਿਆ, "ਸੂਰਾਂ ਨੂੰ ਪੋਣੇ।"

###

## ਲਤੀਫੇ

ਇਕ ਕਿੱਟੀ ਪਾਰਟੀ ਵਿਚ ਅਮੀਰ ਔਰਤਾਂ ਤਾਸ਼ ਖੇਡ ਰਹੀਆਂ ਸਨ। ਬਾਜ਼ੀ ਖਤਮ ਹੋਣ 'ਤੇ ਇਕ ਬੋਲੀ, "ਬਈ ਬੱਸ ਮੈਂ ਤਾਂ ਹੁਣ ਘਰ ਜਾਣਾ ਹੈ।"

ਸਹੇਲੀਆਂ 'ਚੋਂ ਇਕ ਬੋਲੀ, "ਤੇਰੇ ਪਤੀ ਦੀ ਦੇਖ-ਭਾਲ ਲਈ ਤਾਂ ਨਰਸ ਰੱਖੀ ਹੋਈ ਏ, ਫਿਰ ਤੈਨੂੰ ਘਰ ਜਾਣ ਦੀ ਕੀ ਕਾਹਲੀ ਐ?"

"ਨਰਸ ਕਰ ਕੇ ਹੀ ਤਾਂ ਜਲਦੀ ਜਾਣਾ ਹੈ।" ਉਸ ਦਾ ਜਵਾਬ ਸੀ।

---

ਧਰਮਰਾਜ ਅੱਗੇ ਇਕ ਦਿਨ ਤਿੰਨ ਬੰਦੇ ਲਿਆਂਦੇ ਗਏ-ਇਕ ਅਮਰੀਕਨ, ਦੂਜਾ ਭਾਰਤੀ ਤੇ ਤੀਜਾ ਪਾਕਿਸਤਾਨੀ। ਧਰਮਰਾਜ ਕਹਿਣ ਲੱਗਾ, "ਤੁਹਾਡੇ ਭੈੜੇ ਕਰਮਾਂ ਅਨੁਸਾਰ ਤੁਸੀਂ ਤਿੰਨੇ ਹੀ ਨਰਕ ਵਿਚ ਭੇਜੇ ਜਾ ਰਹੇ ਹੋ। ਪਰ ਤੁਹਾਡੇ 'ਚੋਂ ਇਕ ਨੂੰ ਸਵਰਗ ਭੇਜ ਸਕਦਾ ਹਾਂ, ਜੇ ਉਹ ਸਾਡਾ ਸਵਰਗ ਦਾ ਖਰਾਬ ਦਰਵਾਜ਼ਾ ਠੀਕ ਕਰ ਦੇਵੇ।"

ਸਭ ਤੋਂ ਪਹਿਲਾਂ ਅਮਰੀਕਨ ਨੂੰ ਪੁੱਛਿਆ ਕਿ ਤੂੰ ਦਰਵਾਜ਼ਾ ਠੀਕ ਕਰਨ ਦਾ ਕਿੰਨਾ ਲਵੇਂਗਾ? ਉਸ ਨੇ ਕਿਹਾ ਕਿ ਸੱਠ ਹਜ਼ਾਰ ਰੁਪਏ। ਪਾਕਿਸਤਾਨੀ ਤੋਂ ਪੁੱਛਿਆ ਤਾਂ ਉਹ ਨੇ ਵੀਹ ਹਜ਼ਾਰ ਰੁਪਏ ਆਖੇ। ਹਿੰਦੋਸਤਾਨੀ ਤੋਂ ਪੁਛਿਆ ਕਿ ਦੱਸ ਤੂੰ ਕੀ ਲਏਂਗਾ? ਉਸ ਨੇ ਕਿਹਾ ਕਿ ਮੈਂ ਲਵਾਂਗਾ ਪੰਜਾਹ ਹਜ਼ਾਰ, ਜਿਸ ਵਿਚੋਂ ਤੀਹ ਹਜ਼ਾਰ ਰੁਪਏ ਤੁਹਾਨੂੰ ਕਮਿਸ਼ਨ ਦੇ ਦਿਆਂਗਾ, ਵੀਹ ਹਜ਼ਾਰ ਵਿਚ ਪਾਕਿਸਤਾਨੀ ਤੋਂ ਕੰਮ ਕਰਾ ਦਿਆਂਗੇ ਅਤੇ ਆਪ ਮੁਫਤ ਵਿਚ ਸਵਰਗ ਪਹੁੰਚ ਜਾਵਾਂਗਾ।

---

ਇਕ ਵਾਰ ਪਤੀ-ਪਤਨੀ ਵਿਚ ਝਗੜਾ ਹੋ ਗਿਆ ਤੇ ਤੰਗ ਆ ਕੇ ਪਤੀ ਬੋਲਿਆ, "ਰੱਬਾ! ਮੈਂ ਇਸ ਜਨਾਨੀ ਤੋਂ ਤੰਗ ਆ ਗਿਆ ਹਾਂ, ਮੈਨੂੰ ਆਪਣੇ ਕੋਲ ਬੁਲਾ ਲੈ।"

ਅੱਗੋਂ ਪਤਨੀ ਬੋਲੀ, "ਰੱਬਾ ਇਸ ਤੋਂ ਵੱਧ ਤੰਗ ਹਾਂ, ਇਸ ਤੋਂ ਵੀ ਪਹਿਲਾਂ ਮੈਨੂੰ ਬੁਲਾ ਲੈ ਆਪਣੇ ਕੋਲ।"

ਸੁਣ ਕੇ ਪਤੀ ਬੋਲਿਆ, "ਰੱਬਾ ਤੂੰ ਇਸ ਦੀ ਦੁਆ ਕਬੂਲ ਕਰ ਲੈ, ਮੈਂ ਆਪਣੀ ਅਰਜੀ ਵਾਪਿਸ ਲੈਂਦਾ ਹਾਂ।"

---

ਅੰਬਾਂ ਦੇ ਬਾਗ ਦੇ ਇਕ ਰਾਖੇ ਨੇ ਇਕ ਮੁੰਡੇ ਨੂੰ ਅੰਬ ਤੋੜਦਿਆਂ ਫੜ੍ਹ ਲਿਆ ਅਤੇ ਬਾਹੋਂ ਫੜ੍ਹ ਕੇ ਗੁੱਸੇ ਵਿਚ ਬੋਲਿਆ, "ਚੱਲ ਤੈਨੂੰ ਤੇਰੇ ਬਾਪ ਕੋਲ ਲੈ ਕੇ ਚਲਦਾਂ।"

ਮੁੰਡਾ ਬੋਲਿਆ, "ਉਹ ਵੀ ਅੰਬ ਦੇ ਉਪਰ ਹੀ ਲੁਕਿਆ ਬੈਠਾ ਹੈ।"

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*


# ਫਾਸ਼ੀਵਾਦੀ ਸਮਿਆਂ ਵਿਚ ਉਮੀਦ 'ਅੰਬੈਰਟੋ-ਡੀ'


ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330


***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਟਲੀ ਦੇ ਸਰਕਰਦਾ ਫਿਲਮਸਾਜ਼ ਵਿਤੋਰੀਓ ਦਿ ਸੀਕਾ ਦੀ ਫਿਲਮ 'ਅੰਬੈਰਟੋ-ਡੀ' ਬਾਰੇ ਚਰਚਾ ਕੀਤੀ ਗਈ ਹੈ। ਇਹ ਫਿਲਮ ਮਨੁੱਖ ਨੂੰ ਨਪੀੜਦੇ ਹਾਲਾਤ 'ਤੇ ਸਵਾਲ ਖੜ੍ਹੇ ਕਰਦੀ ਹੈ। -ਸੰਪਾਦਕ***






*ਫਿਲਮ ਅੰਬੈਰਟੋ-ਡੀ' ਦਾ ਪੋਸਟਰ ਅਤੇ ਫਿਲਮਸਾਜ਼ ਵਿਤੋਰੀਓ ਦਿ ਸੀਕਾ।*

ਫਿਲਮਸਾਜ਼ ਵਿਤੋਰੀਓ ਦਿ ਸੀਕਾ ਦੀ ਇਸ ਫਿਲਮ 'ਅੰਬੈਰਟੋ-ਡੀ' ਦੀ ਇਸ ਪੱਖੋਂ ਮੁਲਕ ਦੇ ਉਚੇ ਤਬਕਿਆਂ ਅਤੇ ਧਾਰਮਿਕ ਹਲਕਿਆਂ ਵਲੋਂ ਤਿੱਖੀ ਆਲੋਚਨਾ ਕੀਤੀ ਗਈ ਕਿ ਇਸ ਫਿਲਮ ਨਾਲ ਇਟਲੀ ਦੇ ਅਕਸ ਅਤੇ ਇਸ ਦੀ ਮਹਾਨ ਪੁਰਾਤਨ ਸਭਿਅਤਾ ਨੂੰ ਢਾਹ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇੱਥੋਂ ਤੱਕ ਕਿ ਕੈਥੋਲਿਕ ਚਰਚ ਨੇ ਇਸ ਫਿਲਮ ਨੂੰ ਇਹ ਕਹਿ ਕੇ ਨਕਾਰ ਦਿੱਤਾ ਕਿ ਇਹ ਫਿਲਮ ਇਟਲੀ ਦੇ ਸਮਾਜ ਦੇ ਅੰਦਰੂਨੀ ਕਲੇਸ਼ਾਂ ਨੂੰ ਜੱਗ-ਜ਼ਾਹਿਰ ਕਰਦੀ ਹੈ ਅਤੇ ਇਟਲੀ ਵਾਸੀਆਂ ਨੂੰ ਭੰਡਦੀ ਹੈ। ਇੱਕ ਬਜ਼ੁਰਗ ਅਤੇ ਉਸ ਦੇ ਕੁੱਤੇ ਦੀ ਕਹਾਣੀ 'ਤੇ ਆਧਾਰਿਤ ਇਸ ਫਿਲਮ ਨੇ ਜਿਸ ਤਰੀਕੇ ਨਾਲ ਇਨਸਾਨੀ ਜ਼ਿੰਦਗੀ ਦੀ ਕੀਮਤ ਅਤੇ ਸਮਾਜਕ ਰਿਸ਼ਤਿਆਂ ਦੀ ਨਿਰਾਰਥਿਕਤਾ ਨੂੰ ਫਿਲਮਾਇਆ ਹੈ, ਉਸ ਕਾਰਨ ਇਹ ਫਿਲਮ ਸੰਸਾਰ ਸਿਨੇਮਾ ਵਿਚ ਆਪਣਾ ਵੱਖਰਾ ਮੁਕਾਮ ਰੱਖਦੀ ਹੈ।

ਇਸ ਫਿਲਮ ਦੇ ਪਟਕਥਾ ਲੇਖਕ ਦਾ ਇਹ ਮੰਨਣਾ ਸੀ ਕਿ ਅਜਿਹੀ ਫਿਲਮ ਬਣਾਉਣੀ ਬਿਲਕੁਲ ਸੰਭਵ ਹੈ ਜਿਸ ਵਿਚ ਪੂਰੀ ਫਿਲਮ ਦੌਰਾਨ ਮੁੱਖ ਕਿਰਦਾਰ ਕੋਈ ਵੀ ਕੰਮ ਨਾ ਕਰੇ। ਇਸ ਫਿਲਮ ਦਾ ਮੁੱਖ ਕਿਰਦਾਰ ਜਿਸ ਦੀ ਭੂਮਿਕਾ ਵਿਤੋਰੀਓ ਦਿ ਸੀਕਾ ਦੇ ਇੱਕ ਅਧਿਆਪਕ ਨੇ ਨਿਭਾਈ ਹੈ, ਸਾਰੀ ਫਿਲਮ ਵਿਚ ਸਿਰਫ ਜਿਊਣ ਦੇ ਬਹਾਨੇ ਲੱਭਦਾ ਫਿਰਦਾ ਹੈ। ਹੁਣ ਧਿਆਨ ਦੇਣ ਯੋਗ ਗੱਲ ਇਹੀ ਹੈ: ਕੀ ਜ਼ਿੰਦਗੀ ਜਿਊਣ ਦੇ ਹੀਲੇ-ਵਸੀਲੇ ਲੱਭਣ ਦੀ ਤਲਾਸ਼ ਨੂੰ ਕੰਮ ਦੇ ਤੌਰ 'ਤੇ ਗਿਣਿਆ ਜਾ ਸਕਦਾ ਹੈ?

ਫਿਲਮ ਦੀ ਕਹਾਣੀ ਬਹੁਤ ਸਾਧਾਰਨ ਹੈ। ਬਿਨਾ ਪਰਿਵਾਰ ਵਾਲਾ ਅਜਿਹਾ ਬਜ਼ੁਰਗ ਜਿਸ ਨੇ ਆਪਣੀ ਜ਼ਿੰਦਗੀ ਦੇ ਕੀਮਤੀ ਤੀਹ ਸਾਲ ਆਪਣੇ ਮੁਲਕ ਨੂੰ ਦਿੱਤੇ ਹਨ ਅਤੇ ਹੁਣ ਸਰਕਾਰ ਵਲੋਂ ਦਿੱਤੀ ਪੈਨਸ਼ਨ 'ਤੇ ਗੁਜ਼ਾਰਾ ਕਰ ਰਿਹਾ ਹੈ, ਉਸ ਨੂੰ ਮਹਿਸੂਸ ਹੁੰਦਾ ਹੈ, ਜਿਵੇਂ ਉਹ ਇਸ ਦੁਨੀਆ ਦਾ ਸਭ ਤੋਂ ਇਕੱਲਾ ਸ਼ਖਸ ਹੈ। ਉਸ ਦਾ ਸਭ ਤੋਂ ਵੱਡਾ ਆਸਰਾ ਉਸ ਦਾ ਕਮਰਾ ਹੈ ਜਿਸ ਵਿਚ ਉਹ ਆਪਣੇ ਕੁੱਤੇ ਨਾਲ ਤੀਹ ਸਾਲ ਤੋਂ ਰਹਿ ਰਿਹਾ ਹੈ। ਉਸ ਦੀ ਪੈਨਸ਼ਨ ਇੰਨੀ ਨਹੀਂ ਕਿ ਉਹ ਇੱਜ਼ਤ-ਮਾਣ ਦੀ ਰੋਟੀ ਖਾ ਸਕੇ। ਇਸ ਲਈ ਉਹ ਸ਼ਹਿਰ ਵਿਚ ਬਜ਼ੁਰਗਾਂ ਦੀ ਰੈਲੀ ਵਿਚ ਭਾਗ ਲੈਣ ਜਾਂਦਾ ਹੈ। ਸਰਕਾਰ ਦੀ ਨੀਤੀ ਅਤੇ ਨੀਤ ਮਾੜੀ ਹੈ। ਉਹ ਡੰਡੇ ਦੇ ਦਮ 'ਤੇ ਪ੍ਰਦਰਸ਼ਨਕਾਰੀਆਂ ਨੂੰ ਖਦੇੜ ਦਿੰਦੀ ਹੈ। ਬਾਅਦ ਵਿਚ ਜਦੋਂ ਉਹ ਘਰ ਅੱਪੜਦਾ ਹੈ ਤਾਂ ਉਸ ਘਰ ਦੀ ਘਰੇਲੂ ਨੌਕਰਾਣੀ ਉਸ ਨੂੰ ਦੱਸਦੀ ਹੈ ਕਿ ਸ਼ਾਇਦ ਉਸ ਨੂੰ ਆਪਣਾ ਸਾਮਾਨ ਕਿਤੇ ਹੋਰ ਸ਼ਿਫਟ ਕਰਨਾ ਪੈਣਾ ਹੈ, ਕਿਉਂਕਿ ਉਸ ਘਰ ਦੀ ਮਾਲਕਣ ਲਈ ਉਹ ਹੁਣ ਫਰਨੀਚਰ ਦੇ ਕਿਸੇ ਪੁਰਾਣੇ ਪੀਸ ਤੋਂ ਵੱਧ ਕੁਝ ਵੀ ਨਹੀਂ। ਉਹ ਉਸ ਨੂੰ ਕਹਿੰਦੀ ਹੈ ਕਿ ਹੋਰ ਜ਼ਲਾਲਤ ਤੋਂ ਬਚਣ ਲਈ ਉਸ ਨੂੰ ਜਿੰਨੀ ਛੇਤੀ ਹੋ ਸਕੇ ਆਪਣਾ ਸਾਮਾਨ ਇੱਥੋਂ ਚੁੱਕ ਲੈਣਾ ਚਾਹੀਦਾ ਹੈ।

ਹੁਣ ਤਕ ਬਜ਼ੁਰਗ ਨੂੰ ਲੱਗਦਾ ਰਿਹਾ ਹੈ ਕਿ ਮੈਨੂੰ ਭਲਾ ਇਸ ਕਮਰੇ ਵਿਚੋਂ ਕੌਣ ਅਤੇ ਕਿਉਂ ਕੱਢ ਸਕਦਾ ਹੈ? ਇਹੀ ਕਮਰਾ ਤਾਂ ਉਸ ਦੀ ਇਕਲੌਤੀ ਠਾਹਰ ਹੈ। ਉਹ ਨੈਤਿਕ ਅਤੇ ਸਮਾਜਕ ਕਦਰਾਂ-ਕੀਮਤਾਂ ਦੇ ਘੇਰੇ ਅਨੁਸਾਰ ਇਸ ਹਾਲਤ ਨੂੰ ਪ੍ਰੀਭਾਸ਼ਤ ਕਰਦਾ ਹੈ ਪਰ ਉਸ ਨੂੰ ਇਸ ਗੱਲ ਦਾ ਕੋਈ ਅੰਦਾਜ਼ਾ ਨਹੀਂ ਕਿ ਜੰਗ ਅਤੇ ਤਾਨਾਸ਼ਾਹੀ ਨੇ ਲੋਕਾਂ ਦੇ ਸਰੀਰਾਂ ਵਿਚੋਂ ਲਹੂ ਅਤੇ ਉਨ੍ਹਾਂ ਦੇ ਲਹੂ ਵਿਚੋਂ ਮਹਿਸੂਸ ਕਰਨ ਦੀ ਸਮਰੱਥਾ ਹੀ ਸੂਤ ਲਈ ਹੈ। ਉਨ੍ਹਾਂ ਦੇ ਅੰਦਰਲਾ ਨਿੱਘ ਤੇ ਮਮਤਾ ਪੱਥਰ ਹੋ ਚੁੱਕੀ ਹੈ ਅਤੇ ਉਨ੍ਹਾਂ ਦੀਆਂ ਅੱਖਾਂ ਵਿਚੋਂ ਸ਼ਰਮ-ਲਿਹਾਜ਼ ਮਰ ਚੁੱਕੀ ਹੈ। ਇਸ ਫਿਲਮ ਦੀ ਆਲੋਚਨਾ ਇਸੇ ਪੱਖ ਤੋਂ ਸਭ ਤੋਂ ਵੱਧ ਹੋਈ ਕਿ ਇਹ ਰੋਮਨ ਸਭਿਅਤਾ ਦੇ ਕਿਰਦਾਰ 'ਤੇ ਹੀ ਸਵਾਲੀਆ ਨਿਸ਼ਾਨ ਲਗਾ ਰਹੀ ਹੈ ਜਦਕਿ ਇਹ ਸਭਿਅਤਾ ਤਾਂ ਆਪਣੇ-ਆਪ ਵਿਚ ਤਹਿਜ਼ੀਬ ਤੇ ਮਨੁੱਖੀ ਕਦਰਾਂ-ਕੀਮਤਾਂ ਦਾ ਲਗਾਤਾਰ ਵਹਿੰਦਾ ਦਰਿਆ ਹੈ।

***ਫਿਲਮ ਦੇ ਪਟਕਥਾ ਲੇਖਕ ਦਾ ਮੰਨਣਾ ਸੀ ਕਿ ਅਜਿਹੀ ਫਿਲਮ ਬਣਾਉਣੀ ਸੰਭਵ ਹੈ ਜਿਸ ਵਿਚ ਪੂਰੀ ਫਿਲਮ ਦੌਰਾਨ ਮੁੱਖ ਕਿਰਦਾਰ ਕੋਈ ਵੀ ਕੰਮ ਨਾ ਕਰੇ। ਫਿਲਮ ਦਾ ਮੁੱਖ ਕਿਰਦਾਰ ਜਿਸ ਦੀ ਭੂਮਿਕਾ ਵਿਤੋਰੀਓ ਦਿ ਸੀਕਾ ਦੇ ਇੱਕ ਅਧਿਆਪਕ ਨੇ ਨਿਭਾਈ ਹੈ, ਸਾਰੀ ਫਿਲਮ ਵਿਚ ਸਿਰਫ ਜਿਊਣ ਦੇ ਬਹਾਨੇ ਲੱਭਦਾ ਫਿਰਦਾ ਹੈ। ਹੁਣ ਧਿਆਨ ਦੇਣ ਯੋਗ ਗੱਲ ਇਹੀ ਹੈ: ਕੀ ਜ਼ਿੰਦਗੀ ਜਿਊਣ ਦੇ ਹੀਲੇ-ਵਸੀਲੇ ਲੱਭਣ ਦੀ ਤਲਾਸ਼ ਨੂੰ ਕੰਮ ਦੇ ਤੌਰ 'ਤੇ ਗਿਣਿਆ ਜਾ ਸਕਦਾ ਹੈ?***

ਦੂਜੇ ਪਾਸੇ, ਇਸ ਫਿਲਮ ਦੇ ਸਿਰਜਕ ਦਾ ਮੰਨਣਾ ਸੀ ਕਿ ਗਰੀਬੀ, ਭੁੱਖ ਤੇ ਬੇਰੁਜ਼ਗਾਰੀ ਦੇ ਭੰਨੇ ਲੋਕਾਂ ਨੂੰ 'ਮਹਾਨਤਾ' ਅਤੇ 'ਮੁਲਕਪ੍ਰਸਤੀ' ਦੇ ਥੋਥੇ ਭੁਲੇਖਿਆਂ ਨਾਲ ਬਹੁਤੀ ਦੇਰ ਨਹੀਂ ਭਰਮਾਇਆ ਜਾ ਸਕਦਾ। ਉਸ ਅਨੁਸਾਰ ਜਦੋਂ ਲੋਕ ਦਾਣੇ-ਦਾਣੇ ਤੋਂ ਮੁਹਤਾਜ ਹਨ ਤਾਂ ਉਨ੍ਹਾਂ ਲਈ ਸਭਿਅਕ ਅਤੇ ਨੈਤਿਕ ਹੋਣ ਦਾ ਕੀ ਅਰਥ ਰਹਿ ਜਾਂਦਾ ਹੈ? ਭੁੱਖ ਨਾਲ ਮਰ ਰਹੇ ਬੰਦੇ ਲਈ ਸਮਾਜਕ ਮੁੱਲਾਂ ਅਤੇ ਕਾਨੂੰਨੀ ਚਾਰਾਜੋਈਆਂ ਦਾ ਕੀ ਅਰਥ ਬਣਦਾ ਹੈ? ਇੰਦਾਂ ਦਾ ਅਮਨ-ਅਮਾਨ ਕਿਸ ਕੰਮ ਦਾ ਜਿਹੜਾ ਲੋਕਾਂ ਦੀ ਜ਼ਬਾਨਬੰਦੀ ਹੀ ਕਰ ਦੇਵੇ ਤੇ ਉਨ੍ਹਾਂ ਨੂੰ ਦੂਜਿਆਂ ਅੱਗੇ ਅਰਜੋਈਆਂ ਕਰਨ ਲਈ ਮਜਬੂਰ ਕਰ ਦੇਵੇ? ਇਸ ਤੋਂ ਵੀ ਅਗਾਂਹ ਜਾਂਦਿਆਂ ਫਿਲਮਸਾਜ਼ ਸਰਕਾਰੀ ਨੀਤੀਆਂ ਅਤੇ ਯੋਜਨਾਵਾਂ 'ਤੇ ਸਵਾਲ ਖੜ੍ਹੇ ਕਰਦਾ ਹੈ ਜਿਨ੍ਹਾਂ ਦੇ ਚੱਲਦਿਆਂ ਲਾਚਾਰ ਤੇ ਬੇਵਸ ਗਰੀਬ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹਨ।

ਫਿਲਮ ਵਿਚਲਾ ਬਜ਼ੁਰਗ ਵੀ ਮਕਾਨ ਮਾਲਕਣ ਵਲੋਂ ਘਰੋਂ ਬਾਹਰ ਕੱਢੇ ਜਾਣ 'ਤੇ ਬੇਘਰ ਅਤੇ ਬੇਦਰ ਭਟਕਦਾ ਹੈ। ਉਹ ਆਪਣੇ ਘਰ ਦੀਆਂ ਸਾਰੀਆਂ ਚੀਜ਼ਾਂ ਵੇਚ ਕੇ ਵੀ ਇੰਨਾ ਪੈਸਾ ਜਮ੍ਹਾਂ ਨਹੀਂ ਕਰ ਸਕਦਾ ਕਿ ਉਸ ਦੇ ਸਿਰ 'ਤੇ ਛੱਤ ਨਸੀਬ ਹੋ ਸਕੇ। ਉਸ ਦੀ ਹਾਲਤ ਇੰਨੀ ਬੁਰੀ ਹੋ ਜਾਂਦੀ ਹੈ ਕਿ ਜਿਸ ਸ਼ਹਿਰ ਵਿਚ ਉਹ ਸਾਰੀ ਉਮਰ ਆਪਣਾ ਸਿਰ ਉਚਾ ਕਰ ਕੇ ਮਾਣ ਨਾਲ ਜੀਵਿਆ ਹੁੰਦਾ ਹੈ, ਉਥੇ ਆਪਣਾ ਪੇਟ ਭਰਨ ਲਈ ਉਹ ਭੀਖ ਮੰਗਣ ਲਈ ਮਜਬੂਰ ਹੋ ਜਾਂਦਾ ਹੈ। ਫਿਲਮ ਵਿਚ ਭੀਖ ਮੰਗਣ ਦਾ ਦ੍ਰਿਸ਼ ਬਹੁਤ ਮਾਰਮਿਕ ਹੈ। ਉਹ ਸ਼ਹਿਰ ਦੇ ਚੌਕ ਵਿਚ ਹੱਥ ਫੈਲਾ ਕੇ ਖੜ੍ਹਾ ਹੋਇਆ ਹੈ। ਜਦੋਂ ਉਸ ਨੂੰ ਇੱਕ ਨਾ-ਮਾਲੂਮ ਬੰਦਾ ਭੀਖ ਦੇਣ ਲੱਗਦਾ ਹੈ ਤਾਂ ਉਹ ਸ਼ਰਮ ਦਾ ਮਾਰਿਆ ਆਪਣਾ ਹੱਥ ਉਲਟਾ ਕਰ ਲੈਂਦਾ ਹੈ ਅਤੇ ਆਪਣੇ ਕੁੱਤੇ ਨੂੰ ਲੈ ਕੇ ਉਥੋਂ ਦੌੜ ਜਾਂਦਾ ਹੈ। ਹੁਣ ਉਸ ਸਾਹਮਣੇ ਸਿਰਫ ਖੁਦਕੁਸ਼ੀ ਹੀ ਆਖਰੀ ਹੱਲ ਬਚਦਾ ਹੈ ਪਰ ਉਸ ਉਪਰ ਕੁੱਤੇ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਹੋਣ ਕਾਰਨ ਉਹ ਇਸ ਨੂੰ ਲਗਾਤਾਰ ਟਾਲਦਾ ਰਹਿੰਦਾ ਹੈ। ਆਸ-ਪਾਸ ਦੇ ਹਾਲਾਤ ਮਾੜੇ ਹਨ। ਸਮਾਜ ਵਿਚ ਕੋਈ ਵੀ ਅਜਿਹਾ ਰਹਿਮ ਦਿਲ ਨਹੀਂ ਜੋ ਮੁਸੀਬਤ ਮਾਰਿਆਂ ਦੀ ਕਿਸੇ ਤਰ੍ਹਾਂ ਦੀ ਮਦਦ ਕਰ ਸਕੇ; ਉਲਟਾ ਅਜਿਹੇ ਭਿਖਾਰੀ ਤੇ ਗਰੀਬ ਉਚ-ਜਮਾਤ ਤੇ ਵਪਾਰੀ ਵਰਗਾਂ ਲਈ ਮਨੋਰੰਜਨ ਦਾ ਸਾਧਨ ਹਨ। ਹਰ ਕੋਈ ਕਾਹਲੀ ਵਿਚ ਹੈ। ਹਰ ਕਿਸੇ ਨੂੰ ਕਿਸੇ ਖਾਸ ਜਗ੍ਹਾ 'ਤੇ ਪਹੁੰਚਣ ਦੀ ਜਲਦੀ ਹੈ। ਹਰ ਕੋਈ ਖੁਦ ਤੋਂ ਅੱਗੇ ਵਧ ਕੇ ਕੋਈ ਹੋਰ ਹੋ ਜਾਣ ਦੇ ਆਹਰ ਵਿਚ ਹੈ। ਅਜੀਬ ਅਨਿਸ਼ਚਿਤਤਾ ਹੈ, ਅਜੀਬ ਕਿਸਮ ਦੀ ਉਦਾਸੀ ਹੈ ਤੇ ਬਹੁਤ ਤੇਜ਼ੀ ਨਾਲ ਬਦਲ ਰਹੇ ਹਾਲਾਤ ਹਨ। ਇਨ੍ਹਾਂ ਵਿਚ ਕੌਣ, ਕਿੱਥੇ ਤੇ ਕਿਉਂ, ਪਿੱਛੇ ਹੀ ਰਹਿ ਗਿਆ ... ਕਿਸੇ ਕੋਲ ਰੁਕ ਕੇ ਇਹ ਦੇਖਣ/ਸੁਣਨ ਜਾਂ ਹਮਦਰਦੀ ਕਰਨ ਦਾ ਸਮਾਂ ਨਹੀਂ।

ਆਪਣੀ ਫਿਲਮ 'ਵਾਈਲਡ ਸਟਰਾਬਰੀਜ਼' ਵਿਚ ਇੰਗਮਾਰ ਬਰਗਮੈਨ ਦਾ ਮੁੱਖ ਕਿਰਦਾਰ ਆਖਦਾ ਹੈ, "ਕੀ ਸਮੇਂ ਦੀਆਂ ਸਿਰਫ ਅੱਖਾਂ ਹਨ , ਬਾਹਾਂ ਨਹੀਂ? ਜੇ ਹਨ ਤਾਂ ਬੰਦੇ ਦੀਆਂ ਔਖੀਆਂ ਘੜੀਆਂ ਵਿਚ ਸਮਾਂ ਅੱਗੇ ਵਧ ਕੇ ਬੰਦੇ ਨੂੰ ਆਪਣੀ ਗਲਵੱਕੜੀ ਵਿਚ ਕਿਉਂ ਨਹੀਂ ਲੈਂ ਲੈਂਦਾ?" ਇਸ ਫਿਲਮ ਦਾ ਕਿਰਦਾਰ ਕੁੱਤੇ ਸਮੇਤ ਰੇਲਗੱਡੀ ਥੱਲੇ ਆ ਕੇ ਮਰਨ ਦਾ ਫੈਸਲਾ ਕਰਦਾ ਹੈ ਜਿਸ 'ਤੇ ਕੁੱਤਾ ਸਹਿਮਤ ਨਹੀਂ ਹੁੰਦਾ ਤੇ ਆਪਣੀ ਹਿੰਮਤ ਨਾਲ ਬਜ਼ੁਰਗ ਨੂੰ ਬਚਾ ਲੈਂਦਾ ਹੈ। ਇਸ ਤਰ੍ਹਾਂ ਇਹ ਪੂਰੀ ਫਿਲਮ ਉਦਾਸੀ ਵਿਚ ਲਿਪਟੀ ਹੋਈ ਵੀ ਉਦਾਸੀ ਨੂੰ ਆਪਣੇ 'ਤੇ ਹਾਵੀ ਨਹੀਂ ਹੋਣ ਦਿੰਦੀ ਅਤੇ ਲਗਾਤਾਰ ਸੰਘਰਸ਼ ਕਰਨ ਦਾ ਹੋਕਾ ਦਿੰਦੀ ਹੈ।

# ਕੰਗਨਾ ਰਣੌਤ: ਨਾਇਕਾ ਤੋਂ ਖਲਨਾਇਕਾ...

ਬਾਂਦਰਾ ਮੈਟਰੋਪੌਲੀਟਨ ਮੈਜਿਸਟਰੇਟ ਦੀ ਅਦਾਲਤ ਦੇ ਹੁਕਮਾਂ 'ਤੇ ਮੁੰਬਈ ਪੁਲਿਸ ਨੇ ਅਦਾਕਾਰਾ ਕੰਗਨਾ ਰਣੌਤ ਅਤੇ ਉਸ ਦੀ ਭੈਣ ਰੰਗੋਲੀ ਚੰਦੇਲ ਖਿਲਾਫ ਵੱਖ-ਵੱਖ ਫਿਰਕਿਆਂ ਵਿਚਾਲੇ ਦੁਸ਼ਮਣੀ ਨੂੰ ਹੱਲਾਸ਼ੇਰੀ ਦੇਣ ਤੇ ਹੋਰ ਕਥਿਤ ਦੋਸ਼ਾਂ ਹੇਠ ਐਫ.ਆਈ.ਆਰ. ਦਰਜ ਕੀਤੀ ਹੈ। ਅਦਾਲਤ ਨੇ ਪੁਲਿਸ ਨੂੰ ਬੌਲੀਵੁੱਡ ਦੇ ਕਾਸਟਿੰਗ ਡਾਇਰੈਕਟਰ ਅਤੇ ਫਿਟਨੈੱਸ ਟਰੇਨਰ ਸਾਹਿਲ ਅਸ਼ਰਫ ਅਲੀ ਸਈਦ ਦੀ ਸ਼ਿਕਾਇਤ ਦੀ ਜਾਂਚ ਕਰਨ ਦੇ ਹੁਕਮ ਦਿੱਤੇ ਗਏ ਸਨ ਜਿਸ 'ਚ ਕੰਗਨਾ ਰਣੌਤ ਤੇ ਉਸ ਦੀ ਭੈਣ ਦੇ ਟਵੀਟ ਅਤੇ ਹੋਰ ਕਥਿਤ ਭੜਕਾਊ ਬਿਆਨਾਂ ਦਾ ਹਵਾਲਾ ਦਿੱਤਾ ਗਿਆ ਹੈ।

ਸਈਦ ਦੇ ਵਕੀਲ ਮੁਤਾਬਕ ਸ਼ਿਕਾਇਤ 'ਚ ਕਥਿਤ ਦੋਸ਼ ਲਾਇਆ ਗਿਆ ਕਿ ਕੰਗਨਾ ਰਣੌਤ ਪਿਛਲੇ ਦੋ ਮਹੀਨਿਆਂ ਤੋਂ ਟੀ.ਵੀ. ਚੈਨਲਾਂ 'ਤੇ ਇੰਟਰਵਿਊਜ਼ ਅਤੇ ਟਵਿੱਟਰ ਰਾਹੀਂ ਬੌਲੀਵੁੱਡ ਨੂੰ 'ਪੱਖਪਾਤ' ਅਤੇ 'ਭਾਈ-ਭਤੀਜਾਵਾਦ ਦੇ ਕੇਂਦਰ' ਦੱਸ ਕੇ ਬਦਨਾਮ ਕਰ ਰਹੀ ਹੈ। ਉਸ ਦੇ ਕਈ 'ਬਹੁਤ ਇਤਰਾਜ਼ਯੋਗ' ਟਵੀਟਾਂ ਨਾਲ ਨਾ ਸਿਰਫ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ ਬਲਕਿ ਉਸ ਨੇ ਅਨੇਕਾਂ ਕਲਾਕਾਰਾਂ ਨੂੰ ਫਿਰਕੇ ਦੇ ਆਧਾਰ 'ਤੇ ਵੰਡਣ ਦੀ ਕੋਸ਼ਿਸ਼ ਵੀ ਕੀਤੀ ਸੀ। ਉਸ ਦੀ ਭੈਣ ਨੇ ਵੀ ਸੋਸ਼ਲ ਮੀਡੀਆ 'ਤੇ ਇਤਰਾਜ਼ਯੋਗ ਟਿੱਪਣੀਆਂ ਰਾਹੀਂ ਦੋ ਧਾਰਮਿਕ ਫਿਰਕਿਆਂ 'ਚ ਫਿਰਕੂ ਤਣਾਅ ਵਧਾਉਣ ਦੀ ਕੋਸ਼ਿਸ਼ ਕੀਤੀ।

ਯਾਦ ਰਹੇ ਕਿ ਕੰਗਨਾ ਰਣੌਤ ਅਤੇ ਉਸ ਦੀ ਭੈਣ ਰੰਗੋਲੀ ਚੰਦੇਲ ਪਿਛਲੇ ਕੁਝ ਸਮੇਂ ਤੋਂ ਪਹਿਲਾਂ ਸੋਸ਼ਲ ਮੀਡੀਆ ਅਤੇ ਫਿਰ ਮੀਡੀਆ ਵਿਚ ਖੂਬ ਛਾਈਆਂ ਹੋਈਆਂ ਹਨ। ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਦੇ ਮਾਮਲੇ ਵਿਚ ਉਸ ਨੇ ਜੋ ਪੈਂਤੜਾ ਮੱਲਿਆ, ਉਸ ਤੋਂ ਸਾਫ ਹੋ ਗਿਆ ਕਿ ਕੰਗਨਾ ਹਿੰਦੂਵਾਦੀ ਸਿਆਸਤ ਦਾ ਸ਼ੁਰੇਆਮ ਮੋਹਰਾ ਬਣ ਗਈ ਹੈ। ਬਾਅਦ ਵਿਚ ਇਹ ਸਾਬਤ ਵੀ ਹੋ ਗਿਆ ਕਿ ਕੰਗਨਾ ਮੋਦੀ ਸਰਕਾਰ ਦੀ ਸ਼ਹਿ ਉਤੇ ਹੀ ਫਿਲਮੀ ਦੁਨੀਆ ਨੂੰ ਧਰਮ ਦਾ ਅਖਾੜਾ ਬਣਾ ਕੇ ਬਾਲੀਵੁੱਡ ਵਿਚ ਉਸੇ ਤਰ੍ਹਾਂ ਦਾ ਪਾਟਕ ਪਾਉਣਾ ਚਾਹੁੰਦੀ ਹੈ ਜਿਸ ਤਰ੍ਹਾਂ ਦਾ ਪਾਟਕ ਭਾਰਤੀ ਜਨਤਾ ਪਾਰਟੀ ਨੇ ਆਪਣੀ ਸਿਆਸਤ ਰਾਹੀਂ ਭਾਰਤ ਦੇ ਵੱਖ-ਵੱਖ ਫਿਰਕਿਆਂ ਅੰਦਰ ਪਾਇਆ ਹੈ। ਇਸ ਨੁਕਤੇ ਤੋਂ ਹੁਣ ਕੰਨਗਨਾ ਰਣੌਤ ਦੀ ਬਹੁਤ ਥੂ-ਥੂ ਹੋ ਰਹੀ ਹੈ। ਫਿਰ ਵੀ ਉਹ ਹਰ ਕਿਸੇ 'ਤੇ ਬਾਰੇ ਲਗਾਤਾਰ ਅਤੇ ਬੇਵਜ੍ਹਾ ਟਿਪਣੀਆਂ ਕਰ ਰਹੀ ਹੈ। ਹੁਣ ਤਾਂ ਲੋਕ ਕਹਿਣ ਲੱਗ ਪਏ ਹਨ ਕਿ ਉਹ ਸਿਰਫ ਖਬਰਾਂ ਅੰਦਰ ਰਹਿਣ ਲਈ ਹੀ ਅਜਿਹੀਆਂ ਟਿੱਪਣੀਆਂ ਕਰਦੀ ਹੈ। ਉਧਰ, ਮੋਦੀ ਸਰਕਾਰ ਮਹਾਰਾਸ਼ਟਰ ਦੀ ਸਰਕਾਰ 'ਤੇ ਨਿਸ਼ਾਨੇ ਸਾਧਣ ਲਈ ਕੰਗਨਾ ਰਣੌਤ ਨੂੰ ਖੂਬ ਵਰਤ ਰਹੀ ਹੈ। ਲੋਕ ਹੁਣ ਇਹ ਵੀ ਆਖ ਰਹੇ ਹਨ ਕਿ ਅਗਲੀਆਂ ਚੋਣਾਂ ਵਿਚ ਭਾਰਤੀ ਜਿਨਤਾ ਪਾਰਟੀ ਵਲੋਂ ਕੰਗਨਾ ਦੀ ਟਿਕਟ ਪੱਕੀ ਹੈ।

***-ਜਗਜੀਤ ਸੇਖੋਂ***



*ਕੰਗਨਾ ਰਣੌਤ ਅਤੇ (ਸੱਜੇ) ਉਸ ਦੀ ਭੈਣ ਰੰਗੋਲੀ।*



# Tel.: 317-426-5410
Ext. 2001 & 2403

# XPressCargo

100% ਓਨਰ ਆਪਰੇਟਰ ਕੰਪਨੀ

## Pay Every Week

Pay Single 48 Cent + Team 58 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

## ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

## Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com